Golden State Realty
JASSI GILL Broker/Owner
Listing and Selling Homes From San Jose to Sacramento
Ph:510-304-9292
Refinance Now @ZERO COST
Call Sukhi Gill:510-207-9067
CA DRE Lic.#01180969
CA DRE# 00966763



Harmit S Toor
Bay East Brokers, Inc.
BEB BAY EAST BROKERS
Help you Buy, Sell & Loans:
♦Residential & Commercial Property
♦Business Opportunity
'2021 Platinum Award in recognition of outstanding achievement in Residential and/or Commercial Sales/Listing'
Broker - MLO
BRE Lic.# 01462579
NMLS ID 358820
Broker Corp Lic: 02007516
Ph: 925-202-7027
HDtoor@gmail.com, WWW.BayEastBrokers.Com



COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fourth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 24, Issue 15; April 15, 2023
20451 N. Plum Grove Rd., Palatine, IL 60074
Ph:847-359-0746, Fax:847-705-9388

## ਆਖਰਕਾਰ ਸ਼੍ਰੋਮਣੀ ਕਮੇਟੀ ਦੀ ਜਾਗ ਖੁੱਲ੍ਹੀ

### ਸਿੱਖਾਂ ਦੇ ਅਕਸ ਨੂੰ ਢਾਹ ਲਾਉਣ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਸਾਥੀ ਜਾਂ ਹਮਾਇਤੀ ਦੱਸ ਕੇ ਗ੍ਰਿਫਤਾਰ ਕੀਤੇ ਸਿੱਖ ਨੌਜਵਾਨਾਂ ਨੂੰ ਕਾਨੂੰਨੀ ਮਦਦ ਦੇਣ ਲਈ ਸਰਗਰਮ ਹੋ ਗਈ ਹੈ। ਸ਼੍ਰੋਮਣੀ ਕਮੇਟੀ ਨੇ ਸਾਜ਼ਿਸ਼ ਤਹਿਤ ਸਿੱਖਾਂ ਦੇ ਅਕਸ ਨੂੰ ਢਾਹ ਲਾਉਣ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਹੈ। ਇਹ ਕਾਰਵਾਈ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਦਿੱਤੇ ਹੁਕਮਾਂ ਤੋਂ ਬਾਅਦ ਕੀਤੀ ਗਈ ਹੈ।

ਯਾਦ ਰਹੇ ਕਿ ਜਥੇਦਾਰ ਨੇ ਸ਼੍ਰੋਮਣੀ ਕਮੇਟੀ ਨੂੰ ਸਖਤ ਝਾੜ ਪਾਈ ਸੀ ਕਿ ਸਿੱਖਾਂ ਦੀ ਇਸ ਸਿਰਮੌਰ ਸੰਸਥਾ ਨੇ ਅਕਾਲ ਤਖਤ ਵੱਲੋਂ ਪਹਿਲਾਂ ਦਿੱਤੇ ਹੁਕਮਾਂ ਦੇ ਬਾਹਲੀ ਪਰਵਾਹ ਨਹੀਂ ਕੀਤੀ ਸਗੋਂ ਉਨ੍ਹਾਂ (ਜਥੇਦਾਰ) ਨੂੰ ਫੋਨ ਕਰ ਕੇ 'ਛੱਡੋ ਪਰ੍ਹਾਂ, ਗੱਲ ਨਿਬੇੜੋ' ਵਰਗੀਆਂ ਸਲਾਹਾਂ ਦਿੱਤੀਆਂ ਜਾ ਰਹੀਆਂ ਸਨ। ਜਥੇਦਾਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਪਹਿਲਾਂ ਵੀ ਸ਼ਿਕਾਇਤ ਦਰਜ ਕਰਵਾਉਣ ਲਈ ਕਿਹਾ ਸੀ ਪਰ ਉਸ ਨੇ ਇਸ ਪਾਸੇ ਕੋਈ ਅਰਥਪੂਰਨ ਕਾਰਵਾਈ ਨਹੀਂ ਕੀਤੀ। ਜਥੇਦਾਰ ਦਾ ਸਖਤ ਰੁਖ ਦੇਖਦੇ ਹੋਏ ਸ਼੍ਰੋਮਣੀ ਕਮੇਟੀ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਨਾਲ ਸਬੰਧਤ ਝੰਡੇ ਅਤੇ ਸਿੱਖ ਰਿਆਸਤਾਂ ਦੇ ਨਿਸ਼ਾਨਾਂ ਨੂੰ ਵੱਖਵਾਦੀ ਸਮੱਗਰੀ ਦੱਸਣ ਵਾਲੇ ਪੁਲਿਸ ਅਧਿਕਾਰੀ ਸਮੇਤ 10 ਮੀਡੀਆ ਚੈਨਲਾਂ



ਗਿਆਨੀ ਹਰਪ੍ਰੀਤ ਸਿੰਘ



ਹਰਜਿੰਦਰ ਸਿੰਘ ਧਾਮੀ

ਨੂੰ ਗਲਤ ਜਾਣਕਾਰੀ ਪੇਸ਼ ਕਰ ਕੇ ਸਿੱਖਾਂ ਦਾ ਅਕਸ ਖਰਾਬ ਕਰਨ ਦੇ ਦੋਸ਼ ਹੇਠ ਕਾਨੂੰਨੀ ਨੋਟਿਸ ਭੇਜਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਕਹਿਣਾ ਹੈ ਕਿ ਹਾਲ ਹੀ ਵਿਚ ਪੰਜਾਬ ਸਰਕਾਰ ਅਤੇ ਪੁਲਿਸ ਤੇ ਪ੍ਰਸ਼ਾਸਨ ਵੱਲੋਂ ਨੌਜਵਾਨਾਂ ਦੀ ਫੜੋ-ਫੜਾਈ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੀ ਸਰਕਾਰ-ਏ-ਖਾਲਸਾ ਦੇ ਝੰਡੇ ਅਤੇ ਸਿੱਖ ਰਿਆਸਤਾਂ ਦੇ ਨਿਸ਼ਾਨਾਂ ਨੂੰ ਵੱਖਵਾਦੀ ਸਮੱਗਰੀ ਵਜੋਂ ਪੇਸ਼ ਕੀਤਾ ਗਿਆ ਹੈ। ਇਸ ਮਾਮਲੇ ਦਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਗੰਭੀਰ ਨੋਟਿਸ ਲੈਂਦਿਆਂ ਗਲਤ ਜਾਣਕਾਰੀ ਦੇ ਕੇ ਸਿੱਖਾਂ ਨੂੰ ਬਦਨਾਮ ਕਰਨ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੂੰ ਇਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਦਾ ਹੁਕਮ ਦਿੱਤਾ ਸੀ।

ਚੇਤੇ ਰਹੇ ਕਿ ਸਿੱਖ ਰਾਜ ਦੇ ਇਹ ਝੰਡੇ ਤੇ ਨਿਸ਼ਾਨ ਗ੍ਰਿਫਤਾਰ ਕੀਤੇ ਇਕ ਸਿੱਖ ਨੌਜਵਾਨ ਦੇ ਫੋਨ ਵਿਚੋਂ ਮਿਲੇ ਸਨ। ਪੁਲਿਸ ਤੇ ਕੁਝ ਚੈਨਲਾਂ

(ਬਾਕੀ ਸਫਾ 6 'ਤੇ)

## ਕੇਂਦਰ ਨੇ ਝੰਬੇ ਕਿਸਾਨਾਂ ਦੀ ਮਦਦ ਤੋਂ ਪਾਸਾ ਵੱਟਿਆ

**ਚੰਡੀਗੜ੍ਹ:** ਭਾਰਤ ਸਰਕਾਰ ਨੇ ਖਰੀਦ ਲਈ ਤੈਅ ਮਿਆਰ ਦੇ ਨਿਯਮਾਂ ਵਿਚ ਢਿੱਲ ਦੇ ਕੇ ਪੰਜਾਬ ਤੋਂ ਕਣਕ ਖਰੀਦਣ ਦੀ ਇਜਾਜ਼ਤ ਤਾਂ ਦੇ ਦਿੱਤੀ ਹੈ ਪਰ ਅਜਿਹੀ ਕਣਕ ਦੇ ਖਰੀਦ ਉਤੇ ਮੁੱਲ ਵਿਚ ਕਟੌਤੀ ਕਰ ਦਿੱਤੀ ਗਈ ਹੈ। ਕੇਂਦਰੀ ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਸੂਚਿਤ ਕੀਤਾ ਹੈ ਕਿ ਉਹ ਮੰਡੀ ਵਿਚ ਆਉਣ ਵਾਲੀ ਸਾਰੀ ਫਸਲ ਦੀ ਕਰੇਗਾ ਪਰ 'ਖਰਾਬ' ਕਣਕ ਦੇ ਮੁੱਲ ਵਿਚ 5.31 ਤੋਂ 31.87 ਰੁਪਏ ਪ੍ਰਤੀ ਕੁਇੰਟਲ ਤੱਕ ਦੀ ਕਟੌਤੀ ਕੀਤੀ ਜਾਵੇਗੀ। ਹਾਲਾਂਕਿ ਪੰਜਾਬ ਸਰਕਾਰ ਨੇ ਪਹਿਲਾਂ ਹੀ ਅਪੀਲ ਕੀਤੀ ਸੀ ਕਿ ਕਣਕ ਦੀ ਖਰੀਦ ਲਈ ਮਾਪਦੰਡਾਂ ਵਿਚ ਢਿੱਲ ਬਗੈਰ ਮੁੱਲ ਕਟੌਤੀ ਕੀਤੇ ਦਿੱਤੀ ਜਾਵੇ।

ਕੇਂਦਰ ਦੇ ਇਸ ਫੈਸਲੇ ਪਿੱਛੋਂ ਕੁਦਰਤੀ ਕਰੋਪੀ ਦੇ ਝੰਬੇ ਕਿਸਾਨਾਂ ਵਿਚ ਨਿਰਾਸ਼ਾ ਫੈਲ ਗਈ ਗਈ ਹੈ। ਕਿਸਾਨ ਜਥੇਬੰਦੀਆਂ ਕੇਂਦਰ ਦੇ ਇਸ ਫੈਸਲੇ ਖ਼ਿਲਾਫ਼ ਨਿੱਤਰ ਆਈਆਂ ਹਨ। ਕਿਸਾਨ ਜਥੇਬੰਦੀਆਂ ਨੇ ਸਖਤ ਲਹਿਜ਼ੇ ਵਿਚ ਆਖਿਆ ਹੈ ਕਿ ਘੱਟ ਭਾਅ ਉਤੇ ਕਣਕ ਦੀ ਖਰੀਦ ਮਨਜ਼ੂਰ ਨਹੀਂ, ਜੇਕਰ ਭਾਰਤ ਸਰਕਾਰ ਨੂੰ ਸਾਡੀ ਕਣਕ ਪਸੰਦ ਨਹੀਂ ਹੈ ਤਾਂ ਬਾਰਡਰ ਖੋਲ੍ਹ ਦਿਓ ਅਤੇ ਸਾਨੂੰ ਪਾਕਿਸਤਾਨ ਕਣਕ ਵੇਚਣ ਦੀ ਇਜਾਜ਼ਤ ਮਿਲੇ।

ਭਾਰਤੀ ਖੁਰਾਕ ਨਿਗਮ ਨੇ ਕੇਂਦਰੀ ਤਕਨੀਕੀ ਟੀਮਾਂ ਵੱਲੋਂ ਭਰੇ ਕਣਕ ਦੇ ਨਮੂਨਿਆਂ ਦੀ ਜਾਂਚ ਦੇ ਆਧਾਰ 'ਤੇ ਆਪਣੀ ਰਿਪੋਰਟ ਕੇਂਦਰੀ ਖੁਰਾਕ ਮੰਤਰਾਲੇ ਨੂੰ ਭੇਜੀ ਸੀ। ਵੇਰਵਿਆਂ ਅਨੁਸਾਰ ਕੇਂਦਰੀ ਟੀਮਾਂ ਵੱਲੋਂ ਪੰਜਾਬ ਦੇ ਤਿੰਨ ਦਿਨਾਂ ਦੌਰੇ ਦੌਰਾਨ 12 ਜ਼ਿਲ੍ਹਿਆਂ 'ਚੋਂ 166 ਨਮੂਨੇ ਇਕੱਤਰ ਕੀਤੇ ਗਏ ਸਨ। ਸੂਤਰਾਂ ਅਨੁਸਾਰ ਜਾਂਚ ਰਿਪੋਰਟ ਵਿਚ ਸਾਹਮਣੇ ਆਇਆ ਹੈ ਕਿ ਮੀਂਹ ਤੇ ਝੱਖੜ ਨਾਲ ਪੰਜਾਬ ਵਿਚ ਔਸਤਨ ਸੁੰਗੜੇ ਦਾਣੇ ਅਤੇ ਟੁੱਟੇ ਦਾਣੇ ਦੀ ਦਰ 15 ਤੋਂ 16 ਫ਼ੀਸਦ ਦਰਜ ਕੀਤੀ ਗਈ ਹੈ ਜਦੋਂ ਕਿ ਕੇਂਦਰੀ ਮਾਪਦੰਡ 6 ਫ਼ੀਸਦੀ ਤੱਕ ਦੀ ਇਜਾਜ਼ਤ ਦਿੰਦੇ ਹਨ। ਫਸਲ ਵਿਚ ਨਮੀ ਦੀ ਦਰ ਵੀ ਜ਼ਿਆਦਾ ਆਈ ਹੈ। ਪੰਜਾਬ ਦੇ 16 ਜ਼ਿਲ੍ਹਿਆਂ ਵਿਚ ਫਸਲ ਦਾ ਨੁਕਸਾਨ ਹੋਇਆ ਹੈ ਅਤੇ ਫਾਜ਼ਿਲਕਾ ਤੇ ਪਟਿਆਲਾ ਜ਼ਿਲ੍ਹਿਆਂ ਵਿਚ ਸਭ ਤੋਂ ਵੱਧ ਨੁਕਸਾਨ ਹੋਇਆ ਹੈ। ਸੂਬੇ ਵਿਚ ਫਸਲ ਦੀ ਗਿਰਦਾਵਰੀ ਦਾ ਕੰਮ ਵੀ ਚੱਲ ਰਿਹਾ ਹੈ ਅਤੇ ਸਰਕਾਰ 13.60 ਲੱਖ ਹੈਕਟੇਅਰ ਰਕਬੇ ਦੀ ਫਸਲ ਦਾ ਨੁਕਸਾਨ ਹੋਣ ਦੀ ਗੱਲ ਆਖ ਰਹੀ ਹੈ। ਬਾਰਸ਼ਾਂ ਕਾਰਨ ਐਤਕੀਂ ਫਸਲ ਦੀ ਆਮਦ ਵੀ ਪਛੜ ਗਈ ਹੈ।

ਭਾਅ ਵਿਚ ਕਟੌਤੀ ਦਾ ਫੈਸਲਾ ਉਸ ਸਮੇਂ ਲਿਆ ਗਿਆ ਹੈ ਜਦੋਂ ਭਾਰਤ ਸਰਕਾਰ ਨੂੰ ਕਣਕ ਦੀ ਪੈਦਾਵਾਰ ਦੇ ਟੀਚੇ ਦੀ ਪੂਰਤੀ ਦਾ ਫਿਕਰ ਪਿਆ ਹੋਇਆ ਸੀ। ਦੇਸ਼ 'ਚ ਕਣਕ ਦੇ ਸੁਰੱਖਿਅਤ ਭੰਡਾਰਾਂ ਦੇ ਹਾਲਾਤ ਇਹ ਬਣ ਗਏ ਹਨ ਕਿ ਗੁਦਾਮ ਲਗਭਗ ਖਾਲੀ ਹੋ ਰਹੇ ਹਨ। ਇਸ ਸੀਜ਼ਨ ਕੇਂਦਰ ਸਰਕਾਰ ਪੰਜਾਬ ਦੇ ਖਰੀਦ ਕੇਂਦਰਾਂ ਵਿਚੋਂ ਦੂਸਰੇ ਸੂਬਿਆਂ ਨੂੰ ਕਣਕ ਦੀ ਸਿੱਧੀ ਡਲਿਵਰੀ ਦੇਵੇਗੀ। ਅਗਲੇ ਵਰ੍ਹੇ ਲੋਕ ਚੋਣਾਂ ਹਨ ਅਤੇ ਦੇਸ਼ ਅਨਾਜ ਦੇ ਸੰਕਟ ਵੱਲ ਵਧ ਰਿਹਾ ਹੈ ਜਿਸ ਕਰਕੇ ਕੇਂਦਰ ਦੀ ਟੇਕ ਹੁਣ ਪੰਜਾਬ 'ਤੇ ਲੱਗੀ ਹੋਈ ਹੈ। ਪਹਿਲੀ ਦਫਾ ਹੈ ਕਿ ਪੰਜਾਬ 'ਚ ਕਣਕ ਦੇ ਗੁਦਾਮ ਲਗਭਗ ਖਾਲੀ ਹੋ ਗਏ ਹਨ ਅਤੇ ਦੂਸਰੇ ਸੂਬਿਆਂ ਨੂੰ ਕਣਕ ਪੰਜਾਬ ਵਿਚੋਂ ਸਿੱਧੀ ਜਾਵੇਗੀ।

ਸੂਤਰ ਦੱਸਦੇ ਹਨ ਕਿ ਭਾਰਤੀ ਖੁਰਾਕ ਨਿਗਮ ਵੱਲੋਂ ਜੋ ਪੰਜਾਬ ਵਿਚ ਕਣਕ ਦਾ ਭੰਡਾਰਨ ਵੀ ਕੀਤਾ ਜਾਣਾ ਹੈ, ਉਹ ਸਟੇਟ ਏਜੰਸੀਆਂ ਦੀ

(ਬਾਕੀ ਸਫਾ 6 'ਤੇ)

Medicare COVERED CALIFORNIA
Life & Health Insurance
Call: 510-459-7537
MEHAR INSURANCE
Bhupinder Singh Dev
bdev_99@yahoo.com
Lic# 0F86916
We do not offer every plan available in your area. Any information we provide is limited to those plans we offer in your area. Please contact Medicare.gov or 1-800-Medicare to get information on all of your options.



Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS



17 years of experience
Services
-We do Same day IRP Plates
-Truck Permits
-New company
-Truck ELD
-Trucking compliance



Rajinder Singh
159 D'Arcy Pkwy, Lathrop, CA 95330
Phone: 209 636 0880

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 36 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2023*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
REALTOR
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 2411 Bentley Lane Tracy CA 95376
2. 150 Yolo Ct San Bruno CA 94066
3. 5079 Brett Court CA, 94538
4. 1379 Michael Dr Tracy, CA, 95337
5. 3055 Bernard Ave San Ramon, CA, 94583
6. 380 cardona Cir Pleasanton CA 94583
7. 5788 Arlene way Livermore CA 94550
8. 2569 Bennett ct Tracy CA 95377
9. 3055 Bernard Ave San Ramon, CA, 94583
10. 1693 Corpsman St Manteca, CA, 95337
11. 5177 Roycroft Way Fremont, CA, 94538
12. 2925 Mabury Rd San Jose, CA, 95133
13. 105 Machado Ct Tracy, CA, 95376
14. 3315 Mount Everest dr San Jose ca 95127
15. 16765 oak view Cir Morgan hill ca 95037
16. 225 Lock Court Stockto, CA, 95210

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

# ਪੁਸਤਕ ਮੇਲੇ ਵਿਚ ਪਾਠਕਾਂ ਨੇ ਦਿਖਾਇਆ ਉਤਸ਼ਾਹ

**ਕੈਲਗਰੀ:** ਮਾਸਟਰ ਭਜਨ ਸਿੰਘ ਤੇ ਸਾਥੀਆਂ ਵਲੋਂ ਲੰਘੇ ਐਤਵਾਰ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਪਹਿਲਾ ਇਕ ਰੋਜ਼ਾ ਪੁਸਤਕ ਮੇਲਾ ਗਰੀਨ ਪਲਾਜ਼ਾ ਵਿਖੇ ਲਗਾਇਆ ਗਿਆ। ਇਸ ਮੌਕੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪਾਠਕਾਂ ਨੂੰ ਅਪੀਲ ਕੀਤੀ ਕਿ ਸਾਨੂੰ



ਕਿਤਾਬਾਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੇ ਨਾਲ-ਨਾਲ ਆਪਣੇ ਘਰਾਂ ਵਿਚ ਮਿੰਨੀ ਲਾਇਬ੍ਰੇਰੀਆਂ ਵੀ ਬਣਾਉਣ ਦੀ ਲੋੜ ਹੈ। ਉਨ੍ਹਾਂ ਨੇ ਪਾਠਕਾਂ ਨੂੰ ਸੁਝਾਅ ਦਿੱਤਾ ਕਿ ਆਪਣੇ ਬੱਚਿਆਂ ਵਿਚ ਕਿਤਾਬਾਂ ਪੜ੍ਹਨ ਦਾ ਉਤਸ਼ਾਹ ਪੈਦਾ ਕਰਨ। ਉਨ੍ਹਾਂ ਨੇ ਮੀਡੀਆ ਵਲੋਂ ਕੀਤੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਪੁਸਤਕ ਮੇਲੇ ਦੀ ਸ਼ੁਰੂਆਤ ਕੈਲਗਰੀ ਦੇ ਬਿਜ਼ਨਸਮੈਨ ਪੌਲ ਸੇਖੋਂ ਨੇ ਕੀਤੀ, ਜਿਨ੍ਹਾਂ ਨੂੰ ਸਮਾਜ ਸੇਵਾ, ਆਪਣੇ ਪਿੰਡ ਲਾਇਬ੍ਰੇਰੀ ਖੋਲ੍ਹਣ ਅਤੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਲਈ ਮਾਇਕ ਸਹਾਇਤਾ ਕਰਨ ਵਜੋਂ ਪ੍ਰਬੰਧਕਾਂ ਵਲੋਂ ਕਿਤਾਬਾਂ ਦਾ ਸੈੱਟ ਭੇਟ ਕੀਤਾ ਗਿਆ।

ਇਸ ਮੌਕੇ ਬੁੱਕ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪਾਠਕਾਂ ਵਲੋਂ ਹਮੇਸ਼ਾ ਭਰਵਾਂ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਪਾਠਕਾਂ ਨੂੰ ਅਪੀਲ ਕੀਤੀ ਕਿ 16 ਅਪਰੈਲ ਐਤਵਾਰ ਨੂੰ ਇੰਡੀਅਨ ਐਕਸ ਸਰਵਿਸਮੈੱਨ ਐਸੋਸੀਏਸ਼ਨ ਦੇ ਹਾਲ ਵਿਖੇ ਦੁਪਹਿਰ ਦੋ ਵਜੇ ਉਘੇ ਲੇਖਕ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਦੇ ਸੀਨੀਅਰ ਪ੍ਰੋਫੈਸਰ ਚਮਨ ਲਾਲ ਦਾ ਵਿਸ਼ੇਸ਼ ਲੈਕਚਰ ਸੁਣਨ ਲਈ ਜ਼ਰੂਰ ਪਹੁੰਚਣ। ਉਨ੍ਹਾਂ ਪਾਠਕਾਂ ਵਲੋਂ ਦਿਖਾਏ ਉਤਸ਼ਾਹ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਹਰ ਵਾਰ ਵਾਂਗ ਇਸ ਪੁਸਤਕ ਮੇਲੇ ਵਿਚ ਵੀ ਪੰਜਾਬੀ, ਹਿੰਦੀ, ਅੰਗਰੇਜ਼ੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰ ਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ। ਪਾਠਕ ਮਾਸਟਰ ਭਜਨ ਸਿੰਘ ਨਾਲ 403-455-4220 'ਤੇ ਸੰਪਰਕ ਕਰ ਕੇ ਆਪਣੀਆਂ ਮਨਪਸੰਦ ਕਿਤਾਬਾਂ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹਨ ਅਤੇ ਜੇ ਕੋਈ ਕਿਤਾਬ ਸਟਾਕ ਵਿਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹਨ।

*-ਰਿਪੋਰਟ: ਹਰਚਰਨ ਸਿੰਘ ਪਰਹਾਰ*

# ਯੋਰਬਾ ਲਿੰਡਾ ਦੇ ਮੇਅਰ ਨੇ ਅਪਰੈਲ ਨੂੰ 'ਸਿੱਖ ਚੇਤਨਾ ਮਹੀਨਾ' ਐਲਾਨਿਆ

**ਯੋਰਬਾ ਲਿੰਡਾ:** ਯੋਰਬਾ ਲਿੰਡਾ ਦੇ ਮੇਅਰ ਜੇਨ ਹਰਨਾਂਡੇਜ਼ ਨੇ ਅਪਰੈਲ ਨੂੰ ਸਿੱਖ ਚੇਤਨਾ ਮਹੀਨਾ ਐਲਾਨਿਆ ਹੈ। ਇਸ ਮੌਕੇ ਉਨ੍ਹਾਂ ਨਾਲ ਮੇਅਰ ਪ੍ਰੋ-ਟਮ ਟਾਰਾ ਕੈਂਪਬੈੱਲ, ਸਿਟੀ ਕੌਂਸਲ ਮੈਂਬਰ ਡਾ. ਬੈੱਥ ਹੈਨੇ, ਜੈਨਾਈਸ ਲਿਮ ਤੇ ਕਾਰਲੋਸ ਰੌਡਰਿੱਗਜ਼ ਵੀ ਸਨ। ਇਸ ਸਬੰਧੀ ਸਮਾਗਮ ਸਿਟੀ ਹਾਲ ਵਿਖੇ ਕੀਤਾ ਗਿਆ ਜਿਸ ਵਿਚ ਸਿੱਖਲੈਂਜ ਫਾਊਂਡੇਸ਼ਨ ਦੇ ਮੋਢੀ ਬਿੱਕੀ ਸਿੰਘ, ਹੋਰ ਪਤਵੰਤੇ ਅਤੇ ਭਾਈਚਾਰੇ ਨਾਲ ਸਬੰਧਤ ਲੀਡਰ ਮੌਜੂਦ ਸਨ। ਸਮਾਗਮ ਦੌਰਾਨ ਮੇਅਰ ਨੇ ਸਿੱਖ ਭਾਈਚਾਰੇ ਦੇ ਸ਼ਹਿਰ ਦੇ ਸੱਭਿਆਚਾਰਕ, ਆਰਥਿਕ ਤੇ ਸਮਾਜਿਕ ਪੱਖਾਂ ਉਤੇ ਪਏ ਪ੍ਰਭਾਵਾਂ ਦਾ ਉਚੇਚਾ ਜ਼ਿਕਰ ਕੀਤਾ ਅਤੇ ਭਾਈਚਾਰੇ ਵੱਲੋਂ ਸੇਵਾ, ਦਇਆ ਅਤੇ ਬਰਾਬਰੀ ਵਰਗੇ ਮੁੱਦਿਆਂ ਲਈ ਵਚਨਬੱਧਤਾ ਦੀ ਸ਼ਲਾਘਾ ਕੀਤੀ।

ਇਸ ਮੌਕੇ ਸਿੱਖ ਐਨਗੇਜਮੈਂਟ ਕਮੇਟੀ ਦੇ ਚੇਅਰਮੈਨ ਸ਼ਿਵਿੰਦਰਜੀਤ ਸਿੰਘ ਅਤੇ ਡਾ. ਗਿੰਨੀ ਕੌਰ ਨੇ ਸਿੱਖ ਸੱਭਿਆਚਾਰ, ਇਤਿਹਾਸ ਅਤੇ ਕਦਰਾਂ-ਕੀਮਤਾਂ ਬਾਰੇ ਚਰਚਾ ਕੀਤੀ। ਚੇਅਰਮੈਨ ਸ਼ਿਵਿੰਦਰਜੀਤ ਸਿੰਘ ਨੇ ਕਿਹਾ ਕਿ ਮੇਅਰ ਜੇਨ ਹਰਨਾਂਡੇਜ਼ ਵੱਲੋਂ ਅਪਰੈਲ ਨੂੰ ਸਿੱਖ ਚੇਤਨਾ ਮਹੀਨਾ ਐਲਾਨੇ ਜਾਣ ਨਾਲ ਭਾਈਚਾਰੇ ਨੂੰ ਹੁਲਾਰਾ ਮਿਲਿਆ ਹੈ। ਡਾ. ਗਿੰਨੀ ਕੌਰ ਨੇ ਕਿਹਾ ਕਿ ਇਹ ਕਾਰਵਾਈ ਸਿੱਖ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਨੂੰ ਸਮਝਣ ਵੱਲ ਪੁੱਟਿਆ ਗਿਆ ਅਹਿਮ






ਕਦਮ ਹੈ। ਇਸ ਮੌਕੇ ਉਨ੍ਹਾਂ ਕੌਰ ਫਾਊਂਡੇਸ਼ਨ ਕਲਚਰਲ ਸਫਾਰੀ ਦੀ ਦਸਤਾਵੇਜ਼ੀ 'ਮੀਟ ਦਿ ਸਿੱਖ ਫੈਮਿਲੀ' ਵੀ ਦਿਖਾਈ। ਸਿੱਖਲੈਂਜ ਫਾਊਂਡੇਸ਼ਨ ਦੇ ਮੋਢੀ ਬਿੱਕੀ ਸਿੰਘ ਨੇ ਕਿਹਾ ਕਿ ਇਸ ਐਲਾਨ ਨਾਲ ਸਿੱਖ-ਅਮਰੀਕੀਆਂ ਦੇ ਸਥਾਨਕ ਭਾਈਚਾਰੇ ਲਈ ਪਾਏ ਯੋਗਦਾਨ ਦਾ ਪਤਾ ਲੱਗਦਾ ਹੈ।

ਯੂਨੀਵਰਸਿਟੀ ਆਫ ਕੈਲੀਫੋਰਨੀਆ ਦੀ ਵਿਦਿਆਰਥਣ ਸਹਿਜ ਕੌਰ ਚਾਵਲਾ ਨੇ ਕਿਹਾ ਕਿ ਅਪਰੈਲ ਨੂੰ ਸਿੱਖ ਚੇਤਨਾ ਮਹੀਨਾ ਐਲਾਨਣ ਨਾਲ ਸਿੱਖ ਭਾਈਚਾਰਾ ਲੋਕਾਂ ਨੂੰ ਸਿੱਖ ਕਦਰਾਂ-ਕੀਮਤਾਂ ਬਾਰੇ ਕਾਰਗਰ ਢੰਗ ਨਾਲ ਜਾਗਰੂਕ ਕਰ ਸਕੇਗਾ। ਯੂਨੀਵਰਸਿਟੀ ਆਫ ਕੈਲੀਫੋਰਨੀਆ ਦੇ ਇਕ ਹੋਰ ਵਿਦਿਆਰਥੀ ਅੰਮ੍ਰਿਤ ਸਿੰਘ ਚਾਵਲਾ ਨੇ ਕਿਹਾ ਕਿ ਅਪਰੈਲ ਬਾਰੇ ਇਸ ਐਲਾਨ ਨਾਲ ਵੰਨ-ਸਵੰਨਤਾ ਦਾ ਸੁਨੇਹਾ ਵਧੀਆ ਢੰਗ ਨਾਲ ਲੋਕਾਂ ਤੱਕ ਅੱਪੜਿਆ ਹੈ। ਸਮਾਗਮ ਦੌਰਾਨ ਸਿਟੀ ਕੌਂਸਲ ਦਾ ਸਮੁੱਚਾ ਸਟਾਫ ਵੀ ਮੌਜੂਦ ਸੀ।

# Matrimonials

## ਲੜਕੀ ਦੀ ਲੋੜ ਹੈ

Jatt Sikh family looking for a suitable match for their handsome son, 31 years, 5'11'', USA green card holder, well settled. Girl in Canada or USA on study visa, F1B visa, or visitor visa will be preffered. Please contact and send biodata/ picture @ whatsapp : 559 944 9597.

15-18

Jatt Sikh family looking for a suitable Jatt Sikh match for their USA born and raised (1990) 5'10" handsome son. Bachelor in Cyber Security (Information Technology). Currently working. Prefer girl in USA or Canada. A girl on study visa or H1B visa holder can also be considered. Well educated family with liberal values. Please contact and send Bio-data/pic at WhatsApp no +919041452784.

14-17

Sikh Family looking for a suitable match for their USA Citizen handsome son 32, 5'11" , Well educated, Well Settled. Prefer Punjabi Girl in America or Canada. Minimum height 5'4". Serious enquiries only. Please Contact us at: +15103968812

Sikh Arora family looking for a suitable match for their 5'-8" B.tech. PMlM son, living in Canada (getting P R soon). Father Associate Professor in a college having Urban Agriculture land also.Want sikh beautiful girl with professional qualifications. Please Contact us at: +9198963-19944 (India).

## ਲੜਕੇ ਦੀ ਲੋੜ ਹੈ

Ramgrahia family looking for a suitable match for their USA citizen daughter, 32, 5'2", working as nurse assistant. Please contact and send biodata/ picture @. binnumunday@gmail.com.

# ਮੇਘਾ ਥਾਪਰ ਨੇ ਜਿੱਤਿਆ ਮਿਸ ਸਾਊਥ ਏਸ਼ੀਆ ਵਰਲਡ ਕਰਵੀ 2023 ਮੁਕਾਬਲਾ


ਟੈਕਸਸ: ਪਲਾਨੋ, ਟੈਕਸਸ ਵਿਚ ਹੋਏ ਮਿਸ ਸਾਊਥ ਏਸ਼ੀਆ ਵਰਲਡ ਕਰਵੀ 2023 ਮੁਕਾਬਲਾ ਮੇਘਾ ਥਾਪਰ ਨੇ ਜਿੱਤਿਆ ਹੈ। ਤਿੰਨ ਭਾਗਾਂ ਹੈਰੀਟੇਜ, ਬਲੈਕ ਐਂਡ ਬੋਲਡ ਅਤੇ ਕੌਸਮੋਪੋਲੀਟਨ ਵਿਚ ਹੋਏ ਇਸ ਮੁਕਾਬਲੇ ਦੌਰਾਨ ਉਸ ਨੇ ਸਵਾਲਾਂ-ਜਵਾਬਾਂ ਦੀ ਸ਼੍ਰੇਣੀ ਵਿਚ ਸਖ਼ਤ ਮੁਕਾਬਲਾ ਦਿੱਤਾ। ਇਸ ਤੋਂ ਪਹਿਲਾਂ ਉਹ ਕੋਲੰਬਸ, ਓਹਾਇਓ ਵਿੱਚ ਹੋਇਆ ਮਿਸ ਭਾਰਤ ਓਹਾਇਓ 2022 ਮੁਕਾਬਲਾ ਵੀ ਜਿੱਤ ਚੁੱਕੀ ਹੈ, ਜਿਸ ਦੌਰਾਨ ਉਸ ਨੂੰ ਸਾਬਕਾ ਮਿਸ ਯੂਨੀਵਰਸ ਲਾਰਾ ਦੱਤਾ ਨੇ ਤਾਜ ਪਹਿਨਾਇਆ ਸੀ।

ਦੱਸਣਯੋਗ ਹੈ ਕਿ ਮੇਘਾ ਥਾਪਰ ਮੂਲ ਰੂਪ ਵਿਚ ਲੁਧਿਆਣਾ, ਪੰਜਾਬ ਦੀ ਰਹਿਣ ਵਾਲੀ ਹੈ ਅਤੇ ਮੁਕਾਬਲੇ ਦੇ ਹੈਰੀਟੇਜ ਰਾਊਂਡ ਵਿਚ ਉਸ ਨੇ ਪੰਜਾਬੀ ਸੂਟ, ਪਰਾਂਦਾ, ਟਿੱਕਾ ਆਦਿ ਪਹਿਨ ਕੇ ਪੰਜਾਬੀ ਸੱਭਿਆਚਾਰ ਦੀ ਨੁਮਾਇੰਦਗੀ ਕੀਤੀ।




# ਸ. ਸਰਵਣ ਸਿੰਘ ਧਾਮੀ ਦਾ ਦੇਹਾਂਤ

**ਸ਼ਿਕਾਗੋ:** ਇੱਥੋਂ ਦੇ ਵਸਨੀਕ ਸ. ਸਰਵਣ ਸਿੰਘ ਧਾਮੀ (96) ਦਾ ਲੰਘੀ 6 ਅਪਰੈਲ ਨੂੰ ਦੇਹਾਂਤ ਹੋ ਗਿਆ। ਉਹ ਮੂਲ ਰੂਪ ਵਿਚ ਪਿੰਡ ਸੀਨਾ, ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸਬੰਧਤ ਸਨ। ਸ. ਸਰਵਣ ਸਿੰਘ ਆਪਣੇ ਪਿੱਛੇ ਪੁੱਤਰ ਹਰਦਿਆਲ ਸਿੰਘ, ਅਮਨਦੀਪ ਕੌਰ (ਨੂੰਹ), ਪੋਤਰੀ ਅਨੂਰ ਕੌਰ ਅਤੇ ਅਕਰਮ ਕੌਰ, ਸੁਰਿੰਦਰ ਕੌਰ ਸੰਧੂ, ਦਲਜੀਤ ਕੌਰ (ਧੀਆਂ), ਜਸਵਿੰਦਰ ਸਿੰਘ ਸੰਧੂ ਅਤੇ ਸੋਹਣ ਸਿੰਘ (ਜਵਾਈ) ਅਤੇ ਦੋ ਦੋਹਤੇ ਸਤਵੀਰ ਸੰਧੂ, ਜੌਨਜੀਤ ਸੰਧੂ ਅਤੇ ਇੱਕ ਦੋਹਤੀ ਅਨਾਇਆ ਸੰਧੂ ਨੂੰ ਛੱਡ ਗਏ ਹਨ। ਸ. ਧਾਮੀ ਦਾ ਅੰਤਿਮ ਸੰਸਕਾਰ 9 ਅਪ੍ਰੈਲ ਨੂੰ ਦੁਪਹਿਰ 2:00 ਤੋਂ ਸ਼ਾਮ 4 ਵਜੇ ਤੱਕ ਡੇਵੇਨਪੋਰਟ ਫਿਊਨਰਲ ਹੋਮ 941 ਐੱਸ. ਓਲਡ ਰੈਂਡ ਰੋਡ ਲੇਕ ਜ਼ਿਊਰਿਖ ਵਿਖੇ ਹੋਇਆ। ਉਪਰੰਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਸ਼ਾਮ 4:00 ਤੋਂ 6:00 ਵਜੇ ਤੱਕ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਹੋਈ। ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਜੱਸੀ ਸੰਧੂ ਨਾਲ ਫੋਨ: 847-254-1782 'ਤੇ ਸੰਪਰਕ ਕੀਤਾ ਜਾ ਸਕਦਾ ਹੈ।



*ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਕਾਲ ਕਰੋ:*
***847-359-0746***
Visit us on the web:**wwwpunjabtimesusa.com**

# ਜਥੇਦਾਰ ਨੇ ਸਰਕਾਰਾਂ ਨੂੰ ਪੰਜਾਬ ’ਚ ਭੈਅ ਵਾਲਾ ਮਾਹੌਲ ਸਿਰਜਣ ਤੋਂ ਵਰਜਿਆ

**ਤਲਵੰਡੀ ਸਾਬੋ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵਿਸਾਖੀ ਤੋਂ ਪਹਿਲਾਂ ਤਲਵੰਡੀ ਸਾਬੋ ਤੇ ਬਠਿੰਡਾ ਜ਼ਿਲ੍ਹੇ ਦੇ ਹੋਰਨਾਂ ਇਲਾਕਿਆਂ ਵਿਚ ਸੁਰੱਖਿਆ ਵਧਾ ਕੇ ਦਹਿਸ਼ਤ ਦਾ ਮਾਹੌਲ ਸਿਰਜਣ ਦੀ ਕੋਸ਼ਿਸ਼ ਕਰ ਰਹੀ ਹੈ। ਜਥੇਦਾਰ ਨੇ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੂੰ ਆਤਮ-ਸਮਰਪਣ ਕਰਨ ਲਈ ਕਿਹਾ ਹੈ।

ਗਿਆਨੀ ਹਰਪ੍ਰੀਤ ਸਿੰਘ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ, ਸਿੱਖਾਂ ਦੀ ਭੂਮਿਕਾ ਤੇ ਪੰਜਾਬੀ ਪੱਤਰਕਾਰੀ ਨੂੰ ਦਰਪੇਸ਼ ਚੁਣੌਤੀਆਂ ਵਿਸੇ ‘ਤੇ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਸੱਦੀ ਵਿਸ਼ੇਸ਼ ਇਕੱਤਰਤਾ ਨੂੰ ਸੰਬੋਧਨ ਕਰ ਰਹੇ ਸਨ। ਅਕਾਲ ਤਖਤ ਦੇ ਜਥੇਦਾਰ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਕੀਤੇ ਸਖਤ ਸੁਰੱਖਿਆ ਪ੍ਰਬੰਧਾਂ ਕਰਕੇ ਐਤਕੀਂ ਵਿਸਾਖੀ ਤੋਂ ਪਹਿਲਾਂ ਆਮ ਨਾਲੋਂ ਘੱਟ ਸੰਗਤ ਤਖਤ ਦਮਦਮਾ ਸਾਹਿਬ ਪੁੱਜ ਰਹੀ ਹੈ। ਜਥੇਦਾਰ ਨੇ ਕਿਹਾ, ”ਹਰ ਸਾਲ ਵਿਸਾਖੀ ਤੋਂ ਪਹਿਲਾਂ 5 ਅਪਰੈਲ ਤੋਂ ਸੰਗਤਾਂ ਦਾ ਵੱਡਾ ਇਕੱਠ ਨਜ਼ਰ ਆਉਣ ਲੱਗਦਾ ਹੈ, ਪਰ ਮੌਜੂਦਾ ਸਮੇਂ ਸੰਗਤਾਂ ਦੀ ਗਿਣਤੀ ਘੱਟ ਕੇ ਮਹਿਜ 10 ਫੀਸਦ ਰਹਿ ਗਈ ਹੈ। ਜਿਸ ਦੀ ਵਜ੍ਹਾ ਸਰਕਾਰ



ਵੱਲੋਂ ਬਣਾਇਆ ਦਹਿਸ਼ਤ ਦਾ ਮਾਹੌਲ ਹੈ।“ ਜਥੇਦਾਰ ਨੇ ਜੋਰ ਦੇ ਕੇ ਆਖਿਆ, ”ਮੈਂ ਇਸ ਮੰਚ ਜਰੀਏ ਪੰਜਾਬ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਸਖਤੀ ਨੇ ਦਹਿਸ਼ਤ ਦਾ ਮਾਹੌਲ ਬਣਾ ਛੱਡਿਆ ਹੈ ਤੇ ਇਸ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ।“

ਜਥੇਦਾਰ ਨੇ ਕੁਝ ਮੀਡੀਆ ਰਿਪੋਰਟਾਂ ਦੇ ਹਵਾਲੇ ਨਾਲ ਕਿਹਾ, ‘‘ਪਹਿਲਾਂ ਉਨ੍ਹਾਂ ਕਿਹਾ ਅੰਮ੍ਰਿਤਪਾਲ ਸਿੰਘ ਇਥੇ ਆਤਮ-ਸਮਰਪਣ ਕਰੇਗਾ। ਹੁਣ ਉਹ ਇਹ ਕਹਿਣ ਲੱਗੇ ਹਨ ਕਿ ਉਹ ਵਿਸਾਖੀ ਵਾਲੇ ਦਿਨ ਆਤਮ-ਸਮਰਪਣ ਕਰੇਗਾ...ਉਸ ਦੇ ਨਾਂ ’ਤੇ ਦਹਿਸ਼ਤ ਦਾ ਮਾਹੌਲ ਸਿਰਜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਰਕਾਰ ਨੂੰ ਅਜਿਹੀ ਬਿਆਨਬਾਜ਼ੀ ਤੋਂ ਬਚਣਾ ਚਾਹੀਦਾ ਸੀ।’’ ਜਥੇਦਾਰ ਨੇ ਕਿਹਾ ਕਿ ਜਦੋਂ ਅਜਿਹਾ ਮਾਹੌਲ ਸਿਰਜਿਆ ਜਾਂਦਾ ਹੈ, ਇਹ ਨਾ ਸਿਰਫ ਪੰਜਾਬੀਆਂ ਤੇ ਪੰਜਾਬ ਦੇ ਅਕਸ ਨੂੰ ਬਲਕਿ ਪੰਜਾਬ ਸਰਕਾਰ ਨੂੰ ਵੀ ਢਾਹ ਲਾਉਂਦਾ ਹੈ। ਘੱਟੋ-ਘੱਟ ਆਪਣਾ ਅਕਸ ਤਾਂ ਬਚਾਅ ਲਵੋ।’’

ਜਥੇਦਾਰ ਨੇ ਕਿਹਾ ਕਿ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਦੀਆਂ ਛੁੱਟੀਆਂ ਰੱਦ ਕਰਕੇ ਉਨ੍ਹਾਂ ਨੂੰ ਡਿਊਟੀ ‘ਤੇ ਪਰਤਣ ਲਈ ਕਿਹਾ ਜਾ ਰਿਹੈ। ਉਨ੍ਹਾਂ ਕਿਹਾ, ”ਇਨ੍ਹਾਂ ਸਾਰਿਆਂ ਨੂੰ ਦਮਦਮਾ ਸਾਹਿਬ ਭੇਜਿਆ ਜਾ ਰਿਹੈ। ਇਥੇ ਕੀ ਹੋਣ ਜਾ ਰਿਹੈ?“ ਦੱਸਣਾ ਬਣਦਾ ਹੈ ਕਿ ਪੰਜਾਬ ਪੁਲਿਸ ਨੇ ਆਪਣੇ ਸਾਰੇ ਸਟਾਫ ਦੀਆਂ ਛੁੱਟੀਆਂ 14 ਅਪਰੈਲ ਤੱਕ ਰੱਦ ਕਰ ਦਿੱਤੀਆਂ ਹਨ। ਜਥੇਦਾਰ ਨੇ ਕਿਹਾ ਕਿ ਵਿਸਾਖੀ ਮੌਕੇ 10 ਤੋਂ 15 ਲੱਖ ਦੀ ਗਿਣਤੀ ਵਿਚ ਸਿੱਖ ਸੰਗਤਾਂ ਇਥੇ ਇਕੱਤਰ ਹੁੰਦੀਆਂ ਹਨ। ਜਥੇਦਾਰ ਨੇ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅੰਮ੍ਰਿਤਪਾਲ ਸਿੰਘ ਨੂੰ ਮੁੜ ਅਪੀਲ ਕੀਤੀ ਕਿ ਉਹ ਆਤਮ-ਸਮਰਪਣ ਕਰ ਦੇਵੇ। ਜਥੇਦਾਰ ਨੇ ਕਿਹਾ, ”ਮੈਂ ਪਹਿਲਾਂ ਵੀ ਉਸ ਨੂੰ ਅਪੀਲ ਕੀਤੀ ਸੀ। ਉਸ ਨੂੰ ਆਤਮ ਸਮਰਪਣ ਕਰ ਦੇਣਾ ਚਾਹੀਦਾ ਹੈ।“

## ਸਿੱਖ ਰਾਜ ਦੇ ਝੰਡਿਆਂ ਨੂੰ ਖਾਲਿਸਤਾਨੀ ਦੱਸਣ ਖਿਲਾਫ ਸ਼ਿਕਾਇਤ ਦਰਜ ਕਰਨ ਲਈ ਆਖਿਆ

**ਤਲਵੰਡੀ ਸਾਬੋ:** ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਕਿ ਉਹ ਪੁਲਿਸ ਵੱਲੋਂ ਸਿੱਖ ਰਾਜ ਦੇ ਝੰਡਿਆਂ ਨੂੰ ਖਾਲਿਸਤਾਨੀ ਝੰਡੇ ਦੱਸਣ ਖਿਲਾਫ ਸ਼ਿਕਾਇਤ ਦਰਜ ਕਰੇ। ਜਥੇਦਾਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਪਹਿਲਾਂ ਵੀ ਸ਼ਿਕਾਇਤ ਦਰਜ ਕਰਵਾਉਣ ਲਈ ਕਿਹਾ ਸੀ, ਪਰ ਉਸ ਨੇ ਇਸ ਪਾਸੇ ਕੋਈ ਅਰਥਪੂਰਨ ਕਾਰਵਾਈ ਨਹੀਂ ਕੀਤੀ। ਚੇਤੇ ਰਹੇ ਕਿ ਅੰਮ੍ਰਿਤਪਾਲ ਨੇ ਪਿਛਲੇ ਦਿਨੀਂ ਜਾਰੀ ਦੋ ਵੀਡੀਓ ਸੁਨੇਹਿਆਂ ਵਿਚ ਅਕਾਲ ਤਖਤ ਦੇ ਜਥੇਦਾਰ ਨੂੰ ਵਿਸਾਖੀ ਮੌਕੇ ‘ਸਰਬੱਤ ਖਾਲਸਾ’ ਸੱਦਣ ਲਈ ਕਿਹਾ ਸੀ, ਪਰ ਜਥੇਦਾਰ ਨੇ ਇਸ ਦੀ ਥਾਂ ਤਖਤ ਦਮਦਮਾ ਸਾਹਿਬ ਵਿਖੇ 12 ਤੋਂ 15 ਅਪਰੈਲ ਲਈ ਤਿੰਨ ਰੋਜ਼ਾ ਗੁਰਮਤਿ ਸਮਾਗਮ ਦਾ ਐਲਾਨ ਕੀਤਾ।

# ਵਿਸਾਖੀ ਮੌਕੇ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਪੁੱਜਾ

**ਅੰਮ੍ਰਿਤਸਰ:** ਦਿੱਲੀ ਸਥਿਤ ਪਾਕਿਸਤਾਨੀ ਸਫ਼ਾਰਤਖ਼ਾਨੇ ਵੱਲੋਂ ਖਾਲਸਾ ਸਾਜਨਾ ਦਿਵਸ (ਵਿਸਾਖੀ) ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਜਾਣ ਵਾਲੇ ਜਥੇ ਲਈ ਜਿਨ੍ਹਾਂ ਪਾਸਪੋਰਟਾਂ ਦੀ ਸੂਚੀ ਭੇਜੀ ਗਈ, ਉਨ੍ਹਾਂ ਵਿਚੋਂ 109 ਵਿਅਕਤੀਆਂ ਨੂੰ ਵੀਜ਼ੇ ਨਹੀਂ ਦਿੱਤੇ ਗਏ ਹਨ।

ਇਸ ਜਥੇ ਨਾਲ ਜਾਣ ਵਾਸਤੇ 1052 ਸ਼ਰਧਾਲੂਆਂ ਨੂੰ ਹੀ ਵੀਜ਼ੇ ਪ੍ਰਾਪਤ ਹੋਏ ਹਨ। ਇਹ ਜਥਾ 9 ਅਪਰੈਲ ਨੂੰ ਪਾਕਿਸਤਾਨ ਪਹੁੰਚ ਗਿਆ ਹੈ ਤੇ 18 ਅਪਰੈਲ ਨੂੰ ਦੇਸ ਪਰਤੇਗਾ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ 1161 ਸ਼ਰਧਾਲੂਆਂ ਦੇ ਪਾਸਪੋਰਟ ਦਿੱਲੀ ਸਥਿਤ ਪਾਕਿਸਤਾਨ ਦੂਤਾਵਾਸ ਨੂੰ ਭੇਜੇ ਗਏ ਸਨ, ਜਿਨ੍ਹਾਂ ‘ਚੋਂ ਦੂਤਾਵਾਸ ਨੇ 109 ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਨਹੀਂ ਕੀਤੇ ਹਨ। ਸਕੱਤਰ ਨੇ ਕਿਹਾ ਕਿ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਸਤੇ ਸੰਗਤ ਵਿਚ ਭਾਰੀ ਉਤਸ਼ਾਹ ਹੁੰਦਾ ਹੈ, ਪਰ ਸਰਕਾਰਾਂ ਵੱਲੋਂ ਸ਼ਰਧਾਲੂਆਂ ਦੇ ਵੀਜ਼ੇ ਕੱਟੇ ਜਾਣ ਕਰਕੇ



ਕਈ ਸ਼ਰਧਾਲੂਆਂ ਨੂੰ ਨਿਰਾਸ਼ ਵੀ ਹੋਣਾ ਪੈ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਹਰ ਸਾਲ ਵਾਂਗ ਇਸ ਸਾਲ ਵੀ ਖਾਲਸਾ ਸਾਜਨਾ ਦਿਵਸ (ਵਿਸਾਖੀ) ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਿਆ ਗਿਆ ਹੈ। ਇਹ ਜਥਾ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਜੈਕਾਰਿਆਂ ਦੀ ਗੂੰਜ ਵਿਚ ਰਵਾਨਾ ਹੋਇਆ, ਜੋ ਪਾਕਿਸਤਾਨ ਸਥਿਤ ਵੱਖ-ਵੱਖ ਗੁਰਧਾਮਾਂ ਦੇ ਦਰਸ਼ਨ ਕਰਨ ਮਗਰੋਂ 18 ਅਪਰੈਲ ਨੂੰ ਵਾਪਸ ਆਵੇਗਾ। ਵਿਸਾਖੀ ਦਾ ਮੁੱਖ ਸਮਾਗਮ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਵਿਚ 14 ਅਪਰੈਲ ਨੂੰ ਹੋਵੇਗਾ।

# ਜੱਲ੍ਹਿਆਂਵਾਲਾ ਬਾਗ ਵਿਚ ਦਾਖਲਾ ਫੀਸ ਲਾਉਣ ਦੀ ਸੰਭਾਵਨਾ ਖਤਮ

**ਅੰਮ੍ਰਿਤਸਰ:** ਇਤਿਹਾਸਕ ਜੱਲ੍ਹਿਆਂਵਾਲਾ ਬਾਗ ਦੇ ਪ੍ਰਵੇਸ਼ ਦੁਆਰ ‘ਤੇ ਲਗਾਏ ਗਏ ਈ-ਟਿਕਟਿੰਗ ਬੈਰੀਅਰ ਹੁਣ ਹਟਾ ਦਿੱਤੇ ਗਏ ਹਨ, ਜਿਸ ਮਗਰੋਂ ਹੁਣ ਬਾਗ ਨੂੰ ਦੇਖਣ ਆਉਣ ਵਾਲਿਆਂ ‘ਤੇ ਦਾਖਲਾ ਫੀਸ ਲਗਾਉਣ ਦੀ ਸੰਭਾਵਨਾ ਵੀ ਖਤਮ ਹੋ ਗਈ ਹੈ। ਇਹ ਜਾਣਕਾਰੀ ਜੱਲ੍ਹਿਆਂਵਾਲਾ ਬਾਗ ਟਰੱਸਟ ਦੇ ਮੈਂਬਰ ਤੇ ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਨੇ ਦਿੱਤੀ।

ਉਨ੍ਹਾਂ ਇਸ ਸਬੰਧੀ ਕੇਂਦਰੀ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਜੀ ਕ੍ਰਿਸ਼ਨਾ ਰੈੱਡੀ ਤੇ ਵਿਭਾਗ ਦੇ ਸਕੱਤਰ ਗੋਬਿੰਦ ਮੋਹਨ ਨੂੰ ਵੱਖ-ਵੱਖ ਪੱਤਰ ਭੇਜ ਕੇ ਇਸ ਕਾਰਵਾਈ ‘ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਵਿਭਾਗ ਕੋਲੋਂ ਇਹ ਵੀ ਮੰਗ ਕੀਤੀ ਹੈ ਕਿ ਪ੍ਰਵੇਸ਼ ਦੁਆਰ ਦੀਆਂ ਦੋਵੇਂ ਕੰਧਾਂ ‘ਤੇ ਸਥਾਪਤ ਕੀਤੀਆਂ ਗਈਆਂ ਮੂਰਤੀਆਂ ਰੂਪੀ ਕਲਾਕ੍ਰਿਤਾਂ ਵੀ ਹਟਾ ਦਿੱਤੀਆਂ ਜਾਣ ਤੇ ਇਨ੍ਹਾਂ ਕੰਧਾਂ ਦਾ 1919 ਵਾਲਾ ਪੁਰਾਤਨ ਰੂਪ ਬਹਾਲ ਕੀਤਾ ਜਾਵੇ। ਦੱਸਣਯੋਗ ਹੈ ਕਿ ਜਲ੍ਹਿਆਂਵਾਲਾ ਬਾਗ ਦਾ ਸੁੰਦਰੀਕਰਨ ਕੀਤੇ ਜਾਣ ਤੋਂ ਬਾਅਦ ਇਥੇ ਈ-ਟਿਕਟਿੰਗ ਮਸ਼ੀਨਾਂ ਅਤੇ ਬੈਰੀਅਰ ਆਦਿ ਸਥਾਪਤ ਕੀਤੇ ਗਏ ਸਨ ਜਿਸ ਦਾ ਵਿਰੋਧ ਕੀਤਾ ਜਾ ਰਿਹਾ ਸੀ।




# 14 ਅਪਰੈਲ ਨੂੰ ਸਿੱਖ ਨੈਸ਼ਨਲ ਡੇਅ ਵਜੋਂ ਮਾਨਤਾ ਦੇਣ ਦਾ ਮਤਾ ਪੇਸ਼

**ਅੰਮ੍ਰਿਤਸਰ:** ਅਮਰੀਕੀ ਸੰਸਦ ਦੇ ਹੇਠਲੇ ਸਦਨ ‘ਹਾਊਸ ਆਫ ਰਿਪ੍ਰੈਜ਼ੈਂਟੇਟਿਵਜ਼’ ਵਿਚ 14 ਅਪਰੈਲ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਨੂੰ ਸਿੱਖ ਨੈਸ਼ਨਲ ਡੇਅ ਵਜੋਂ ਮਨਾਉਣ ਦਾ ਪ੍ਰਸਤਾਵ ਰੱਖਿਆ ਗਿਆ ਹੈ।

ਇਹ ਪ੍ਰਸਤਾਵ ਅਮਰੀਕਾ ਦੇ ਦੋ ਸੰਸਦ ਮੈਂਬਰਾਂ ਵੱਲੋਂ ਪੇਸ਼ ਕੀਤਾ ਗਿਆ। ਇਸ ਸਬੰਧੀ ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਸੰਸਦ ਮੈਂਬਰ ਮੈਰੀ ਗੇਅ ਸਕੈਨਲੋਨ ਨੇ ਹੇਠਲੇ ਸਦਨ ਵਿਚ ਇਸ ਸਬੰਧੀ ਮਤਾ ਪੇਸ਼ ਕੀਤਾ। ਮਤੇ ਵਿਚ ਕਿਹਾ ਗਿਆ ਕਿ ਸਿੱਖ ਧਰਮ ਵਿਚ ਖਾਲਸਾ ਸਾਜਨਾ ਦਿਵਸ ਦੀ ਵਿਸ਼ੇਸ਼ ਮਹੱਤਤਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਸਿੱਖ ਭਾਈਚਾਰੇ ਦਾ ਅਹਿਮ ਯੋਗਦਾਨ ਹੈ।

ਮਤੇ ਵਿਚ ਖਾਲਸਾ ਸਾਜਨਾ ਦਿਵਸ ਦੇ ਇਤਿਹਾਸ ਦਾ ਵੀ ਜ਼ਿਕਰ ਕੀਤਾ ਗਿਆ ਹੈ। ਸੰਸਦ ਮੈਂਬਰ ਨੇ ਕਿਹਾ ਕਿ ਅਮਰੀਕਾ ਵਿਚ ਸਿੱਖਾਂ ਦੇ ਯੋਗਦਾਨ ਨੂੰ ਧਿਆਨ ਵਿਚ ਰੱਖਦਿਆਂ ਇਸ ਮਤੇ ਨੂੰ ਪਾਸ ਕੀਤਾ ਜਾਣਾ ਚਾਹੀਦਾ ਹੈ। ਡਾ. ਪ੍ਰਿਤਪਾਲ ਸਿੰਘ ਨੇ ਆਖਿਆ ਕਿ ਅਮਰੀਕਾ ਦੇ ਕਈ ਸੂਬਿਆਂ ਵਿਚ ਪਹਿਲਾਂ ਹੀ ਇਸ ਦਿਵਸ ਨੂੰ ਮਾਨਤਾ ਦਿੱਤੀ ਜਾ ਚੁੱਕੀ ਹੈ ਅਤੇ ਇਹ ਤਿਉਹਾਰ ਮਨਾਇਆ ਜਾਂਦਾ ਹੈ।

# ਕਿਤਾਬ ’ਚ ਸਿੱਖਾਂ ਬਾਰੇ ਵਿਆਖਿਆ ਦਾ ਨੋਟਿਸ ਲਿਆ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਦੋਸ਼ ਲਾਇਆ ਹੈ ਕਿ ਐਨ.ਸੀ.ਈ.ਆਰ.ਟੀ. ਵੱਲੋਂ ਸਕੂਲ ਸਿਲੇਬਸ ਦੀਆਂ ਕਿਤਾਬਾਂ ‘ਚ ਸਿੱਖਾਂ ਸਬੰਧੀ ਗਲਤ ਜਾਣਕਾਰੀ ਦਿੱਤੀ ਜਾ ਰਹੀ ਹੈ। ਸਿੱਖ ਸੰਸਥਾ ਨੇ ਇਸ ‘ਤੇ ਸਖਤ ਇਤਰਾਜ਼ ਪ੍ਰਗਟਾਉਂਦਿਆਂ ਕਿਤਾਬਾਂ ‘ਚੋਂ ਉਕਤ ਗਲਤ ਜਾਣਕਾਰੀ ਤੁਰਤ ਹਟਾਉਣ ਦੀ ਮੰਗ ਕੀਤੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਐਨ.ਸੀ.ਈ.ਆਰ.ਟੀ. ਨੇ ਬਾਰ੍ਹਵੀਂ ਜਮਾਤ ਦੀ ਕਿਤਾਬ ‘ਸੁਤੰਤਰ ਭਾਰਤ ’ਚ ਰਾਜਨੀਤੀ’ ਵਿਚ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਬਾਰੇ ਭੁਲੇਖਾ ਪਾਊ ਜਾਣਕਾਰੀ ਦਰਜ ਕੀਤੀ ਹੈ। ਇਸ ਮਤੇ ਦੀ ਵਿਆਖਿਆ ਕਰਦਿਆਂ ਸਿੱਖਾਂ ਨੂੰ ਵੱਖਵਾਦੀ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ, ਜੋ ਹਰਗਿਜ਼ ਜਾਇਜ਼ ਨਹੀਂ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਗਲਤ ਜਾਣਕਾਰੀ ਨੂੰ ਕਿਤਾਬ ਵਿਚੋਂ ਤੁਰਤ ਹਟਾਇਆ ਜਾਵੇ।



ਸ੍ਰੀ ਧਾਮੀ ਨੇ ਦੋਸ਼ ਲਾਇਆ ਕਿ ਐਨ.ਸੀ.ਈ.ਆਰ.ਟੀ. ਵੱਲੋਂ ਸਿੱਖਾਂ ਨਾਲ ਸਬੰਧਤ ਇਤਿਹਾਸਕ ਵੇਰਵਿਆਂ ਨੂੰ ਗਲਤ ਅਰਥਾਂ ’ਚ ਪੇਸ਼ ਕੀਤਾ ਜਾ ਰਿਹਾ ਹੈ ਤੇ ਬਾਰ੍ਹਵੀਂ ਦੀ ਕਿਤਾਬ ’ਚੋਂ ਕੁਝ ਜਾਣਕਾਰੀਆਂ ਹਟਾਉਣ ਅਤੇ ਨਵੀਆਂ ਜਾਣਕਾਰੀਆਂ ਸ਼ਾਮਲ ਕਰਨ ਵੇਲੇ ਫਿਰਕੂਪੱਖ ਤੋਂ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਆਪਣੀ ਮਰਜ਼ੀ ਅਨੁਸਾਰ ਵਿਸ਼ੇਸ਼ ਰੂਪ ਵਿਚ ਘੱਟ ਗਿਣਤੀਆਂ ਬਾਰੇ ਪਾਠਕ੍ਰਮ ਖਤਮ ਕਰਕੇ ਸਿਲੇਬਸ ਤਿਆਰ ਕਰਵਾ ਰਹੀ ਹੈ।

# ਮਹਾਰਾਜਾ ਰਿਪੁਦਮਨ ਸਿੰਘ ਦੀ ਤਸਵੀਰ ਸਿੱਖ ਅਜਾਇਬ ਘਰ ’ਚ ਲਾਈ

**ਅੰਮ੍ਰਿਤਸਰ:** ਪੰਥਕ ਸੇਵਾਵਾਂ ਵਿਚ ਪਾਏ ਯੋਗਦਾਨ ਨੂੰ ਯਾਦ ਕਰਦਿਆਂ ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਦੀ ਤਸਵੀਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਦਰਬਾਰ ਸਾਹਿਬ ਸਮੂਹ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿਚ ਸਥਾਪਿਤ ਕੀਤਾ ਗਿਆ। ਮਹਾਰਾਜਾ ਰਿਪੁਦਮਨ ਸਿੰਘ ਨੇ ਸਾਲ 1909 ਵਿਚ ਆਨੰਦ ਮੈਰਿਜ ਐਕਟ ਪਾਸ ਕਰਵਾਉਣ ਵਿਚ ਅਹਿਮ ਯੋਗਦਾਨ ਪਾਇਆ ਸੀ।

ਸਾਕਾ ਸ੍ਰੀ ਨਨਕਾਣਾ ਸਾਹਿਬ ਸਮੇਂ ਸ਼੍ਰੋਮਣੀ ਕਮੇਟੀ ਦੇ ਸੱਦੇ ‘ਤੇ ਕਾਲੀਆਂ ਦਸਤਾਰਾਂ ਬੰਨ੍ਹ ਕੇ ਰੋਸ ਪ੍ਰਗਟ ਕਰਨ ਵਾਲਿਆਂ ਵਿਚ ਵੀ ਮਹਾਰਾਜਾ ਨਾਭਾ ਸ਼ਾਮਲ ਸਨ। ਉਨ੍ਹਾਂ ਦੀਆਂ ਅਜਿਹੀਆਂ ਪੰਥਕ ਸੇਵਾਵਾਂ ਨੂੰ ਯਾਦ ਕਰਦਿਆਂ ਕੇਂਦਰੀ ਸਿੱਖ



ਅਜਾਇਬ ਘਰ ਵਿਚ ਉਨ੍ਹਾਂ ਦੀ ਤਸਵੀਰ ਨੂੰ ਥਾਂ ਦਿੱਤੀ ਗਈ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਗਿਆਨੀ ਬਲਜੀਤ ਸਿੰਘ ਸਣੇ ਕਈ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਮੌਜੂਦ ਸਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰੀ ਧਾਮੀ ਨੇ ਕਿਹਾ ਕਿ ਪੰਥਕ ਸੋਚ ਦੇ ਧਾਰਨੀ ਹੋਣ ਕਰਕੇ ਹੀ ਮਹਾਰਾਜਾ ਨਾਭਾ ਨੂੰ ਅੰਗਰੇਜ਼ ਹਕੂਮਤ ਨੇ ਬਹਾਨਾ ਬਣਾ ਕੇ ਜ਼ਬਰਦਸਤੀ ਗੱਦੀ ਤੋਂ ਹਟਾ ਦਿੱਤਾ ਸੀ ਜਿਸ ਦੇ ਰੋਸ ਵਜੋਂ ਸਿੱਖ ਪੰਥ ਨੇ ਮੋਰਚਾ ਲਾਇਆ ਸੀ। ਇਸ ਮੌਕੇ ਮਹਾਰਾਜਾ ਰਿਪੁਦਮਨ ਸਿੰਘ ਦੇ ਪਰਿਵਾਰ ਵਿਚੋਂ ਬੀਬੀ ਪ੍ਰੀਤੀ ਸਿੰਘ ਨੇ ਕਿਹਾ ਕਿ ਮਹਾਰਾਜਾ ਨਾਭਾ ਨੇ ਕਾਲੇ ਪਾਣੀ ਦੀ ਸਜ਼ਾ ਤਾਂ ਪ੍ਰਵਾਨ ਕੀਤੀ ਪਰ ਅੰਗਰੇਜ਼ਾਂ ਨੂੰ ਮੁਆਫੀਨਾਮਾ ਨਹੀਂ ਲਿਖ ਕੇ ਦਿੱਤਾ।

## ਸ਼੍ਰੋਮਣੀ ਕਮੇਟੀ ਮੈਂਬਰ ਹਰਿਆਊ ਦਾ ਦੇਹਾਂਤ

**ਪਾਤੜਾਂ:** ਸ਼੍ਰੋਮਣੀ ਕਮੇਟੀ ਮੈਂਬਰ ਤੇ ਮਾਰਕੀਟ ਕਮੇਟੀ ਪਾਤੜਾਂ ਦੇ ਸਾਬਕਾ ਚੇਅਰਮੈਨ ਨਿਰਮਲ ਸਿੰਘ ਹਰਿਆਊ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਸਰਵਾਈਕਲ ਦੇ ਮਾਮੂਲੀ ਜਿਹੇ ਅਪਰੇਸ਼ਨ ਤੋਂ ਬਾਅਦ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ। ਉਹ ਮੁਹਾਲੀ ਦੇ ਇਕ ਹਸਪਤਾਲ ਵਿਚ ਦਾਖਲ ਸਨ।

ਨਿਰਮਲ ਸਿੰਘ ਹਰਿਆਊ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਨੇੜਲਿਆਂ ਵਿਚ ਗਿਣੇ ਜਾਂਦੇ ਸਨ। ਉਨ੍ਹਾਂ ਦੇ ਛੋਟੇ ਭਰਾ ਬਲਜਿੰਦਰ ਸਿੰਘ ਮਾਰਕੀਟ ਕਮੇਟੀ ਦੇ ਚੇਅਰਮੈਨ ਅਤੇ ਬਲਜਿੰਦਰ ਸਿੰਘ ਦੀ ਪਤਨੀ ਹਰਜੀਤ ਕੌਰ ਹਰਿਆਊ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਹੇ ਹਨ।

# ਸੰਸਦ 'ਚ ਗੈਰ-ਹਾਜ਼ਰੀ ਪੱਖੋਂ ਸਨੀ ਦਿਓਲ ਪਹਿਲੇ ਤੇ ਸੁਖਬੀਰ ਦੂਜੇ ਨੰਬਰ 'ਤੇ





**ਨਵੀਂ ਦਿੱਲੀ:** ਪਾਰਲੀਮੈਂਟ ਵਿਚ ਬਜਟ ਸੈਸ਼ਨ ਦੌਰਾਨ ਲੋਕ ਸਭਾ ਮੈਂਬਰਾਂ ਵਿਚੋਂ ਗੁਰਦਾਸਪੁਰ ਤੋਂ ਭਾਜਪਾ ਦੇ ਸੰਸਦ ਮੈਂਬਰ ਸਨੀ ਦਿਓਲ ਅਤੇ ਸ਼੍ਰੋਮਣੀ ਅਕਾਲੀ ਦੇ ਸੁਖਬੀਰ ਸਿੰਘ ਬਾਦਲ ਦੀ ਹਾਜ਼ਰੀ ਸਭ ਤੋਂ ਘੱਟ ਰਹੀ। ਭਾਜਪਾ ਐਮ.ਪੀ. ਸਨੀ ਦਿਓਲ ਦੀ ਹੁਣ ਤੱਕ ਸਮੁੱਚੀ ਹਾਜ਼ਰੀ ਸਿਰਫ 20 ਫੀਸਦੀ ਹੀ ਰਹੀ ਹੈ। ਸੰਸਦ ਮੈਂਬਰ ਸੁਖਬੀਰ ਸਿੰਘ ਬਾਦਲ ਨੇ ਕੇਵਲ ਚਾਰ ਦਿਨ ਹੀ ਪਾਰਲੀਮੈਂਟ ਵਿਚ ਪੈਰ ਪਾਇਆ ਅਤੇ ਉਹ 19 ਦਿਨ ਗੈਰ-ਹਾਜ਼ਰ ਰਹੇ ਹਨ।

ਪਾਰਲੀਮੈਂਟ ਦਾ ਬਜਟ ਸੈਸ਼ਨ 31 ਜਨਵਰੀ ਨੂੰ ਸ਼ੁਰੂ ਹੋਇਆ ਅਤੇ 6 ਅਪਰੈਲ ਨੂੰ ਖ਼ਤਮ ਹੋਇਆ ਹੈ। ਇਸ ਸੈਸ਼ਨ ਦੌਰਾਨ 23 ਬੈਠਕਾਂ ਹੋਈਆਂ ਹਨ। ਸਨੀ ਦਿਓਲ ਨੇ ਸਿਰਫ ਦੋ ਦਿਨ ਹੀ ਹਾਜ਼ਰੀ ਭਰੀ ਹੈ ਜਦੋਂਕਿ ਉਹ 21 ਦਿਨ ਗੈਰ-ਹਾਜ਼ਰ ਰਹੇ। ਸਨੀ ਚੋਣ ਜਿੱਤਣ ਮਗਰੋਂ ਆਪਣੇ ਹਲਕੇ ਗੁਰਦਾਸਪੁਰ ਵਿਚੋਂ ਵੀ ਗੈਰ-ਹਾਜ਼ਰ ਚੱਲੇ ਆ ਰਹੇ ਹਨ ਅਤੇ ਉਨ੍ਹਾਂ ਦੀ ਗੁੰਮਸ਼ੁਦਗੀ ਦੇ ਇਸ਼ਤਿਹਾਰ ਵੀ ਲੱਗ ਚੁੱਕੇ ਹਨ। ਸੰਸਦ ਮੈਂਬਰ ਸੁਖਬੀਰ ਸਿੰਘ ਬਾਦਲ ਨੇ ਕੇਵਲ ਚਾਰ ਦਿਨ ਹੀ ਪਾਰਲੀਮੈਂਟ ਵਿਚ ਪੈਰ ਪਾਇਆ ਅਤੇ ਉਹ 19 ਦਿਨ ਗੈਰ-ਹਾਜ਼ਰ ਰਹੇ ਹਨ। ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਐਤਕੀਂ ਸੰਸਦ ਵਿਚ 15 ਦਿਨ ਹਾਜ਼ਰ ਰਹੇ ਹਨ ਅਤੇ ਅੱਠ ਦਿਨ ਉਨ੍ਹਾਂ ਦੀ ਗੈਰ-ਹਾਜ਼ਰੀ ਰਹੀ ਹੈ। ਕਾਂਗਰਸੀ ਸੰਸਦ ਮੈਂਬਰ ਇਸ ਮਾਮਲੇ 'ਚ ਮੋਹਰੀ ਰਹੇ ਹਨ। ਜਲੰਧਰ ਹਲਕੇ ਦੀ ਨੁਮਾਇੰਦਗੀ ਚੌਧਰੀ ਸੰਤੋਖ ਸਿੰਘ ਦੀ ਮੌਤ ਹੋਣ ਕਰ ਕੇ ਨਹੀਂ ਰਹੀ। ਕਾਂਗਰਸ ਦੇ ਸੰਸਦ ਮੈਂਬਰ ਮਨੀਸ਼ ਤਿਵਾੜੀ, ਰਵਨੀਤ ਬਿੱਟੂ, ਡਾ. ਅਮਰ ਸਿੰਘ ਅਤੇ ਗੁਰਜੀਤ ਸਿੰਘ ਔਜਲਾ ਦੀ ਬਜਟ ਸੈਸ਼ਨ ਦੌਰਾਨ ਹਾਜ਼ਰੀ ਸੌ ਫ਼ੀਸਦੀ ਰਹੀ ਹੈ ਜਦੋਂਕਿ ਪ੍ਰਨੀਤ ਕੌਰ ਸੰਸਦ ਵਿਚ ਇੱਕ ਦਿਨ ਗ਼ੈਰ-ਹਾਜ਼ਰ ਰਹੇ ਹਨ।

ਫਰੀਦਕੋਟ ਤੋਂ ਸੰਸਦ ਮੈਂਬਰ ਮੁਹੰਮਦ ਸਦੀਕ ਦੀ 14 ਦਿਨ ਬਜਟ ਸੈਸ਼ਨ ਵਿਚ ਹਾਜ਼ਰੀ ਰਹੀ ਹੈ। ਕਾਂਗਰਸ ਦੇ ਜਸਵੀਰ ਡਿੰਪਾ ਵੀ 20 ਦਿਨ ਹਾਜ਼ਰ ਰਹੇ ਹਨ। ਅਕਾਲੀ ਦਲ (ਅੰਮ੍ਰਿਤਸਰ) ਦੇ ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ 20 ਦਿਨ ਸੰਸਦ ਵਿਚ ਹਾਜ਼ਰ ਰਹੇ ਅਤੇ ਤਿੰਨ ਦਿਨ ਗ਼ੈਰ-ਹਾਜ਼ਰ ਰਹੇ। ਬਜਟ ਸੈਸ਼ਨ ਇਸ ਵਾਰ ਦੋ ਪੜਾਵਾਂ ਵਿਚ ਚੱਲਿਆ ਹੈ। ਇਸੇ ਤਰ੍ਹਾਂ ਰਾਜ ਸਭਾ ਮੈਂਬਰਾਂ ਦੀ ਹਾਜ਼ਰੀ ਨੂੰ ਘੋਖੀਏ ਤਾਂ 'ਆਪ' ਦੇ ਰਾਜ ਸਭਾ ਮੈਂਬਰ ਹਰਭਜਨ ਸਿੰਘ ਸੈਸ਼ਨ ਦੌਰਾਨ ਨਜ਼ਰ ਨਹੀਂ ਆਏ। ਉਨ੍ਹਾਂ ਨੇ ਸੈਸ਼ਨ ਦੌਰਾਨ ਛੁੱਟੀ ਲਈ ਹੋਈ ਸੀ।

ਐਮ.ਪੀ. ਵਿਕਰਮਜੀਤ ਸਿੰਘ ਸਾਹਨੀ ਨੇ ਵੀ ਛੇ ਦਿਨ ਹੀ ਹਾਜ਼ਰੀ ਭਰੀ। ਰਾਜ ਸਭਾ ਦੀਆਂ ਬਜਟ ਸੈਸ਼ਨ ਦੌਰਾਨ 25 ਬੈਠਕਾਂ ਹੋਈਆਂ ਹਨ। 'ਆਪ' ਸੰਸਦ ਮੈਂਬਰ ਸੰਦੀਪ ਪਾਠਕ ਵੀ ਬਜਟ ਸੈਸ਼ਨ ਵਿਚੋਂ 11 ਦਿਨ ਗ਼ੈਰ-ਹਾਜ਼ਰ ਰਹੇ ਹਨ ਅਤੇ ਡਾ. ਅਸ਼ੋਕ ਕੁਮਾਰ ਮਿੱਤਲ ਦੀ ਹਾਜ਼ਰੀ 15 ਦਿਨਾਂ ਦੀ ਰਹੀ ਹੈ। ਐਮ.ਪੀ. ਸੰਤ ਬਲਬੀਰ ਸਿੰਘ ਸੀਚੇਵਾਲ ਨੇ 15 ਦਿਨ ਹਾਜ਼ਰੀ ਭਰੀ ਅਤੇ ਉਹ 10 ਦਿਨ ਗੈਰ-ਹਾਜ਼ਰ ਰਹੇ ਹਨ। 'ਆਪ' ਮੈਂਬਰਾਂ ਵਿਚੋਂ ਸਭ ਤੋਂ ਵੱਧ ਹਾਜ਼ਰੀ ਰਾਘਵ ਚੱਢਾ ਦੀ ਰਹੀ ਜੋ 21 ਦਿਨ ਹਾਜ਼ਰ ਰਹੇ ਹਨ ਅਤੇ ਇਸੇ ਤਰ੍ਹਾਂ ਸੰਜੀਵ ਅਰੋੜਾ 19 ਦਿਨ ਹਾਜ਼ਰ ਰਹੇ ਹਨ।

### ਹਾਜ਼ਰੀ ਪੱਖੋਂ ਕਾਂਗਰਸੀ ਸੰਸਦ ਮੈਂਬਰ ਮੋਹਰੀ ਰਹੇ

**ਨਵੀਂ ਦਿੱਲੀ:** ਕਾਂਗਰਸੀ ਸੰਸਦ ਮੈਂਬਰ ਇਸ ਮਾਮਲੇ 'ਚ ਮੋਹਰੀ ਰਹੇ ਹਨ। ਕਾਂਗਰਸ ਦੇ ਸੰਸਦ ਮੈਂਬਰ ਮਨੀਸ਼ ਤਿਵਾੜੀ, ਰਵਨੀਤ ਬਿੱਟੂ, ਡਾ. ਅਮਰ ਸਿੰਘ ਅਤੇ ਗੁਰਜੀਤ ਸਿੰਘ ਔਜਲਾ ਦੀ ਬਜਟ ਸੈਸ਼ਨ ਦੌਰਾਨ ਹਾਜ਼ਰੀ ਸੌ ਫ਼ੀਸਦੀ ਰਹੀ ਹੈ ਜਦੋਂਕਿ ਪ੍ਰਨੀਤ ਕੌਰ ਸੰਸਦ ਵਿਚ ਇਕ ਦਿਨ ਗ਼ੈਰ-ਹਾਜ਼ਰ ਰਹੇ ਹਨ। ਫਰੀਦਕੋਟ ਤੋਂ ਸੰਸਦ ਮੈਂਬਰ ਮੁਹੰਮਦ ਸਦੀਕ ਦੀ 14 ਦਿਨ ਬਜਟ ਸੈਸ਼ਨ ਵਿਚ ਹਾਜ਼ਰੀ ਰਹੀ ਹੈ।

## 'ਆਪ' ਵੱਲੋਂ ਮਾਨਸਾ ਦੇ ਤਿੰਨ ਸੀਨੀਅਰ ਆਗੂ ਮੁਅੱਤਲ

**ਮਾਨਸਾ:** ਆਮ ਆਦਮੀ ਪਾਰਟੀ ਨੇ ਜ਼ਿਲ੍ਹਾ ਜਨਰਲ ਸਕੱਤਰ ਤੇ ਮਾਰਕੀਟ ਕਮੇਟੀ ਮਾਨਸਾ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਭੁੱਚਰ, ਸ਼ਹਿਰੀ ਪ੍ਰਧਾਨ ਐਡਵੋਕੇਟ ਕਮਲ ਗੋਇਲ ਅਤੇ ਜ਼ਿਲ੍ਹਾ ਯੂਥ ਵਿੰਗ ਦੇ ਪ੍ਰਧਾਨ ਹਰਜੀਤ ਸਿੰਘ ਦੰਦੀਵਾਲ ਨੂੰ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ ਹੈ। ਇਸ ਮਗਰੋਂ ਜ਼ਿਲ੍ਹੇ ਵਿਚਲੀਆਂ ਸਿਆਸੀ ਸਰਗਰਮੀਆਂ ਨੇ ਤੇਜ਼ੀ ਫੜ ਲਈ ਹੈ।

ਭਾਵੇਂ ਮੁਅੱਤਲ ਕੀਤੇ 'ਆਪ' ਆਗੂ ਇਸ ਬਾਰੇ ਖੁੱਲ੍ਹ ਕੇ ਨਹੀਂ ਬੋਲ ਰਹੇ ਪਰ ਕੁਝ ਆਗੂਆਂ ਦਾ ਕਹਿਣਾ ਹੈ ਕਿ ਪਾਰਟੀ ਦੇ ਆਗੂਆਂ ਤੇ ਵਰਕਰਾਂ ਵੱਲੋਂ ਹੀ ਉਨ੍ਹਾਂ ਵਿਰੁੱਧ ਸਾਜ਼ਿਸ਼ ਰਚੀ ਗਈ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਇਨ੍ਹਾਂ ਆਗੂਆਂ ਦੀਆਂ ਸਰਕਾਰੇ ਦਰਬਾਰੇ ਕੰਮ ਕਰਵਾਉਣ ਬਦਲੇ ਪੈਸੇ ਲੈਣ ਦੀਆਂ ਵੀਡੀਓਜ਼ ਵਾਇਰਲ ਹੋਈਆਂ ਸਨ।

ਪਾਰਟੀ ਦੇ ਸੀਨੀਅਰ ਆਗੂਆਂ ਨੇ ਇਕ ਪੱਤਰ ਜਾਰੀ ਕਰ ਕੇ ਇਨ੍ਹਾਂ ਤਿੰਨੋਂ ਆਗੂਆਂ ਨੂੰ ਪਾਰਟੀ ਤੋਂ ਮੁਅੱਤਲ ਕਰ ਦਿੱਤਾ ਹੈ। ਇਸ ਦੀ ਪੁਸ਼ਟੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਚਰਨਜੀਤ ਸਿੰਘ ਅੱਕਾਂਵਾਲੀ ਨੇ ਕੀਤੀ ਹੈ। ਇਸ ਮਾਮਲੇ 'ਚ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਆਗੂਆਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਸੀ। ਪਾਰਟੀ ਤੋਂ ਮੁਅੱਤਲ ਕੀਤੇ ਗਏ ਮਾਰਕੀਟ ਕਮੇਟੀ ਮਾਨਸਾ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਭੁੱਚਰ ਨੇ ਕਿਹਾ ਕਿ ਪਾਰਟੀ ਨੇ ਜੋ ਫੈਸਲਾ ਦਿੱਤਾ, ਉਹ ਖਿੜੇ ਮੱਥੇ ਸਵੀਕਾਰ ਹੈ। ਉਨ੍ਹਾਂ ਕਿਹਾ ਕਿ ਬਿਹਤਰ ਹੁੰਦਾ ਕਿ ਪਾਰਟੀ ਇਸ ਦੀ ਗੰਭੀਰਤਾ ਨਾਲ ਜਾਂਚ ਕਰਦੀ ਅਤੇ ਵੀਡੀਓ ਵਾਇਰਲ ਕਰਨ ਵਾਲੇ ਨੂੰ ਵੀ ਸਾਹਮਣੇ ਲਿਆਂਦਾ ਜਾਂਦਾ। ਉਨ੍ਹਾਂ ਕਿਹਾ ਕਿ ਵਾਇਰਲ ਵੀਡੀਓ ਅਨੁਸਾਰ ਸਭ ਕੁਝ ਸੱਚ ਨਹੀਂ ਹੈ। ਪਾਰਟੀ ਨੂੰ ਉਨ੍ਹਾਂ ਦਾ ਪੱਖ ਵੀ ਜਾਣ ਲੈਣਾ ਚਾਹੀਦਾ ਸੀ।

## ਗੁਰਦੁਆਰਾ ਹੇਮਕੁੰਟ ਸਾਹਿਬ ਦੇ ਕਿਵਾੜ 20 ਮਈ ਨੂੰ ਖੁੱਲ੍ਹਣਗੇ



**ਅੰਮ੍ਰਿਤਸਰ:** ਉੱਤਰਾਖੰਡ ਸਥਿਤ ਗੁਰਦੁਆਰਾ ਹੇਮਕੁੰਟ ਸਾਹਿਬ ਦੇ ਕਿਵਾੜ 20 ਮਈ ਨੂੰ ਖੁੱਲ੍ਹਣਗੇ ਅਤੇ 20 ਅਪਰੈਲ ਤੋਂ ਗੁਰਦੁਆਰੇ ਨੂੰ ਜਾਂਦੇ ਰਾਹ ਤੋਂ ਜੰਮੀ ਬਰਫ ਹਟਾਉਣ ਦਾ ਕੰਮ ਆਰੰਭ ਕੀਤਾ ਜਾਵੇਗਾ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਸਾਲਾਨਾ ਯਾਤਰਾ ਸ਼ੁਰੂ ਕਰਨ ਸਬੰਧੀ ਉਤਰਾਖੰਡ ਸਰਕਾਰ ਦੇ ਮੁੱਖ ਸਕੱਤਰ ਡਾ. ਐਸ.ਐਸ. ਸੰਧੂ ਨਾਲ ਮੁਲਾਕਾਤ ਕੀਤੀ ਗਈ ਹੈ।

ਮੁਲਾਕਾਤ ਦੌਰਾਨ ਉਨ੍ਹਾਂ ਗੁਰਦੁਆਰਾ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ 20 ਮਈ ਤੋਂ ਸ਼ੁਰੂ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਦੱਸਿਆ ਕਿ ਇਸ ਵੇਲੇ ਗੁਰਦੁਆਰਾ ਹੇਮਕੁੰਟ ਸਾਹਿਬ ਨੂੰ ਜਾਂਦੇ ਪਹਾੜੀ ਰਸਤੇ ਅਤੇ ਗੁਰਦੁਆਰੇ ਦੇ ਆਲੇ-ਦੁਆਲੇ ਦੇ ਵਧੇਰੇ ਹਿੱਸੇ ਵਿਚ ਬਰਫ ਜੰਮੀ ਹੋਈ ਹੈ, ਜਿਸ ਨੂੰ ਹਟਾਉਣ ਦਾ ਕੰਮ ਭਾਰਤੀ ਫੌਜ ਦੇ ਜਵਾਨਾਂ ਵੱਲੋਂ 20 ਅਪਰੈਲ ਤੋਂ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਵਾਸਤੇ ਹਰ ਸਾਲ ਸ਼ਰਧਾਲੂਆਂ ਦੀ ਗਿਣਤੀ ਵਧ ਰਹੀ ਹੈ ਅਤੇ ਇਸ ਵਾਸਤੇ ਰਿਹਾਇਸ਼ ਲਈ ਕਮਰਿਆਂ ਦਾ ਪ੍ਰਬੰਧ ਕਰ ਦਿੱਤਾ ਹੈ।

ਇਸ ਤੋਂ ਇਲਾਵਾ ਲੰਗਰ ਤੇ ਡਾਕਟਰੀ ਸਹਾਇਤਾ ਦੇ ਪ੍ਰਬੰਧਾਂ ਵਾਸਤੇ ਵੀ ਟਰੱਸਟ ਵੱਲੋਂ ਤਿਆਰੀਆਂ ਜ਼ੋਰਾਂ 'ਤੇ ਹਨ। ਉਨ੍ਹਾਂ ਹੇਮਕੁੰਟ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਕਿ ਯਾਤਰਾ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਅਫਵਾਹਾਂ 'ਤੇ ਭਰੋਸਾ ਨਾ ਕੀਤਾ ਜਾਵੇ। ਜੇਕਰ ਕਿਸੇ ਨੇ ਕੋਈ ਜਾਣਕਾਰੀ ਲੈਣੀ ਹੈ ਤਾਂ ਗੁਰਦੁਆਰਾ ਟਰੱਸਟ ਨਾਲ ਸੰਪਰਕ ਕੀਤਾ ਜਾਵੇ।

### ਅਮਰੀਕਾ ਵਿਚ ਸੜਕ ਹਾਦਸੇ 'ਚ ਪੰਜਾਬੀ ਨੌਜਵਾਨ ਦੀ ਮੌਤ

**ਭੁਲੱਥ:** ਪਿੰਡ ਤਲਵੰਡੀ ਕੂਕਾ ਵਾਸੀ ਨੌਜਵਾਨ ਰਾਜਵਿੰਦਰ ਸਿੰਘ ਜਿੰਦੀ (22) ਦੀ ਅਮਰੀਕਾ ਦੇ ਮੈਰੀਲੈਂਡ ਵਿਚ ਇਕ ਸੜਕ ਹਾਦਸੇ ਦੌਰਾਨ ਮੌਤ ਹੋ ਗਈ ਹੈ। ਉਸ ਦੇ ਪਿਤਾ ਤਰਲੋਕ ਸਿੰਘ ਦੇ ਦੱਸਿਆ ਕਿ ਰਾਜਵਿੰਦਰ 2018 ਵਿਚ ਅਮਰੀਕਾ ਗਿਆ ਸੀ ਤੇ ਉਥੇ ਟਰੱਕ ਚਲਾਉਣ ਦਾ ਕੰਮ ਕਰਦਾ ਸੀ। ਉਸ ਨੇ ਦੱਸਿਆ ਕਿ ਉਹ ਕੈਲੀਫੋਰਨੀਆ ਵਿਚ ਰਹਿੰਦਾ ਸੀ ਜਿਥੋਂ ਉਹ ਟਰੱਕ ਲੈ ਕੇ ਜਾ ਰਿਹਾ ਸੀ। ਇਸ ਦੌਰਾਨ ਰਾਹ ਵਿਚ ਕਿਸੇ ਸਟੋਰ ਤੋਂ ਖਾਣ-ਪੀਣ ਦਾ ਸਾਮਾਨ ਲੈਣ ਲਈ ਉਤਰਿਆ ਤਾਂ ਪਿੱਛੋਂ ਕਿਸੇ ਗੱਡੀ ਨੇ ਟੱਕਰ ਮਾਰ ਦਿੱਤੀ ਤੇ ਉਸ ਦੀ ਮੌਕੇ 'ਤੇ ਮੌਤ ਹੋ ਗਈ। ਇਸ ਦੌਰਾਨ ਪੀੜਤ ਪਰਿਵਾਰ ਤੇ ਰਿਸ਼ਤੇਦਾਰਾਂ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਰਾਜਵਿੰਦਰ ਦੀ ਦੇਹ ਪਿੰਡ ਲਿਆਉਣ ਲਈ ਮਦਦ ਕੀਤੀ ਜਾਵੇ।

## ਇਸਲਾਮਾਬਾਦ 'ਚ ਹਿੰਦੂ ਮੈਰਿਜ ਐਕਟ ਬਾਰੇ ਨੋਟੀਫਿਕੇਸ਼ਨ ਜਾਰੀ

**ਇਸਲਾਮਾਬਾਦ:** ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਦੇ ਪ੍ਰਸ਼ਾਸਨ ਨੇ ਹਿੰਦੂ ਮੈਰਿਜ ਐਕਟ 2017 ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਇਸ ਨੂੰ ਪੰਜ ਸਾਲ ਪਹਿਲਾਂ ਪੇਸ਼ ਕੀਤਾ ਗਿਆ ਸੀ। ਇਸ ਕਦਮ ਨਾਲ ਘੱਟ ਗਿਣਤੀ ਹਿੰਦੂ ਭਾਈਚਾਰੇ ਦੇ ਮੈਂਬਰਾਂ ਨੂੰ ਲਾਭ ਹੋਵੇਗਾ ਜੋ ਹੁਣ ਆਪਣੇ ਵਿਆਹ ਨੂੰ ਸਥਾਪਿਤ ਰੀਤੀ-ਰਿਵਾਜਾਂ ਮੁਤਾਬਕ ਰਜਿਸਟਰ ਕਰ ਸਕਣਗੇ।

ਜ਼ਿਕਰਯੋਗ ਹੈ ਕਿ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ ਇਸ ਕਾਨੂੰਨ ਦੇ ਪੰਜਾਬ, ਖੈਬਰ ਪਖਤੂਨਖਵਾ ਤੇ ਬਲੋਚਿਸਤਾਨ ਸੂਬਿਆਂ ਵਿਚ ਵੀ ਲਾਗੂ ਹੋਣ ਦਾ ਰਾਹ ਪੱਧਰਾ ਹੋ ਜਾਵੇਗਾ। ਨਿਯਮਾਂ ਮੁਤਾਬਕ ਇਸਲਾਮਾਬਾਦ ਵਿਚ ਹੁਣ ਕੌਂਸਲਾਂ ਅਜਿਹੇ ਵਿਆਹ ਕਰਵਾਉਣ ਲਈ 'ਮਹਾਰਾਜ' ਨੂੰ ਰਜਿਸਟਰ ਕਰ ਸਕਣਗੀਆਂ। 'ਮਹਾਰਾਜ' ਨੂੰ ਸਥਾਨਕ ਪੁਲਿਸ ਵੱਲੋਂ ਚਰਿੱਤਰ ਸਰਟੀਫਿਕੇਟ ਦੇਣ ਅਤੇ ਹਿੰਦੂ ਭਾਈਚਾਰੇ ਦੇ ਲਗਭਗ ਦਸ ਮੈਂਬਰਾਂ ਦੀ ਲਿਖਤੀ ਪ੍ਰਵਾਨਗੀ ਤੋਂ ਬਾਅਦ ਹੀ ਥਾਪਿਆ ਜਾਵੇਗਾ।

ਇਸਲਾਮਾਬਾਦ ਰਾਜਧਾਨੀ ਖੇਤਰ ਦੇ ਜ਼ਿਲ੍ਹਾ ਅਟਾਰਨੀ ਮਹਿਫ਼ੂਜ਼ ਪੀਰਾਚਾ ਨੇ ਕਿਹਾ ਕਿ ਇਹ ਨੋਟੀਫਿਕੇਸ਼ਨ ਘੱਟ ਗਿਣਤੀਆਂ ਦੇ ਹੱਕ ਯਕੀਨੀ ਬਣਾਉਣ ਵੱਲ 'ਵੱਡਾ ਕਦਮ ਹੈ।' ਉਨ੍ਹਾਂ ਕਿਹਾ ਕਿ ਪੰਜਾਬ, ਬਲੋਚਿਸਤਾਨ ਤੇ ਖੈਬਰ ਸੂਬੇ ਹੁਣ ਇਨ੍ਹਾਂ ਨਿਯਮਾਂ ਨੂੰ ਅਪਣਾ ਸਕਦੇ ਹਨ।

ਅਟਾਰਨੀ ਨੇ ਕਿਹਾ ਕਿ, 'ਸਿਆਸੀ ਤੇ ਤਕਨੀਕੀ ਤੌਰ 'ਤੇ, ਸੂਬਿਆਂ ਲਈ ਇਸਲਾਮਾਬਾਦ ਵਿਚ ਬਣੇ ਕਾਨੂੰਨ ਅਪਨਾਉਣੇ ਸੌਖੇ ਹੁੰਦੇ ਹਨ, ਬਜਾਏ ਇਸ ਦੇ ਕਿ ਵੱਖਰੇ ਅਧਿਕਾਰ ਖੇਤਰ ਲਈ ਅਲੱਗ ਤੋਂ ਕਾਨੂੰਨ ਘੜੇ ਜਾਣ।' ਜ਼ਿਕਰਯੋਗ ਹੈ ਕਿ ਇਸਲਾਮਾਬਾਦ ਵਿਚ ਹਿੰਦੂਆਂ ਦੀ ਗਿਣਤੀ ਕਾਫੀ ਵੱਧ ਗਈ ਹੈ। ਪਿਛਲੇ ਇਕ ਦਹਾਕੇ ਵਿਚ ਵੱਡੀ ਗਿਣਤੀ ਹਿੰਦੂ ਸਿੰਧ, ਬਲੋਚਿਸਤਾਨ ਤੇ ਖੈਬਰ ਪਖਤੂਨਖਵਾ ਸੂਬਿਆਂ ਤੋਂ ਸੁਰੱਖਿਆ ਕਾਰਨਾਂ ਕਰ ਕੇ ਇਸਲਾਮਾਬਾਦ ਆਏ ਹਨ।

## ਪੰਜਾਬ ਸਰਕਾਰ ਨੇ ਅਰੁਣਪਾਲ ਸਿੰਘ ਨੂੰ ਏ.ਡੀ.ਜੀ.ਪੀ. (ਜੇਲ੍ਹਾਂ) ਲਾਇਆ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੀਨੀਅਰ ਆਈ.ਪੀ.ਐਸ. ਅਧਿਕਾਰੀ ਅਰੁਣਪਾਲ ਸਿੰਘ ਨੂੰ ਵਧੀਕ ਡੀ.ਜੀ.ਪੀ. (ਜੇਲ੍ਹਾਂ) ਨਿਯੁਕਤ ਕੀਤਾ ਹੈ। ਉਨ੍ਹਾਂ ਨੂੰ ਆਈ.ਪੀ.ਐਸ. ਅਧਿਕਾਰੀ ਬੀ. ਚੰਦਰ ਸ਼ੇਖਰ ਦੀ ਥਾਂ ਲਗਾਇਆ ਗਿਆ ਹੈ। ਸਰਕਾਰ ਵੱਲੋਂ ਜਾਰੀ ਕੀਤੇ ਹੁਕਮਾਂ ਵਿਚ ਬੀ. ਚੰਦਰ ਸ਼ੇਖਰ ਨੂੰ ਤਬਦੀਲ ਤਾਂ ਕਰ ਦਿੱਤਾ ਗਿਆ ਹੈ ਪਰ ਉਨ੍ਹਾਂ ਨੂੰ ਨਵੀਂ ਤਾਇਨਾਤੀ ਨਹੀਂ ਦਿੱਤੀ ਗਈ। ਸਰਕਾਰ ਦੀ ਇਸ ਤਾਜ਼ਾ ਕਾਰਵਾਈ ਨੂੰ ਜੇਲ੍ਹ 'ਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਵੱਲੋਂ ਇਕ ਟੈਲੀਵਿਜ਼ਨ ਚੈਨਲ ਨੂੰ ਦਿੱਤੀ ਇੰਟਰਵਿਊ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਇਸ ਇੰਟਰਵਿਊ ਤੋਂ ਬਾਅਦ ਸਰਕਾਰ ਦੀ ਕਿਰਕਰੀ ਹੀ ਨਹੀਂ ਹੋਈ, ਸਗੋਂ ਜੇਲ੍ਹ ਵਿਭਾਗ ਦੀ ਕਾਰਗੁਜ਼ਾਰੀ ਵੀ ਸਵਾਲਾਂ ਦੇ ਘੇਰੇ ਵਿਚ ਆ ਗਈ ਸੀ। ਸਰਕਾਰ ਵੱਲੋਂ ਗੈਂਗਸਟਰ ਦੀ ਇੰਟਰਵਿਊ ਦੇ ਮਾਮਲੇ ਵਿਚ ਜਾਂਚ ਦੇ ਹੁਕਮ ਵੀ ਦਿੱਤੇ ਹੋਏ ਹਨ। ਹਾਲਾਂਕਿ, ਇਸ ਜਾਂਚ ਕਮੇਟੀ ਦੀ ਕੋਈ ਰਿਪੋਰਟ ਹਾਲ ਦੀ ਘੜੀ ਸਾਹਮਣੇ ਨਹੀਂ ਆਈ। ਰਿਪੋਰਟ ਆਉਣ ਤੋਂ ਪਹਿਲਾਂ ਹੀ ਸਰਕਾਰ ਵੱਲੋਂ ਜੇਲ੍ਹਾਂ ਦੇ ਮੁਖੀ ਨੂੰ ਤਬਦੀਲ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੀਆਂ ਜੇਲ੍ਹਾਂ ਹਮੇਸ਼ਾ ਸੁਰਖੀਆਂ ਵਿਚ ਰਹੀਆਂ ਹਨ। ਗੈਂਗਸਟਰਾਂ ਨੂੰ ਜੇਲ੍ਹਾਂ ਵਿਚ ਮਿਲਦੀਆਂ ਸਹੂਲਤਾਂ ਤੇ ਲਗਾਤਾਰ ਜੇਲ੍ਹਾਂ ਅੰਦਰ ਮੋਬਾਈਲ ਫੋਨ ਦੀ ਵਰਤੋਂ ਦੀਆਂ ਰਿਪੋਰਟਾਂ ਜੇਲ੍ਹ ਸਟਾਫ ਦੀ ਕਾਰਗੁਜ਼ਾਰੀ 'ਤੇ ਵੀ ਸਵਾਲੀਆ ਨਿਸ਼ਾਨ ਲਾਉਂਦੀਆਂ ਹਨ। ਪੰਜਾਬ ਦੀਆਂ ਜੇਲ੍ਹਾਂ ਵਿਚ ਇਸ ਸਮੇਂ ਗੈਂਗਸਟਰ ਅਤੇ ਹੋਰ ਕਈ ਤਰ੍ਹਾਂ ਦੇ ਖਤਰਨਾਕ ਅਪਰਾਧੀ ਬੰਦ ਹਨ। ਦੱਸਣਾ ਬਣਦਾ ਹੈ ਕਿ ਪੰਜਾਬ ਪੁਲਿਸ ਵੱਲੋਂ ਪਿਛਲੇ ਦਿਨੀਂ ਕੌਮੀ ਸੁਰੱਖਿਆ ਐਕਟ (ਐਨ.ਐਸ.ਏ.) ਅਧੀਨ ਗ੍ਰਿਫਤਾਰ ਵਿਅਕਤੀਆਂ ਨੂੰ ਅਸਾਮ ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ ਸੀ।

## ਸਕੂਲਾਂ 'ਚ ਅੰਗਰੇਜ਼ੀ ਦੀ ਥਾਂ ਮਾਂ ਬੋਲੀ ਨੂੰ ਤਰਜੀਹ ਦੇਣ ਦੀ ਤਿਆਰੀ




**ਨਵੀਂ ਦਿੱਲੀ:** ਕੌਮੀ ਪਾਠਕ੍ਰਮ ਖਾਕੇ (ਐਨ.ਸੀ.ਐਫ) ਦੇ ਖਰੜੇ ਤਹਿਤ ਮਾਂ ਬੋਲੀ ਨੂੰ ਤਰਜੀਹ ਦੇਣ ਦੀ ਵਕਾਲਤ ਕੀਤੀ ਗਈ ਹੈ। ਬਹੁ-ਭਾਸ਼ਾਈਵਾਦ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਐਨ.ਸੀ.ਐਫ. ਨੇ ਤਿੰਨ ਭਾਸ਼ਾਈ ਫਾਰਮੂਲੇ ਤਹਿਤ ਮਾਂ ਬੋਲੀ ਨੂੰ ਮੀਡੀਅਮ ਵਜੋਂ ਰੱਖਣ ਦਾ ਸੁਝਾਅ ਦਿੱਤਾ ਹੈ। ਐਨ.ਸੀ.ਐਫ. ਨੇ ਸਕੂਲੀ ਸਿੱਖਿਆ ਵਿਚ ਵੱਡੇ ਬਦਲਾਅ ਤਹਿਤ ਕਈ ਤਜਵੀਜ਼ਾਂ ਪੇਸ਼ ਕੀਤੀਆਂ ਹਨ, ਜਿਨ੍ਹਾਂ ਵਿਚ ਸਥਾਨਕ ਭਾਸ਼ਾਵਾਂ ਨੂੰ ਹੱਲਾਸ਼ੇਰੀ ਦੇਣਾ ਸ਼ਾਮਲ ਹੈ।

ਐਨ.ਸੀ.ਐਫ. ਖਰੜੇ ਮੁਤਾਬਕ ਤਿੰਨ ਭਾਸ਼ਾਈ ਫਾਰਮੂਲੇ ਵਿਚ ਪਹਿਲੀ ਭਾਸ਼ਾ ਸਿਰਫ ਮਾਂ-ਬੋਲੀ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਨੂੰ ਦੂਜੇ ਜਾਂ ਤੀਜੇ ਬਦਲੇ ਵਜੋਂ ਪੜ੍ਹਾਇਆ ਜਾ ਸਕਦਾ ਹੈ। ਖਰੜੇ ਵਿਚ ਕਿਹਾ ਗਿਆ ਹੈ ਕਿ ਵਿਦਿਆਰਥੀਆਂ ਨੂੰ ਸਕੂਲਾਂ 'ਚ ਘੱਟੋ ਘੱਟ ਤਿੰਨ ਭਾਸ਼ਾਵਾਂ ਸਿੱਖਣੀਆਂ ਲਾਜ਼ਮੀ ਹੋਣਾ ਚਾਹੀਦਾ ਹੈ, ਜਿਨ੍ਹਾਂ ਦੀ ਆਰ1, ਆਰ2 ਅਤੇ ਆਰ3 ਵਜੋਂ ਕੋਡਿੰਗ ਕੀਤੀ ਗਈ ਹੈ। ਆਰ। ਤਹਿਤ ਵੱਧ ਵਰਤੋਂ ਵਿਚ ਆਉਣ ਵਾਲੀ ਸਥਾਨਕ ਭਾਸ਼ਾ ਹੋਵੇਗੀ, ਜਦੋਂਕਿ ਅੰਗਰੇਜ਼ੀ ਸਮੇਤ ਕਿਸੇ ਹੋਰ ਭਾਸ਼ਾ ਨੂੰ ਆਰ2 ਤਹਿਤ ਰੱਖਿਆ ਜਾ ਸਕਦਾ ਹੈ।

ਇਸੇ ਤਰ੍ਹਾਂ ਆਰ3 ਤਹਿਤ ਇਨ੍ਹਾਂ ਦੋਵਾਂ (ਆਰ1 ਤੇ ਆਰ2) ਤੋਂ ਇਲਾਵਾ ਤੀਜੀ ਭਾਸ਼ਾ ਪੜ੍ਹਾਈ ਜਾ ਸਕਦੀ ਹੈ। ਖਰੜੇ ਮੁਤਾਬਕ, ਇਨ੍ਹਾਂ ਭਾਸ਼ਾਵਾਂ ਨੂੰ ਤਰਜੀਹ ਦੇਣ ਦਾ ਫੈਸਲਾ ਸੂਬਾ ਜਾਂ ਸਬੰਧਿਤ ਸੰਸਥਾਵਾਂ 'ਤੇ ਛੱਡਿਆ ਗਿਆ ਹੈ। ਐਨ.ਸੀ.ਐਫ. ਨੇ ਜ਼ੋਰ ਦਿੱਤਾ ਕਿ ਆਰ1 ਸਿੱਖਿਆ ਦੀ ਭਾਸ਼ਾ ਹੋਣੀ ਚਾਹੀਦੀ ਹੈ, ਜਿਸ ਵਿਚ ਅੱਖਰ ਗਿਆਨ ਪਹਿਲੀਂ ਪ੍ਰਾਪਤ ਕੀਤਾ ਜਾਵੇਗਾ। ਤਰਜੀਹੀ ਤੌਰ 'ਤੇ ਮਾਂ-ਬੋਲੀ ਵਿਦਿਆਰਥੀਆਂ ਦੀ ਸਭ ਤੋਂ ਵੱਧ ਜਾਣੀ-ਪਛਾਣੀ ਭਾਸ਼ਾ ਹੋਣੀ ਚਾਹੀਦੀ ਹੈ। ਨਵੀਂ ਸਿੱਖਿਆ ਨੀਤੀ (ਐਨ.ਈ.ਪੀ.) ਮੁਤਾਬਕ, ਇਹ ਯਕੀਨੀ ਬਣਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ ਕਿ ਬੋਲੀ ਜਾਣ ਵਾਲੀ ਭਾਸ਼ਾ ਅਤੇ ਸਿੱਖਿਆ ਦੇ ਮਾਧਿਅਮ ਵਿਚਕਾਰ ਕਿਸੇ ਪੁਲ ਦਾ ਕੰਮ ਕਰੇ। ਤਿੰਨ ਭਾਸ਼ਾਈ ਫਾਰਮੂਲਾ ਇਹ ਯਕੀਨੀ ਬਣਾਏਗਾ ਕਿ ਵਿਦਿਆਰਥੀ ਆਰ1 ਤਹਿਤ ਅੱਠ ਸਾਲ ਤੱਕ ਦੀ ਉਮਰ (ਗਰੇਡ 3), ਆਰ2 ਤਹਿਤ 11 ਸਾਲ ਦੀ ਉਮਰ (ਗਰੇਡ 6) ਤੱਕ ਅਤੇ ਆਰ3 ਤਹਿਤ 14 ਸਾਲ ਦੀ ਉਮਰ (ਗਰੇਡ 9) ਤੱਕ ਖੁਦ ਪੜ੍ਹ ਤੇ ਲਿਖ ਸਕਦਾ ਹੈ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**Indiana/MI**
Harkirat Singh Ahluwalia
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਵਿਦੇਸ਼ ਤੋਂ ਪਰਤੇ ਨੌਜਵਾਨ ਨੂੰ ਹਿਰਾਸਤ 'ਚ ਲਿਆ

**ਮੋਗਾ:** ਪੰਜਾਬ ਪੁਲਿਸ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਅਜੇ ਵੀ ਗ੍ਰਿਫਤਾਰੀ ਨਹੀਂ ਕਰ ਸਕੀ ਹੈ।

ਪੁਲਿਸ ਵੱਲੋਂ 18 ਮਾਰਚ ਤੋਂ ਸ਼ੁਰੂ ਹੋਇਆ 'ਅਪਰੇਸ਼ਨ' ਜਾਰੀ ਹੈ। ਇਥੇ ਥਾਣਾ ਮਹਿਣਾ ਅਧੀਨ ਆਉਂਦੇ ਇਕ ਪਿੰਡ ਦੇ ਨੌਜਵਾਨ ਹਰਦੀਪ ਸਿੰਘ ਉਰਫ ਦੀਪਾ ਨੂੰ ਪੰਜਾਬ ਪੁਲਿਸ ਦੀ ਸੂਬਾਈ ਏਜੰਸੀ ਵੱਲੋਂ ਹਿਰਾਸਤ ਵਿਚ ਲਿਆ ਗਿਆ ਹੈ। ਇਸ ਮਾਮਲੇ ਨੂੰ ਅੰਮ੍ਰਿਤਪਾਲ ਸਿੰਘ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਇਹ ਨੌਜਵਾਨ ਕਰੀਬ 10 ਦਿਨ ਪਹਿਲਾਂ ਵਿਦੇਸ਼ ਤੋਂ ਤਿੰਨ ਸਾਲ ਬਾਅਦ ਪਰਤਿਆ ਸੀ।

ਇਸ ਨੌਜਵਾਨ ਨੂੰ ਹਿਰਾਸਤ ਵਿਚ ਲੈਣ ਬਾਅਦ ਸਥਾਨਕ ਪੁਲਿਸ ਅਧਿਕਾਰੀ ਵੀ ਇਸ ਮਾਮਲੇ ਦੀ ਪੁੱਛ ਪੜਤਾਲ ਕਰ ਰਹੇ ਹਨ। ਉਂਜ ਇਸ ਮਾਮਲੇ ਸਬੰਧੀ ਕੋਈ ਵੀ ਪੁਲਿਸ ਅਧਿਕਾਰੀ ਖੁੱਲ੍ਹ ਕੇ ਬੋਲਣ ਲਈ ਤਿਆਰ ਨਹੀਂ। ਇਕ ਪੁਲਿਸ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਇਸ ਨੌਜਵਾਨ ਨੂੰ ਲੁਧਿਆਣਾ ਸਥਿਤ ਪੰਜਾਬ ਪੁਲਿਸ ਦੇ ਇਕ ਵਿੰਗ ਵੱਲੋਂ ਹਿਰਾਸਤ ਵਿਚ ਲਿਆ ਗਿਆ ਹੈ।

# ਅੰਮ੍ਰਿਤਪਾਲ ਸਿੰਘ ਦੇ ਸਾਥੀ ਪਪਲਪ੍ਰੀਤ ਸਿੰਘ ਨੂੰ ਵੀ ਅਸਾਮ ਜੇਲ੍ਹ ਭੇਜਿਆ

**ਅੰਮ੍ਰਿਤਸਰ:** ਅੰਮ੍ਰਿਤਪਾਲ ਸਿੰਘ ਦੇ ਕਰੀਬੀ ਪਪਲਪ੍ਰੀਤ ਸਿੰਘ ਨੂੰ ਅਸਾਮ ਦੇ ਡਿਬਰੂਗੜ੍ਹ ਦੀ ਜੇਲ੍ਹ ਵਿਚ ਭੇਜ ਦਿੱਤਾ ਗਿਆ ਹੈ। ਅੰਮ੍ਰਿਤਪਾਲ ਦੇ ਸਲਾਹਕਾਰ ਮੰਨੇ ਜਾਂਦੇ ਪਪਲਪ੍ਰੀਤ ਸਿੰਘ ਨੂੰ ਅੰਮ੍ਰਿਤਸਰ ਜ਼ਿਲ੍ਹੇ 'ਚ ਗ੍ਰਿਫਤਾਰ ਕਰਕੇ ਰਾਸ਼ਟਰੀ ਸੁਰੱਖਿਆ ਐਕਟ ਤਹਿਤ ਹਿਰਾਸਤ ਵਿਚ ਲਿਆ ਗਿਆ। ਡੀ.ਐਸ.ਪੀ. ਸੰਜੀਵ ਕੁਮਾਰ ਦੀ ਅਗਵਾਈ ਹੇਠ ਪੰਜ ਮੈਂਬਰੀ ਟੀਮ ਪਪਲਪ੍ਰੀਤ ਸਿੰਘ ਦੇ ਨਾਲ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਲਈ ਸ਼ਹਿਰ ਤੋਂ ਰਵਾਨਾ ਹੋਈ। ਉਨ੍ਹਾਂ ਨੇ ਇਥੋਂ ਦੇ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਉਡਾਣ ਭਰੀ।



ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਪਪਲਪ੍ਰੀਤ ਦੀ ਗ੍ਰਿਫਤਾਰੀ ਅਹਿਮ ਇਸ ਲਈ ਹੈ ਕਿਉਂਕਿ ਇਹ ਲਗਾਤਾਰ ਅੰਮ੍ਰਿਤਪਾਲ ਸਿੰਘ ਦੇ ਨਾਲ ਰਿਹਾ ਹੈ। ਇਸ ਲਈ ਰੂਪੋਸ਼ ਚੱਲੇ ਆ ਰਹੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਦੀਆਂ ਸਾਰੀਆਂ ਗਤੀਵਿਧੀਆਂ ਅਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਵੀ ਪੁਲਿਸ ਨੂੰ ਜਾਣਕਾਰੀ ਹਾਸਲ ਹੋ ਜਾਵੇਗੀ। ਮਹੱਤਵਪੂਰਨ ਤੱਥ ਇਹ ਹੈ ਕਿ ਪੰਜਾਬ ਪੁਲਿਸ ਮੁਖੀ ਗੌਰਵ ਯਾਦਵ ਵੀ ਅੰਮ੍ਰਿਤਸਰ ਖੇਤਰ ਵਿਚ ਹੀ ਸਨ। ਸੂਤਰਾਂ ਦਾ ਦੱਸਣਾ ਹੈ ਕਿ ਡੀ.ਜੀ.ਪੀ. ਸ੍ਰੀ ਯਾਦਵ ਨੇ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਵੀ ਕੀਤੀ ਹੈ। ਪੁਲਿਸ ਨੂੰ ਖਦਸ਼ਾ ਹੈ ਕਿ ਅੰਮ੍ਰਿਤਪਾਲ ਕਿਸੇ ਇਤਿਹਾਸਕ ਗੁਰਦੁਆਰੇ ਵਿਚ ਪਨਾਹ ਲੈ ਸਕਦਾ ਹੈ। ਅਜਿਹੀ ਹਾਲਾਤ ਵਿਚ ਗ੍ਰਿਫਤਾਰੀ ਬਾਰੇ ਪੁਲਿਸ ਵੱਲੋਂ ਰਣਨੀਤੀ ਘੜੀ ਜਾ ਰਹੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੁਲਿਸ ਨੂੰ ਅੰਮ੍ਰਿਤਪਾਲ ਅਤੇ ਉਸ ਦੇ ਸਾਥੀਆਂ ਦੇ ਅੰਮ੍ਰਿਤਸਰ ਜਾਂ ਹੁਸ਼ਿਆਰਪੁਰ ਜ਼ਿਲ੍ਹਿਆਂ ਵਿਚ ਛੁਪੇ ਹੋਣ ਦੀਆਂ ਰਿਪੋਰਟਾਂ ਮਿਲ ਰਹੀਆਂ ਸਨ।

## ਕੈਨੇਡਾ ਵਿਚ ਸਿੱਖ ਵਿਰਾਸਤੀ ਮਹੀਨੇ ਦੇ ਜਸ਼ਨ ਸ਼ੁਰੂ

**ਵੈਨਕੂਵਰ:** ਕੈਨੇਡਾ ਵਿਚ 'ਸਿੱਖ ਵਿਰਾਸਤੀ ਮਹੀਨੇ' ਦੇ ਜਸ਼ਨ ਸ਼ੁਰੂ ਹੋ ਗਏ ਹਨ। ਸਰਕਾਰ ਵੱਲੋਂ 10 ਸਾਲ ਪਹਿਲਾਂ ਅਪਰੈਲ ਨੂੰ ਸਿੱਖ ਵਿਰਾਸਤੀ ਮਹੀਨੇ ਵਜੋਂ ਮਨਾਉਣ ਦੀ ਮਾਨਤਾ ਦਿੱਤੀ ਗਈ ਸੀ। ਵੈਨਕੂਵਰ (ਰੌਸ ਸਟਰੀਟ) ਅਤੇ ਸਰੀ (ਦਸਮੇਸ਼ ਦਰਬਾਰ) ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ 15 ਅਪਰੈਲ ਅਤੇ 22 ਅਪਰੈਲ ਨੂੰ ਵਿਸ਼ਾਲ ਨਗਰ ਕੀਰਤਨ ਸਜਾਏ ਜਾਣਗੇ।

ਦੇਸ਼ ਦੀ ਰਾਜਧਾਨੀ ਔਟਵਾ ਸਥਿਤ ਪਾਰਲੀਮੈਂਟ ਹਿੱਲ 'ਤੇ ਸਿੱਖ ਸੰਗਤ ਵੱਲੋਂ ਖਾਲਸਾਈ ਨਿਸ਼ਾਨ ਸਾਹਿਬ ਝੁਲਾਇਆ ਗਿਆ, ਜੋ ਪੂਰਾ ਮਹੀਨਾ ਝੂਲਦਾ ਰਹੇਗਾ। ਬ੍ਰਿਟਿਸ਼ ਕੋਲੰਬੀਆ ਦੀ ਰਾਜਧਾਨੀ ਵਿਕਟੋਰੀਆ ਵਿਚ ਵੀ ਜਸ਼ਨ ਮਨਾਏ ਜਾ ਰਹੇ ਹਨ। ਸਰੀ ਦੇ ਮਿਉਂਸਿਪੈਲਿਟੀ ਦਫਤਰ ਵਿਚ ਕਈ ਦਿਨਾਂ ਤੋਂ ਸਿੱਖ ਇਤਿਹਾਸ ਨਾਲ ਸਬੰਧਤ ਪ੍ਰਦਰਸ਼ਨੀ ਲਗਾਈ ਗਈ ਹੈ। ਟੋਰਾਂਟੋ, ਐਡਮੰਟਨ, ਵਿਨੀਪੈੱਗ, ਕੈਲਗਰੀ, ਰਿਜਾਈਨਾ, ਮੌਂਟਰੀਅਲ ਅਤੇ ਹੋਰ ਥਾਵਾਂ ਤੋਂ ਵਿਰਾਸਤੀ ਸਮਾਗਮਾਂ ਦੀਆਂ ਤਿਆਰੀਆਂ ਸ਼ੁਰੂ ਹੋਣ ਦੀਆਂ ਸੂਚਨਾਵਾਂ ਹਨ। ਹਰ ਸਾਲ ਵਾਂਗ ਦੇਸ਼ ਦੇ ਪ੍ਰਧਾਨ ਮੰਤਰੀ ਦਾ ਵਧਾਈ ਸੰਦੇਸ਼ ਵਿਸਾਖੀ ਮੌਕੇ ਆਉਣ ਦੀ ਸੰਭਾਵਨਾ ਹੈ।

# ਆਮ ਆਦਮੀ ਪਾਰਟੀ ਨੂੰ ਮਿਲਿਆ ਕੌਮੀ ਪਾਰਟੀ ਦਾ ਦਰਜਾ

**ਨਵੀਂ ਦਿੱਲੀ:** ਭਾਰਤੀ ਚੋਣ ਕਮਿਸ਼ਨ ਨੇ ਆਮ ਆਦਮੀ ਪਾਰਟੀ (ਆਪ) ਨੂੰ ਕੌਮੀ ਪਾਰਟੀ ਦਾ ਦਰਜਾ ਦੇ ਦਿੱਤਾ ਹੈ, ਜਦੋਂਕਿ ਨੈਸ਼ਨਲ ਕਾਂਗਰਸ ਪਾਰਟੀ (ਐਨ.ਸੀ.ਪੀ.), ਤ੍ਰਿਣਮੂਲ ਕਾਂਗਰਸ ਅਤੇ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਦੀ ਕੌਮੀ ਪਾਰਟੀਆਂ ਵਜੋਂ ਮਾਨਤਾ ਰੱਦ ਕਰ ਦਿੱਤੀ ਗਈ ਹੈ। ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਆਦੇਸ਼ ਵਿਚ ਉੱਤਰ ਪ੍ਰਦੇਸ਼ ਵਿਚ ਆਰ.ਐਲ.ਡੀ, ਆਂਧਰਾ ਪ੍ਰਦੇਸ਼ ਵਿਚ ਬੀ.ਆਰ.ਐਸ, ਮਨੀਪੁਰ ਵਿਚ ਪੀ.ਡੀ.ਏ, ਪੁਡੂਚੇਰੀ ਵਿਚ ਪੀ.ਐਮ.ਕੇ, ਪੱਛਮੀ ਬੰਗਾਲ ਵਿਚ ਆਰ.ਐਸ.ਪੀ. ਅਤੇ ਮਿਜ਼ੋਰਮ ਵਿਚ ਐਮ.ਪੀ.ਸੀ. ਦੀ ਵੀ ਸੂਬਾਈ ਪਾਰਟੀਆਂ ਵਜੋਂ ਮਾਨਤਾ ਰੱਦ ਕੀਤੀ ਗਈ ਹੈ। ਚੋਣ ਕਮਿਸ਼ਨ ਨੇ ਕਿਹਾ ਕਿ 'ਆਪ' ਨੂੰ ਚਾਰ ਸੂਬਿਆਂ ਦਿੱਲੀ, ਗੋਆ, ਪੰਜਾਬ ਅਤੇ ਗੁਜਰਾਤ ਵਿਚ ਵਿਧਾਨ ਸਭਾ ਚੋਣਾਂ ਦੌਰਾਨ ਕੀਤੇ ਸ਼ਾਨਦਾਰ ਪ੍ਰਦਰਸ਼ਨ ਦੇ ਆਧਾਰ 'ਤੇ ਕੌਮੀ ਪਾਰਟੀ ਦਾ ਦਰਜਾ ਦਿੱਤਾ ਗਿਆ ਹੈ। ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ ਦਿੱਲੀ ਅਤੇ ਪੰਜਾਬ ਵਿਚ ਇਸ ਸਮੇਂ ਸੱਤਾ ਵਿਚ ਹੈ। ਚੋਣ ਕਮਿਸ਼ਨ ਨੇ ਕਿਹਾ ਕਿ ਐਨ.ਸੀ.ਪੀ, ਸੀ.ਪੀ.ਆਈ. ਅਤੇ ਤ੍ਰਿਣਮੂਲ ਕਾਂਗਰਸ ਦਾ ਕੌਮੀ ਸਿਆਸੀ ਪਾਰਟੀਆਂ ਵਜੋਂ ਦਰਜਾ ਵਾਪਸ ਲੈ ਲਿਆ ਗਿਆ ਹੈ। ਚੋਣ ਪੈਨਲ ਨੇ ਕਿਹਾ ਕਿ ਐਨ.ਸੀ.ਪੀ. ਤੇ ਟੀ.ਐਮ.ਸੀ. ਨੂੰ ਕ੍ਰਮਵਾਰ ਨਾਗਾਲੈਂਡ ਅਤੇ ਮੇਘਾਲਿਆ ਵਿਚ ਹਾਲ ਹੀ ਵਿਚ ਹੋਈਆਂ ਚੋਣਾਂ ਦੌਰਾਨ ਕੀਤੇ ਪ੍ਰਦਰਸ਼ਨ ਦੇ ਆਧਾਰ 'ਤੇ ਸੂਬਾਈ ਪਾਰਟੀਆਂ ਵਜੋਂ ਮਾਨਤਾ ਦਿੱਤੀ ਜਾਵੇਗੀ। ਚੋਣ ਕਮਿਸ਼ਨ ਨੇ ਨਾਗਾਲੈਂਡ ਵਿਚ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ), ਮੇਘਾਲਿਆ ਵਿਚ ਵੁਆਇਸ ਆਫ ਦਿ ਪੀਪਲ ਪਾਰਟੀ ਅਤੇ ਤ੍ਰਿਪੁਰਾ ਵਿਚ ਤਿਪਰਾ ਮੋਥਾ ਨੂੰ 'ਸੂਬਾਈ ਸਿਆਸੀ ਪਾਰਟੀ' ਦਾ ਦਰਜਾ ਦਿੱਤਾ ਹੈ।

# ਕੇਂਦਰੀ ਸਿੱਖ ਅਜਾਇਬ ਘਰ 'ਚ ਸਿੱਖ ਸ਼ਖਸੀਅਤਾਂ ਦੀਆਂ ਤਸਵੀਰਾਂ ਲਾਈਆਂ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਕੇਂਦਰੀ ਸਿੱਖ ਅਜਾਇਬ ਘਰ 'ਚ ਗੁਰੂ ਗੋਬਿੰਦ ਸਿੰਘ ਦੇ ਅਨਿੰਨ ਸ਼ਰਧਾਲੂ ਭਾਈ ਨਗਾਹੀਆ ਸਿੰਘ, ਸਾਕਾ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ 1964 ਦੇ ਸ਼ਹੀਦ, ਮੋਰਚਾ ਗੰਗਸਰ ਜੈਤੋ ਦੇ ਸ਼ਹੀਦ ਭਾਈ ਦਇਆ ਸਿੰਘ, ਗਦਰੀ ਬਾਬਾ ਸ਼ਹੀਦ ਭਾਈ ਬੰਤਾ ਸਿੰਘ ਸੰਘਵਾਲ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਤੋਤਾ ਸਿੰਘ ਦੀਆਂ ਤਸਵੀਰਾਂ ਲਾਈਆਂ ਹਨ।

ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਬਾਬਾ ਨਿਹਾਲ ਸਿੰਘ ਮੁਖੀ ਤਰਨਾ ਦਲ ਹਰੀਆਂ ਵੇਲਾਂ ਵਾਲਿਆਂ ਨੇ ਨਿਭਾਈ। ਸ੍ਰੀ ਧਾਮੀ ਨੇ ਕਿਹਾ ਕਿ ਭਾਈ ਨਗਾਹੀਆ ਸਿੰਘ ਨੇ ਗੁਰੂ ਗੋਬਿੰਦ ਸਿੰਘ ਨੂੰ ਮਾਛੀਵਾੜੇ ਤੋਂ ਪਿੰਡ ਆਲਮਗੀਰ ਪਹੁੰਚਣ ਲਈ ਘੋੜਾ ਭੇਟ ਕੀਤਾ ਸੀ। ਇਸ ਸ਼ਰਧਾਲੂ ਸਿੱਖ ਪ੍ਰਤੀ ਸੰਗਤ ਵਿਚ ਵੱਡਾ ਸਤਿਕਾਰ ਹੈ ਜਿਸ ਨੂੰ ਦੇਖਦਿਆਂ ਉਨ੍ਹਾਂ ਦੀ ਤਸਵੀਰ ਇੱਥੇ ਲਗਾਈ ਗਈ ਹੈ। ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਦੇ ਸ਼ਹੀਦੀ ਸਾਕੇ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ 22 ਮਈ 1964 ਨੂੰ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਜਥੇਬੰਦੀ ਦੇ 11 ਸਿੰਘਾਂ ਨੇ ਬਾਬਾ ਹਰਭਜਨ ਸਿੰਘ ਦੀ ਅਗਵਾਈ ਵਿਚ ਮਹੰਤਾਂ ਪਾਸੋਂ ਗੁਰੂ ਘਰ ਆਜ਼ਾਦ ਕਰਵਾਉਣ ਲਈ ਸ਼ਹਾਦਤਾਂ ਦਿੱਤੀਆਂ ਸਨ। ਗੁਰਦੁਆਰਾ ਗੰਗਸਰ ਸਾਹਿਬ ਜੈਤੋ ਦੇ ਸ਼ਹੀਦ ਭਾਈ ਦਇਆ ਸਿੰਘ, ਗਦਰੀ ਯੋਧੇ ਭਾਈ ਬੰਤਾ ਸਿੰਘ ਸੰਘਵਾਲ ਅਤੇ ਸ਼੍ਰੋਮਣੀ ਕਮੇਟੀ ਦੇ ਲੰਮਾਂ ਸਮਾਂ ਮੈਂਬਰ ਰਹੇ ਤੋਤਾ ਸਿੰਘ ਦੀਆਂ ਪੰਥ ਲਈ ਸੇਵਾਵਾਂ ਵੀ ਮਿਸਾਲੀ ਹਨ।

# ਆਖਰਕਾਰ ਸ਼੍ਰੋਮਣੀ ਕਮੇਟੀ ਦੀ ਜਾਗ ਖੁੱਲ੍ਹੀ

*(ਪਹਿਲੇ ਸਫੇ ਦੀ ਬਾਕੀ)*

ਨੇ ਇਸ ਨੂੰ ਖਾਲਿਸਤਾਨ ਨਾ ਜੋੜ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਨਾਲ ਸਬੰਧਤ ਝੰਡੇ ਅਤੇ ਸਿੱਖ ਰਿਆਸਤਾਂ ਦੇ ਨਿਸ਼ਾਨਾਂ ਨੂੰ ਵੱਖਵਾਦੀ ਸਮੱਗਰੀ ਦੱਸਿਆ ਗਿਆ। ਉਧਰ, ਪੰਜਾਬ ਵਿਚੋਂ ਗ੍ਰਿਫਤਾਰ ਕਰ ਕੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਕੀਤੇ ਗਏ ਸਿੱਖ ਨੌਜਵਾਨਾਂ ਦੇ ਕੇਸਾਂ ਦੀ ਵੀ ਸ਼੍ਰੋਮਣੀ ਕਮੇਟੀ ਨੇ ਪੈਰਵੀ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਡਿਬਰੂਗੜ੍ਹ ਪੁੱਜੇ ਸ਼੍ਰੋਮਣੀ ਕਮੇਟੀ ਦੇ ਵਕੀਲਾਂ ਵੱਲੋਂ ਜਿਥੇ ਸਿੱਖ ਨੌਜਵਾਨਾਂ ਨਾਲ ਜੇਲ੍ਹ ਵਿਚ ਮੁਲਾਕਾਤ ਕੀਤੀ ਗਈ, ਉਥੇ ਹੀ ਜੇਲ੍ਹ ਪ੍ਰਸ਼ਾਸਨ ਪਾਸੋਂ ਇਨ੍ਹਾਂ ਦੇ ਕੇਸਾਂ ਸਬੰਧੀ ਜ਼ਰੂਰੀ ਦਸਤਾਵੇਜ਼ ਵੀ ਪ੍ਰਾਪਤ ਕੀਤੇ ਗਏ। ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ ਸੀਨੀਅਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਦੀ ਅਗਵਾਈ ਵਿਚ ਅਸਾਮ ਗਏ ਵਫ਼ਦ 'ਚ ਐਡਵੋਕੇਟ ਮਨਦੀਪ ਸਿੰਘ ਸਿੱਧੂ ਅਤੇ ਐਡਵੋਕੇਟ ਰੋਹਿਤ ਸ਼ਰਮਾ ਸ਼ਾਮਲ ਹਨ। ਜੇਲ੍ਹ ਪ੍ਰਸ਼ਾਸਨ ਵੱਲੋਂ ਨਜ਼ਰਬੰਦ ਕੀਤੇ ਗਏ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਅਤੇ ਹੋਰ ਲੋੜੀਂਦੇ ਦਸਤਾਵੇਜ਼ ਸ਼੍ਰੋਮਣੀ ਕਮੇਟੀ ਦੀ ਕਾਨੂੰਨੀ ਟੀਮ ਨੂੰ ਮੁਹੱਈਆ ਕਰਵਾ ਦਿੱਤੇ ਗਏ ਹਨ ਜਿਸ ਤਹਿਤ ਅਗਲੀ ਕਾਨੂੰਨੀ ਪੈਰਵੀ ਜਾਰੀ ਰੱਖੀ ਜਾਵੇਗੀ।

ਪੰਜਾਬ ਪੁਲਿਸ ਤੇ ਕੇਂਦਰੀ ਬਲਾਂ ਵੱਲੋਂ ਅਪਰੇਸ਼ਨ ਅੰਮ੍ਰਿਤਪਾਲ ਤਹਿਤ ਚਲਾਈ ਮੁਹਿੰਮ ਵਿਚ 300 ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਸੀ, ਜਿਸ ਪਿੱਛੋਂ ਅਕਾਲ ਤਖਤ ਦੇ ਜਥੇਦਾਰ ਨੇ ਸਰਕਾਰ ਨੂੰ 24 ਘੰਟਿਆਂ ਵਿਚ ਸਾਰੇ ਨੌਜਵਾਨਾਂ ਨੂੰ ਰਿਹਾਅ ਕਰਨ ਦਾ ਅਲਟੀਮੇਟਮ ਦਿੱਤਾ ਸੀ। ਇਸ ਤੋਂ ਬਾਅਦ ਸਰਕਾਰ ਨੇ ਜ਼ਿਆਦਾਤਰ ਨੌਜਵਾਨਾਂ ਨੂੰ ਛੱਡ ਦਿੱਤਾ ਪਰ ਅਜੇ ਵੀ ਕੁਝ ਨੌਜਵਾਨ ਪੁਲਿਸ ਹਿਰਾਸਤ ਵਿਚ ਹਨ। ਇਨ੍ਹਾਂ ਵਿਚ 9 ਨੌਜਵਾਨਾਂ ਉਤੇ ਕੌਮੀ ਸੁਰੱਖਿਆ ਐਕਟ (ਐਨ.ਐਸ.ਏ) ਲਗਾ ਕੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜਿਆ ਹੋਇਆ ਹੈ। ਸਿੱਖਾਂ ਵਿਚ ਰੋਸ ਹੈ ਕਿ ਐਨ.ਐਸ.ਏ. ਵਰਗੇ ਸਖਤ ਕਾਨੂੰਨ ਲਾ ਕੇ ਹੋਰ ਸੂਬਿਆਂ ਦੀਆਂ ਜੇਲ੍ਹਾਂ ਵਿਚ ਭੇਜੇ ਨੌਜਵਾਨਾਂ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੈ। ਸਰਕਾਰ ਨੇ ਸਿੱਖਾਂ ਵਿਚ ਦਹਿਸ਼ਤ ਦਾ ਮਾਹੌਲ ਸਿਰਜਣ ਲਈ ਇਹ ਕਾਰਵਾਈ ਕੀਤੀ ਹੈ, ਜਿਸ ਪਿੱਛੋਂ ਜਥੇਦਾਰ ਅਜਿਹੇ ਨੌਜਵਾਨਾਂ ਦੇ ਹੱਕ ਵਿਚ ਖੜ੍ਹਨ ਦਾ ਸੱਦਾ ਦਿੱਤਾ ਸੀ।

ਇਸ ਮਸਲੇ ਉਤੇ ਜਥੇਦਾਰ ਨੇ ਆਖਿਆ ਕਿ ਜਦੋਂ ਅਜਿਹਾ ਮਾਹੌਲ ਸਿਰਜਿਆ ਜਾਂਦਾ ਹੈ, ਇਹ ਨਾ ਸਿਰਫ ਪੰਜਾਬੀਆਂ ਤੇ ਪੰਜਾਬ ਦੇ ਅਕਸ ਨੂੰ ਬਲਕਿ ਪੰਜਾਬ ਸਰਕਾਰ ਨੂੰ ਵੀ ਢਾਹ ਲਾਉਂਦਾ ਹੈ। ਘੱਟੋ-ਘੱਟ ਆਪਣਾ ਅਕਸ ਤਾਂ ਬਚਾਅ ਲਵੇ। ਜਥੇਦਾਰ ਦੇ ਸਖਤ ਲਹਿਜ਼ੇ ਪਿੱਛੋਂ ਹਾਲਾਂਕਿ ਸਰਕਾਰ ਨੇ ਨੌਜਵਾਨਾਂ ਦੀ ਫੜੋ-ਫੜੀ ਵਾਲੀ ਮੁਹਿੰਮ ਵਿਚ ਕੁਝ ਨਰਮੀ ਜ਼ਰੂਰ ਵਿਖਾਈ ਪਰ ਐਨ.ਐਸ.ਏ. ਵਰਗੇ ਸਖਤ ਕਾਨੂੰਨ ਤਹਿਤ ਹੋਰ ਸੂਬਿਆਂ ਵਿਚ ਭੇਜੇ ਨੌਜਵਾਨਾਂ ਨੂੰ ਰਿਆਇਤ ਦੇਣ ਤੋਂ ਪਾਸਾ ਵੱਟ ਲਿਆ। ਜਿਸ ਪਿੱਛੋਂ ਹੁਣ ਸ਼੍ਰੋਮਣੀ ਕਮੇਟੀ ਨੇ ਅਜਿਹੇ ਨੌਜਵਾਨਾਂ ਨੂੰ ਕਾਨੂੰਨੀ ਮਦਦ ਦੇਣ ਦੀ ਮੁਹਿੰਮ ਵਿੱਢੀ ਹੈ। ਇਸੇ ਦੌਰਾਨ ਅੰਮ੍ਰਿਤਪਾਲ ਸਿੰਘ ਦੇ ਨੇੜਲੇ ਸਾਥੀ ਪਪਲਪ੍ਰੀਤ ਸਿੰਘ ਦੇ ਪਰਿਵਾਰ ਨੇ ਉਸ ਖ਼ਿਲਾਫ਼ ਕੌਮੀ ਸੁਰੱਖਿਆ ਐਕਟ ਤਹਿਤ ਕੇਸ ਦਰਜ ਕੀਤੇ ਜਾਣ 'ਤੇ ਇਤਰਾਜ਼ ਜਤਾਇਆ ਹੈ। ਪਪਲਪ੍ਰੀਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਉਹ ਸਮਾਜਿਕ ਗਤੀਵਿਧੀਆਂ ਵਿਚ ਵਧੇਰੇ ਸਰਗਰਮ ਸੀ ਅਤੇ ਅੰਮ੍ਰਿਤਪਾਲ ਸਿੰਘ ਲਈ ਉਸ ਨੇ ਸਿਰਫ ਮੀਡੀਆ ਇੰਟਰਵਿਊ ਦਾ ਪ੍ਰਬੰਧ ਕੀਤਾ ਸੀ। ਪਪਲਪ੍ਰੀਤ ਦੀ ਪਤਨੀ ਰਾਜਵਿੰਦਰ ਕੌਰ ਅਤੇ ਸੱਸ ਨੇ ਕਿਹਾ ਕਿ ਉਹ ਨਸ਼ਿਆਂ ਵਿਰੁੱਧ ਕੰਮ ਕਰ ਰਿਹਾ ਸੀ ਅਤੇ ਉਸ ਨੇ ਕੋਈ ਗਲਤ ਕੰਮ ਨਹੀਂ ਕੀਤਾ।

## ਕੇਂਦਰ ਨੇ ਕੁਦਰਤੀ ਕਹਿਰ ਦੇ ਝੰਬੇ ਕਿਸਾਨਾਂ ਦੀ ਮਦਦ ਤੋਂ ਪਾਸਾ ਵੱਟਿਆ

*(ਪਹਿਲੇ ਸਫੇ ਦੀ ਬਾਕੀ)*

ਥਾਂ ਖੁਰਾਕ ਨਿਗਮ ਆਪਣੇ ਕਵਰਡ ਗੁਦਾਮਾਂ ਵਿਚ ਕਰ ਸਕਦੀ ਹੈ। ਪੰਜਾਬ ਵਿਚ ਇਸ ਵੇਲੇ ਕਰੀਬ ਦੋ ਲੱਖ ਟਨ ਅਨਾਜ ਹੀ ਗੁਦਾਮਾਂ ਵਿਚ ਬਚਿਆ ਹੈ ਜਦੋਂ ਕਿ ਇਕ ਵਰ੍ਹਾ ਪਹਿਲਾਂ ਇਨ੍ਹਾਂ ਦਿਨਾਂ ਵਿਚ 40 ਲੱਖ ਟਨ ਦੇ ਕਰੀਬ ਸੀ। ਪੰਜਾਬ ਨੂੰ ਲੰਘੇ ਦੋ ਵਰ੍ਹਿਆਂ ਵਿਚੋਂ ਸਭ ਤੋਂ ਵੱਧ ਰੇਲਵੇ ਰੈਕ ਮਿਲੇ ਹਨ ਅਤੇ ਤੇਜ਼ੀ ਨਾਲ ਸੂਬੇ ਵਿਚੋਂ ਅਨਾਜ ਦੀ ਸਪਲਾਈ ਹੋਈ ਹੈ। ਪਿਛਲੇ ਵਰ੍ਹੇ ਪੰਜਾਬ ਵਿਚ 96.45 ਲੱਖ ਟਨ ਕਣਕ ਦੀ ਖਰੀਦ ਹੋਈ ਸੀ ਜੋ 2021-22 ਵਿਚ 127.14 ਲੱਖ ਟਨ ਸੀ। ਕਰੀਬ 36 ਲੱਖ ਟਨ ਪੈਦਾਵਾਰ ਵਿਚ ਕਟੌਤੀ ਹੋਈ ਸੀ। ਹਰਿਆਣਾ ਵਿਚ 43 ਲੱਖ ਟਨ ਅਤੇ ਮੱਧ ਪ੍ਰਦੇਸ਼ ਵਿਚ 82 ਲੱਖ ਟਨ ਕਣਕ ਦੇ ਉਤਪਾਦਨ ਵਿਚ ਕਮੀ ਹੋਈ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ

# ਮੁੜ ਸਿਰ ਚੁੱਕਣ ਲੱਗਾ ਕਰੋਨਾ: ਸੂਬਿਆਂ ਨੂੰ ਚੌਕਸ ਰਹਿਣ ਦੀਆਂ ਹਦਾਇਤਾਂ

**ਨਵੀਂ ਦਿੱਲੀ:** ਕਰੋਨਾ ਵਾਇਰਸ ਦੇ ਵਧਦੇ ਕੇਸਾਂ ਦਰਮਿਆਨ ਕੇਂਦਰੀ ਸਿਹਤ ਮੰਤਰੀ ਮਨਸੁਖ ਮਾਂਡਵੀਆ ਨੇ ਹਾਲਾਤ 'ਤੇ ਨਜ਼ਰਸਾਨੀ ਲਈ ਸੱਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਰਾਜਾਂ ਨੂੰ ਚੌਕਸ ਰਹਿਣ ਤੇ ਕੋਵਿਡ-19 ਪ੍ਰਬੰਧਨ ਲਈ ਤਿਆਰ ਰਹਿਣ ਦੀ ਸਲਾਹ ਦਿੱਤੀ ਹੈ।

ਇਸ ਵਰਚੁਅਲ ਬੈਠਕ ਵਿਚ ਰਾਜਾਂ ਦੇ ਸਿਹਤ ਮੰਤਰੀਆਂ ਤੋਂ ਇਲਾਵਾ ਪ੍ਰਮੁੱਖ ਤੇ ਵਧੀਕ ਮੁੱਖ ਸਕੱਤਰ ਵੀ ਮੌਜੂਦ ਸਨ। ਬੈਠਕ ਦੌਰਾਨ ਮਾਂਡਵੀਆ ਨੇ ਇਨਫਲੂਐਂਜ਼ਾ ਜਿਹੀ ਬਿਮਾਰੀ (ਆਈ.ਐਲ.ਆਈ.) ਦੇ ਰੁਝਾਨ ਤੇ ਸਾਹ ਨਾਲ ਜੁੜੀ ਲਾਗ (ਐਸ.ਏ.ਆਰ.ਆਈ.) ਦੇ ਗੰਭੀਰ ਕੇਸਾਂ ਦੀ ਨਿਗਰਾਨੀ ਕਰਦਿਆਂ ਐਮਰਜੈਂਸੀ ਹਾਟਸਪਾਟਾਂ ਦੀ ਨਿਸ਼ਾਨਦੇਹੀ 'ਤੇ ਜ਼ੋਰ ਦਿੱਤਾ। ਸਿਹਤ ਮੰਤਰੀ ਨੇ ਟੈਸਟਿੰਗ ਤੇ ਟੀਕਾਕਰਨ ਵਧਾਉਣ ਦੇ ਨਾਲ ਨਾਲ ਹਸਪਤਾਲ ਨਾਲ ਜੁੜੇ



ਬੁਨਿਆਦੀ ਢਾਂਚੇ ਨੂੰ ਤਿਆਰ ਬਰ ਤਿਆਰ ਰੱਖਣ ਲਈ ਵੀ ਕਿਹਾ। ਮਾਂਡਵੀਆ ਨੇ ਕਿਹਾ ਕਿ ਪਜੇਟਿਵ ਨਮੂਨਿਆਂ ਦੀ ਜੀਨੋਮ ਸੀਕੁਐਂਸਿੰਗ ਦੇ ਕੰਮ ਨੂੰ ਵੀ ਵਧਾਇਆ ਜਾਵੇ। ਉਨ੍ਹਾਂ ਕੋਵਿਡ-19 ਨੂੰ ਲੈ ਕੇ ਜਾਰੀ ਨਿਰਦੇਸ਼ਾਂ ਦੀ ਪਾਲਨਾ ਨੂੰ ਲੈ ਕੇ ਜਾਗਰੂਕਤਾ ਪੈਦਾ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਕੇਂਦਰ ਤੇ ਰਾਜ ਸਰਕਾਰਾਂ ਨੂੰ ਪੂਰੇ ਜੋਸ਼ ਨਾਲ ਮਿਲ ਕੇ ਕੰਮ ਕਰਨ ਦੀ ਲੋੜ ਹੈ, ਜਿਵੇਂ ਕਿ ਕੋਵਿਡ-19 ਰੋਕਥਾਮ ਤੇ ਪ੍ਰਬੰਧਨ ਲਈ ਪਹਿਲਾਂ ਕੀਤਾ ਗਿਆ ਸੀ। ਸਿਹਤ ਮੰਤਰੀ ਮਾਂਡਵੀਆ ਮੰਤਰਾਲੇ ਵੱਲੋਂ ਕਰਵਾਈ 'ਸਾਰਿਆਂ ਲਈ ਸਿਹਤ' ਵਾਕਥੋਨ ਵਿਚ ਵੀ ਸ਼ਾਮਲ ਹੋਏ। ਸਾਢੇ ਤਿੰਨ ਸੌ ਤੋਂ ਵੱਧ ਲੋਕ ਵਿਜੈ ਚੌਕ ਤੋਂ ਨਿਰਮਾਣ ਭਵਨ ਤੱਕ ਕੱਢੇ ਪੈਦਲ ਮਾਰਚ ਵਿਚ ਸ਼ਾਮਲ ਹੋਏ। ਮਾਰਚ ਦੌਰਾਨ ਲੋਕਾਂ ਨੇ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਦਾ ਵੀ ਅਹਿਦ ਲਿਆ। ਇਸ ਦੌਰਾਨ ਸਿੱਕਮ ਮਗਰੋਂ ਪੁੱਡੂਚੇਰੀ ਨੇ ਵੀ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਮਾਸਕ ਪਾਉਣਾ ਲਾਜ਼ਮੀ ਕਰ ਦਿੱਤਾ ਹੈ। ਕੋਵਿਡ-19 ਕੇਸਾਂ ਦੀ ਗਿਣਤੀ 'ਚ ਇਜ਼ਾਫੇ ਦੇ ਮੱਦੇਨਜ਼ਰ ਇਹਤਿਆਤੀ ਉਪਰਾਲਿਆਂ ਵਜੋਂ ਲਿਆ ਇਹ ਫੈਸਲਾ ਫੌਰੀ ਅਮਲ ਵਿੱਚ ਆ ਗਿਆ ਹੈ।

## ਚੀਨ ਨੇ ਡਬਲਿਊ.ਐਚ.ਓ. 'ਤੇ ਨਿਸ਼ਾਨਾ ਸੇਧਿਆ

**ਪੇਈਚਿੰਗ:** ਚੀਨ ਦੇ ਸਿਹਤ ਅਧਿਕਾਰੀਆਂ ਨੇ ਕਰੋਨਾ ਵਾਇਰਸ ਦੇ ਸਰੋਤ ਸਬੰਧੀ ਆਪਣੀ ਖੋਜ ਦਾ ਬਚਾਅ ਕੀਤਾ ਅਤੇ ਵਿਸ਼ਵ ਸਿਹਤ ਸੰਸਥਾ 'ਤੇ ਨਿਸ਼ਾਨਾ ਸੇਧਿਆ ਹੈ। ਡਬਲਿਊ.ਐਚ.ਓ. ਦੇ ਆਗੂਆਂ ਨੇ ਆਖਿਆ ਸੀ ਕਿ ਚੀਨ ਨੂੰ ਲਾਗ ਫੈਲਣ ਬਾਰੇ ਸੂਚਨਾ ਪਹਿਲਾਂ ਸਾਂਝੀ ਕਰਨੀ ਚਾਹੀਦੀ ਸੀ। ਚਾਈਨਾ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਨਸ਼ਨ ਦੇ ਡਾਇਰੈਕਟਰ ਸੇਨ ਹੋਂਗਬਿੰਗ ਨੇ ਕਿਹਾ ਕਿ ਡਬਲਿਊ.ਐਚ.ਓ. ਦੀਆਂ ਟਿੱਪਣੀਆਂ 'ਤਿੱਖੀਆਂ ਅਤੇ ਅਪਮਾਨਜਨਕ' ਹਨ। ਉਨ੍ਹਾਂ ਦੋਸ਼ ਲਾਇਆ ਕਿ ਡਬਲਿਊ.ਐਚ.ਓ. ਵੱਲੋਂ ਚੀਨ ਨੂੰ 'ਬਦਨਾਮ' ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਆਖਿਆ ਕਿ ਸੰਸਥਾ ਨੂੰ 'ਕਰੋਨਾ ਦਾ ਰਾਜਨੀਤੀਕਰਨ' ਕਰਕੇ ਹੋਰਾਂ ਦੀ ਮਦਦ ਕਰਨ ਤੋਂ ਬਚਣਾ ਚਾਹੀਦਾ ਹੈ।

## ਯੂਕੇ ਵੱਲੋਂ ਭਾਰਤ ਤੋਂ ਨਰਸਾਂ ਦੀਆਂ ਸੇਵਾਵਾਂ ਲੈਣ ਦੀ ਯੋਜਨਾ

**ਲੰਡਨ:** ਬ੍ਰਿਟੇਨ ਦੇ ਵੇਲਜ਼ ਵਿਚ ਇਕ ਸਥਾਨਕ ਸਿਹਤ ਬੋਰਡ ਅਗਲੇ ਚਾਰ ਸਾਲਾਂ ਵਿਚ ਵਿਦੇਸ਼ ਤੋਂ ਲਗਭਗ 900 ਨਰਸਾਂ ਨੂੰ ਨੌਕਰੀ 'ਤੇ ਰੱਖਣ ਦੀ ਯੋਜਨਾ ਬਣਾ ਰਿਹਾ ਹੈ। ਇਨ੍ਹਾਂ ਵਿਚੋਂ ਬਹੁਤੀਆਂ ਨਰਸਾਂ ਕੇਰਲ ਤੋਂ ਆਉਣ ਦੀ ਸੰਭਾਵਨਾ ਹੈ। ਬੀ.ਬੀ.ਸੀ. ਦੀ 'ਲੋਕਲ ਡੈਮੋਕਰੇਸੀ ਰਿਪੋਰਟਿੰਗ ਸਰਵਿਸ' ਮੁਤਾਬਕ ਨੈਸ਼ਨਲ ਹੈਲਥ ਸਰਵਿਸ ਵੇਲਜ਼ ਦੇ ਸਵੈਨਸੀਅ ਬੇਅ ਯੂਨੀਵਰਸਿਟੀ ਹੈਲਥ ਬੋਰਡ ਨੂੰ ਮੌਜੂਦਾ ਵਿੱਤੀ ਵਰ੍ਹੇ ਵਿਚ ਕੁੱਲ 350 ਵਿਦੇਸ਼ੀ ਨਰਸਾਂ ਮਿਲਣਗੀਆਂ। ਸਾਲ 2023-24 ਵਿਚ 350 ਵਿਦੇਸ਼ੀ ਨਰਸਾਂ ਨੂੰ ਨੌਕਰੀ 'ਤੇ ਰੱਖਣ ਲਈ ਲਗਭਗ 47 ਲੱਖ ਪੌਂਡ ਖਰਚ ਹੋਣ ਦੀ ਉਮੀਦ ਹੈ, ਜਿਸ ਨਾਲ 15 ਲੱਖ ਪੌਂਡ ਦੀ ਬੱਚਤ ਹੋਵੇਗੀ।

# ਫਿਲਮ ਅਦਾਕਾਰ ਸ਼ਾਹਰੁਖ ਖਾਨ ਟਾਈਮ 100 ਦੀ ਸੂਚੀ ਵਿਚ ਸਿਖਰ 'ਤੇ

**ਨਵੀਂ ਦਿੱਲੀ:** ਬੌਲੀਵੁਡ ਸੁਪਰਸਟਾਰ ਸ਼ਾਹਰੁਖ ਖਾਨ ਨੇ ਟਾਈਮ ਮੈਗਜ਼ੀਨ ਦੀ ਸਾਲਾਨਾ ਟਾਈਮ 100 ਸੂਚੀ ਲਈ ਸਿਖਰਲਾ ਸਥਾਨ ਹਾਸਲ ਕੀਤਾ ਹੈ। ਸ਼ਾਹਰੁਖ ਨੇ ਇਸ ਸੂਚੀ ਵਿਚ ਸਿਖਰਲਾ ਸਥਾਨ ਹਾਸਲ ਕਰਨ ਲਈ ਫੁਟਬਾਲ ਸਟਾਰ ਲਿਓਨਲ ਮੈਸੀ, ਪ੍ਰਿੰਸ ਹੈਰੀ ਅਤੇ ਮੇਘਨ ਮਰਕਲ, ਆਸਕਰ ਜੇਤੂ ਮਿਸ਼ੇਲ ਅਤੇ ਮੇਟਾ ਦੇ ਸੀ.ਈ.ਓ. ਮਾਰਕ ਜ਼ੁਕਰਬਰਗ ਨਾਲੋਂ ਵੀ ਵੱਧ ਵੋਟਾਂ ਹਾਸਲ ਕੀਤੀਆਂ ਹਨ। ਅਮਰੀਕੀ ਪ੍ਰਕਾਸ਼ਨ ਅਨੁਸਾਰ, 'ਫਿਲਮ ਪਠਾਨ ਦੇ ਸਟਾਰ ਨੂੰ 12 ਲੱਖ ਵੋਟਾਂ ਵਿਚੋਂ ਚਾਰ ਫੀਸਦੀ ਵੋਟਾਂ ਮਿਲੀਆਂ। ਇਸ ਪੋਲ ਵਿਚ ਮੈਗਜ਼ੀਨ ਦੇ ਪਾਠਕ ਉਨ੍ਹਾਂ ਵਿਅਕਤੀਆਂ ਨੂੰ ਵੋਟ ਦਿੰਦੇ ਹਨ ਜਿਨ੍ਹਾਂ ਨੂੰ ਉਹ ਮੰਨਦੇ ਹਨ ਕਿ ਉਹ ਟਾਈਮ ਦੀ ਸਭ ਤੋਂ



ਪ੍ਰਭਾਵਸ਼ਾਲੀ ਲੋਕਾਂ ਦੀ ਸਾਲਾਨਾ ਸੂਚੀ ਵਿਚ ਮੋਹਰੀ ਸਥਾਨ ਦੇ ਹੱਕਦਾਰ ਹਨ। 57 ਸਾਲਾ ਸ਼ਾਹਰੁਖ ਖਾਨ ਦੀ ਫਿਲਮ 'ਪਠਾਨ' ਬਲਾਕਬਸਟਰ ਫਿਲਮ ਸਾਬਤ ਹੋਈ ਹੈ ਜਿਸ ਨੇ ਸਫਲਤਾ ਦੇ ਕਈ ਰਿਕਾਰਡ ਤੋੜ ਦਿੱਤੇ ਹਨ। ਇਹ ਫਿਲਮ ਜਨਵਰੀ ਵਿਚ ਰਿਲੀਜ਼ ਹੋਈ ਸੀ। ਇਸ ਸੂਚੀ ਵਿਚ ਦੂਜਾ ਸਥਾਨ ਇਸਲਾਮਿਕ ਸ਼ਾਸਨ ਤੋਂ ਆਜ਼ਾਦੀ ਲਈ ਪ੍ਰਦਰਸ਼ਨ ਕਰ ਰਹੀਆਂ ਇਰਾਨੀ ਔਰਤਾਂ ਨੂੰ ਮਿਲਿਆ ਜਿਨ੍ਹਾਂ ਨੇ ਤਿੰਨ ਫੀਸਦੀ ਵੋਟਾਂ ਹਾਸਲ ਕੀਤੀਆਂ। ਇਰਾਨ ਵਿਚ 16 ਸਤੰਬਰ ਨੂੰ 22 ਸਾਲਾ ਮਹਾਸਾ ਅਮੀਨੀ ਦੀ ਮੌਤ ਤੋਂ ਬਾਅਦ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਅਮੀਨੀ ਨੂੰ ਸਤੰਬਰ ਵਿਚ ਇਰਾਨ ਦੀ ਪੁਲਿਸ ਨੇ ਹਿਰਾਸਤ ਵਿਚ ਲਿਆ ਸੀ। ਉਸ 'ਤੇ ਸਹੀ ਢੰਗ ਨਾਲ ਹਿਜਾਬ ਨਾ ਪਾਉਣ ਦੇ ਦੋਸ਼ ਲਾਏ ਗਏ ਸਨ। ਇਸ ਤੋਂ ਤਿੰਨ ਦਿਨ ਬਾਅਦ ਮਹਾਸਾ ਅਮੀਨੀ ਦੀ ਥਾਣੇ ਵਿਚ ਹੀ ਮੌਤ ਹੋ ਗਈ ਸੀ। ਬ੍ਰਿਟੇਨ ਦੇ ਪ੍ਰਿੰਸ ਹੈਰੀ ਅਤੇ ਉਨ੍ਹਾਂ ਦੀ ਪਤਨੀ ਮੇਘਨ ਮਰਕਲ 1.9 ਫੀਸਦੀ ਵੋਟ ਸ਼ੇਅਰ ਨਾਲ ਤੀਜੇ ਅਤੇ ਚੌਥੇ ਸਥਾਨ 'ਤੇ ਰਹੇ। ਪਿਛਲੇ ਸਾਲ ਕਤਰ 'ਚ ਫਰਾਂਸ ਖਿਲਾਫ ਫਾਈਨਲ 'ਚ ਅਰਜਨਟੀਨਾ ਨੂੰ ਵਿਸ਼ਵ ਕੱਪ ਦਾ ਖਿਤਾਬ ਦਿਵਾਉਣ ਵਾਲਾ ਮੈਸੀ 1.8 ਫੀਸਦੀ ਵੋਟਾਂ ਨਾਲ ਪੰਜਵੇਂ ਸਥਾਨ 'ਤੇ ਹੈ।

## ਅਫ਼ਗਾਨਿਸਤਾਨ 'ਚੋਂ ਫੌਜਾਂ ਵਾਪਸ ਸੱਦਣ ਲਈ ਟਰੰਪ ਜ਼ਿੰਮੇਵਾਰ: ਬਾਇਡਨ

**ਵਾਸ਼ਿੰਗਟਨ:** ਜੋਅ ਬਾਇਡਨ ਪ੍ਰਸ਼ਾਸਨ ਨੇ ਅਫ਼ਗਾਨਿਸਤਾਨ ਵਿਚੋਂ ਅਮਰੀਕੀ ਫੌਜਾਂ ਵਾਪਸ ਬੁਲਾਉਣ ਦੇ ਆਪਣੇ ਫੈਸਲੇ ਦਾ ਬਚਾਅ ਕਰਦਿਆਂ ਕਿਹਾ ਕਿ ਇਸ ਘਟਨਾਕ੍ਰਮ ਲਈ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਜ਼ਿੰਮੇਵਾਰ ਦੱਸਿਆ ਹੈ। ਬਾਇਡਨ ਸਰਕਾਰ ਨੇ ਕਿਹਾ ਕਿ ਟਰੰਪ ਨੇ ਕੁਝ ਅਜਿਹੇ ਮੁਸ਼ਕਲ ਹਾਲਾਤ ਸਿਰਜ ਦਿੱਤੇ ਸਨ, ਜਿਸ ਕਰਕੇ ਦੋ ਸਾਲ ਪਹਿਲਾਂ (2021 'ਚ) ਜੰਗ ਦੇ ਝੰਬੇ ਮੁਲਕ (ਅਫ਼ਗਾਨਿਸਤਾਨ) 'ਚੋਂ ਉੱਘੜ-ਦੁੱਘੜ 'ਚ ਅਮਰੀਕੀ ਸਲਾਮਤੀ ਦਸਤਿਆਂ ਨੂੰ ਵਾਪਸ ਸੱਦਣ ਲਈ ਮਜਬੂਰ ਹੋਣਾ ਪਿਆ। ਵ੍ਹਾਈਟ ਹਾਊਸ ਨੇ 12 ਸਫਿਆਂ ਦਾ ਇਕ ਦਸਤਾਵੇਜ਼ ਜਾਰੀ ਕੀਤਾ ਹੈ, ਜਿਸ ਵਿਚ ਅਮਰੀਕੀ ਫੌਜਾਂ ਦੇ ਦੋ ਸਾਲ ਪਹਿਲਾਂ ਅਫ਼ਗਾਨਿਸਤਾਨ 'ਚੋਂ ਕੂਚ ਕਰਨ ਦੇ ਕਾਰਨਾਂ ਤੇ ਹਾਲਾਤ ਨੂੰ ਤਫਸੀਲ 'ਚ ਬਿਆਨਿਆ ਗਿਆ ਹੈ।

# ਚੀਨ ਨੇ ਅਮਰੀਕੀ, ਏਸ਼ਿਆਈ ਸੰਸਥਾਵਾਂ 'ਤੇ ਪਾਬੰਦੀ ਲਗਾਈ

**ਪੇਈਚਿੰਗ:** ਚੀਨ ਨੇ ਅਮਰੀਕੀ ਪ੍ਰਤੀਨਿਧ ਸਭਾ ਦੇ ਸਪੀਕਰ ਕੇਵਿਨ ਮੈਕਾਰਥੀ ਤੇ ਤਾਇਵਾਨ ਦੀ ਰਾਸ਼ਟਰਪਤੀ ਸਾਈ ਇੰਗ-ਵੇਨ ਵਿਚਾਲੇ ਇਸ ਹਫਤੇ ਹੋਈ ਅਹਿਮ ਮੀਟਿੰਗ ਦੇ ਵਿਰੋਧ ਵਿਚ 'ਰੋਨਾਲਡ ਰੀਗਨ ਪ੍ਰੈਜ਼ੀਡੈਂਸ਼ੀਅਲ ਲਾਇਬ੍ਰੇਰੀ' ਅਤੇ ਹੋਰ ਅਮਰੀਕੀ ਤੇ ਏਸ਼ੀਆ ਆਧਾਰਤ ਸੰਸਥਾਵਾਂ 'ਤੇ ਪਾਬੰਦੀ ਲਗਾ ਦਿੱਤੀ ਹੈ।

ਇਸ ਤੋਂ ਇਕ ਦਿਨ ਪਹਿਲਾਂ ਹੀ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਕਿਹਾ ਸੀ ਕਿ ਇਹ ਇਕ 'ਖਿਆਲੀ ਪੁਲਾਓ' ਹੈ ਕਿ ਪੇਈਚਿੰਗ ਤਾਇਵਾਨ ਨੂੰ ਲੈ ਕੇ ਆਪਣੇ ਰੁਖ 'ਤੇ ਸਮਝੌਤਾ ਕਰੇਗਾ। ਚੀਨ ਦੇ ਸਖਤ ਵਿਰੋਧ ਦੇ ਬਾਵਜੂਦ ਮੈਕਾਰਥੀ ਨਾਲ ਸਾਈ ਇੰਗ-ਵੇਨ ਦੀ ਮੀਟਿੰਗ ਹੋਈ। ਤਾਇਵਾਨ ਤੇ ਵਿਦੇਸ਼ੀ ਸਰਕਾਰਾਂ ਵਿਚਾਲੇ ਕਿਸੇ ਵੀ ਤਰ੍ਹਾਂ ਦੀ ਰਸਮੀ ਗੱਲਬਾਤ ਨੂੰ ਚੀਨ ਤਾਇਵਾਨ ਦੀ ਧਰਤੀ 'ਤੇ ਪੇਈਚਿੰਗ ਦੇ ਦਾਅਵਿਆਂ ਦੇ ਖਿਲਾਫ ਮੰਨਦਾ ਹੈ। ਕੈਲੀਫੋਰਨੀਆ ਦੀ ਸਿਮੀ ਵੈਲੀ ਵਿਚ 'ਰੋਨਾਲਡ ਰੀਗਨ ਪ੍ਰੈਜ਼ੀਡੈਂਸ਼ੀਅਲ ਲਾਇਬ੍ਰੇਰੀ' ਉਹ ਸਥਾਨ ਹੈ ਜਿੱਥੇ ਸਾਈ ਨੇ ਮੈਕਾਰਥੀ ਅਤੇ ਸੰਸਦੀ ਆਗੂਆਂ ਦੇ ਇਕ ਦੋ ਧਿਰੀ ਸਮੂਹ ਨਾਲ ਮੁਲਾਕਾਤ ਕੀਤੀ ਸੀ।

ਇਹ ਅਮਰੀਕੀ ਅਧਿਕਾਰੀਆਂ ਤੇ ਤਾਇਵਾਨ ਦੀ ਰਾਸ਼ਟਰਪਤੀ ਵਿਚਾਲੇ ਦੂਜੀ ਉੱਚ ਪੱਧਰੀ ਮੀਟਿੰਗ ਸੀ। ਚੀਨ ਨੇ ਹਡਸਨ ਇੰਸਟੀਚਿਊਟ 'ਤੇ ਵੀ ਪਾਬੰਦੀ ਲਗਾ ਦਿੱਤੀ ਹੈ ਜਿਸ ਨੇ ਇਕ ਪ੍ਰੋਗਰਾਮ ਦੀ ਮੇਜ਼ਬਾਨੀ ਕੀਤੀ ਸੀ ਅਤੇ 30 ਮਾਰਚ ਨੂੰ ਸਾਈ ਨੂੰ ਆਲਮੀ ਅਗਵਾਈ ਪੁਰਸਕਾਰ ਨਾਲ ਸਨਮਾਨਿਤ ਕੀਤਾ ਸੀ। ਪਾਬੰਦੀ ਵਾਲੇ ਸਮੂਹਾਂ ਵਿਚ ਤਾਇਵਾਨ ਦੀ ਆਜ਼ਾਦੀ ਨੂੰ ਬੜ੍ਹਾਵਾ ਦੇਣ 'ਚ ਉਨ੍ਹਾਂ ਦੀ ਭਾਗੀਦਾਰੀ ਲਈ ਏਸ਼ੀਆ ਆਧਾਰਤ



ਸਮੂਹ 'ਦਿ ਪ੍ਰੋਸਪੈਕਟ ਫਾਊਂਡੇਸ਼ਨ' ਅਤੇ 'ਕੌਂਸਲ ਆਫ ਏਸ਼ੀਅਨ ਲਿਬਰਲਜ਼ ਐਂਡ ਡੈਮੋਕਰੈਟਸ' ਵੀ ਸ਼ਾਮਲ ਹਨ।

# ਭਾਜਪਾ ਖਿਲਾਫ ਗੱਠਜੋੜ 'ਚ ਕਾਂਗਰਸ ਦਾ ਕੇਂਦਰ 'ਚ ਹੋਣਾ ਜ਼ਰੂਰੀ: ਸਿੱਬਲ

**ਨਵੀਂ ਦਿੱਲੀ:** ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਕਿਹਾ ਕਿ 2024 ਦੀਆਂ ਚੋਣਾਂ ਵਿਚ ਭਾਜਪਾ ਨਾਲ ਟੱਕਰ ਲੈਣ ਵਾਲੇ ਕਿਸੇ ਵੀ ਵਿਰੋਧੀ ਗੱਠਜੋੜ ਦੇ ਕੇਂਦਰ ਵਿਚ ਕਾਂਗਰਸ ਦਾ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਸੰਵੇਦਨਸ਼ੀਲਤਾ ਦੇ ਪੱਖ ਤੋਂ ਸਾਵਧਾਨ ਰਹਿਣਾ ਪਵੇਗਾ ਤੇ ਨਾਲ ਹੀ ਇਕ-ਦੂਜੇ ਦੀ ਵਿਚਾਰਧਾਰਾ ਦੀ ਆਲੋਚਨਾ ਤੋਂ ਪਹਿਲਾਂ ਹਰ ਨੁਕਤੇ ਤੋਂ ਸੋਚ-ਵਿਚਾਰ ਵੀ ਕਰਨਾ ਪਏਗਾ ਤਾਂ ਜੋ ਮਜ਼ਬੂਤ ਗੱਠਜੋੜ ਬਣ ਸਕੇ।

ਵਿਰੋਧੀ ਖੇਮੇ ਦੀ ਪ੍ਰਮੁੱਖ ਆਵਾਜ਼ ਵਜੋਂ ਜਾਣੇ ਜਾਂਦੇ ਸਿੱਬਲ ਨੇ ਭਾਜਪਾ ਵਿਰੋਧੀ ਸਾਰੀਆਂ



ਸਿਆਸੀ ਧਿਰਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਪਹਿਲਾਂ ਇਕ ਸਾਂਝਾ ਮੰਚ ਲੱਭਣ। ਸਾਬਕਾ ਕੇਂਦਰੀ ਮੰਤਰੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਹਾਲ ਹੀ ਵਿਚ ਲਾਂਚ ਕੀਤਾ ਗਿਆ 'ਇਨਸਾਫ' ਮੰਚ ਵੀ ਇਸ ਵਿਚ ਸਹਾਈ ਹੋ ਸਕਦਾ ਹੈ। ਇਕ ਇੰਟਰਵਿਊ ਵਿਚ ਸਿੱਬਲ ਨੇ ਕਿਹਾ ਕਿ ਵਿਰੋਧੀ ਧਿਰਾਂ ਦੀ ਅਗਵਾਈ ਕੌਣ ਕਰੇਗਾ, ਇਸ ਸਵਾਲ ਦਾ ਜਵਾਬ ਹਾਲੇ ਦੇਣ ਦੀ ਲੋੜ ਨਹੀਂ ਹੈ। ਉਨ੍ਹਾਂ 2004 ਦੀ ਇਕ ਉਦਾਹਰਨ ਵੀ ਦਿੱਤੀ ਜਦ ਤਤਕਾਲੀ ਅਟਲ ਬਿਹਾਰੀ ਵਾਜਪਈ ਸਰਕਾਰ ਸੱਤਾ ਤੋਂ ਬਾਹਰ ਹੋ ਗਈ ਸੀ, ਜਦਕਿ ਵਿਰੋਧੀ ਧਿਰ ਨੇ ਕੋਈ ਚਿਹਰਾ ਵੀ ਅਗਵਾਈ ਲਈ ਨਹੀਂ ਐਲਾਨਿਆ ਸੀ। ਸਿੱਬਲ ਨੇ ਕਿਹਾ ਕਿ ਕਾਂਗਰਸ ਨੂੰ ਯਕੀਨੀ ਤੌਰ 'ਤੇ ਧੁਰਾ ਬਣਨਾ ਪਵੇਗਾ ਤੇ ਇਸ ਦਾ ਗੱਠਜੋੜ ਦੇ ਕੇਂਦਰ ਵਿਚ ਹੋਣਾ ਜ਼ਰੂਰੀ ਹੈ।

## ਰੂਸ ਵੱਲੋਂ ਜਾਪੋਰਿਜੀਆ 'ਤੇ ਹਵਾਈ ਹਮਲਾ; ਪਿਓ-ਧੀ ਹਲਾਕ

**ਜਾਪੋਰਿਜੀਆ:** ਰੂਸੀ ਫੌਜ ਨੇ ਯੂਕਰੇਨ ਦੇ ਸ਼ਹਿਰ ਜਾਪੋਰਿਜੀਆ ਦੀ ਰਿਹਾਇਸ਼ੀ ਇਮਾਰਤ 'ਤੇ ਹਮਲਾ ਕਰ ਦਿੱਤਾ ਜਿਸ ਵਿਚ 50 ਸਾਲਾ ਵਿਅਕਤੀ ਅਤੇ ਉਸ ਦੀ 11 ਸਾਲਾ ਧੀ ਦੀ ਮੌਤ ਹੋ ਗਈ। ਮ੍ਰਿਤਕ ਦੀ 46 ਸਾਲਾ ਪਤਨੀ ਵੀ ਗੰਭੀਰ ਜ਼ਖ਼ਮੀ ਹੈ। ਉਸ ਨੂੰ ਤਬਾਹ ਹੋਈ ਇਮਾਰਤ ਦੇ ਮਲਬੇ ਵਿਚੋਂ ਕੱਢ ਕੇ ਹਸਪਤਾਲ ਦਾਖਲ ਕਰਾਇਆ ਗਿਆ ਹੈ।

ਸ਼ਹਿਰੀ ਕੌਂਸਲ ਦੇ ਸਕੱਤਰ ਐਨਾਤੋਲੀ ਕੁਰਤੇਵ ਨੇ ਦੱਸਿਆ ਕਿ ਸਾਰੀ ਰਾਤ ਹੋਈ ਬੰਬਾਰੀ ਦੌਰਾਨ ਦੋ ਮੰਜ਼ਿਲਾਂ ਨੇ ਇਕ ਇਮਾਰਤ ਨੂੰ ਤਬਾਹ ਕਰ ਦਿੱਤਾ ਅਤੇ ਦਰਜਨਾਂ ਹੋਰ ਇਮਾਰਤਾਂ ਵੀ ਨੁਕਸਾਨੀਆਂ ਗਈਆਂ ਹਨ। ਉਨ੍ਹਾਂ ਟੈਲੀਗ੍ਰਾਮ ਮੈਸੇਜਿੰਗ ਐਪ 'ਤੇ ਲਿਖਿਆ, "ਇਸ ਅਪਰਾਧਕ ਯੁੱਧ ਦੇ ਧਾੜਵੀਆਂ ਲਈ ਸਖਤ ਸਜ਼ਾ ਲਾਜ਼ਮੀ ਹੈ।"

ਬਚਾਅ ਕਰਮੀਆਂ ਨੇ ਸਵੇਰੇ ਹਵਾਈ ਹਮਲਿਆਂ ਦੀ ਚਿਤਾਵਨੀ ਦੇ ਬਾਵਜੂਦ ਕੰਕਰੀਟ ਅਤੇ ਮਲਬੇ ਵਿਚ ਖੁਦਾਈ ਜਾਰੀ ਰੱਖੀ। ਹਮਲੇ ਵਿਚ ਨੁਕਸਾਨੀਆਂ ਗਈਆਂ ਕੰਧਾਂ ਪੀੜਤ ਪਰਿਵਾਰ ਦੇ ਲਿਵਿੰਗ ਰੂਮ ਦਾ ਹਾਲ ਬਿਆਨ ਕਰ ਰਹੀਆਂ ਸਨ। ਟੈਲੀਵਿਜ਼ਨ ਟੁੱਟਿਆ ਹੋਇਆ ਸੀ ਅਤੇ ਕੰਧ ਦਾ ਇਕ ਹਿੱਸਾ ਲਮਕ ਰਿਹਾ ਸੀ। ਨੇੜੇ ਹੀ ਪਈ ਇਕ ਲਾਸ਼ 'ਤੇ ਕੱਪੜਾ ਦਿੱਤਾ ਹੋਇਆ ਸੀ। ਸਥਾਨਕ ਵਾਸੀਆਂ ਦਾ ਕਹਿਣਾ ਹੈ ਕਿ ਇਹ ਲਾਸ਼ ਘਰ ਦੇ ਮਾਲਕ ਦੀ ਹੈ।

# ਐਨ.ਆਈ.ਏ. ਵੱਲੋਂ ਪੰਜਾਬ ਦੇ 57 ਗੈਂਗਸਟਰਾਂ ਦੀ ਜਾਇਦਾਦ ਜ਼ਬਤ ਕਰਨ ਦੀ ਤਿਆਰੀ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਪੰਜਾਬ ਸਰਕਾਰ ਤੋਂ 57 ਕਥਿਤ ਗੈਂਗਸਟਰਾਂ ਅਤੇ ਅਤਿਵਾਦੀਆਂ ਦੀਆਂ ਜਾਇਦਾਦਾਂ ਦੇ ਵੇਰਵੇ ਮੰਗੇ ਹਨ। ਜਾਂਚ ਏਜੰਸੀ ਨੇ ਸਰਕਾਰ ਨੂੰ ਪੱਤਰ ਲਿਖ ਕੇ ਗੈਂਗਸਟਰਾਂ ਅਤੇ ਅਤਿਵਾਦੀਆਂ ਦੀ ਚੱਲ ਅਤੇ ਅਚੱਲ ਜਾਇਦਾਦ ਦਾ ਰਿਕਾਰਡ ਮੰਗਿਆ ਹੈ।

ਇਸ ਵਿਚ ਸਿੱਖ ਫਾਰ ਜਸਟਿਸ ਨਾਲ ਜੁੜੇ ਵਿਅਕਤੀਆਂ ਦੇ ਨਾਂ ਵੀ ਸ਼ਾਮਲ ਹਨ। ਗਲਤ ਤਰੀਕੇ ਨਾਲ ਕਮਾਈ ਹੋਣ ਉਤੇ ਸਰਕਾਰ ਜਾਂਚ ਤੋਂ ਬਾਅਦ ਇਨ੍ਹਾਂ ਸਾਰੀਆਂ ਜਾਇਦਾਦਾਂ ਨੂੰ ਕੁਰਕ




ਕਰ ਸਕਦੀ ਹੈ। ਦੱਸਿਆ ਜਾ ਰਿਹਾ ਹੈ ਕਿ ਜ਼ਿਲ੍ਹਾ ਪੱਧਰ ਉਤੇ ਪ੍ਰਸ਼ਾਸਨ ਨੇ ਆਪਣੇ ਇਲਾਕੇ ਦੇ ਗੈਂਗਸਟਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਨਾਂ ਉਤੇ ਦਰਜ ਜਾਇਦਾਦ ਬਾਰੇ ਜਾਣਕਾਰੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ ਹੈ। ਸਬੰਧਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਐਨ.ਆਈ.ਏ. ਦੇ ਡਾਇਰੈਕਟਰ ਜਨਰਲ ਦਿਨਕਰ ਗੁਪਤਾ ਅਤੇ ਵਧੀਕ ਸਕੱਤਰ (ਉੱਤਰੀ ਬਲਾਕ) ਪ੍ਰਵੀਨ ਵਸ਼ਿਸ਼ਠ ਵੱਲੋਂ ਪੰਜਾਬ ਸਰਕਾਰ ਨੂੰ ਲਿਖੇ ਪੱਤਰਾਂ ਦੇ ਆਧਾਰ ਉਤੇ ਇਸ ਤਰ੍ਹਾਂ ਕਰਨ ਲਈ ਕਿਹਾ ਗਿਆ ਹੈ। ਜਾਂਚ ਏਜੰਸੀ ਨੇ ਜਿਹੜੇ 57 ਗੈਂਗਸਟਰਾਂ ਅਤੇ ਅਤਿਵਾਦੀਆਂ ਦੀ ਸੂਚੀ ਬਣਾਈ ਹੈ, ਉਸ ਵਿਚ 12 ਗੈਂਗਸਟਰਾਂ ਦੀ ਜਾਇਦਾਦ ਫਿਰੋਜ਼ਪੁਰ ਵਿਚ ਹੈ। ਤਰਨ ਤਾਰਨ ਵਿਚ 11 ਅਤੇ ਅੰਮ੍ਰਿਤਸਰ ਵਿਚ 19 ਗੈਂਗਸਟਰਾਂ ਨੇ ਜਾਇਦਾਦ ਬਣਾਈ ਹੈ। ਇਸ ਤੋਂ ਇਲਾਵਾ ਕਪੂਰਥਲਾ, ਮੋਗਾ, ਮੁਹਾਲੀ, ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਗੁਰਦਾਸਪੁਰ ਅਤੇ ਹੁਸ਼ਿਆਰਪੁਰ ਵਿਚ ਵੀ ਗੈਂਗਸਟਰਾਂ ਅਤੇ ਅਤਿਵਾਦੀਆਂ ਨੇ ਜਾਇਦਾਦ ਬਣਾਈ ਹੈ। ਏਜੰਸੀ ਗੈਂਗਸਟਰਾਂ ਨੂੰ ਗ੍ਰਿਫਤਾਰ ਕਰਨ ਤੋਂ 6 ਸਾਲ ਪਹਿਲਾਂ ਤੱਕ ਬਣਾਈ ਜਾਇਦਾਦ ਦਾ ਮੁਲਾਂਕਣ ਕਰਦੀ ਹੈ। ਜਾਂਚ ਏਜੰਸੀ ਇਹ ਵੀ ਪਤਾ ਕਰਦੀ ਹੈ ਕਿ ਉਸ ਦੇ ਪਰਿਵਾਰ ਜਾਂ ਰਿਸ਼ਤੇਦਾਰਾਂ ਦੇ ਨਾਂ ਕਿੰਨੀ ਜਾਇਦਾਦ ਦੀ ਹੈ।

# ਪਾਵਰਕੌਮ ਨੂੰ ਸਬਸਿਡੀ ਦਾ ਮੁਕੰਮਲ ਭੁਗਤਾਨ

**ਚੰਡੀਗੜ੍ਹ:** ਤਕਰੀਬਨ ਦਸ ਵਰ੍ਹਿਆਂ ਮਗਰੋਂ ਪਹਿਲੀ ਦਫ਼ਾ 'ਆਪ' ਸਰਕਾਰ ਨੇ ਪਾਵਰਕੌਮ ਨੂੰ ਬਿਜਲੀ ਸਬਸਿਡੀ ਦਾ ਪੂਰਾ ਬਿੱਲ 20,200 ਕਰੋੜ ਰੁਪਏ ਦਿੱਤਾ ਹੈ। 2012-13 ਮਗਰੋਂ ਕਿਸੇ ਵਰ੍ਹੇ ਵੀ ਕਿਸੇ ਵੀ ਸਰਕਾਰ ਨੇ ਪਾਵਰਕੌਮ ਨੂੰ ਸਬਸਿਡੀ ਦਾ ਪੂਰਾ ਬਿੱਲ ਨਹੀਂ ਦਿੱਤਾ ਸੀ। ਇਹ ਬਕਾਇਆ ਬਿੱਲ ਇਕੱਠਾ ਹੋ ਕੇ 9020 ਕਰੋੜ ਨੂੰ ਛੂਹ ਗਿਆ ਹੈ। 'ਆਪ' ਸਰਕਾਰ ਅੱਗੇ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਬਿਜਲੀ ਦੇਣਾ ਵਿੱਤੀ ਤੌਰ 'ਤੇ ਵੱਡੀ ਚੁਣੌਤੀ ਸੀ। ਸਰਕਾਰ ਨੇ ਆਪਣੇ ਪਹਿਲੇ ਵਰ੍ਹੇ ਪੂਰੀ ਸਬਸਿਡੀ ਜਾਰੀ ਕੀਤੀ ਹੈ।

ਪੰਜਾਬ ਸਰਕਾਰ ਵੱਲੋਂ ਲੰਘੇ 26 ਵਰ੍ਹਿਆਂ 'ਚ ਸਵਾ ਲੱਖ ਕਰੋੜ ਦੀ ਬਿਜਲੀ ਸਬਸਿਡੀ ਦਿੱਤੀ ਗਈ ਹੈ। ਜਦੋਂ ਪਹਿਲੀ ਦਫ਼ਾ ਖੇਤੀ ਸੈਕਟਰ ਨੂੰ ਮੁਫ਼ਤ ਬਿਜਲੀ ਦੇਣੀ ਸ਼ੁਰੂ ਕੀਤੀ ਸੀ ਤਾਂ ਉਦੋਂ 1997-98 ਵਿਚ ਬਿਜਲੀ ਸਬਸਿਡੀ ਦਾ ਪਹਿਲਾਂ ਬਿੱਲ 604.57 ਕਰੋੜ ਰੁਪਏ ਦਾ ਬਣਿਆ ਸੀ। ਹੁਣ ਢਾਈ ਦਹਾਕੇ ਮਗਰੋਂ ਵਰ੍ਹਾ 2022-23 ਵਿਚ ਬਿਜਲੀ ਸਬਸਿਡੀ ਦਾ ਬਿੱਲ 20,200 ਕਰੋੜ ਰੁਪਏ ਬਣਿਆ ਹੈ। ਇਨ੍ਹਾਂ ਵਰ੍ਹਿਆਂ ਵਿਚ



ਬਿਜਲੀ ਸਬਸਿਡੀ ਦਾ ਬੋਝ 208 ਗੁਣਾ ਵਧਿਆ ਹੈ। ਜ਼ੀਰੋ ਬਿੱਲਾਂ ਕਾਰਨ ਬਿਜਲੀ ਸਬਸਿਡੀ ਦੇ ਭਾਰ 'ਚ ਹੋਰ ਵਾਧਾ ਹੋਇਆ ਹੈ।

ਅੰਕੜੇ ਗਵਾਹ ਹਨ ਕਿ ਸਰਕਾਰੀ ਖ਼ਜ਼ਾਨੇ 'ਤੇ ਸਭ ਤੋਂ ਵੱਡਾ ਭਾਰ ਬਿਜਲੀ ਸਬਸਿਡੀ ਦਾ ਬਣਦਾ ਹੈ। ਪੰਜਾਬ ਸਰਕਾਰ ਨੇ 1997-98 ਤੋਂ ਹੁਣ ਤੱਕ 1,25,698 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਦਿੱਤੀ ਹੈ। ਪੰਜਾਬ ਸਰਕਾਰ ਨੇ 2002-03 ਤੋਂ ਐੱਸ.ਸੀ/ਬੀ.ਸੀ ਅਤੇ ਬੀ.ਪੀ.ਐਲ ਲਈ 50 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਸਾਲਾਨਾ ਦੇਣੀ ਸ਼ੁਰੂ ਕੀਤੀ ਸੀ। ਇਸ ਸਮੇਂ ਤੋਂ ਹੁਣ ਤੱਕ ਇਨ੍ਹਾਂ ਵਰਗਾਂ ਨੂੰ 25,036 ਕਰੋੜ ਦੀ ਬਿਜਲੀ ਸਬਸਿਡੀ ਦਿੱਤੀ ਜਾ ਚੁੱਕੀ ਹੈ। ਇਸੇ ਤਰ੍ਹਾਂ ਸਰਕਾਰ ਨੇ 2016-17 ਤੋਂ ਸਨਅਤੀ ਸੈਕਟਰ ਨੂੰ ਸਬਸਿਡੀ ਦੇਣੀ ਸ਼ੁਰੂ ਕੀਤੀ ਤੇ ਸਨਅਤੀ ਖੇਤਰ ਨੂੰ ਹੁਣ ਤੱਕ 11,352 ਕਰੋੜ ਦੀ ਬਿਜਲੀ ਸਬਸਿਡੀ ਦਿੱਤੀ ਜਾ ਚੁੱਕੀ ਹੈ। ਸਭ ਤੋਂ ਵੱਧ ਬਿਜਲੀ ਸਬਸਿਡੀ ਖੇਤੀ ਸੈਕਟਰ ਨੂੰ 84,616 ਕਰੋੜ ਦੀ ਦਿੱਤੀ ਗਈ ਹੈ। ਖੇਤੀ ਸੈਕਟਰ ਦੀ ਬਿਜਲੀ ਸਬਸਿਡੀ ਵਿਚ ਲੰਘੇ 26 ਵਰ੍ਹਿਆਂ ਦੌਰਾਨ 140 ਗੁਣਾ ਵਾਧਾ ਹੋਇਆ ਹੈ।

ਰਾਜਿੰਦਰ ਕੌਰ ਭੱਠਲ ਨੇ ਬਤੌਰ ਮੁੱਖ ਮੰਤਰੀ ਸੱਤ ਏਕੜ ਤੱਕ ਦੀ ਮਾਲਕੀ ਵਾਲੇ ਕਿਸਾਨਾਂ ਨੂੰ ਪਹਿਲੀ ਜਨਵਰੀ 1997 ਤੋਂ ਮੁਫ਼ਤ ਬਿਜਲੀ ਦੇਣ ਦਾ ਐਲਾਨ ਕੀਤਾ ਸੀ। ਸੱਤ ਏਕੜ ਤੋਂ ਉੱਪਰ ਦੇ ਕਿਸਾਨਾਂ ਤੋਂ ਪ੍ਰਤੀ ਹਾਰਸ ਪਾਵਰ 50 ਰੁਪਏ ਪ੍ਰਤੀ ਮਹੀਨਾ ਬਿੱਲ ਲਿਆ ਜਾਣਾ ਸੀ। ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਬਣਨ ਮਗਰੋਂ ਸਾਰੇ ਕਿਸਾਨਾਂ ਨੂੰ 14 ਫਰਵਰੀ 1997 ਤੋਂ ਮੁਫ਼ਤ ਬਿਜਲੀ ਦੇਣ ਦਾ ਫੈਸਲਾ ਕੀਤਾ। ਕੈਪਟਨ ਅਮਰਿੰਦਰ ਸਿੰਘ ਨੇ ਕੁੱਝ ਵਰ੍ਹੇ ਬਿੱਲ ਲਾਉਣ ਮਗਰੋਂ ਪਹਿਲੀ ਮਾਰਚ 2006 ਨੂੰ ਮੁੜ ਖੇਤੀ ਲਈ ਮੁਫ਼ਤ ਬਿਜਲੀ ਦਾ ਐਲਾਨ ਕੀਤਾ।

## ਪੱਕੇ ਮੋਰਚੇ ਵਿਚ ਨਿਹੰਗ ਭਿੜੇ, ਇਕ ਦਾ ਗੁੱਟ ਵੱਢਿਆ

**ਮੁਹਾਲੀ:** ਸਿੱਖ ਮਸਲਿਆਂ ਬਾਰੇ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਦਾ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ਉੱਤੇ ਪੱਕਾ ਮੋਰਚਾ ਜਾਰੀ ਹੈ। ਕੌਮੀ ਇਨਸਾਫ ਮੋਰਚੇ ਦੀ ਅਪੀਲ 'ਤੇ ਸਿੱਖ ਸੰਘਰਸ਼ ਦੀ ਹਮਾਇਤ ਵਿਚ ਕਈ ਨਿਹੰਗ ਸਿੰਘਾਂ ਦੀਆਂ ਜਥੇਬੰਦੀਆਂ ਨੇ ਵਾਈ.ਪੀ.ਐੱਸ. ਚੌਕ 'ਚ ਆਰਜ਼ੀ ਛਾਉਣੀ ਬਣਾ ਕੇ ਪੱਕੇ ਡੇਰੇ ਲਗਾ ਲਏ ਹਨ। ਇੱਕ ਰਾਤ ਕੁਝ ਨਿਹੰਗ ਸਿੰਘ ਆਪਸ ਵਿਚ ਭਿੜ ਗਏ। ਇਸ ਘਟਨਾ ਦੌਰਾਨ ਇਕ ਨਿਹੰਗ ਸਿੰਘ ਬੱਬਰ ਸਿੰਘ ਚੰਡੀ (ਬਾਬਾ ਅਮਨਾ ਗਰੁੱਪ) ਗੰਭੀਰ ਜ਼ਖ਼ਮੀ ਹੋ ਗਿਆ ਹੈ। ਉਸ ਨੂੰ ਫੇਜ਼-6 'ਚ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਇੱਥੇ ਡਾਕਟਰਾਂ ਨੇ ਹਾਲਤ ਜ਼ਿਆਦਾ ਗੰਭੀਰ ਹੋਣ ਕਾਰਨ ਉਸ ਨੂੰ ਪੀ.ਜੀ.ਆਈ. ਚੰਡੀਗੜ੍ਹ ਰੈਫਰ ਕਰ ਦਿੱਤਾ। ਜ਼ਖ਼ਮੀ ਨਿਹੰਗ ਸਿੰਘ ਦਾ ਹੱਥ ਵੱਢਿਆ ਗਿਆ ਦੱਸਿਆ ਜਾ ਰਿਹਾ ਹੈ। ਮੁਹਾਲੀ ਪੁਲਿਸ ਨੇ ਮੇਲਾ ਸਿੰਘ ਸਣੇ ਹੋਰਨਾਂ ਕਈ ਅਣਪਛਾਤਿਆਂ ਵਿਰੁੱਧ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੇ ਮੇਲਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਤੇ ਬਾਕੀਆਂ ਦੀ ਭਾਲ ਜਾਰੀ ਹੈ।

# ਬਠਿੰਡਾ ਜੇਲ੍ਹ ਦੀ ਵੀਡੀਓ ਵਾਇਰਲ ਹੋਣ ਦਾ ਮਾਮਲਾ ਭਖਿਆ

**ਬਠਿੰਡਾ:** ਬਠਿੰਡਾ ਦੀ ਕੇਂਦਰੀ ਜੇਲ੍ਹ ਕੈਦੀਆਂ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਮੁੜ ਚਰਚਾ ਵਿਚ ਆ ਗਈ ਹੈ। ਇਸ ਜੇਲ੍ਹ ਵਿਚ ਕੁਝ ਕੈਦੀਆਂ ਨੇ ਜੇਲ੍ਹ ਪ੍ਰਸ਼ਾਸਨ ਦੀ ਪੋਲ ਖੋਲ੍ਹਦਿਆਂ ਗੰਭੀਰ ਦੋਸ਼ ਲਾਏ ਹਨ। ਹਾਲਾਂਕਿ, ਇਸ ਵੀਡੀਓ ਸਬੰਧੀ ਪਹਿਲਾਂ ਹੀ ਪਤਾ ਲੱਗ ਜਾਣ ਕਰ ਕੇ ਲੰਘੀ 4 ਅਪਰੈਲ ਨੂੰ ਜੇਲ੍ਹ ਅਧਿਕਾਰੀਆਂ ਦੇ ਬਿਆਨਾਂ 'ਤੇ ਥਾਣਾ ਕੈਂਟ ਦੀ ਪੁਲਿਸ ਵੱਲੋਂ ਇਕ ਹਵਾਲਾਤੀ ਸਣੇ 12 ਕੈਦੀਆਂ ਖ਼ਿਲਾਫ਼ ਕੇਸ ਦਰਜ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਵੀਡੀਓ ਬਣਾਉਣ ਵਾਲੇ ਇਨ੍ਹਾਂ ਕੈਦੀਆਂ ਵਿਚੋਂ ਕਰੀਬ ਛੇ ਜਣਿਆਂ ਨੂੰ ਸੂਬੇ ਦੀਆਂ ਤਿੰਨ ਹੋਰ ਜੇਲ੍ਹਾਂ ਵਿਚ ਤਬਦੀਲ ਕੀਤਾ ਜਾ ਚੁੱਕਾ ਹੈ।

ਦੱਸਣਾ ਬਣਦਾ ਹੈ ਕਿ ਬਠਿੰਡਾ ਦੀ ਇਸ ਜੇਲ੍ਹ ਵਿਚ ਕਰੀਬ 50 ਦੇ ਕਰੀਬ ਖਤਰਨਾਕ ਗੈਂਗਸਟਰ ਬੰਦ ਹਨ, ਜਿਨ੍ਹਾਂ ਵਿਚ ਲਾਰੈਂਸ ਬਿਸ਼ਨੋਈ ਵੀ ਸ਼ਾਮਲ ਹੈ। ਜੇਲ੍ਹ ਦੀ ਸੁਰੱਖਿਆ ਦੀ



ਜ਼ਿੰਮੇਵਾਰੀ ਕੇਂਦਰੀ ਸੁਰੱਖਿਆ ਬਲਾਂ ਹਵਾਲੇ ਹੈ। ਗੌਰਤਲਬ ਹੈ ਕਿ ਇਸ ਵਾਇਰਲ ਹੋਈ ਵੀਡੀਓ ਵਿਚ ਕੈਦੀਆਂ ਨੇ ਜੇਲ੍ਹ ਦੇ ਚਾਰ ਡਿਪਟੀ ਸੁਪਰਡੈਂਟਾਂ ਅਤੇ ਸਹਾਇਕ ਸੁਪਰਡੈਂਟਾਂ ਉੱਪਰ ਦੋਸ਼ ਲਗਾਉਂਦਿਆਂ ਪੈਸਿਆਂ ਬਦਲੇ ਜੇਲ੍ਹ ਵਿਚ ਨਸ਼ਾ ਵਿਕਾਉਣ ਅਤੇ ਮੋਬਾਈਲ ਫੋਨ ਦੇਣ ਦਾ ਦਾਅਵਾ ਕੀਤਾ ਹੈ ਅਤੇ ਮਾਮਲੇ ਦੀ ਉੱਚ ਪੱਧਰੀ ਪੜਤਾਲ ਮੰਗੀ ਸੀ। ਕੈਦੀਆਂ ਨੇ ਪੰਜ ਮੋਬਾਈਲ ਫੋਨ ਸਾਹਮਣੇ ਰੱਖਦਿਆਂ ਕਿਹਾ ਕਿ ਇੱਥੇ ਪੈਸੇ ਨਾਲ ਹਰ ਚੀਜ਼ ਮਿਲਦੀ ਹੈ ਅਤੇ ਇਥੇ ਕੋਈ ਸੁਰੱਖਿਆ ਨਹੀਂ ਹੈ।

## ਪੰਜਾਬ ਦੀ ਗਲਤ ਤਸਵੀਰ ਪੇਸ਼ ਕਰ ਰਹੀਆਂ ਨੇ ਸਰਕਾਰਾਂ: ਖਹਿਰਾ

**ਮੁਕੇਰੀਆਂ:** ਕਾਂਗਰਸ ਕਿਸਾਨ ਸੈੱਲ ਦੇ ਚੇਅਰਮੈਨ ਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੇਂਦਰ ਸਰਕਾਰ ਵਲੋਂ ਕੌਮੀ ਪੱਧਰ 'ਤੇ ਪੰਜਾਬ ਦੀ ਗਲਤ ਤਸਵੀਰ ਪੇਸ਼ ਕੀਤੀ ਜਾ ਰਹੀ ਹੈ। ਪੰਜਾਬ ਦੇ ਲੋਕ ਅਮਨ-ਸ਼ਾਂਤੀ ਨਾਲ ਜਿਊਣਾ ਚਾਹੁੰਦੇ ਹਨ ਅਤੇ ਸੂਬੇ 'ਚ ਅਜਿਹੀ ਕੋਈ ਘਟਨਾ ਨਹੀਂ ਵਾਪਰੀ ਕਿ ਸਿੱਖ ਨੌਜਵਾਨਾਂ 'ਤੇ ਐਨ.ਐਸ.ਏ. ਵਰਗੇ ਕਾਨੂੰਨ ਲਗਾਏ ਜਾਣ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਦੇ ਮਾਮਲੇ ਵਿਚ ਸਰਕਾਰ ਵੱਲੋਂ ਖੁਦ ਦਹਿਸ਼ਤ ਦਾ ਮਾਹੌਲ ਸਿਰਜਿਆ ਗਿਆ ਹੈ। ਕਾਂਗਰਸੀ ਆਗੂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਅਧਿਕਾਰ ਕੇਂਦਰ ਸਰਕਾਰ ਨੂੰ ਸੌਂਪ ਦਿੱਤੇ ਹਨ। ਸੂਬੇ ਦੀ ਭਾਈਚਾਰਕ ਏਕਤਾ ਮਜ਼ਬੂਤ ਹੈ ਅਤੇ ਸੂਬੇ ਅੰਦਰ ਅਜਿਹੀ ਕੋਈ ਘਟਨਾ ਨਹੀਂ ਵਾਪਰੀ, ਜਿਸ ਦੇ ਆਧਾਰ 'ਤੇ ਨੌਜਵਾਨਾਂ ਨੂੰ ਅਸਾਮ ਦੀਆਂ ਜੇਲ੍ਹਾਂ ਵਿਚ ਡੱਕਿਆ ਜਾ ਸਕੇ।

# ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਬਠਿੰਡਾ ਜੇਲ੍ਹ 'ਚ ਹੋਈ: ਬਲਕੌਰ



**ਮਾਨਸਾ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਵਾਲੀ ਵੀਡੀਓ ਬਠਿੰਡਾ ਦੀ ਕੇਂਦਰੀ ਜੇਲ੍ਹ ਵਿਚ ਹੀ ਬਣੀ ਹੈ। ਉਨ੍ਹਾਂ ਕਿਹਾ ਕਿ ਜਦੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਪਹਿਲੀ ਵੀਡੀਓ ਜਾਰੀ ਹੋਈ ਤਾਂ ਪੰਜਾਬ ਦੇ ਡੀ.ਜੀ.ਪੀ. ਨੇ ਸਪੱਸ਼ਟੀਕਰਨ ਦੇ ਕੇ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ, ਪਰ ਗੈਂਗਸਟਰਾਂ ਨੇ ਬੁਲੰਦ ਹੌਸਲਿਆਂ ਸਦਕਾ ਅਗਲੇ ਹੀ ਦਿਨ ਬਿਸ਼ਨੋਈ ਦੀ ਇਕ ਹੋਰ ਇੰਟਰਵਿਊ ਜਾਰੀ ਕਰ ਦਿੱਤੀ।

ਉਨ੍ਹਾਂ ਕਿਹਾ ਕਿ ਲਾਰੈਂਸ ਨੂੰ ਹੀਰੋ ਤੇ ਰਾਸ਼ਟਰਵਾਦੀ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਮੂਸੇਵਾਲਾ ਦੇ ਅਸਲੀ ਕਾਤਲਾਂ ਨੂੰ ਹਾਲੇ ਤੱਕ ਨਹੀਂ ਫੜਿਆ ਗਿਆ ਤੇ ਪੰਜਾਬ ਸਰਕਾਰ ਇਸ ਵਿਚ ਪੂਰੀ ਤਰ੍ਹਾਂ ਫੇਲ੍ਹ ਹੋਈ ਹੈ। ਬਲਕੌਰ ਸਿੰਘ ਨੇ ਕਿਹਾ ਕਿ ਸ਼ੁਭਦੀਪ ਸਿੰਘ ਦੇ ਰਿਲੀਜ਼ ਹੋਏ ਨਵੇਂ ਗੀਤ 'ਮੇਰਾ ਨਾਂ' ਨੂੰ ਉਸ ਦੇ ਪ੍ਰਸ਼ੰਸਕਾਂ ਵੱਲੋਂ ਬੇਹਿਸਾਬ ਪਿਆਰ ਦਿੱਤਾ ਗਿਆ ਹੈ ਤੇ ਇਹੀ ਗੱਲ ਉਨ੍ਹਾਂ ਲਈ ਸਭ ਤੋਂ ਵੱਡੀ ਹਿੰਮਤ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਸਿੱਧੂ ਮੂਸੇਵਾਲਾ ਦੇ ਗੀਤਾਂ ਦਾ ਵੱਡਾ ਭੰਡਾਰ ਉਨ੍ਹਾਂ ਕੋਲ ਹੈ ਅਤੇ ਪੜਾਅ ਦਰ ਪੜਾਅ ਇਹ ਗੀਤ ਰਿਲੀਜ਼ ਕੀਤੇ ਜਾਣਗੇ ਤਾਂ ਜੋ ਸ਼ੁਭਦੀਪ ਦੇ ਪ੍ਰਸ਼ੰਸਕ ਉਸ ਦੀ ਆਵਾਜ਼ ਸੁਣਦੀ ਰਹੇ। ਉਨ੍ਹਾਂ ਕਿਹਾ ਕਿ ਸਿੱਧੂ ਮੂਸੇਵਾਲਾ ਦਾ ਗੀਤ 'ਜਾਂਦੀ ਵਾਰ' ਹਾਲੇ ਕਾਨੂੰਨੀ ਪ੍ਰਕਿਰਿਆ ਵਿਚ ਹੈ, ਉਮੀਦ ਹੈ ਕਿ ਉਸ ਨੂੰ ਆਉਂਦੇ ਦਿਨਾਂ ਵਿਚ ਰਿਲੀਜ਼ ਕੀਤਾ ਜਾ ਸਕੇਗਾ।

# ਵਿਦੇਸ਼ ਗਿਆ ਨੌਜਵਾਨ 16 ਸਾਲਾਂ ਤੋਂ ਲਾਪਤਾ

**ਫਗਵਾੜਾ:** ਪਿੰਡ ਪੰਡਵਾਂ ਦਾ ਨੌਜਵਾਨ ਮਨਦੀਪ ਸਿੰਘ 2007 ਵਿਚ ਚੰਗੇ ਭਵਿੱਖ ਦੇ ਸੁਪਨੇ ਲੈ ਕੇ ਵਿਦੇਸ਼ ਗਿਆ ਸੀ ਪਰ ਪਿਛਲੇ ਕਰੀਬ 16 ਸਾਲਾਂ ਤੋਂ ਕੋਈ ਉਸ ਦਾ ਕੋਈ ਥਹੁ-ਪਤਾ ਨਹੀਂ ਲੱਗ ਸਕਣ ਕਾਰਨ ਪਰਿਵਾਰ ਮੈਂਬਰ ਪਰੇਸ਼ਾਨ ਹਨ। ਮਨਦੀਪ ਦੀ ਮਾਤਾ ਸੁਰਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਪੁੱਤਰ ਨੂੰ ਗਰੀਸ ਰਹਿੰਦੇ ਉਸ ਦੇ ਚਾਚੇ ਨੇ ਸੱਦਿਆ ਸੀ।

ਇਥੋਂ ਜਾਣ ਤੋਂ ਬਾਅਦ ਛੇ ਮਹੀਨੇ ਤੱਕ ਉਸ ਨਾਲ ਗੱਲਬਾਤ ਹੁੰਦੀ ਰਹੀ ਪਰ ਉਸ ਦੇ ਗਰੀਸ ਪਹੁੰਚਣ ਬਾਰੇ ਕੁਝ ਪਤਾ ਨਹੀਂ ਲੱਗਿਆ। ਉਨ੍ਹਾਂ ਦੱਸਿਆ ਕਿ ਘਰੋਂ ਜਾਣ ਤੋਂ ਛੇ ਮਹੀਨੇ ਬਾਅਦ ਮਨਦੀਪ ਨੇ ਫੋਨ ਕਰ ਕੇ ਦੱਸਿਆ ਸੀ ਕਿ ਉਹ ਤੁਰਕੀ ਪਹੁੰਚ ਗਿਆ ਹੈ ਤੇ ਇੱਥੇ ਉਸ ਉੱਪਰ ਤਸ਼ੱਦਦ ਕੀਤਾ ਜਾ ਰਿਹਾ ਹੈ ਤੇ ਜੇਕਰ ਉਹ ਜਿਉਂਦਾ ਰਿਹਾ ਤਾਂ ਗਰੀਸ ਪਹੁੰਚ ਕੇ ਫੋਨ ਕਰੇਗਾ, ਪਰ ਦੁਬਾਰਾ ਉਸ ਦਾ ਕੋਈ ਫੋਨ ਨਹੀਂ ਆਇਆ। ਉਨ੍ਹਾਂ ਦੱਸਿਆ ਕਿ ਕਈ ਕੋਸ਼ਿਸ਼ਾਂ ਦੇ ਬਾਵਜੂਦ ਮਨਦੀਪ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ ਹੈ। ਇਸ ਸਬੰਧੀ ਉਨ੍ਹਾਂ ਆਮ ਆਦਮੀ ਪਾਰਟੀ ਦੇ ਆਗੂ ਜੋਗਿੰਦਰ ਸਿੰਘ ਮਾਨ ਨੂੰ ਮਿਲ ਕੇ ਉਨ੍ਹਾਂ ਨੂੰ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਸੌਂਪਿਆ ਅਤੇ ਮਨਦੀਪ ਬਾਰੇ ਪਤਾ ਕਰਵਾਉਣ ਦੀ ਮੰਗ ਕੀਤੀ ਹੈ। 'ਆਪ' ਆਗੂ ਜੋਗਿੰਦਰ ਸਿੰਘ ਮਾਨ ਨੇ ਪਰਿਵਾਰ ਨੂੰ ਭਰੋਸਾ ਦਿਵਾਇਆ ਕਿ ਕੇਂਦਰੀ ਵਿਦੇਸ਼ ਮੰਤਰਾਲੇ ਨਾਲ ਰਾਬਤਾ ਕਾਇਮ ਕਰ ਕੇ ਮਨਦੀਪ ਦਾ ਪਤਾ ਲਗਾਉਣ ਦਾ ਯਤਨ ਕੀਤਾ ਜਾਵੇਗਾ।

## ਰਾਮੂਵਾਲੀਆ ਵੱਲੋਂ ਲੋਕ ਭਲਾਈ ਪਾਰਟੀ ਨੂੰ ਸੁਰਜੀਤ ਕਰਨ ਦਾ ਐਲਾਨ

**ਬਠਿੰਡਾ:** ਸਾਬਕਾ ਸੰਸਦ ਮੈਂਬਰ ਤੇ ਉਤਰ ਪ੍ਰਦੇਸ਼ ਦੇ ਸਾਬਕਾ ਜੇਲ੍ਹ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਬਠਿੰਡਾ ਵਿਚ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਉਹ ਮੁੜ ਆਪਣੀ ਲੋਕ ਭਲਾਈ ਪਾਰਟੀ ਨੂੰ ਸੁਰਜੀਤ ਕਰਨਗੇ। ਉਨ੍ਹਾਂ ਬਾਦਲ ਪਰਿਵਾਰ ਨੂੰ ਸਿੱਖ ਧਰਮ ਦੇ ਹਰ ਮੁੱਦੇ 'ਤੇ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ ਹੈ। ਸ੍ਰੀ ਰਾਮੂਵਾਲੀਆ ਨੇ ਕਿਹਾ ਕਿ ਬਾਦਲ ਪਰਿਵਾਰ ਉਨ੍ਹਾਂ ਨਾਲ 25 ਮਿੰਟ ਖੁੱਲ੍ਹੀ ਬਹਿਸ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਬਜਟ 1138 ਕਰੋੜ ਹੋਣ ਦੇ ਬਾਵਜੂਦ ਕਮੇਟੀ ਅਧੀਨ ਚੱਲਦੇ ਵਿਦਿਅਕ ਅਦਾਰਿਆਂ ਦਾ ਮਾੜਾ ਹਾਲ ਹੈ। ਸ੍ਰੀ ਰਾਮੂਵਾਲੀਆ ਨੇ ਕਿਹਾ ਕਿ ਉਹ ਪੰਜਾਬ ਵਿਚ ਮਾਤਾ ਗੁਜਰੀ ਯੂਨੀਵਰਸਿਟੀ ਲੈ ਕੇ ਆਏ ਹਨ ਤੇ ਉਹ 'ਵਰਸਿਟੀ ਦੇ ਚਾਂਸਲਰ ਹਨ। ਉਨ੍ਹਾਂ ਦਾਅਵਾ ਕੀਤਾ ਕਿ ਹਰ ਵਰਗ ਲਈ ਦਾਖਲੇ ਖੋਲ੍ਹੇ ਗਏ ਹਨ ਤੇ ਕੋਈ ਡੋਨੇਸ਼ਨ ਨਹੀਂ ਲਿਆ ਜਾਂਦਾ ਹੈ। ਇਸ ਦੌਰਾਨ ਸ੍ਰੀ ਰਾਮੂਵਾਲੀਆ ਨੇ ਮੁੜ ਚੋਣ ਮੈਦਾਨ ਵਿਚ ਆਉਣ ਦਾ ਇਸ਼ਾਰਾ ਕਰਦਿਆਂ ਹਿੰਦੂ-ਸਿੱਖਾਂ ਦੀ ਸਾਂਝੀ ਕਮੇਟੀ ਬਣਾਉਣ 'ਤੇ ਜ਼ੋਰ ਦਿੱਤਾ।

# ਐਨ.ਟੀ.ਟੀ. ਪ੍ਰੀ-ਪ੍ਰਾਇਮਰੀ ਬੇਰੁਜ਼ਗਾਰਾਂ ਨਾਲ ਧੱਕਾਮੁੱਕੀ

**ਸੰਗਰੂਰ:** ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਐੱਨ.ਟੀ.ਟੀ. ਪ੍ਰੀ-ਪ੍ਰਾਇਮਰੀ ਬੇਰੁਜ਼ਗਾਰਾਂ ਅਤੇ ਪੁਲਿਸ ਵਿਚਾਲੇ ਧੱਕਾਮੁੱਕੀ ਹੋਈ। ਪ੍ਰਦਰਸ਼ਨਕਾਰੀ ਐਨ.ਟੀ.ਟੀ. 8393 ਪ੍ਰੀ-ਪ੍ਰਾਇਮਰੀ ਭਰਤੀ ਦਾ ਨੋਟੀਫਿਕੇਸ਼ਨ ਜਾਰੀ ਕਰਨ ਅਤੇ ਜਲਦੀ ਪੇਪਰ ਲੈ ਕੇ ਨੌਕਰੀ ਦੇਣ ਦੀ ਮੰਗ ਕਰ ਰਹੇ ਸਨ। ਪੁਲਿਸ ਵੱਲੋਂ ਰੋਕੇ ਜਾਣ 'ਤੇ ਪ੍ਰਦਰਸ਼ਨਕਾਰੀਆਂ ਨੇ ਰਿਹਾਇਸ਼ੀ ਕਲੋਨੀ ਦੇ ਮੁੱਖ ਗੇਟ ਅੱਗੇ ਧਰਨਾ ਲਗਾ ਦਿੱਤਾ ਤੇ ਸਰਕਾਰ 'ਤੇ ਵਾਅਦਾਖਿਲਾਫ਼ੀ ਦਾ ਦੋਸ਼ ਲਾ ਕੇ ਨਾਅਰੇਬਾਜ਼ੀ ਕੀਤੀ।

ਜਾਣਕਾਰੀ ਅਨੁਸਾਰ ਬੇਰੁਜ਼ਗਾਰ ਐਨ.ਟੀ.ਟੀ. ਪ੍ਰੀ-ਪ੍ਰਾਇਮਰੀ ਫਰੈਸ਼ਰ ਯੂਨੀਅਨ ਦੀ ਅਗਵਾਈ ਹੇਠ ਬੇਰੁਜ਼ਗਾਰ ਉਮੀਦਵਾਰ ਜਿਉਂ ਹੀ ਰੋਸ ਮਾਰਚ ਕਰਦੇ ਹੋਏ ਮੁੱਖ ਮੰਤਰੀ ਦੀ ਰਿਹਾਇਸ਼ ਵਾਲੀ ਕਲੋਨੀ ਦੇ ਮੁੱਖ ਗੇਟ ਅੱਗੇ ਪੁੱਜੇ ਤਾਂ ਪੁਲਿਸ ਵੱਲੋਂ ਬੈਰੀਕੇਡ ਲਗਾ ਕੇ ਉਨ੍ਹਾਂ ਨੂੰ ਰੋਕ ਲਿਆ ਗਿਆ। ਇਸ ਦੌਰਾਨ ਦੋਹਾਂ ਧਿਰਾਂ ਵਿਚਾਲੇ ਧੱਕਾਮੁੱਕੀ ਤੇ ਖਿੱਚਧੂਹ ਹੋਈ। ਇਸ



ਦੌਰਾਨ ਇਕ ਮਹਿਲਾ ਪ੍ਰਦਰਸ਼ਨਕਾਰੀ ਦੀ ਸਿਹਤ ਖਰਾਬ ਹੋਣ ਕਾਰਨ ਸਿਵਲ ਹਸਪਤਾਲ ਲਿਜਾਇਆ ਗਿਆ। ਇਸ ਮਗਰੋਂ ਪ੍ਰਦਰਸ਼ਨਕਾਰੀਆਂ ਨੇ ਸੜਕ 'ਤੇ ਆਵਾਜਾਈ ਠੱਪ ਕਰ ਕੇ ਧਰਨਾ ਲਗਾ ਦਿੱਤਾ।

ਇਸ ਮੌਕੇ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਚਮਕੌਰ ਸਾਹਿਬ ਨੇ ਕਿਹਾ ਕਿ ਨਵੰਬਰ-2020 ਤੋਂ ਐਨ.ਟੀ.ਟੀ. 8393 ਅਸਾਮੀਆਂ ਦੀ ਭਰਤੀ ਅਧੂਰੀ ਪਈ ਹੈ। ਨਵੰਬਰ-2020 ਵਿਚ ਐਨ.ਟੀ.ਟੀ. ਦੀ ਭਰਤੀ ਸਬੰਧੀ ਇਸ਼ਤਿਹਾਰ ਦਿੱਤਾ ਗਿਆ ਸੀ ਪਰ ਮਾਮਲਾ ਅਦਾਲਤ ਵਿਚ ਚਲਾ ਗਿਆ ਸੀ। ਅਦਾਲਤ ਨੇ 10 ਦਸੰਬਰ 2021 ਨੂੰ ਐਨ.ਟੀ.ਟੀ. ਫਰੈਸ਼ਰਜ਼ ਦੇ ਹੱਕ ਵਿਚ ਫੈਸਲਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਿਧਾਨ ਸਭਾ ਸੈਸ਼ਨ ਵਿਚ ਵੀ 8393 ਪ੍ਰੀ-ਪ੍ਰਾਇਮਰੀ ਦੀ ਭਰਤੀ ਪ੍ਰਕਿਰਿਆ ਪੂਰੀ ਕਰਨ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਮੰਗ ਕੀਤੀ ਕਿ ਐਨ.ਟੀ.ਟੀ. ਪ੍ਰੀ-ਪ੍ਰਾਇਮਰੀ ਦੀ ਭਰਤੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ, ਜਲਦੀ ਪੇਪਰ ਦੀ ਤਰੀਕ ਐਲਾਨੀ ਜਾਵੇ, ਹਾਈ ਕੋਰਟ ਦੇ ਫੈਸਲੇ ਨੂੰ ਧਿਆਨ ਵਿਚ ਰੱਖਦੇ ਹੋਏ ਉਮਰ ਲੰਘਾ ਚੁੱਕੇ ਸਾਥੀਆਂ ਨੂੰ ਛੋਟ ਦਿੱਤੀ ਜਾਵੇ ਤੇ ਭਰਤੀ ਪ੍ਰਕਿਰਿਆ ਨੂੰ ਮੁਕੰਮਲ ਕੀਤਾ ਜਾਵੇ। ਉਨ੍ਹਾਂ ਐਲਾਨ ਕੀਤਾ ਕਿ ਜੇਕਰ ਸਰਕਾਰ ਨੇ ਨੋਟੀਫਿਕੇਸ਼ਨ ਜਲਦੀ ਜਾਰੀ ਨਾ ਕੀਤਾ ਤਾਂ ਜਲੰਧਰ ਜ਼ਿਮਨੀ ਚੋਣ ਦੌਰਾਨ ਸਰਕਾਰ ਦੇ ਝੂਠੇ ਵਾਅਦਿਆਂ ਬਾਰੇ ਪ੍ਰਚਾਰ ਕੀਤਾ ਜਾਵੇਗਾ।

# ਪੰਜਾਬ ਸਰਕਾਰ ਦਾ ਖਜ਼ਾਨਾ ਭਰਨ ਬਾਰੇ ਦਾਅਵੇ; ਆਮਦਨ 'ਚ ਰਿਕਾਰਡ ਵਾਧਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਾਅਵਾ ਕੀਤਾ ਹੈ ਕਿ 'ਆਪ' ਸਰਕਾਰ ਦੇ ਯਤਨਾਂ ਨਾਲ ਸਰਕਾਰ ਦੀ ਆਮਦਨ ਵਿਚ ਰਿਕਾਰਡ ਵਾਧਾ ਹੋਇਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਲੰਘੇ ਵਿੱਤੀ ਸਾਲ ਦੌਰਾਨ ਸੂਬੇ ਨੂੰ 8,841 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ ਹੈ। ਇਹ ਮਾਲੀਆ ਪਿਛਲੇ ਸਾਲ ਨਾਲੋਂ 2587 ਕਰੋੜ ਰੁਪਏ ਵੱਧ ਹੈ, ਜੋ ਕਿ ਲਗਭਗ 41.41 ਫੀਸਦੀ ਵੱਧ ਬਣਦਾ ਹੈ।



ਭਗਵੰਤ ਮਾਨ ਨੇ ਕਿਹਾ ਕਿ ਅਗਲੇ ਵਿੱਤੀ ਸਾਲ ਲਈ 9,754 ਕਰੋੜ ਰੁਪਏ ਦਾ ਟੀਚਾ ਰੱਖਿਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਜੀ.ਐੱਸ.ਟੀ. ਦੀ ਵਸੂਲੀ ਵਿਚ 16.6 ਫੀਸਦੀ ਦੇ ਵਾਧੇ ਨਾਲ ਸੂਬਾ ਜੀ.ਐੱਸ.ਟੀ. ਕੁਲੈਕਸ਼ਨ ਵਿਚ ਸਭ ਤੋਂ ਚੰਗਾ ਪ੍ਰਦਰਸ਼ਨ ਕਰਨ ਵਾਲੇ ਸੂਬਿਆਂ ਵਿਚ ਸ਼ਾਮਲ ਹੋ ਗਿਆ ਹੈ। ਭਗਵੰਤ ਮਾਨ ਨੇ ਕਿਹਾ ਕਿ ਪਿਛਲੇ ਵਿੱਤੀ ਸਾਲ ਵਿਚ 18,126 ਕਰੋੜ ਰੁਪਏ ਜੀ.ਐੱਸ.ਟੀ. ਮਾਲੀਆ ਇਕੱਤਰ ਹੋਇਆ ਹੈ ਜਦਕਿ ਉਸ ਤੋਂ ਪਿਛਲੇ ਸਾਲ 15,542 ਕਰੋੜ ਰੁਪਏ ਇਕੱਤਰ ਹੋਏ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਜ਼ਮੀਨ-ਜਾਇਦਾਦ ਦੀ ਰਜਿਸਟਰੇਸ਼ਨ ਲਈ ਸਟੈਂਪ ਡਿਊਟੀ 'ਤੇ 2.25 ਫੀਸਦੀ ਦੀ ਛੋਟ ਦੇਣ ਦਾ ਨਵਾਂ ਤਜਰਬਾ ਕੀਤਾ ਗਿਆ। ਇਸ ਨਾਲ ਫਰਵਰੀ ਮਹੀਨੇ ਵਿਚ 339 ਕਰੋੜ ਰੁਪਏ ਦਾ ਮਾਲੀਆ ਪੈਦਾ ਹੋਇਆ ਸੀ ਜਦਕਿ ਮਾਰਚ ਮਹੀਨੇ ਵਿਚ ਇਹ ਮਾਲੀਆ ਵਧ ਕੇ 658.68 ਕਰੋੜ ਰੁਪਏ ਹੋ ਗਿਆ। ਉਨ੍ਹਾਂ ਦੱਸਿਆ ਕਿ ਸਰਕਾਰ ਨੇ 20,200 ਕਰੋੜ ਰੁਪਏ ਦੀ ਬਕਾਇਆ ਸਬਸਿਡੀ ਜਾਰੀ ਕੀਤੀ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਇਸ ਸਬਸਿਡੀ ਵਿਚੋਂ 9063.79 ਕਰੋੜ ਰੁਪਏ ਖੇਤੀਬਾੜੀ ਸੈਕਟਰ ਨੂੰ 8285.90 ਕਰੋੜ ਰੁਪਏ ਘਰੇਲੂ ਖਪਤਕਾਰਾਂ ਲਈ ਸਬਸਿਡੀ ਵਜੋਂ ਅਤੇ 2911 ਕਰੋੜ ਰੁਪਏ ਸਨਅਤੀ ਸੈਕਟਰ ਨੂੰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੂੰ ਪਿਛਲੀਆਂ ਸਰਕਾਰਾਂ ਤੋਂ ਪੀ.ਐੱਲ.ਪੀ.ਸੀ.ਐੱਲ. ਦਾ 9020 ਕਰੋੜ ਰੁਪਏ ਦਾ ਕਰਜ਼ਾ ਵਿਰਾਸਤ ਵਿਚ ਮਿਲਿਆ ਸੀ ਤੇ ਸੂਬਾ ਸਰਕਾਰ 1894 ਕਰੋੜ ਰੁਪਏ ਦੀਆਂ ਪੰਜ ਕਿਸ਼ਤਾਂ ਰਾਹੀਂ ਇਹ ਕਰਜ਼ਾ ਵੀ ਮੋੜ ਰਹੀ ਹੈ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਹੁਣ ਤੱਕ 3538 ਨੌਜਵਾਨਾਂ ਨੂੰ ਪਾਵਰਕੌਮ ਵਿਚ ਨੌਕਰੀਆਂ ਦਿੱਤੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਹੁਣ ਤੱਕ ਸੂਬੇ ਦੇ 28,000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ 504 ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ ਕੀਤੇ ਹਨ ਅਤੇ ਅਜਿਹੇ 134 ਹੋਰ ਕਲੀਨਿਕ ਜਲਦੀ ਹੀ ਸ਼ੁਰੂ ਕੀਤੇ ਜਾਣਗੇ। ਮਾਨ ਨੇ ਕਿਹਾ ਕਿ ਇਨ੍ਹਾਂ ਆਮ ਆਦਮੀ ਕਲੀਨਿਕਾਂ ਤੋਂ ਹੁਣ ਤੱਕ 21.21 ਲੱਖ ਮਰੀਜ਼ ਲਾਭ ਉਠਾ ਚੁੱਕੇ ਹਨ ਅਤੇ ਕੁਝ ਹੀ ਮਹੀਨਿਆਂ ਵਿਚ ਲੱਖਾਂ ਮਰੀਜ਼ਾਂ ਦੇ ਮੁਫ਼ਤ ਟੈਸਟ ਕੀਤੇ ਗਏ ਹਨ। ਮੁੱਖ ਮੰਤਰੀ ਨੇ ਕਿਹਾ ਕਿਸਾਨਾਂ ਨੂੰ ਫਸਲਾਂ ਦੇ ਹੋਏ ਨੁਕਸਾਨ ਲਈ ਮੁਆਵਜ਼ੇ ਵਿਚ 25 ਫੀਸਦੀ ਵਾਧੇ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਸਮੇਂ ਸੂਬੇ ਵਿਚ ਰੇਤ ਦੀਆਂ 50 ਦੇ ਕਰੀਬ ਜਨਤਕ ਖੱਡਾਂ ਚੱਲ ਰਹੀਆਂ ਹਨ ਤੇ ਇਸ ਗਿਣਤੀ ਵਿਚ ਵਾਧਾ ਕੀਤਾ ਜਾਵੇਗਾ ਕਿਉਂਕਿ ਸੂਬਾ ਸਰਕਾਰ ਛੇਤੀ ਹੀ ਸੂਬਾ ਭਰ ਵਿੱਚ 150 ਨਵੀਆਂ ਰੇਤ ਖੱਡਾਂ ਖੋਲ੍ਹੇਗੀ।

## 'ਆਪ' ਤੋਂ ਸਾਲ 'ਚ ਹੀ ਲੋਕਾਂ ਦਾ ਮੋਹ ਭੰਗ ਹੋਇਆ: ਸੁਖਬੀਰ

**ਭਾਦਸੋਂ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੂਬੇ 'ਚ ਫੈਲੀ ਬਦਅਮਨੀ ਨੇ ਸਾਬਤ ਕਰ ਦਿੱਤਾ ਹੈ ਕਿ 'ਆਪ' ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਕ ਸਾਲ ਵਿਚ ਲੋਕਾਂ ਦਾ 'ਆਪ' ਤੋਂ ਮੋਹ ਭੰਗ ਹੋ ਗਿਆ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਜਲੰਧਰ ਜਿਮਨੀ ਚੋਣ ਵਿਚ ਅਕਾਲੀ-ਬਸਪਾ ਦੇ ਉਮੀਦਵਾਰ ਦੀ ਹੀ ਜਿੱਤ ਹੋਵੇਗੀ।

# ਪਰਿਵਾਰ ਨੂੰ ਘਰੋਂ ਚੁੱਕ ਕੇ ਲਾਪਤਾ ਕਰਨ ਵਾਲੇ ਸਾਬਕਾ ਐਸ.ਐਚ.ਓ. ਨੂੰ 10 ਸਾਲ ਕੈਦ

**ਮੁਹਾਲੀ:** ਮੁਹਾਲੀ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਸਾਬਕਾ ਫੌਜੀ ਅਫਸਰ ਪਿਆਰਾ ਸਿੰਘ, ਉਸ ਦੇ ਪੁੱਤ ਹਰਫੂਲ ਸਿੰਘ ਤੇ ਭਤੀਜੇ ਗੁਰਦੀਪ ਸਿੰਘ ਸਮੇਤ ਇਕ ਹੋਰ ਰਿਸ਼ਤੇਦਾਰ ਸਵਰਨ ਸਿੰਘ ਨੂੰ ਘਰੋਂ ਚੁੱਕ ਕੇ ਨਾਜਾਇਜ਼ ਹਿਰਾਸਤ ਵਿਚ ਰੱਖਣ ਮਗਰੋਂ ਭੇਤਭਰੀ ਹਾਲਤ ਵਿਚ ਲਾਪਤਾ ਕਰਨ ਸਬੰਧੀ ਤਿੰਨ ਦਹਾਕੇ ਤੋਂ ਵੱਧ ਪੁਰਾਣੇ ਇਕ ਮਾਮਲੇ ਦਾ ਨਿਬੇੜਾ ਕਰਦਿਆਂ ਗੋਇੰਦਵਾਲ ਸਾਹਿਬ ਥਾਣੇ ਦੇ ਤਤਕਾਲੀ ਐਸ.ਐਚ.ਓ. ਸੁਰਿੰਦਰਪਾਲ ਸਿੰਘ ਨੂੰ 10 ਸਾਲ ਕੈਦ ਤੇ ਦੋ ਲੱਖ ਰੁਪਏ ਜਰਮਾਨੇ ਦੀ ਸਜਾ ਸੁਣਾਈ ਹੈ।

ਇਸ ਮਾਮਲੇ ਵਿਚ ਨਾਮਜ਼ਦ ਸੇਵਾਮੁਕਤ ਐਸ.ਐਸ.ਪੀ. ਭੁਪਿੰਦਰਜੀਤ ਸਿੰਘ ਵਿਰਕ, ਸਾਬਕਾ ਐਸ.ਐਸ.ਓ. ਰਾਮ ਨਾਥ ਤੇ ਥਾਣੇਦਾਰ ਨਾਜ਼ਰ ਸਿੰਘ ਨੂੰ ਸਬੂਤਾਂ ਦੀ ਘਾਟ ਕਾਰਨ ਪਹਿਲਾਂ ਹੀ ਬਰੀ ਕੀਤਾ ਜਾ ਚੁੱਕਾ ਹੈ। ਪੀੜਤ ਪਰਿਵਾਰਾਂ ਦੇ ਵਕੀਲ ਸਰਬਜੀਤ ਸਿੰਘ, ਪੁਸ਼ਪਿੰਦਰ ਸਿੰਘ ਨੱਤ ਤੇ ਜਗਜੀਤ ਸਿੰਘ ਨੇ ਦੱਸਿਆ ਕਿ ਪੰਜਾਬ ਪੁਲਿਸ ਵੱਲੋਂ 23 ਜੁਲਾਈ 1992 ਵਿਚ ਸਾਬਕਾ ਆਰਮੀ ਅਫਸਰ ਪਿਆਰਾ ਸਿੰਘ, ਉਸ ਦੇ ਬੇਟੇ ਹਰਫੂਲ ਸਿੰਘ, ਭਤੀਜੇ ਗੁਰਦੀਪ ਸਿੰਘ, ਜੋ ਬਿਜਲੀ ਬੋਰਡ ਦਾ ਮੁਲਾਜ਼ਮ ਸੀ ਅਤੇ ਇਕ ਹੋਰ ਰਿਸ਼ਤੇਦਾਰ ਸਵਰਨ ਸਿੰਘ ਨੂੰ ਘਰੋਂ ਚੁੱਕ ਕੇ ਕਈ ਦਿਨਾਂ ਤੱਕ ਨਾਜਾਇਜ਼ ਹਿਰਾਸਤ ਵਿਚ ਰੱਖਿਆ ਗਿਆ ਤੇ ਮਗਰੋਂ ਭੇਤਭਰੇ ਢੰਗ ਨਾਲ ਉਨ੍ਹਾਂ ਲਾਪਤਾ ਕਰ ਦਿੱਤਾ।

ਪੁਲਿਸ ਦੀ ਇਸ ਧੱਕੇਸ਼ਾਹੀ ਖ਼ਿਲਾਫ਼ ਪੀੜਤ ਪਰਿਵਾਰ ਲਗਭਗ ਤਿੰਨ ਦਹਾਕਿਆਂ ਤੋਂ ਸਮੇਂ ਦੀ ਸਰਕਾਰਾਂ ਅਤੇ ਉੱਚ ਅਧਿਕਾਰੀਆਂ ਅੱਗੇ ਇਨਸਾਫ ਦੀਆਂ ਅਪੀਲਾਂ ਕਰਦੇ ਆਏ ਹਨ। ਇਸ ਮਗਰੋਂ ਸਾਬਕਾ ਆਰਮੀ ਅਫ਼ਸਰ ਦੀ ਪਤਨੀ ਜਗੀਰ ਕੌਰ ਨੇ 1996 ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਬੂਹਾ ਖੜਕਾਇਆ ਤੇ ਉੱਚ ਅਦਾਲਤ ਨੇ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ, ਜਿਸ ਮਗਰੋਂ ਸੀ.ਬੀ.ਆਈ. ਨੇ ਗੋਬਿੰਦਵਾਲ ਸਾਹਿਬ ਦੇ ਤਤਕਾਲੀ ਐਸ.ਐਚ.ਓ. ਸੁਰਿੰਦਰਪਾਲ ਸਿੰਘ ਖ਼ਿਲਾਫ਼ ਕੇਸ ਦਰਜ ਕੀਤਾ। ਇਸ ਮਾਮਲੇ ਵਿਚ ਤਤਕਾਲੀ ਡੀ.ਐਸ.ਪੀ. ਭੁਪਿੰਦਰਜੀਤ ਸਿੰਘ ਵਿਰਕ (ਹੁਣ ਸੇਵਾਮੁਕਤ ਐਸ.ਐਸ.ਪੀ), ਵੇਰੋਵਾਲ ਥਾਣਾ ਦੇ ਤਤਕਾਲੀ ਐਸ.ਐਚ.ਓ. ਰਾਮ ਨਾਥ ਸਿੰਘ, ਤਤਕਾਲੀ ਥਾਣੇਦਾਰ ਨਾਜਰ ਸਿੰਘ ਵੀ ਨਾਮਜਦ ਕੀਤੇ ਗਏ ਸਨ। ਅਦਾਲਤ ਨੇ ਤਤਕਾਲੀ ਐਸ.ਐਚ.ਓ. ਸੁਰਿੰਦਰਪਾਲ ਸਿੰਘ ਨੂੰ ਸਜਾ ਸੁਣਾਈ ਅਤੇ ਬਾਕੀ ਮੁਲਜ਼ਮਾਂ ਨੂੰ ਬਰੀ ਕੀਤਾ ਹੈ।

# ਬੇਨੇਮੀਆਂ ਦੇ ਦੋਸ਼ 'ਚ ਦੋ ਸਰਪੰਚ ਤੇ ਛੇ ਪੰਚ ਮੁਅੱਤਲ

**ਰਾਜਪੁਰਾ:** ਹਲਕੇ ਦੇ ਪਿੰਡ ਨੈਣਾ ਦੀ ਮਹਿਲਾ ਸਰਪੰਚ ਖਿਲਾਫ ਨਾਜਾਇਜ਼ ਕਾਬਜ਼ਕਾਰ ਨਾਲ ਛੱਪੜ ਵਾਲੀ ਜਗ੍ਹਾ ਵਿਚੋਂ ਬਿਨਾਂ ਕਿਸੇ ਵਿਭਾਗੀ ਮਨਜ਼ੂਰੀ ਤੋਂ ਦਰੱਖਤ ਕੱਟ ਕੇ ਖੁਰਦ-ਬੁਰਦ ਕਰਨ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਪੰਜਾਬ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਮਹਿਲਾ ਸਰਪੰਚ ਨੂੰ ਮੁਅੱਤਲ ਕਰ ਦਿੱਤਾ ਹੈ। ਇਸ ਸਬੰਧੀ ਸਾਬਕਾ ਸਰਪੰਚ ਸੁਖਵਿੰਦਰ ਸਿੰਘ ਦੀ ਸ਼ਿਕਾਇਤ ਪ੍ਰਾਪਤ ਹੋਈ ਸੀ ਜਿਸ ਦੀ ਵਿਭਾਗ ਨੇ ਜਾਂਚ ਕੀਤੀ ਤੇ ਜਾਂਚ ਮਗਰੋਂ ਦੋਸ਼ ਸਿੱਧ ਹੋਣ 'ਤੇ ਮਹਿਲਾ ਸਰਪੰਚ ਨੂੰ ਮੁਅੱਤਲ ਕਰ ਦਿੱਤਾ।




ਮੁਅੱਤਲੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਿੰਡ ਨੈਣਾ ਦੀ ਸਰਪੰਚ ਗੁਰਮੀਤ ਕੌਰ 'ਤੇ ਨਾਜਾਇਜ਼ ਕਾਬਜ਼ਕਾਰ ਨਾਲ ਮਿਲੇ ਹੋਣ ਦੇ ਦੋਸ਼ ਸਿੱਧ ਹੋਏ ਹਨ। ਇਸ ਤੋਂ ਇਲਾਵਾ ਸਰਪੰਚ ਵੱਲੋਂ ਛੱਪਤ ਵਾਲੀ ਜਗ੍ਹਾ ਵਿਚੋਂ ਬਿਨਾਂ ਕਿਸੇ ਵਿਭਾਗੀ ਮਨਜ਼ੂਰੀ ਤੋਂ ਦਰੱਖਤ ਕੱਟ ਕੇ ਖੁਰਦ ਬੁਰਦ ਕਰਨ ਦੇ ਦੋਸ਼ ਵੀ ਸਿੱਧ ਹੋਏ ਹਨ। ਇਸੇ ਤਰ੍ਹਾਂ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ ਨੇ ਮੁਹਾਲੀ ਜ਼ਿਲ੍ਹੇ ਦੇ ਖਰੜ ਬਲਾਕ ਵਿਚ ਪੈਂਦੇ ਪਿੰਡ ਮੱਛਲੀ ਕਲਾਂ ਦੇ ਛੇ ਪੰਚਾਇਤ ਮੈਂਬਰਾਂ ਨੂੰ ਮੁਅੱਤਲ ਕਰ ਦਿੱਤਾ ਹੈ। ਡਾਇਰੈਕਟਰ ਵੱਲੋਂ ਇਹ ਕਾਰਵਾਈ ਮੁਹਾਲੀ ਦੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਵੱਲੋਂ ਭੇਜੀ ਗਈ ਰਿਪੋਰਟ ਦੇ ਆਧਾਰ ਉਤੇ ਕੀਤੀ ਗਈ ਹੈ। ਰਿਪੋਰਟ ਵਿਚ ਪੰਚਾਂ ਉਤੇ ਸਰਪੰਚ ਨੂੰ ਵਿਕਾਸ ਕਾਰਜਾਂ ਲਈ ਜਾਣ-ਬੁੱਝ ਕੇ ਸਹਿਯੋਗ ਨਾ ਦੇਣ ਦਾ ਦੋਸ਼ ਹੈ। ਡਾਇਰੈਕਟਰ ਵੱਲੋਂ ਜਾਰੀ ਨਿਰਦੇਸ਼ ਅਨੁਸਾਰ ਛੇ ਪੰਚਾਂ ਕੁਲ਼, ਜਸਵੰਤ ਸਿੰਘ, ਰਾਮ ਈਸ਼ਵਰ, ਨਵਜੋਤ, ਮਾਇਆ ਰਾਣੀ ਅਤੇ ਜਸਵੀਰ ਕੌਰ ਖਿਲਾਫ਼ ਪਿੰਡ ਮੱਛਲੀ ਕਲਾਂ ਦੇ ਸਰਪੰਚ ਬਲ ਰਾਮ ਨੇ ਸ਼ਿਕਾਇਤ ਕੀਤੀ ਸੀ। ਉਨ੍ਹਾਂ ਉਕਤ ਪੰਚਾਂ ਵੱਲੋਂ ਵਿਕਾਸ ਕੰਮਾਂ ਅਤੇ ਨਾਜਾਇਜ਼ ਕਬਜ਼ੇ ਛੁਡਾਉਣ ਲਈ ਸਹਿਯੋਗ ਨਾ ਦੇਣ ਦਾ ਦੋਸ਼ ਲਾਇਆ ਸੀ।


ਗੁਰੂ ਅਰਜਨ ਨਗਰ ਹਰਿਆਉ (ਪਾਤੜਾਂ) ਦੇ ਆਡਿਟ ਵਿਚ ਪਾਈਆਂ ਗਈਆਂ ਬੇਨੇਮੀਆਂ ਅਤੇ ਮਨਰੇਗਾ ਸਕੀਮ ਅਧੀਨ ਕਰਵਾਏ ਜਾਣ ਵਾਲੇ ਕੰਮਾਂ ਦੇ ਮਸਟਰੋਲ ਦੂਜੀਆਂ ਗਰਾਂਟਾਂ ਵਿਚ ਦਿਖਾਏ ਜਾਣ ਦੇ ਮਾਮਲੇ ਵਿਚ ਸਰਪੰਚ ਗੁਰਨਾਮ ਸਿੰਘ ਨੂੰ ਅਹੁਦੇ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਸਬੰਧਤ ਅਧਿਕਾਰੀਆਂ ਨੂੰ ਗ੍ਰਾਮ ਪੰਚਾਇਤ ਦੇ ਨਾਂ ਉੱਤੇ ਵੱਖ-ਵੱਖ ਬੈਂਕਾਂ ਵਿਚ ਚਲਦੇ ਖਾਤਿਆਂ ਨੂੰ ਤੁਰਤ ਸੀਲ ਕਰ ਕੇ ਸਰਪੰਚ ਤੋਂ ਚਾਰਜ ਵਾਪਸ ਲੈ ਕੇ ਰਿਪੋਰਟ ਭੇਜਣ ਦੇ ਹੁਕਮ ਜਾਰੀ ਕੀਤੇ ਹਨ।

# ਕੇਂਦਰ ਸਰਕਾਰ ਤੋਂ ਬਕਾਇਆ ਲੈਣ ਲਈ ਅਦਾਲਤ ਜਾਣ ਦੀ ਤਿਆਰੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਹੈ ਕਿ ਸੂਬਾ ਸਰਕਾਰ ਕੇਂਦਰ ਤੋਂ ਪੇਂਡੂ ਵਿਕਾਸ ਫੰਡ ਦਾ ਬਕਾਇਆ ਲੈਣ ਲਈ ਅਦਾਲਤ ਵਿਚ ਜਾਣ ਦੀਆਂ ਸੰਭਾਵਨਾਵਾਂ ਤਲਾਸ਼ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਆਰ.ਡੀ.ਐਫ. ਤਹਿਤ 30,000 ਕਰੋੜ ਰੁਪਏ ਦੇ ਫੰਡਾਂ ਨੂੰ ਰੋਕ ਕੇ ਸੂਬੇ ਨੂੰ ਬੇਲੋੜਾ ਪਰੇਸ਼ਾਨ ਕਰ ਰਹੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਭਾਵੇਂ ਸੂਬਾ ਸਰਕਾਰ ਨੇ ਫੰਡ ਹਾਸਲ ਕਰਨ ਲਈ ਸਾਰੀ ਰਸਮੀ ਕਾਰਵਾਈ ਪੂਰੀ ਕਰ ਲਈ ਹੈ ਪਰ ਫਿਰ ਵੀ ਕੇਂਦਰ ਸਰਕਾਰ ਨੇ ਸੂਬੇ ਦੇ ਜਾਇਜ਼ ਫੰਡਾਂ ਨੂੰ ਜਾਣਬੁਝ ਕੇ ਰੋਕ ਦਿੱਤਾ ਹੈ, ਜੋ ਸੂਬੇ ਨਾਲ ਸਰਾਸਰ ਬੇਇਨਸਾਫ਼ੀ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਕਿ ਨੌਜਵਾਨਾਂ ਦੀ ਭਲਾਈ ਲਈ ਨਵੀਆਂ ਸਕੀਮਾਂ ਸ਼ੁਰੂ ਕੀਤੀਆਂ ਜਾਣਗੀਆਂ। ਮੁੱਖ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਸਿਖਲਾਈ ਦੇਣ ਲਈ 10 ਅਤਿ-ਆਧੁਨਿਕ ਸੈਂਟਰ ਖੋਲ੍ਹੇਗੀ।



ਭਗਵੰਤ ਮਾਨ ਨੇ ਕਿਹਾ ਕਿ ਇਹ ਸੈਂਟਰ ਨੌਜਵਾਨਾਂ ਨੂੰ ਯੂ.ਪੀ.ਐਸ.ਸੀ. ਦੀ ਪ੍ਰੀਖਿਆ ਪਾਸ ਕਰਨ ਅਤੇ ਸੂਬੇ ਅਤੇ ਦੇਸ਼ ਵਿਚ ਵੱਕਾਰੀ ਅਹੁਦਿਆਂ 'ਤੇ ਪੁੱਜਣ ਲਈ ਮਿਆਰੀ ਸਿਖਲਾਈ ਦੇਣਗੇ। ਉਨ੍ਹਾਂ ਕਿਹਾ ਕਿ ਸਰਕਾਰ ਨੌਜਵਾਨਾਂ ਨੂੰ ਵਿਆਜ ਮੁਕਤ ਕਰਜ਼ਾ ਮੁਹੱਈਆ ਕਰਵਾਉਣ ਲਈ ਜਲਦੀ ਹੀ ਸਕੀਮ ਸ਼ੁਰੂ ਕਰੇਗੀ। ਮੁੱਖ ਮੰਤਰੀ ਨੇ ਕਿਹਾ ਕਿ ਉਹ ਨੌਜਵਾਨਾਂ ਨਾਲ ਸਿੱਧਾ ਸੰਵਾਦ ਰਚਾਉਣ ਲਈ ਮਹੀਨੇ ਵਿੱਚ ਦੋ ਵਾਰ 'ਨੌਜਵਾਨ ਸਭਾ' ਕਰਨਗੇ। ਭਗਵੰਤ ਮਾਨ ਨੇ ਕਿਹਾ ਕਿ ਖੇਤੀਬਾੜੀ, ਟਰਾਂਸਪੋਰਟ ਅਤੇ ਹੋਰ ਖੇਤਰਾਂ ਨੂੰ ਹੁਲਾਰਾ ਦੇਣ ਲਈ ਹਰ 15 ਦਿਨਾਂ ਬਾਅਦ ਨੌਜਵਾਨਾਂ ਨਾਲ ਡੂੰਘਾਈ ਨਾਲ ਵਿਚਾਰ ਵਟਾਂਦਰਾ ਕੀਤਾ ਜਾਵੇਗਾ ਅਤੇ ਉਨ੍ਹਾਂ ਦੇ ਸੁਝਾਅ ਲਏ ਜਾਣਗੇ।

## ਪੀ.ਜੀ.ਆਈ. 'ਚ ਹੁਣ ਪੂਰੇ ਮਨੁੱਖੀ ਸਰੀਰ ਦੀ ਐਮ.ਆਰ.ਆਈ. ਹੋ ਸਕੇਗੀ

**ਚੰਡੀਗੜ੍ਹ:** ਪੀ.ਜੀ.ਆਈ. ਚੰਡੀਗੜ੍ਹ ਵਿਚ ਨਵੀਂ ਅਤਿ-ਆਧੁਨਿਕ ਐਮ.ਆਰ.ਆਈ. ਮਸ਼ੀਨ ਸਥਾਪਤ ਕੀਤੀ ਗਈ ਹੈ। ਇਸ ਨਾਲ ਹੁਣ ਪੂਰੇ ਮਨੁੱਖੀ ਸਰੀਰ ਦੀ ਸਕਰੀਨਿੰਗ ਕੀਤੀ ਜਾ ਸਕੇਗੀ ਅਤੇ ਇਸ ਮਸ਼ੀਨ ਨਾਲ ਭਿਆਨਕ ਬਿਮਾਰੀਆਂ ਜਿਵੇਂ ਕੈਂਸਰ ਦਾ ਪਤਾ ਲਾਉਣ, ਮਿਰਗੀ ਦੇ ਦੌਰੇ ਸਬੰਧੀ, ਖੇਡਾਂ ਦੌਰਾਨ ਸੱਟਾਂ, ਜਿਗਰ, ਪੈਨਕ੍ਰੀਆਜ, ਗੁਰਦੇ, ਅੰਤੜੀਆਂ ਅਤੇ ਪੇਟ ਦੀਆਂ ਹੋਰ ਬਿਮਾਰੀਆਂ, ਰੀੜ੍ਹ ਦੀ ਹੱਡੀ ਨਾਲ ਸਬੰਧਤ ਸਮੱਸਿਆਵਾਂ, ਨਸਾਂ ਦੇ ਸੁੰਗੜਨ ਆਦਿ ਦੀ ਜਾਂਚ ਕੀਤੀ ਜਾ ਸਕੇਗੀ। ਸੰਸਥਾ ਦੇ ਰੇਡੀਓ ਡਾਇਗਨੋਸਿਸ ਅਤੇ ਇਮੇਜਿੰਗ ਵਿਭਾਗ ਵਿਚ ਆਪਣੀ ਕਿਸਮ ਦੀ ਇਸ ਪਹਿਲੀ ਮਸ਼ੀਨ ਦਾ ਉਦਘਾਟਨ ਸਿਹਤ ਅਤੇ ਪਰਿਵਾਰ ਭਲਾਈ ਦੇ ਕੇਂਦਰੀ ਸਕੱਤਰ ਰਾਜੇਸ਼ ਭੂਸ਼ਣ ਵੱਲੋਂ ਪੀ.ਜੀ.ਆਈ. ਦੇ ਡਾਇਰੈਕਟਰ ਪ੍ਰੋਫੈਸਰ ਵਿਵੇਕ ਲਾਲ ਦੀ ਮੌਜੂਦਗੀ ਵਿਚ ਕੀਤਾ ਗਿਆ। ਇਮੇਜਿੰਗ ਵਿਭਾਗ ਦੇ ਮੁਖੀ ਪ੍ਰੋਫੈਸਰ ਐਮ.ਐਸ ਸੰਧੂ ਨੇ ਦੱਸਿਆ ਕਿ ਇਹ ਮਸ਼ੀਨ ਮਨੁੱਖੀ ਸਰੀਰ ਦੀਆਂ ਬਹੁਤ ਹੀ ਸਪਸ਼ਟ ਅਤੇ ਸਾਫ ਤਸਵੀਰਾਂ ਪ੍ਰਦਾਨ ਕਰਦੀ ਹੈ। ਇਸ ਮਸ਼ੀਨ ਨਾਲ ਪੀ.ਜੀ.ਆਈ. ਵਿਚ ਐਮ.ਆਰ.ਆਈ. ਕਰਵਾਉਣ ਲਈ ਮਰੀਜ਼ਾਂ ਦੀ ਵੇਟਿੰਗ ਲਿਸਟ ਘਟੇਗੀ।

# ਪੰਜਾਬ 'ਚ ਹੁਣ ਸਵੇਰੇ ਸਾਢੇ 7 ਵਜੇ ਖੁੱਲ੍ਹਣਗੇ ਸਰਕਾਰੀ ਦਫਤਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਗਰਮੀ ਦੇ ਮੌਸਮ ਨੂੰ ਵੇਖਦਿਆਂ ਬਿਜਲੀ ਦੀ ਬੱਚਤ ਕਰਨ ਲਈ ਸਰਕਾਰੀ ਦਫਤਰਾਂ ਦੇ ਸਮੇਂ ਵਿਚ ਬਦਲਾਅ ਕਰ ਦਿੱਤਾ ਹੈ। ਮੁੱਖ ਮੰਤਰੀ ਨੇ ਵੀਡੀਓ ਸੰਦੇਸ਼ ਰਾਹੀਂ ਕਿਹਾ ਕਿ ਸੂਬੇ ਵਿਚ ਸਰਕਾਰੀ ਦਫਤਰ ਸਵੇਰੇ ਸਾਢੇ 7 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਲੱਗਣਗੇ, ਜੋ ਪਹਿਲਾਂ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ ਲਗਦੇ ਸਨ। ਸ੍ਰੀ ਮਾਨ ਨੇ ਕਿਹਾ ਕਿ ਸਰਕਾਰੀ ਦਫਤਰਾਂ 'ਚ ਨਵੀਂ ਸਮਾਂ-ਸਾਰਣੀ 2 ਮਈ ਤੋਂ 15 ਜੁਲਾਈ ਤੱਕ ਲਾਗੂ ਰਹੇਗੀ। ਉਨ੍ਹਾਂ ਕਿਹਾ ਕਿ ਅਤਿ ਦੀ ਗਰਮੀ ਪੈਣ ਦੀ ਸੰਭਾਵਨਾ ਕਾਰਨ ਆਮ ਲੋਕਾਂ ਨੂੰ ਸਰਕਾਰੀ ਦਫਤਰਾਂ 'ਚ ਕੰਮ ਸੌਖੇ ਢੰਗ ਨਾਲ ਕਰਵਾਉਣ ਦੇ ਉਦੇਸ਼ ਨਾਲ ਇਹ ਫੈਸਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸਾਰੀਆਂ ਸਬੰਧਤ ਧਿਰਾਂ ਨਾਲ ਵਿਚਾਰ-ਵਟਾਂਦਰੇ ਮਗਰੋਂ ਲਿਆ ਗਿਆ ਹੈ। ਇਹ ਫੈਸਲਾ ਪੰਜਾਬ ਸਰਕਾਰ ਦੇ ਸਾਰੇ ਦਫਤਰਾਂ 'ਤੇ ਲਾਗੂ ਹੋਵੇਗਾ। ਸਰਕਾਰੀ ਦਫ਼ਤਰਾਂ ਦਾ ਸਮਾਂ ਬਦਲਣ ਨਾਲ 300-350 ਮੈਗਾਵਾਟ ਬਿਜਲੀ ਦੀ ਬੱਚਤ ਹੋਵੇਗੀ। ਸ੍ਰੀ ਮਾਨ ਨੇ ਕਿਹਾ ਕਿ ਪਾਵਰਕੌਮ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਬਿਜਲੀ ਦੀ ਖਪਤ ਦਾ ਪੀਕ ਲੋਡ ਦਿਨ ਵਿਚ ਦੁਪਹਿਰ ਇਕ ਵਜੇ ਤੋਂ ਸ਼ੁਰੂ ਹੁੰਦਾ ਹੈ। ਇਸੇ ਦੌਰਾਨ ਬਿਜਲੀ ਦਾ ਵੱਡਾ ਹਿੱਸਾ ਸਰਕਾਰੀ ਦਫਤਰਾਂ 'ਚ ਖਪਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਦੁਪਹਿਰ 2 ਵਜੇ ਦਫਤਰ ਬੰਦ ਹੋਣ ਨਾਲ ਸਰਕਾਰੀ ਦਫਤਰਾਂ ਵਿਚ ਵਰਤੀ ਜਾਣ ਵਾਲੀ ਬਿਜਲੀ ਨੂੰ ਬਚਾਇਆ ਜਾ ਸਕੇਗਾ।



ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਆਮ ਵਿਅਕਤੀ ਆਪਣੇ ਕੰਮ ਤੋਂ ਛੁੱਟੀ ਲਏ ਬਿਨਾਂ ਸਵੇਰ ਦੇ ਸਮੇਂ ਕੰਮ ਕਰਵਾ ਸਕਣਗੇ। ਇਸ ਦੇ ਨਾਲ ਹੀ ਸਰਕਾਰੀ ਮੁਲਾਜ਼ਮਾਂ ਨੂੰ ਵੀ ਲਾਭ ਮਿਲੇਗਾ ਕਿਉਂਕਿ ਉਹ ਦਫਤਰੀ ਸਮੇਂ ਤੋਂ ਬਾਅਦ ਸਮਾਜਿਕ ਕਾਰਜਾਂ 'ਚ ਸ਼ਾਮਲ ਹੋ ਸਕਣਗੇ। ਦਫਤਰਾਂ ਵਿਚ ਸਮਾਂ ਤਬਦੀਲ ਕਰਕੇ ਮੁਲਾਜ਼ਮ ਆਪਣੇ ਬੱਚਿਆਂ ਨਾਲ ਵੀ ਵੱਧ ਸਮਾਂ ਬਿਤਾ ਸਕਣਗੇ ਕਿਉਂਕਿ ਬੱਚਿਆਂ ਨੂੰ ਵੀ ਉਸੇ ਵੇਲੇ ਸਕੂਲ ਤੋਂ ਛੁੱਟੀ ਹੋ ਜਾਂਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕਈ ਦੇਸ਼ਾਂ ਵਿਚ ਲੋਕ ਸੂਰਜ ਦੀ ਰੌਸ਼ਨੀ ਦੀ ਵਾਧੂ ਵਰਤੋਂ ਕਰਨ ਲਈ ਮੌਸਮ ਦੇ ਅਨੁਕੂਲ ਆਪਣੀਆਂ ਘੜੀਆਂ ਤੱਕ ਐਡਜਸਟ ਕਰ ਦਿੰਦੇ ਹਨ। ਇਸੇ ਤਰਜ਼ 'ਤੇ ਪੰਜਾਬ ਦੇ ਲੋਕ ਵੀ ਵੱਧ ਤੋਂ ਵੱਧ ਸੂਰਜ ਦੀ ਰੌਸ਼ਨੀ ਦੀ ਵਰਤੋਂ ਕਰ ਸਕਣਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਆਉਣ ਵਾਲੇ ਦਿਨਾਂ ਵਿਚ ਵੀ ਅਜਿਹੇ ਹੋਰ ਫੈਸਲੇ ਲਵੇਗੀ।

# ਔਖ ਦੀ ਘੜੀ ਵਿਚ ਹੁਣ ਕੇਂਦਰ ਸਰਕਾਰ ਨੂੰ ਪੰਜਾਬ ਚੇਤੇ ਆਇਆ



**ਚੰਡੀਗੜ੍ਹ:** ਔਖ ਦੀ ਘੜੀ 'ਚ ਕੇਂਦਰ ਸਰਕਾਰ ਨੂੰ ਹੁਣ ਪੰਜਾਬ ਮੁੜ ਚੇਤੇ ਆਇਆ ਹੈ। ਇਸ ਸੀਜ਼ਨ ਕੇਂਦਰ ਸਰਕਾਰ ਪੰਜਾਬ ਦੇ ਖਰੀਦ ਕੇਂਦਰਾਂ ਵਿਚੋਂ ਦੂਸਰੇ ਸੂਬਿਆਂ ਨੂੰ ਕਣਕ ਦੀ ਸਿੱਧੀ ਡਲਿਵਰੀ ਦੇਵੇਗੀ। ਅਗਲੇ ਵਰ੍ਹੇ ਲੋਕ ਚੋਣਾਂ ਹਨ ਅਤੇ ਦੇਸ਼ ਅਨਾਜ ਦੇ ਸੰਕਟ ਵੱਲ ਵਧ ਰਿਹਾ ਹੈ ਜਿਸ ਕਰਕੇ ਕੇਂਦਰ ਦੀ ਟੇਕ ਹੁਣ ਪੰਜਾਬ 'ਤੇ ਲੱਗੀ ਹੋਈ ਹੈ। ਪਹਿਲੀ ਦਫਾ ਹੈ ਕਿ ਪੰਜਾਬ 'ਚ ਕਣਕ ਦੇ ਗੁਦਾਮ ਲਗਭਗ ਖਾਲੀ ਹੋ ਗਏ ਹਨ ਅਤੇ ਦੂਸਰੇ ਸੂਬਿਆਂ ਨੂੰ ਕਣਕ ਪੰਜਾਬ ਵਿਚੋਂ ਸਿੱਧੀ ਜਾਵੇਗੀ। ਭਾਰਤੀ ਖੁਰਾਕ ਨਿਗਮ ਨੇ ਇਸ ਬਾਰੇ ਪੱਤਰ ਜਾਰੀ ਕੀਤਾ ਹੈ ਕਿ ਕਣਕ ਦੀ ਫਸਲ ਨੂੰ ਕਵਰਡ ਗੁਦਾਮਾਂ ਵਿਚ ਹੀ ਭੰਡਾਰ ਕੀਤਾ ਜਾਵੇ ਅਤੇ ਇਸ ਬਾਰੇ ਵਿਸਥਾਰਤ ਐਕਸ਼ਨ ਪਲਾਨ ਤਿਆਰ ਕਰਨ ਵਾਸਤੇ ਵੀ ਆਖਿਆ ਗਿਆ ਹੈ।

ਦੱਸ ਦਈਏ ਕਿ ਥੋੜ੍ਹਾ ਅਰਸਾ ਪਹਿਲਾਂ ਕੇਂਦਰ ਸਰਕਾਰ ਵੱਲੋਂ ਨਵੇਂ ਖੇਤੀ ਕਾਨੂੰਨ ਲਿਆ ਕੇ ਕਿਸਾਨੀ ਨੂੰ ਨਿਸ਼ਾਨੇ 'ਤੇ ਲਿਆ ਜਾ ਰਿਹਾ ਸੀ, ਉਹੀ ਭਾਰਤ ਸਰਕਾਰ ਹੁਣ ਅਨਾਜ ਦੀ ਥੁੜ੍ਹ ਦੇ ਦਿਨਾਂ ਵਿਚ ਪੰਜਾਬ ਦੇ ਮੂੰਹ ਵੱਲ ਦੇਖਣ ਲੱਗੀ ਹੈ। ਖੁਰਾਕ ਨਿਗਮ ਨੇ ਮੰਡੀਆਂ ਵਿਚੋਂ ਸਿੱਧੀ ਡਲਿਵਰੀ ਦੂਸਰੇ ਰਾਜਾਂ ਨੂੰ ਦੇਣ ਵਾਸਤੇ ਵੀ ਪਲਾਨ ਬਣਾਉਣ ਲਈ ਕਿਹਾ ਹੈ। ਸੂਤਰ ਦੱਸਦੇ ਹਨ ਕਿ ਭਾਰਤੀ ਖੁਰਾਕ ਨਿਗਮ ਵੱਲੋਂ ਜੋ ਪੰਜਾਬ ਵਿਚ ਕਣਕ ਦਾ ਭੰਡਾਰਨ ਵੀ ਕੀਤਾ ਜਾਣਾ ਹੈ, ਉਹ ਸਟੇਟ ਏਜੰਸੀਆਂ ਦੀ ਥਾਂ ਖੁਰਾਕ ਨਿਗਮ ਆਪਣੇ ਕਵਰਡ ਗੁਦਾਮਾਂ ਵਿਚ ਕਰ ਸਕਦੀ ਹੈ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ 'ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ' ਤਹਿਤ ਵੀ ਮੁਫਤ ਅਨਾਜ ਦਿੱਤਾ ਜਾਣਾ ਹੈ ਅਤੇ ਉੱਪਰੋਂ ਚਾਰ ਸੂਬਿਆਂ ਵਿਚ ਕਣਕ ਦੀ ਪੈਦਾਵਾਰ ਪ੍ਰਭਾਵਿਤ ਹੋਣ ਦਾ ਖਦਸ਼ਾ ਹੈ ਜਿਸ ਦੇ ਮੱਦੇਨਜ਼ਰ ਕੇਂਦਰ ਪਹਿਲਾਂ ਤੋਂ ਹੀ ਚੌਕਸ ਹੋ ਗਿਆ ਹੈ। ਪੰਜਾਬ ਵਿਚ ਇਸ ਵੇਲੇ ਕਰੀਬ ਦੋ ਲੱਖ ਟਨ ਅਨਾਜ ਹੀ ਗੁਦਾਮਾਂ ਵਿਚ ਬਚਿਆ ਹੈ ਜਦੋਂ ਕਿ ਇਕ ਵਰ੍ਹਾ ਪਹਿਲਾਂ ਇਨ੍ਹਾਂ ਦਿਨਾਂ ਵਿਚ 40 ਲੱਖ ਟਨ ਦੇ ਕਰੀਬ ਸੀ। ਪੰਜਾਬ ਨੂੰ ਲੰਘੇ ਦੋ ਵਰ੍ਹਿਆਂ ਵਿਚੋਂ ਸਭ ਤੋਂ ਵੱਧ ਰੇਲਵੇ ਰੈਕ ਮਿਲੇ ਹਨ ਅਤੇ ਤੇਜ਼ੀ ਨਾਲ ਸੂਬੇ ਵਿਚੋਂ ਅਨਾਜ ਦੀ ਸਪਲਾਈ ਹੋਈ ਹੈ। ਪਿਛਲੇ ਵਰ੍ਹੇ ਪੰਜਾਬ ਵਿਚ 96.45 ਲੱਖ ਟਨ ਕਣਕ ਦੀ ਖਰੀਦ ਹੋਈ ਸੀ ਜੋ 2021-22 ਵਿਚ 127.14 ਲੱਖ ਟਨ ਸੀ। ਕਰੀਬ 36 ਲੱਖ ਟਨ ਪੈਦਾਵਾਰ ਵਿਚ ਕਟੌਤੀ ਹੋਈ ਸੀ। ਹਰਿਆਣਾ ਵਿਚ 43 ਲੱਖ ਟਨ ਅਤੇ ਮੱਧ ਪ੍ਰਦੇਸ਼ ਵਿਚ 82 ਲੱਖ ਟਨ ਕਣਕ ਦੇ ਉਤਪਾਦਨ ਵਿਚ ਕਮੀ ਹੋਈ ਸੀ।

ਇਸ ਵਾਰ ਪੰਜਾਬ, ਹਰਿਆਣਾ ਅਤੇ ਮੱਧ ਪ੍ਰਦੇਸ਼ ਵਿਚ ਬਾਰਸ਼ਾਂ ਅਤੇ ਝੱਖੜ ਕਰਕੇ ਕਣਕ ਦੀ ਫਸਲ ਝੰਬੀ ਗਈ ਹੈ ਅਤੇ ਕੇਂਦਰ ਨੂੰ ਪੈਦਾਵਾਰ ਵਿਚ ਕਟੌਤੀ ਹੋਣ ਦਾ ਡਰ ਹੈ ਜਿਸ ਵਜੋਂ ਪੰਜਾਬ ਦੇ ਅੰਨਦਾਤਾ ਦੀ ਵੁੱਕਤ ਕਾਫੀ ਵਧ ਗਈ ਹੈ। ਵਰ੍ਹਾ 2022-23 ਦੌਰਾਨ ਪੰਜਾਬ ਨੂੰ ਅਨਾਜ ਦੀ ਮੂਵਮੈਂਟ ਲਈ ਕਰੀਬ 8800 ਰੇਲਵੇ ਰੈਕ ਮਿਲੇ ਹਨ ਜਦੋਂ ਕਿ ਪਿਛਲੇ ਵਰ੍ਹੇ 9176 ਰੇਲਵੇ ਰੈਕ ਮਿਲੇ ਸਨ। ਇਸ ਤੋਂ ਸਾਫ ਹੈ ਕਿ ਪੰਜਾਬ ਵਿਚੋਂ ਤੇਜ਼ੀ ਨਾਲ ਅਨਾਜ ਦੀ ਮੂਵਮੈਂਟ ਹੋਈ ਹੈ। ਹਾਲ ਹੀ ਵਿਚ ਓਪਨ ਸੇਲ ਦੇ ਕੋਟੇ ਤਹਿਤ ਕਰੀਬ 8 ਲੱਖ ਮੀਟਰਿਕ ਟਨ ਅਨਾਜ ਦੀ ਵਿੱਕਰੀ ਹੋਈ ਹੈ। ਲੰਘੇ ਇਕ ਦਹਾਕੇ 'ਤੇ ਨਜ਼ਰ ਮਾਰੀਏ ਤਾਂ ਕਦੇ ਵੀ ਪੰਜਾਬ ਨੂੰ ਮਿਲੇ ਰੇਲਵੇ ਰੈਕਾਂ ਦਾ ਅੰਕੜਾ ਸੱਤ ਹਜ਼ਾਰ ਤੋਂ ਪਾਰ ਨਹੀਂ ਹੋਇਆ ਸੀ। ਪੰਜਾਬ ਨੂੰ ਸਾਲ 2012-12 ਵਿਚ 5516 ਰੈਕ, ਵਰ੍ਹਾ 2015-16 ਵਿਚ 5926 ਰੈਕ, ਸਾਲ 2018-19 ਵਿਚ 5825 ਰੈਕ ਅਤੇ ਸਾਲ 2019-20 ਵਿਚ 5115 ਰੇਲਵੇ ਰੈਕ ਅਨਾਜ ਦੀ ਸਪਲਾਈ ਲਈ ਦਿੱਤੇ ਗਏ ਸਨ। ਹਰਿਆਣਾ ਨੂੰ ਮਿਲੇ ਰੇਲਵੇ ਰੈਕਾਂ ਦਾ ਅੰਕੜਾ ਕਦੇ ਵੀ ਤਿੰਨ ਹਜ਼ਾਰ ਤੋਂ ਵਧਿਆ ਨਹੀਂ ਹੈ। ਪੰਜਾਬ ਨੇ ਐਤਕੀਂ ਕਣਕ ਦੀ 132 ਲੱਖ ਟਨ ਖਰੀਦ ਦਾ ਟੀਚਾ ਮਿਥਿਆ ਹੈ। ਪੰਜਾਬ ਦੇ 16 ਜ਼ਿਲ੍ਹਿਆਂ ਵਿਚ ਨੁਕਸਾਨ ਹੋਇਆ ਹੈ।

## 'ਆਪ' ਸਰਕਾਰ ਨੇ ਸਾਇਲੋਜ ਰਾਹੀਂ ਨਿੱਜੀਕਰਨ ਦਾ ਰਾਹ ਪੱਧਰਾ ਕੀਤਾ: ਡੱਲੇਵਾਲ

**ਬਠਿੰਡਾ:** ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਵੱਲੋਂ ਪਿੰਡ ਮਹਿਮਾ ਸਵਾਈ ਵਿਚ ਕਿਸਾਨਾਂ ਨਾਲ ਗੱਲਬਾਤ ਕੀਤੀ ਗਈ। ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਮੀਂਹ ਤੇ ਗੜੇਮਾਰੀ ਨਾਲ ਫਸਲਾਂ ਦਾ ਨੁਕਸਾਨ ਹੋਇਆ ਸੀ ਪਰ ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਕੁਮਾਰ ਤੋਮਰ ਦਾ ਬਿਆਨ ਆਇਆ ਸੀ ਕਿ ਫਸਲਾਂ ਦਾ ਕੋਈ ਨੁਕਸਾਨ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪਿਛਲੇ ਦਿਨੀਂ ਇਕ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ ਜਿਸ ਵਿਚ ਪੰਜਾਬ ਅੰਦਰ ਅੱਠ ਸਾਇਲੋਜ ਨੂੰ ਮਾਨਤਾ ਦਿੱਤੀ ਗਈ ਹੈ ਜਿੱਥੇ ਮੰਡੀ ਦੇ ਤੌਰ 'ਤੇ ਕਿਸਾਨਾਂ ਦੀ ਫਸਲ ਉਤਾਰੀ ਜਾਵੇਗੀ ਤੇ ਇਹ ਫਸਲ ਇਥੇ ਹੀ ਵਿਕੇਗੀ। ਇਸ ਨਾਲ ਨਿੱਜੀਕਰਨ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਇਸ ਸਬੰਧੀ ਕਿਸਾਨਾਂ ਨੇ ਪਹਿਲਾਂ ਵੀ ਸੰਘਰਸ਼ ਕੀਤਾ ਹੈ ਕਿ ਇੱਥੇ ਪ੍ਰਾਈਵੇਟ ਮੰਡੀਆਂ ਨਾ ਬਣਨ।

## ਕੇਂਦਰੀ ਟੀਮਾਂ ਵੱਲੋਂ ਨੁਕਸਾਨੀਆਂ ਫਸਲਾਂ ਦੀ ਟੈਸਟਿੰਗ ਸ਼ੁਰੂ

**ਚੰਡੀਗੜ੍ਹ:** ਕੇਂਦਰੀ ਖੁਰਾਕ ਮੰਤਰਾਲੇ ਵੱਲੋਂ ਪੰਜਾਬ ਪੁੱਜੀਆਂ ਚਾਰ ਤਕਨੀਕੀ ਟੀਮਾਂ ਨੇ ਕਰੀਬ ਇਕ ਦਰਜਨ ਜ਼ਿਲ੍ਹਿਆਂ 'ਚ ਬੇਮੌਸਮੀ ਬਾਰਸ਼ ਤੇ ਤੇਜ਼ ਹਵਾਵਾਂ ਕਾਰਨ ਨੁਕਸਾਨੀ ਗਈ ਫਸਲ ਦੇ ਨਮੂਨੇ ਭਰਨ ਦਾ ਕੰਮ ਮੁਕੰਮਲ ਕਰ ਲਿਆ ਹੈ। ਇਸ ਮਗਰੋਂ ਹੁਣ ਚਾਰ ਥਾਵਾਂ 'ਤੇ ਕੇਂਦਰੀ ਤੇ ਜ਼ਿਲ੍ਹਾ ਲੈਬਾਰਟਰੀਆਂ 'ਚ ਇਨ੍ਹਾਂ ਨਮੂਨਿਆਂ ਦੀ ਜਾਂਚ ਦਾ ਕੰਮ ਸ਼ੁਰੂ ਹੋ ਗਿਆ ਹੈ। ਸੰਭਾਵਨਾ ਹੈ ਕਿ ਇਨ੍ਹਾਂ ਕੇਂਦਰੀ ਤਕਨੀਕੀ ਟੀਮਾਂ ਵੱਲੋਂ ਮੀਂਹ ਦੀ ਮਾਰ ਹੇਠ ਆਈ ਫਸਲ ਦੀ ਗੁਣਵੱਤਾ ਦੀ ਜਾਂਚ ਰਿਪੋਰਟ ਕੇਂਦਰ ਸਰਕਾਰ ਨੂੰ ਸੌਂਪ ਦਿੱਤੀ ਗਈ ਹੈ। ਕਿਸਾਨਾਂ ਦੀ ਨਜ਼ਰ ਇਨ੍ਹਾਂ ਨਮੂਨਿਆਂ ਦੀ ਜਾਂਚ ਰਿਪੋਰਟ 'ਤੇ ਹੈ। ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਨੂੰ 5 ਅਪਰੈਲ ਨੂੰ ਪੱਤਰ ਭੇਜ ਕੇ ਸਰਕਾਰੀ ਖ਼ਰੀਦ ਦੇ ਮਾਪਦੰਡਾਂ ਵਿਚ ਛੋਟ ਦੇਣ ਦੀ ਮੰਗ ਕੀਤੀ ਗਈ ਸੀ।

## ਨੁਕਸਾਨ ਲਈ ਕੇਂਦਰ ਵਿਸ਼ੇਸ਼ ਪੈਕੇਜ ਐਲਾਨੇ: ਰਾਘਵ

**ਚੰਡੀਗੜ੍ਹ:** ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਪੰਜਾਬ 'ਚ ਬੇਮੌਸਮੇ ਮੀਂਹ, ਗੜੇਮਾਰੀ ਅਤੇ ਝੱਖੜ ਕਰਕੇ ਹਾੜੀ ਦੀਆਂ ਫਸਲਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਅਤੇ ਕੇਂਦਰੀ ਵਿੱਤ ਮੰਤਰੀ ਨੂੰ ਪੱਤਰ ਲਿਖ ਕੇ ਫਸਲਾਂ ਦੇ ਨੁਕਸਾਨ ਦੀ ਭਰਪਾਈ ਲਈ ਕੇਂਦਰ ਤੋਂ ਪੈਕੇਜ ਦਾ ਐਲਾਨ ਕਰਨ ਦੀ ਮੰਗ ਕੀਤੀ ਹੈ। ਪੰਜਾਬ ਤੋਂ ਰਾਜ ਸਭਾ ਮੈਂਬਰ ਨੇ ਜ਼ਿਲ੍ਹਾ ਰੂਪਨਗਰ ਸਣੇ ਵੱਖ-ਵੱਖ ਇਲਾਕਿਆਂ ਦਾ ਦੌਰਾ ਕਰਕੇ ਫਸਲਾਂ ਦੇ ਖਰਾਬੇ ਦਾ ਜਾਇਜ਼ਾ ਲਿਆ। ਇਸ ਮਗਰੋਂ ਰਾਜ ਸਭਾ ਮੈਂਬਰ ਨੇ ਕੇਂਦਰੀ ਵਿੱਚ ਮੰਤਰੀ ਨਿਰਮਲਾ ਸੀਤਾਰਮਨ ਨੂੰ ਪੱਤਰ ਲਿਖ ਕੇ ਪੰਜਾਬ 'ਚ ਬੇਮੌਸਮੇ ਮੀਂਹ ਤੇ ਗੜੇਮਾਰੀ ਕਰਕੇ ਨੁਕਸਾਨੀਆਂ ਗਈਆਂ ਫਸਲਾਂ ਦੀ ਭਰਪਾਈ ਲਈ ਵਿਸ਼ੇਸ਼ ਪੈਕੇਜ ਜਾਰੀ ਕਰਨ ਦੀ ਮੰਗ ਕੀਤੀ। ਉਨ੍ਹਾਂ ਨੇ ਕੇਂਦਰੀ ਵਿੱਤ ਮੰਤਰੀ ਨੂੰ ਖਰਾਬ ਹੋ ਚੁੱਕੀ ਕਣਕ ਦੇ ਨਮੂਨੇ ਵੀ ਭੇਜੇ ਹਨ।

## ਕਣਕ ਦੇ ਖਰਾਬੇ ਤੋਂ ਪਰੇਸ਼ਾਨ ਕਿਸਾਨ ਵੱਲੋਂ ਖੁਦਕੁਸ਼ੀ

**ਸ੍ਰੀ ਮੁਕਤਸਰ ਸਾਹਿਬ:** ਗਿੱਦੜਬਾਹਾ ਹਲਕੇ ਦੇ ਪਿੰਡ ਭਲਾਈਆਣਾ ਦੇ ਕਿਸਾਨ ਸਾਧੂ ਸਿੰਘ (65) ਨੇ ਕਣਕ ਦੀ ਫਸਲ ਦੇ ਖਰਾਬੇ ਤੋਂ ਪਰੇਸ਼ਾਨ ਹੋ ਕੇ ਖੁਦਕੁਸ਼ੀ ਕਰ ਲਈ ਹੈ। ਮਿਲੀ ਜਾਣਕਾਰੀ ਅਨੁਸਾਰੀ ਕਿਸਾਨ ਸਾਧੂ ਸਿੰਘ ਘਰੋਂ ਲਾਪਤਾ ਸੀ। ਬਾਅਦ ਦੁਪਹਿਰ ਉਸ ਦੀ ਲਾਸ਼ ਰਾਜਸਥਾਨ ਫੀਡਰ ਦੇ ਸੋਥਾ ਹੈੱਡ ਤੋਂ ਮਿਲੀ ਹੈ। ਨਹਿਰ ਬੰਦ ਹੋਣ ਦੇ ਬਾਵਜੂਦ ਹੈੱਡ ਕੋਲ ਪਾਣੀ ਕਾਫੀ ਡੂੰਘਾ ਖੜ੍ਹਾ ਸੀ। ਸਾਧੂ ਸਿੰਘ ਦੇ ਦੋ ਪੁੱਤਰ ਹਨ। ਉਨ੍ਹਾਂ ਕੋਲ 10 ਏਕੜ ਆਪਣੀ ਜ਼ਮੀਨ ਹੈ ਅਤੇ 25 ਏਕੜ ਜ਼ਮੀਨ ਕਰੀਬ 68 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਠੇਕੇ 'ਤੇ ਲਈ ਹੋਈ ਸੀ। ਬੈਂਕ ਤੋਂ ਸੱਤ ਲੱਖ ਦੀ ਲਿਮਟ ਚੁੱਕੀ ਹੋਈ ਸੀ ਤੇ ਫਸਲ ਪਾਲਣ 'ਤੇ ਖਰਚਾ ਵੱਖਰਾ ਹੋਇਆ ਸੀ। ਬੀਤੇ ਦਿਨੀਂ ਪਏ ਮੀਂਹ ਕਾਰਨ ਕਿਸਾਨ ਦੀ ਫਸਲ ਦਾ ਭਾਰੀ ਨੁਕਸਾਨ ਹੋਇਆ ਸੀ। ਉਹ ਕਈ ਦਿਨਾਂ ਤੋਂ ਤਣਾਅ ਵਿਚ ਸੀ।

# ਪੱਟੀ ਤੋਂ ਸ਼ਿਮਲਾ ਲਈ ਸਰਕਾਰੀ ਬੱਸ ਸੇਵਾ ਸ਼ੁਰੂ

**ਪੱਟੀ:** ਸੂਬੇ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਆਪਣੇ ਜੱਦੀ ਸ਼ਹਿਰ ਪੱਟੀ ਤੋਂ ਸ਼ਿਮਲਾ (ਹਿਮਾਚਲ ਪ੍ਰਦੇਸ਼) ਲਈ ਬੱਸ ਸੇਵਾ ਦੀ ਸ਼ੁਰੂਆਤ ਕੀਤੀ। ਉਨ੍ਹਾਂ ਪੰਜਾਬ ਰੋਡਵੇਜ਼ ਦੀ ਬੱਸ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਭੁੱਲਰ ਨੇ ਕਿਹਾ ਕਿ ਰੋਜ਼ਾਨਾ ਸਵੇਰੇ 10.20 ਵਜੇ ਪੱਟੀ ਸਟੈਂਡ ਤੋਂ ਚੱਲ ਕੇ ਵਾਇਆ ਅੰਮ੍ਰਿਤਸਰ-ਜਲੰਧਰ-ਚੰਡੀਗੜ੍ਹ ਤੋਂ ਹੁੰਦੀ ਹੋਈ ਇਹ ਬੱਸ ਰਾਤ ਨੂੰ 10.30 ਵਜੇ ਸ਼ਿਮਲਾ ਪੁੱਜੇਗੀ।

ਅਗਲੇ ਦਿਨ ਸਵੇਰੇ 7.10 'ਤੇ ਸ਼ਿਮਲਾ ਤੋਂ ਰਵਾਨਾ ਹੋ ਕੇ ਸ਼ਾਮ ਨੂੰ 7.30 ਵਜੇ ਪੱਟੀ ਵਾਪਸ ਪੁੱਜੇਗੀ। ਉਨ੍ਹਾਂ ਦੱਸਿਆ ਕਿ ਪੱਟੀ ਤੋਂ ਸ਼ਿਮਲਾ ਤੱਕ ਦਾ ਕਿਰਾਇਆ 585 ਰੁਪਏ ਨਿਰਧਾਰਤ ਕੀਤਾ ਗਿਆ ਹੈ। ਸ੍ਰੀ ਭੁੱਲਰ ਨੇ




ਕਿਹਾ ਕਿ 'ਆਪ' ਪਹਿਲੀ ਸਰਕਾਰ ਹੈ ਜਿਸ ਨੇ ਸਰਹੱਦੀ ਇਲਾਕੇ ਦੇ ਲੋਕਾਂ ਨੂੰ ਅਜਿਹੀ ਸਹੂਲਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਲੋਕਾਂ ਦੀ ਸਹੂਲਤ ਲਈ ਸਸਤੀ ਤੇ ਕਿਫ਼ਾਇਤੀ ਬੱਸ ਸੇਵਾ ਮੁਹੱਈਆ ਕਰਵਾਉਣ ਲਈ ਜਰੂਰਤ ਵਾਲੀਆਂ ਥਾਵਾਂ ਤੋਂ ਸਰਕਾਰੀ ਬੱਸਾਂ ਚਲਾਉਣ ਲਈ ਟਰਾਂਸਪੋਰਟ ਵਿਭਾਗ ਨੂੰ ਨਿਰਦੇਸ਼ ਦਿੱਤੇ ਗਏ ਹਨ।

ਟਰਾਂਸਪੋਰਟ ਮੰਤਰੀ ਨੇ ਦੱਸਿਆ ਕਿ ਪੰਜਾਬ ਰੋਡਵੇਜ਼ ਤੇ ਪਨਬਸ ਵਿਭਾਗ ਨੂੰ ਲੰਘੇ ਵਿੱਤੀ ਵਰ੍ਹੇ ਦੌਰਾਨ 700.88 ਕਰੋੜ ਰੁਪਏ ਦੀ ਆਮਦਨ ਹੋਈ ਹੈ, ਜੋ ਕਿ ਸਾਲ 2021-22 ਦੌਰਾਨ 547.80 ਕਰੋੜ ਸੀ। ਇਸ ਤਰ੍ਹਾਂ 28.11 ਫ਼ੀਸਦੀ ਦੇ ਵਾਧੇ ਨਾਲ ਪੰਜਾਬ ਰੋਡਵੇਜ਼ ਤੇ ਪਨਬਸ ਵਿਭਾਗ ਦੀ ਆਮਦਨ 'ਚ 153.80 ਕਰੋੜ ਰੁਪਏ ਦਾ ਰਿਕਾਰਡ ਵਾਧਾ ਹੋਇਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਨੇ ਸੂਬੇ ਵਿਚੋਂ ਪ੍ਰਾਈਵੇਟ ਬੱਸ ਮਾਫੀਆ ਦਾ ਖਾਤਮਾ ਕਰ ਕੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ।

# ਨੁਕਸਾਨੀਆਂ ਫਸਲਾਂ ਦੇ ਮੁਆਵਜ਼ੇ ਲਈ ਮੁੱਖ ਮੰਤਰੀ ਦੀ ਰਿਹਾਇਸ਼ ਨੇੜੇ ਧਰਨਾ

**ਸੰਗਰੂਰ:** ਪੰਜਾਬ ਭਰ ਤੋਂ ਪੁੱਜੇ ਹਜ਼ਾਰਾਂ ਕਿਸਾਨਾਂ ਨੇ ਭਾਕਿਯੂ ਏਕਤਾ ਡਕੌਂਦਾ ਦੇ ਸੂਬਾ ਕਾਰਜਕਾਰੀ ਪ੍ਰਧਾਨ ਮਨਜੀਤ ਸਿੰਘ ਧਨੇਰ ਅਤੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਦੀ ਅਗਵਾਈ ਹੇਠ ਇਥੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਨੇੜੇ ਸੂਬਾ ਪੱਧਰੀ ਰੋਸ ਧਰਨਾ ਦਿੱਤਾ ਅਤੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

ਧਰਨਾਕਾਰੀ ਕਿਸਾਨਾਂ ਨੇ ਬੇਮੌਸਮੀ ਬਾਰਸ਼ ਅਤੇ ਗੜਿਆਂ ਕਾਰਨ ਨੁਕਸਾਨੀ ਕਣਕ ਦੀ ਫਸਲ ਦੇ 50 ਫੀਸਦੀ ਤੋਂ ਵੱਧ ਖਰਾਬੇ ਲਈ 50 ਹਜ਼ਾਰ ਰੁਪਏ ਪ੍ਰਤੀ ਏਕੜ ਤੇ ਇਸ ਤੋਂ ਘੱਟ ਖਰਾਬੇ ਲਈ 25 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ੇ ਦੀ ਮੰਗ ਕੀਤੀ। ਇਸੇ ਤਰ੍ਹਾਂ ਪੰਜ ਏਕੜ ਤੱਕ ਹੀ ਮੁਆਵਜ਼ਾ ਦੇਣ ਦੀ ਸ਼ਰਤ ਖਤਮ ਕਰਕੇ ਮੁਆਵਜ਼ਾ ਏਕੜ ਨੂੰ ਇਕਾਈ ਮੰਨ ਕੇ ਦੇਣ 'ਤੇ ਜੋਰ ਦਿੱਤਾ ਗਿਆ।

ਵੇਰਵਿਆਂ ਅਨੁਸਾਰ ਕਿਸਾਨ ਅਤੇ ਕਿਸਾਨ ਬੀਬੀਆਂ ਸਥਾਨਕ ਵੇਰਕਾ ਮਿਲਕ ਪਲਾਂਟ ਨਜ਼ਦੀਕ ਇਕੱਠੇ ਹੋਏ ਜਿਥੋਂ ਰੋਸ ਮਾਰਚ ਕਰਦੇ ਹੋਏ ਜਿਉਂ ਹੀ ਮੁੱਖ ਮੰਤਰੀ ਦੀ ਰਿਹਾਇਸ਼ੀ ਕਲੋਨੀ ਦੇ ਗੇਟ 'ਤੇ ਪੁੱਜੇ ਤਾਂ ਪੁਲਿਸ ਨੇ



ਨਾਕੇਬੰਦੀ ਕਰਕੇ ਰੋਕ ਲਿਆ। ਕਿਸਾਨਾਂ ਨੇ ਆਵਾਜਾਈ ਠੱਪ ਕਰਦਿਆਂ ਰੋਸ ਧਰਨਾ ਦਿੱਤਾ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਕਾਰਜਕਾਰੀ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਬੇਮੌਸਮੀ ਬਾਰਸ਼ ਤੇ ਗੜੇਮਾਰੀ ਕਾਰਨ ਫਸਲਾਂ, ਸਬਜ਼ੀਆਂ, ਘਰਾਂ, ਹਰੇ ਚਾਰੇ ਅਤੇ ਬਾਗਾਂ ਦਾ ਵੱਡਾ ਨੁਕਸਾਨ ਹੋਇਆ ਹੈ ਤੇ ਸਰਕਾਰ ਵਲੋਂ ਐਲਾਨਿਆ ਮੁਆਵਜ਼ਾ ਨਿਗੂਣਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ 75 ਤੋਂ 100 ਫੀਸਦੀ ਫਸਲ ਦੇ ਖਰਾਬੇ ਦਾ 15 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਮਨਜ਼ੂਰ ਨਹੀਂ ਅਤੇ ਪ੍ਰਤੀ ਏਕੜ ਦਾ 50,000 ਰੁਪਏ, 50 ਤੋਂ 76 ਫੀਸਦੀ ਨੁਕਸਾਨ ਦਾ 30,000 ਰੁਪਏ ਅਤੇ ਇਸ ਤੋਂ ਘੱਟ ਨੁਕਸਾਨ ਦਾ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤੇ ਜਾਵੇ।

ਇਸੇ ਤਰ੍ਹਾਂ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਅਤੇ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਮੰਗ ਕੀਤੀ ਕਿ ਬਾਗਾਂ ਦੇ ਨੁਕਸਾਨ ਲਈ ਵਿਸ਼ੇਸ਼ ਪੈਕੇਜ ਦਿੱਤਾ ਜਾਵੇ, ਫਸਲਾਂ ਦੀ ਬੀਮਾ ਪਾਲਿਸੀ ਬਣਾਈ ਜਾਵੇ, ਬੀਮੇ ਦਾ ਪ੍ਰੀਮੀਅਰ ਖੁਦ ਸਰਕਾਰ ਭਰੇ, ਏਕੜ ਨੂੰ ਇਕਾਈ ਮੰਨ ਕੇ ਮੁਆਵਜ਼ਾ ਦਿੱਤਾ ਜਾਵੇ, ਕਿਸਾਨੀ ਕਰਜ਼ੇ ਦੀ ਅਦਾਇਗੀ ਇਕ ਸਾਲ ਅੱਗੇ ਪਾਈ ਜਾਵੇ, ਨੌਜਵਾਨਾਂ 'ਤੇ ਲਾਇਆ ਐਨ.ਐਸ.ਏ. ਵਾਪਸ ਲਿਆ ਜਾਵੇ, ਸਜਾਵਾਂ ਪੂਰੀਆਂ ਕਰ ਚੁੱਕੇ ਸਿੱਖ ਬੰਦੀਆਂ ਸਮੇਤ ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ, ਪੱਤਰਕਾਰਾਂ ਤੇ ਵਕੀਲਾਂ ਨੂੰ ਰਿਹਾਅ ਕੀਤਾ ਜਾਵੇ।

## ਗਿਰਦਾਵਰੀਆਂ ਕਰਵਾਉਣ ਦਾ ਸਿਰਫ ਡਰਾਮਾ ਕਰ ਰਹੀ ਹੈ ਸਰਕਾਰ: ਰਾਜੇਵਾਲ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਦੋਸ਼ ਲਾਇਆ ਹੈ ਕਿ ਸਰਕਾਰ ਗਿਰਦਾਵਰੀਆਂ ਦੇ ਨਾਂ 'ਤੇ ਡਰਾਮਾ ਕਰਕੇ ਕਿਸਾਨਾਂ ਨੂੰ ਮੂਰਖ ਬਣਾ ਰਹੀ ਹੈ। ਰਾਜੇਵਾਨ ਨੇ ਕਿਹਾ ਕਿ ਸਰਕਾਰ ਕੋਲ ਪਟਵਾਰੀਆਂ ਦੀ ਕੁੱਲ ਗਿਣਤੀ ਦਾ 25 ਫੀਸਦ ਹੀ ਡਿਊਟੀ 'ਤੇ ਹਾਜਰ ਹਨ ਤੇ ਗਿਰਦਾਵਰੀ ਵੇਲੇ ਪਟਵਾਰੀ ਨਾਲ ਖੇਤੀ ਵਿਕਾਸ ਅਫਸਰ ਵੀ ਲੋੜੀਂਦਾ ਹੁੰਦਾ ਹੈ, ਪਰ ਸਰਕਾਰ ਕੋਲ ਖੇਤੀਬਾੜੀ ਵਿਭਾਗ ਵਿਚ ਇਨ੍ਹਾਂ ਅਫਸਰਾਂ ਦੀ ਗਿਣਤੀ ਵੀ ਬਹੁਤ ਥੋੜੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਗਿਰਦਾਵਰੀ ਪਾਰਦਰਸ਼ੀ ਢੰਗ ਨਾਲ ਕੀਤੇ ਜਾਣ ਦੀ ਗੱਲ ਕਹੀ ਜਾ ਰਹੀ ਹੈ, ਪਰ ਅਸਲ ਵਿਚ ਪਟਵਾਰਖਾਨਿਆਂ 'ਚ ਬੈਠ ਕੇ ਇਸ ਕੰਮ ਦੀ ਖਾਨਾਪੂਰਤੀ ਹੀ ਕੀਤੀ ਜਾ ਰਹੀ ਹੈ।

# ਅਕਾਲੀ ਆਗੂ ਇੰਦਰ ਇਕਬਾਲ ਸਿੰਘ ਅਟਵਾਲ ਭਾਜਪਾ ਵਿਚ ਸ਼ਾਮਲ



**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦੇ ਆਗੂ ਇੰਦਰ ਇਕਬਾਲ ਸਿੰਘ ਅਟਵਾਲ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਅਤੇ ਹੋਰ ਸੀਨੀਅਰ ਆਗੂਆਂ ਦੀ ਹਾਜਰੀ ਵਿਚ ਭਾਜਪਾ 'ਚ ਸ਼ਾਮਲ ਹੋ ਗਏ ਹਨ। ਉਹ 2004 ਤੋਂ 2009 ਤੱਕ 14ਵੀਂ ਲੋਕ ਸਭਾ ਦੇ ਡਿਪਟੀ ਸਪੀਕਰ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਹੇ ਚਰਨਜੀਤ ਸਿੰਘ ਅਟਵਾਲ ਦੇ ਪੁੱਤਰ ਹਨ।

ਅਟਵਾਲ ਦੇ ਨਾਲ ਉਨ੍ਹਾਂ ਦੇ ਛੋਟੇ ਭਰਾ ਜਸਜੀਤ ਸਿੰਘ ਅਟਵਾਲ ਤੇ ਪੰਜਾਬ ਦੇ ਹੋਰ ਆਗੂ ਵੀ ਇੱਥੇ ਪਾਰਟੀ ਹੈੱਡਕੁਆਰਟਰ ਵਿਚ ਭਾਜਪਾ 'ਚ ਸ਼ਾਮਲ ਹੋ ਗਏ। ਸਾਬਕਾ ਅਕਾਲੀ ਆਗੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, ''ਜੇ ਕੋਈ ਬਾਬਾ ਸਾਹਿਬ ਅੰਬੇਡਕਰ ਵੱਲੋਂ ਦਰਸਾਏ ਗਏ ਮਾਰਗ 'ਤੇ ਸਹੀ ਅਰਥਾਂ ਵਿਚ ਚੱਲ ਰਿਹਾ ਹੈ ਤਾਂ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਗਵਾਈ ਵਾਲੀ ਕੇਂਦਰ ਸਰਕਾਰ ਹੈ। ਮੈਂ ਕੇਂਦਰ ਸਰਕਾਰ ਵੱਲੋਂ ਕੀਤੇ ਗਏ ਵਿਕਾਸ ਅਤੇ ਇਸ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਵਿਚ ਸ਼ਾਮਲ ਹੋ ਰਿਹਾ ਹਾਂ।''

ਇਸ ਦੌਰਾਨ ਉਨ੍ਹਾਂ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਮੋਦੀ ਦੀ ਸ਼ਲਾਘਾ ਕੀਤੀ ਅਤੇ ਇਸ ਫੈਸਲੇ ਨੂੰ 'ਇਤਿਹਾਸਕ ਮੀਲ ਪੱਥਰ' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਦਲਿਤਾਂ ਸਮੇਤ ਸਮਾਜ ਦੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਪੰਜਾਬ ਵਿਚ ਵਿਕਾਸ ਦਾ 'ਨਵਾਂ ਯੁੱਗ' ਸ਼ੁਰੂ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ, ''ਅਸੀਂ ਪਾਰਟੀ ਲੀਡਰਸ਼ਿਪ ਦੀ ਅਗਵਾਈ ਹੇਠ ਪੰਜਾਬ ਵਿਚ ਭਾਜਪਾ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਕੰਮ ਕਰਾਂਗੇ। ਅਸੀਂ ਸਿੱਖਾਂ ਸਮੇਤ ਹਰ ਧਰਮ ਅਤੇ ਭਾਈਚਾਰੇ ਨੂੰ ਨਾਲ ਲੈ ਕੇ ਪੰਜਾਬ ਨੂੰ ਤਰੱਕੀ ਦੇ ਰਾਹ 'ਤੇ ਲਿਜਾਣ ਦੀ ਕੋਸ਼ਿਸ਼ ਕਰਾਂਗੇ।'' ਅਟਵਾਲ ਅਤੇ ਹੋਰ ਆਗੂਆਂ ਦਾ ਪਾਰਟੀ ਵਿਚ ਸਵਾਗਤ ਕਰਦਿਆਂ ਪੁਰੀ ਨੇ ਕਿਹਾ ਕਿ ਵੱਖ-ਵੱਖ ਪਾਰਟੀਆਂ ਦੇ ਆਗੂ ਮੋਦੀ ਸਰਕਾਰ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਵਿਚ ਸ਼ਾਮਲ ਹੋ ਰਹੇ ਹਨ। ਕੇਂਦਰੀ ਮੰਤਰੀ ਨੇ ਜੋਰ ਦੇ ਕੇ ਕਿਹਾ ਕਿ ਦੇਸ ਨੇ ਮੋਦੀ ਦੀ ਅਗਵਾਈ ਹੇਠ ਤਰੱਕੀ ਦੇਖੀ ਹੈ। ਇਸ ਦੌਰਾਨ ਉਨ੍ਹਾਂ ਚਰਨਜੀਤ ਸਿੰਘ ਅਟਵਾਲ ਵੱਲੋਂ ਦੇਸ਼ ਦੀ ਸਿਆਸਤ ਵਿਚ ਪਾਏ ਗਏ ਯੋਗਦਾਨ ਨੂੰ ਯਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੇ ਪੁੱਤਰਾਂ ਦੇ ਭਾਜਪਾ ਵਿਚ ਸ਼ਾਮਲ ਹੋਣ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ।

# ਕਣਕ-ਝੋਨੇ ਦੇ ਗੇੜ 'ਚ ਫਸੇ ਪੰਜਾਬ ਨੂੰ ਪਿੱਛੇ ਛੱਡ ਹਰਿਆਣਾ ਮਾਰ ਗਿਆ ਬਾਜ਼ੀ

**ਚੰਡੀਗੜ੍ਹ:** ਕਣਕ-ਝੋਨੇ ਦੇ ਗੇੜ ਨੇ ਪੰਜਾਬ ਨੂੰ ਬਰਾਮਦ ਦੇ ਮੌਕਿਆਂ ਤੋਂ ਖੁੰਝਾ ਦਿੱਤਾ ਹੈ। ਪੰਜਾਬ ਹੁਣ ਖੇਤੀ ਉਤਪਾਦਾਂ ਦੀ ਬਰਾਮਦ 'ਚ ਫਾਡੀ ਰਹਿ ਗਿਆ ਹੈ, ਜਦਕਿ ਗੁਆਂਢੀ ਸੂਬਾ ਹਰਿਆਣਾ ਇਸ ਮਾਮਲੇ 'ਚ ਕਾਫੀ ਅੱਗੇ ਨਿਕਲ ਗਿਆ ਹੈ। ਪੰਜਾਬ ਚੋਂ ਹਰ ਵਰ੍ਹੇ ਖੇਤੀ ਵਸਤਾਂ ਦੀ ਬਰਾਮਦ ਘਟ ਰਹੀ ਹੈ। ਉਪਰੋਂ ਪ੍ਰੋਸੈਸਿੰਗ ਖੇਤਰ ਕਮਜ਼ੋਰ ਹੋਣ ਕਰਕੇ ਪੰਜਾਬ ਲਈ ਬਰਾਮਦ ਵਾਸਤੇ ਰਾਹ ਮੋਕਲੇ ਨਹੀਂ ਹਨ। ਹਾਲਾਂਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਪਰ ਕਿਸੇ ਹਕੂਮਤ ਨੇ ਖੇਤੀ ਵਸਤਾਂ ਦੇ ਬਰਾਮਦ ਖੇਤਰ 'ਤੇ ਹਾਲੇ ਤੱਕ ਧਿਆਨ ਕੇਂਦਰਿਤ ਨਹੀਂ ਕੀਤਾ।

ਕੇਂਦਰੀ ਕਾਮਰਸ ਤੇ ਸਨਅਤ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਵਰ੍ਹਾ 2018-19 ਵਿਚ ਪੰਜਾਬ ਸਮੁੱਚੇ ਦੇਸ਼ 'ਚੋਂ ਖੇਤੀ ਉਤਪਾਦਾਂ ਦੇ 1402 ਮਿਲੀਅਨ ਡਾਲਰ ਦੀ ਬਰਾਮਦ ਨਾਲ ਨੌਵੇਂ ਨੰਬਰ 'ਤੇ ਸੀ, ਜਦਕਿ ਸਾਲ 2021-22 ਵਿਚ ਪੰਜਾਬ ਨੇ 978 ਮਿਲੀਅਨ ਡਾਲਰ ਦੇ ਖੇਤੀ ਉਤਪਾਦਾਂ ਦੀ ਬਰਾਮਦ ਕੀਤੀ ਤੇ ਪੰਜਾਬ ਪੱਛੜ ਕੇ 13ਵੇਂ ਨੰਬਰ 'ਤੇ ਪੁੱਜ ਗਿਆ। ਹਰਿਆਣਾ ਨੇ 2021-22 ਵਿਚ 2746 ਮਿਲੀਅਨ ਡਾਲਰ ਦੇ ਖੇਤੀ ਉਤਪਾਦਾਂ ਦੀ ਬਰਾਮਦ ਕੀਤੀ ਹੈ, ਜੋ 2017-18 ਵਿਚ 2678 ਕਰੋੜ ਮਿਲੀਅਨ ਡਾਲਰ ਦਾ ਸੀ। ਯਾਦ ਰਹੇ ਕਿ ਪੰਜਾਬ ਵਿਚ ਵੱਡਾ ਰਕਬਾ ਕਣਕ ਤੇ ਝੋਨੇ ਹੇਠ ਹੀ ਆਉਂਦਾ ਹੈ। ਫਲਾਂ ਅਤੇ ਸਬਜ਼ੀਆਂ ਜਾਂ ਫਿਰ ਹੋਰ ਫਸਲੀ ਵਿਭਿੰਨਤਾ 'ਤੇ ਪਿਛਲੇ ਸਮੇਂ ਦੌਰਾਨ ਸਰਕਾਰਾਂ ਨੇ ਬਹੁਤਾ ਧਿਆਨ ਨਹੀਂ ਦਿੱਤਾ। ਪੰਜਾਬ ਦੇ ਵੱਖ-ਵੱਖ ਖਿੱਤਿਆਂ



ਦੀ ਪਛਾਣ ਖਾਸ ਫਲਾਂ ਤੇ ਸਬਜ਼ੀਆਂ ਨਾਲ ਜੁੜਦੀ ਵੀ ਹੈ, ਪਰ ਪ੍ਰੋਸੈਸਿੰਗ ਦੀ ਘਾਟ ਇਸ ਨੂੰ ਪਿੱਛੇ ਧੱਕ ਦਿੰਦੀ ਹੈ। ਪੰਜਾਬ ਦੇ ਸਹਿਕਾਰੀ ਅਦਾਰਿਆਂ 'ਚੋਂ ਮਾਰਕਫੈੱਡ, ਮਿਲਕਫੈੱਡ ਤੇ ਪੰਜਾਬ ਐਗਰੋ ਐਕਸਪੋਰਟ ਕਾਰਪੋਰੇਸ਼ਨ ਆਦਿ ਵੱਲੋਂ ਖੇਤੀ ਉਤਪਾਦ ਵਿਦੇਸ਼ ਭੇਜੇ ਜਾਂਦੇ ਹਨ।

ਦੱਸਣਯੋਗ ਹੈ ਕਿ ਸਰਕਾਰਾਂ ਨੇ ਪੰਜਾਬ ਵਿਚ ਕਈ ਐਗਰੀ ਜ਼ੋਨ ਬਣਾਏ ਸਨ, ਪਰ ਹਕੀਕਤ ਵਿਚ ਬਹੁਤਾ ਕੰਮ ਨਹੀਂ ਹੋ ਸਕਿਆ। ਕਿਸਾਨ ਆਖਦੇ ਹਨ ਕਿ ਵਾਹਗਾ ਬਾਰਡਰ ਖੁੱਲ੍ਹਣ ਨਾਲ ਪੰਜਾਬ ਦੀ ਖੇਤੀ ਨੂੰ ਵੱਡਾ ਹੁਲਾਰਾ ਮਿਲੇਗਾ, ਪਰ ਵਾਇਆ ਦੁਬਈ ਖੇਤੀ ਉਤਪਾਦ ਭੇਜਣ ਵਾਲੀ ਮੁੰਬਈ ਦੀ ਲਾਬੀ ਅਜਿਹਾ ਨਹੀਂ ਹੋਣ ਦੇ ਰਹੀ ਹੈ। ਪੰਜਾਬ ਉਤੇ ਨਜ਼ਰ ਮਾਰੀਏ ਤਾਂ 2017-18 ਵਿਚ 1545 ਮਿਲੀਅਨ ਡਾਲਰ, 2018-19 ਵਿਚ 1402 ਤੇ 2019-20 ਵਿਚ 1267 ਮਿਲੀਅਨ ਡਾਲਰ ਦੇ ਖੇਤੀ ਉਤਪਾਦਾਂ ਦੀ ਬਰਾਮਦ ਹੋਈ ਹੈ। ਇਸੇ ਤਰ੍ਹਾਂ 2020-21 ਵਿਚ ਪੰਜਾਬ ਤੋਂ 1161 ਮਿਲੀਅਨ ਡਾਲਰ ਦੀ ਬਰਾਮਦ ਕੀਤੀ ਗਈ। 2021-22 ਦੇ ਅੰਕੜਿਆਂ ਅਨੁਸਾਰ ਦੇਸ਼ 'ਚੋਂ ਗੁਜਰਾਤ ਨੇ ਸਭ ਤੋਂ ਵੱਧ 9228 ਮਿਲੀਅਨ ਡਾਲਰ ਦੀਆਂ ਖੇਤੀ ਵਸਤਾਂ ਦੀ ਬਰਾਮਦ ਕੀਤੀ, ਜਦਕਿ ਦੂਸਰਾ ਨੰਬਰ ਮਹਾਰਾਸ਼ਟਰ ਦਾ ਹੈ, ਜਿੱਥੋਂ 8370 ਮਿਲੀਅਨ ਡਾਲਰ ਦੇ ਖੇਤੀ ਉਤਪਾਦ ਬਰਾਮਦ ਹੋਏ।

# ਚੰਡੀਗੜ੍ਹ ਤੋਂ ਖੁਦ ਹੀ ਆਪਣਾ ਹੱਕ ਛੱਡਣ ਦੇ ਰਾਹ ਪਈ ਪੰਜਾਬ ਸਰਕਾਰ

**ਚੰਡੀਗੜ੍ਹ:** ਯੂਟੀ ਦਾ ਦਰਜਾ ਪ੍ਰਾਪਤ ਚੰਡੀਗੜ੍ਹ ਪੰਜਾਬ ਅਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਹੈ ਤੇ ਦੋਵੇਂ ਰਾਜਾਂ ਵਿਚਾਲੇ ਚੰਡੀਗੜ੍ਹ ਦੇ ਸਰਕਾਰੀ ਵਿਭਾਗਾਂ 'ਚ ਅਧਿਕਾਰੀਆਂ/ਕਰਮਚਾਰੀਆਂ ਦੀ ਨਿਯੁਕਤੀ ਵੇਲੇ 60:40 ਦੇ ਅਨੁਪਾਤ ਨਾਲ ਨਿਯੁਕਤੀਆਂ ਕੀਤੇ ਜਾਣ ਦੀ ਸਹਿਮਤੀ ਵੀ ਹੈ ਪਰ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਵਿਚਲੀਆਂ ਸਰਕਾਰਾਂ ਇਸ ਅਨੁਪਾਤ ਮੁਤਾਬਕ ਤਾਇਨਾਤੀ ਕਰਨ ਤੋਂ ਅਸਮਰੱਥ ਰਹੀਆਂ ਹਨ।

ਇਹ ਸਰਕਾਰਾਂ ਦੀ ਕਥਿਤ ਅਣਗਹਿਲੀ ਦਾ ਹੀ ਨਤੀਜਾ ਹੈ ਕਿ ਚੰਡੀਗੜ੍ਹ ਟਰਾਂਸਪੋਰਟ ਅੰਡਰਟੇਕਿੰਗ (ਸੀ.ਟੀ.ਯੂ.) ਵਰਗੇ ਅਹਿਮ ਵਿਰਾਸਤੀ ਅਦਾਰੇ ਦੀਆਂ ਲਗਭਗ ਸਾਰੀਆਂ ਅਹਿਮ ਸੀਟਾਂ 'ਤੇ ਸਿਰਫ ਹਰਿਆਣਾ ਦੇ ਅਫਸਰਾਂ ਦਾ ਦਬਦਬਾ ਹੈ।

ਸੂਤਰ ਦੱਸਦੇ ਹਨ ਕਿ ਪੁਰਾਣੇ ਸਮੇਂ ਵਿਚ ਸੀ.ਟੀ.ਯੂ. ਦੀ ਮੈਨੇਜਮੈਂਟ ਵੱਲੋਂ ਪੰਜਾਬ ਸਰਕਾਰ ਨੂੰ ਵਾਰ-ਵਾਰ ਪੱਤਰ ਭੇਜ ਕੇ ਅਫਸਰਾਂ ਦੀ ਮੰਗ



ਕੀਤੀ ਜਾਂਦੀ ਰਹੀ ਹੈ, ਪਰ ਪੰਜਾਬ ਵੱਲੋਂ ਦੋ ਜਵਾਬ ਮਿਲਦੇ ਰਹੇ ਹਨ, ਪਹਿਲਾ ਅਫਸਰ ਨਾ ਹੋਣ ਦਾ ਤੇ ਦੂਜਾ ਅਫਸਰਾਂ ਦੇ ਚੰਡੀਗੜ੍ਹ ਆਉਣ ਦੇ ਇੱਛੁਕ ਨਾ ਹੋਣ ਦਾ। ਸਾਲ 2015 ਵਿਚ ਅਮਰੀਕ ਸਿੰਘ ਨਾਂ ਦਾ ਜਨਰਲ ਮੈਨੇਜਰ ਪੰਜਾਬ ਦਾ ਅਖੀਰਲਾ ਅਧਿਕਾਰੀ ਸੀ, ਜਿਸ ਮਗਰੋਂ ਹੁਣ ਤੱਕ ਪੰਜਾਬ ਦਾ ਜਨਰਲ ਮੈਨੇਜਰ ਇੱਥੇ ਨਿਯੁਕਤ ਨਹੀਂ ਹੋਇਆ ਹੈ। ਇਸੇ ਤਰ੍ਹਾਂ ਡਾਇਰੈਕਟਰ ਦੀ ਪੋਸਟ 'ਤੇ ਉਮਾ ਸ਼ੰਕਰ ਗੁਪਤਾ ਪੀ.ਸੀ.ਐਸ. ਤੋਂ ਬਾਅਦ ਹੁਣ ਹਰਿਆਣਾ ਕੇਡਰ ਤੋਂ ਪ੍ਰਦੁੱਮਣ ਸਿੰਘ ਤਾਇਨਾਤ ਹਨ, ਜਦਕਿ ਇਹ ਪੋਸਟ ਪੰਜਾਬ ਕੋਟੇ ਦੀ ਸੀ। ਇਕੱਤਰ ਕੀਤੀ ਜਾਣਕਾਰੀ ਮੁਤਾਬਕ ਇਸ ਵੇਲੇ ਅਮਿਤ ਗੁਪਤਾ ਨੂੰ ਯੂਟੀ ਦੇ ਮੈਂਟੀਨੈਂਸ ਵਿਭਾਗ ਤੋਂ ਡੈਪੂਟੇਸ਼ਨ 'ਤੇ ਲਿਆ ਕੇ ਜਨਰਲ ਮੈਨੇਜਰ ਲਗਾਇਆ ਹੋਇਆ ਹੈ। ਇਸ ਤੋਂ ਇਲਾਵਾ ਯੂਟੀ ਕੇਡਰ ਤੋਂ ਹੀ ਯਸ਼ਜੀਤ ਸਿੰਘ ਗੁਪਤਾ ਨੂੰ ਕੰਟਰੈਕਟ 'ਤੇ ਜਨਰਲ ਮੈਨੇਜਰ ਲਗਾਇਆ ਹੋਇਆ ਹੈ ਤੇ ਕੰਟਰੈਕਟ ਪੂਰਾ ਹੋਣ ਮਗਰੋਂ ਇਕ ਸਾਲ ਦਾ ਵਾਧਾ ਵੀ ਕਰ ਦਿੱਤਾ ਗਿਆ ਹੈ।

ਸੀਟੀਯੂ ਵਿੱਚ ਪੰਜਾਬ ਦੀ ਤਰਫਦਾਰੀ ਕਰਨ ਵਾਲਾ ਨਾ ਹੋਣ ਕਾਰਨ ਸੂਬੇ ਦੇ ਡਰਾਈਵਰਾਂ ਤੇ ਕੰਡਕਟਰਾਂ ਦੀ ਭਰਤੀ ਮੌਕੇ ਇਨਸਾਫ਼ ਮਿਲਣ ਦੀ ਸੰਭਾਵਨਾ ਵੀ ਖਤਮ ਹੁੰਦੀ ਜਾ ਰਹੀ ਹੈ। ਹੁਣ ਅਦਾਰੇ ਵਿੱਚ 320 ਕੰਡਕਟਰਾਂ ਅਤੇ 46 ਡਰਾਈਵਰਾਂ ਦੀ ਹੋਣ ਜਾ ਰਹੀ ਭਰਤੀ ਵਾਸਤੇ ਅਪਲਾਈ ਕਰਨ ਲਈ 10 ਅਪਰੈਲ 2023 ਦੀ ਮਿਤੀ ਨਿਸ਼ਚਿਤ ਕੀਤੀ ਗਈ ਹੈ। ਉਮੀਦਵਾਰਾਂ ਦੀ ਮੰਗ ਹੈ ਕਿ ਭਰਤੀ ਪ੍ਰੀਖਿਆ ਲਈ ਪੰਜਾਬ ਅਤੇ ਹਰਿਆਣਾ ਦੋਵੇਂ ਸੂਬਿਆਂ ਦੇ ਅਫ਼ਸਰਾਂ ਦੀ ਨਿਗਰਾਨੀ ਹੇਠ ਪੇਪਰ ਸੈੱਟ ਹੋਣਾ ਚਾਹੀਦਾ ਹੈ।

## ਬਿਜਲੀ ਦਰਾਂ 'ਚ ਵਾਧੇ ਦੀ ਮਾਰ ਖਪਤਕਾਰਾਂ 'ਤੇ ਪਵੇਗੀ: ਬਾਜਵਾ

**ਚੰਡੀਗੜ੍ਹ:** ਕਾਂਗਰਸ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮਾਨ ਸਰਕਾਰ ਨੂੰ ਕੇਂਦਰ ਸਰਕਾਰ ਵੱਲੋਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨੂੰ ਹਰ ਬਿਲਿੰਗ ਚੱਕਰ 'ਚ ਬਿਜਲੀ ਦਰ ਵਧਾਉਣ ਲਈ ਬਣਾਏ ਨਿਯਮਾਂ ਦਾ ਵਿਰੋਧ ਕਰਨ ਦਾ ਸੱਦਾ ਦਿੱਤਾ ਹੈ। ਬਾਜਵਾ ਨੇ ਕਿਹਾ ਕਿ ਮਾਨ ਸਰਕਾਰ ਨੇ ਕੇਂਦਰ ਦੇ ਉਨ੍ਹਾਂ ਹੁਕਮਾਂ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ, ਜਿਨ੍ਹਾਂ 'ਚ ਕੇਂਦਰੀ ਬਿਜਲੀ ਮੰਤਰਾਲੇ ਨੇ ਬਿਜਲੀ ਨਿਯਮ 2023 'ਚ ਸੋਧ ਕਰਦਿਆਂ ਰਾਜ ਰੈਗੂਲੇਟਰੀ ਕਮਿਸ਼ਨਾਂ ਨੂੰ ਲੋੜ ਪੈਣ 'ਤੇ ਬਿਜਲੀ ਦਰਾਂ 'ਚ ਵਾਧਾ ਕਰਨ ਦੀਆਂ ਸ਼ਕਤੀਆਂ ਦਿੱਤੀਆਂ ਹਨ। ਮਾਨ ਸਰਕਾਰ ਇਕ ਖਾਸ ਵਰਗ ਨੂੰ ਮੁਫਤ ਬਿਜਲੀ ਦੇ ਰਹੀ ਹੈ, ਦੂਜੇ ਪਾਸੇ ਬਿਜਲੀ ਦਰਾਂ 'ਚ ਵਾਧਾ ਕਰਨ ਦੀ ਯੋਜਨਾ ਬਣਾ ਕੇ ਦੂਜੇ ਵਰਗਾਂ ਉਤੇ ਦਬਾਅ ਪਾ ਰਹੀ ਹੈ।

# ਆਬਕਾਰੀ ਨੀਤੀ 'ਚ 200 ਕਰੋੜ ਘਪਲੇ ਦੇ ਦੋਸ਼



**ਚੰਡੀਗੜ੍ਹ**: ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੀ 'ਆਪ' ਸਰਕਾਰ 'ਤੇ ਆਬਕਾਰੀ ਨੀਤੀ ਵਿਚ 200 ਕਰੋੜ ਰੁਪਏ ਦਾ ਘਪਲਾ ਕਰਨ ਦੇ ਦੋਸ਼ ਲਾਏ ਹਨ। ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਇਹ ਦੋਸ਼ ਲਾਉਂਦਿਆਂ ਦਿੱਲੀ ਦੀ ਤਰਜ਼ 'ਤੇ ਪੰਜਾਬ ਦੀ ਆਬਕਾਰੀ ਨੀਤੀ ਸਬੰਧੀ ਵੀ ਸੀ.ਬੀ.ਆਈ. ਤੇ ਈ.ਡੀ. ਤੋਂ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਹੈ।

ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਪਾਰਟੀ ਦਾ ਵਫ਼ਦ ਰਾਜਪਾਲ ਨੂੰ ਮਿਲ ਕੇ ਜਾਂਚ ਦੀ ਮੰਗ ਕਰੇਗਾ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਤੇ ਵਿੱਤ ਮੰਤਰੀ ਹਰਪਾਲ ਚੀਮਾ ਦੇ ਦਾਅਵਿਆਂ ਨੂੰ ਖਾਰਜ ਕਰਦਿਆਂ ਦਾਅਵਾ ਕੀਤਾ ਕਿ ਆਬਕਾਰੀ ਮਾਲੀਏ ਵਿਚ 41% ਨਹੀਂ, 10.26% ਵਾਧਾ ਹੋਇਆ ਹੈ।

## 'ਆਪ' ਸਰਕਾਰ ਦੀ ਛਤਰ ਛਾਇਆ ਹੇਠ ਮਾਫੀਆ ਦੁੱਗਣਾ ਹੋਇਆ: ਸਿੱਧੂ

**ਅੰਮ੍ਰਿਤਸਰ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਇੱਥੇ ਅੰਮ੍ਰਿਤਸਰ ਸਥਿਤ ਆਪਣੇ ਘਰ ਪੁੱਜੇ। ਇਸ ਤੋਂ ਪਹਿਲਾਂ ਉਨ੍ਹਾਂ ਦਾ ਇਥੇ ਗੋਲਡਨ ਗੇਟ 'ਤੇ ਸਮਰਥਕਾਂ ਵੱਲੋਂ ਫੁੱਲਾਂ ਦੇ ਹਾਰ ਅਤੇ ਨਾਅਰਿਆਂ ਨਾਲ ਸਵਾਗਤ ਕੀਤਾ ਗਿਆ। ਸ੍ਰੀ ਸਿੱਧੂ ਨੇ ਆਖਿਆ ਕਿ ਅੰਮ੍ਰਿਤਸਰ ਉਨ੍ਹਾਂ ਦੀ ਕਰਮ ਭੂਮੀ ਹੈ ਤੇ ਅੰਮ੍ਰਿਤਸਰ ਦੇ ਲੋਕਾਂ ਨੇ ਉਨ੍ਹਾਂ ਨੂੰ ਹਮੇਸ਼ਾ ਹੀ ਵੱਡਾ ਮਾਣ-ਸਨਮਾਨ ਦਿੱਤਾ ਹੈ। ਪੰਜਾਬ ਦੀ 'ਆਪ' ਸਰਕਾਰ 'ਤੇ ਵਰ੍ਹਦਿਆਂ ਉਨ੍ਹਾਂ ਦੋਸ਼ ਲਾਇਆ ਕਿ ਇਸ ਸਰਕਾਰ ਦੀ ਛਤਰ ਛਾਇਆ ਹੇਠ ਮਾਫੀਆ ਰਾਜ ਚੱਲ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਕੁਝ ਵਪਾਰਕ ਘਰਾਣਿਆਂ ਨੂੰ ਲਾਹਾ ਦੇਣ ਲਈ ਕੰਮ ਕਰ ਰਹੀ ਹੈ ਜਦੋਂਕਿ ਆਮ ਆਦਮੀ ਦੀ ਭਲਾਈ ਲਈ ਕੁਝ ਨਹੀਂ ਕੀਤਾ ਗਿਆ।

ਉਧਰ, 'ਆਪ' ਨੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੇ ਦੋਸ਼ਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਮਜੀਠੀਆ ਕੋਲ ਪ੍ਰੈੱਸ ਦੀ ਆਜ਼ਾਦੀ ਦੇ ਮੁੱਦੇ 'ਤੇ ਭਾਸ਼ਣ ਦੇਣ ਦਾ ਕੋਈ ਨੈਤਿਕ ਆਧਾਰ ਨਹੀਂ ਹੈ। 'ਆਪ' ਨੇ ਮਜੀਠੀਆ ਵੱਲੋਂ ਲਾਏ ਗਏ ਦੋਸ਼ਾਂ ਨੂੰ ਝੂਠਾ ਤੇ ਬੇਬੁਨਿਆਦ ਕਰਾਰ ਦਿੱਤਾ ਹੈ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਮਜੀਠੀਆ ਨੂੰ ਯਾਦ ਦਿਵਾਇਆ ਕਿ ਜਦੋਂ ਉਹ ਅਕਾਲੀ ਸਰਕਾਰ ਵਿਚ ਲੋਕ ਸੰਪਰਕ ਮੰਤਰੀ ਸਨ ਤਾਂ ਉਨ੍ਹਾਂ ਨੇ 2007 ਤੋਂ 2017 ਤੱਕ ਏ.ਬੀ.ਪੀ. ਸਾਂਝਾ ਵਰਗੇ ਚੈਨਲਾਂ ਨੂੰ ਮੁੱਖ ਕੇਬਲ 'ਤੇ ਪ੍ਰਸਾਰਿਤ ਨਹੀਂ ਹੋਣ ਦਿੱਤਾ ਅਤੇ ਅੱਜ ਉਸੇ ਚੈਨਲ ਨੇ ਉਨ੍ਹਾਂ ਦੀ ਸਾਰੀ ਪ੍ਰੈਸ ਕਾਨਫਰੰਸ ਦਾ ਸਿੱਧਾ ਪ੍ਰਸਾਰਨ ਕੀਤਾ। ਕੀ ਇਹ ਇਸ ਗੱਲ ਦਾ ਸਬੂਤ ਨਹੀਂ ਹੈ ਕਿ ਮੀਡੀਆ ਨੂੰ ਕਿਸ ਨੇ ਬੰਦ ਕਰਨ ਦੀ ਕੋਸ਼ਿਸ਼ ਕੀਤੀ। 10 ਸਾਲਾਂ ਤੱਕ ਮੀਡੀਆ ਵਿਚ ਸਿਰਫ ਅਕਾਲੀ ਦਲ ਦੇ ਚੈਨਲ ਦੀ ਅਜ਼ਾਰੇਦਾਰੀ ਰਹੀ।

# ਜਲੰਧਰ ਜ਼ਿਮਨੀ ਚੋਣ: 'ਆਪ' ਨੇ ਸੁਸ਼ੀਲ ਕੁਮਾਰ ਰਿੰਕੂ ਨੂੰ ਐਲਾਨਿਆ ਉਮੀਦਵਾਰ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਸਾਬਕਾ ਵਿਧਾਇਕ ਸੁਸ਼ੀਲ ਕੁਮਾਰ ਰਿੰਕੂ ਨੂੰ ਉਮੀਦਵਾਰ ਐਲਾਨ ਦਿੱਤਾ ਹੈ। ਇਹ ਐਲਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਟਵਿੱਟਰ ਰਾਹੀਂ ਕੀਤਾ ਹੈ। ਮੁੱਖ ਮੰਤਰੀ ਨੇ ਟਵੀਟ ਰਾਹੀਂ ਹੀ ਰਿੰਕੂ ਨੂੰ ਵਧਾਈ ਦਿੱਤੀ।

ਸੁਸ਼ੀਲ ਕੁਮਾਰ ਰਿੰਕੂ ਇਕ ਦਿਨ ਪਹਿਲਾਂ ਹੀ 'ਆਪ' ਵਿਚ ਸ਼ਾਮਲ ਹੋਏ ਸਨ। 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਉਨ੍ਹਾਂ ਦੇ ਗਲ ਵਿਚ ਸਿਰੋਪਾਓ ਪਾ ਕੇ ਪਾਰਟੀ ਵਿਚ ਸ਼ਾਮਲ ਕੀਤਾ ਸੀ। ਸੁਸ਼ੀਲ ਕੁਮਾਰ ਰਿੰਕੂ ਪਹਿਲੀ ਵਾਰ ਸਾਲ 2017 ਵਿਚ ਕਾਂਗਰਸ ਪਾਰਟੀ ਦੀ ਟਿਕਟ 'ਤੇ ਵਿਧਾਨ ਸਭਾ ਹਲਕਾ ਜਲੰਧਰ (ਪੱਛਮੀ) ਤੋਂ 17,334 ਵੋਟਾਂ ਦੇ ਫਰਕ ਨਾਲ ਜਿੱਤ ਕੇ ਵਿਧਾਨ ਸਭਾ ਪਹੁੰਚੇ ਸਨ। ਕਾਂਗਰਸ ਨੇ ਸਾਲ 2022 ਵਿਚ ਮੁੜ ਰਿੰਕੂ ਨੂੰ ਇਸੇ ਹਲਕੇ ਤੋਂ ਚੋਣ ਮੈਦਾਨ ਵਿਚ ਉਤਾਰਿਆ ਸੀ, ਪਰ 'ਆਪ' ਉਮੀਦਵਾਰ ਸ਼ੀਤਲ ਅੰਗੁਰਾਲ ਨੇ ਉਨ੍ਹਾਂ ਨੂੰ 4253 ਵੋਟਾਂ ਤੋਂ



ਹਰਾ ਦਿੱਤਾ ਸੀ। ਚੇਤੇ ਰਹੇ ਕਿ ਜਲੰਧਰ ਲੋਕ ਸਭਾ ਸੀਟ ਸੰਸਦ ਮੈਂਬਰ ਸੰਤੋਖ ਚੌਧਰੀ ਦੀ 'ਭਾਰਤ ਜੋੜੋ ਯਾਤਰਾ' ਦੌਰਾਨ ਦਿਲ ਦਾ ਦੌਰਾ ਪੈਣ ਕਰਕੇ ਹੋਈ ਮੌਤ ਤੋਂ ਬਾਅਦ ਖਾਲੀ ਹੋਈ ਸੀ। ਇਸ ਸੀਟ ਲਈ 10 ਮਈ ਨੂੰ ਵੋਟਿੰਗ ਹੋਣੀ ਹੈ ਜਦੋਂਕਿ ਨਤੀਜਾ 13 ਮਈ ਨੂੰ ਆਏਗਾ। ਨਾਮਜ਼ਦਗੀ ਦਾਖਲ ਕਰਨ ਦੀ ਆਖਰੀ ਤਰੀਕ 20 ਅਪਰੈਲ ਹੈ।

# ਪੰਜਾਬ ਟਾਈਮਜ਼

*ਸ਼ਨਿਚਰਵਾਰ, 15 ਅਪਰੈਲ, 2023*


## ਫਸਲਾਂ ਦੀ ਤਬਾਹੀ ਅਤੇ ਸਰਕਾਰਾਂ

ਐਤਕੀਂ ਮੀਂਹ ਅਤੇ ਝੱਖੜ ਨੇ ਕਣਕ ਦੀ ਬਹੁਤ ਵੱਡੇ ਪੱਧਰ 'ਤੇ ਤਬਾਹੀ ਕੀਤੀ ਹੈ। ਇਸ ਕੁਦਰਤੀ ਆਫਤ ਦੀ ਲਪੇਟ ਵਿਚ ਪੰਜਾਬ ਹੀ ਨਹੀਂ, ਭਾਰਤ ਦੇ ਕਈ ਸੂਬੇ ਆ ਗਏ ਹਨ। ਇਸ ਵਕਤ ਤਵੱਕੋ ਕੀਤੀ ਜਾ ਰਹੀ ਸੀ ਕਿ ਕੇਂਦਰ ਸਰਕਾਰ ਸੰਕਟ ਦੀ ਇਸ ਘੜੀ ਮੌਕੇ ਕਿਸਾਨਾਂ ਦੀ ਬਾਂਹ ਫੜੇਗੀ ਅਤੇ ਸਬੰਧਤ ਸੂਬਿਆਂ ਲਈ ਵਿਸ਼ੇਸ਼ ਪੈਕੇਜਾਂ ਦਾ ਐਲਾਨ ਕਰੇਗੀ। ਕੇਂਦਰ ਸਰਕਾਰ ਨੇ ਮੌਸਮ ਦੀ ਖ਼ਰਾਬੀ ਨਾਲ ਹੋਏ ਫ਼ਸਲੀ ਨੁਕਸਾਨ ਦੇ ਮੱਦੇਨਜ਼ਰ ਕਣਕ ਦੀ ਖ਼ਰੀਦ ਲਈ ਕੇਂਦਰੀ ਮਾਪਦੰਡਾਂ ਵਿਚ ਢਿੱਲ ਦੇਣ ਦੀ ਇਜਾਜ਼ਤ ਤਾਂ ਦੇ ਦਿੱਤੀ ਹੈ ਪਰ ਮਾਪਦੰਡਾਂ 'ਤੇ ਖਰੀ ਨਾ ਉਤਰਨ ਵਾਲੀ ਫ਼ਸਲ ਦੇ ਮੁੱਲ ਵਿਚ ਕਟੌਤੀ ਕਰਨ ਦੀ ਸ਼ਰਤ ਵੀ ਲਾ ਦਿੱਤੀ ਹੈ। ਕੇਂਦਰ ਸਰਕਾਰ ਨੇ ਕਣਕ ਦੇ ਨਮੂਨਿਆਂ ਦੀ ਜਾਂਚ ਰਿਪੋਰਟ ਨੂੰ ਆਧਾਰ ਬਣਾ ਕੇ ਪੰਜਾਬ ਨੂੰ ਫ਼ਸਲੀ ਮੁੱਲ 'ਚ ਕਟੌਤੀ ਤੋਂ ਛੋਟ ਦੇਣ ਨੂੰ ਵੀ ਦਰਕਿਨਾਰ ਕਰ ਦਿੱਤਾ ਹੈ। ਕਿਸਾਨਾਂ ਅਤੇ ਆੜ੍ਹਤੀਆਂ ਨੇ ਇਸ ਕਟੌਤੀ ਫਾਰਮੂਲੇ ਦਾ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕਿਸਾਨਾਂ ਦੇ ਨੁਕਸਾਨ ਦੀ ਪੂਰਤੀ ਸਗੋਂ ਸਰਕਾਰ ਕਰੇ।

ਜਾਣਕਾਰੀ ਮਿਲੀ ਹੈ ਕਿ ਕੇਂਦਰੀ ਖਪਤਕਾਰ ਮਾਮਲੇ, ਖ਼ੁਰਾਕ ਅਤੇ ਜਨਤਕ ਵੰਡ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਗੁਣਵੱਤਾ ਦੇ ਮਾਪਦੰਡਾਂ 'ਚ ਛੋਟ ਦਿੱਤੇ ਜਾਣ ਵਾਲਾ ਪੱਤਰ ਭੇਜ ਦਿੱਤਾ ਹੈ ਜਿਸ ਅਨੁਸਾਰ ਕੇਂਦਰ ਸਰਕਾਰ ਸੂਬੇ ਚੋਂ ਸਮੁੱਚੀ ਫ਼ਸਲ ਦੀ ਖ਼ਰੀਦ ਤਾਂ ਕਰੇਗੀ ਲੇਕਿਨ ਨੁਕਸਾਨੀ ਫ਼ਸਲ ਦੇ ਮੁੱਲ 'ਚ 5.31 ਰੁਪਏ ਤੋਂ 31.87 ਰੁਪਏ ਪ੍ਰਤੀ ਕੁਇੰਟਲ ਦੀ ਕਟੌਤੀ ਹੋਵੇਗੀ। ਪੰਜਾਬ ਸਰਕਾਰ ਨੇ ਹਾਲ ਹੀ ਵਿਚ ਕੇਂਦਰ ਤੋਂ ਕੁਦਰਤੀ ਆਫ਼ਤ ਦੀ ਝੰਬੀ ਕਿਸਾਨੀ ਲਈ ਵਿਸ਼ੇਸ਼ ਪੈਕੇਜ ਮੰਗਿਆ ਸੀ ਅਤੇ ਕੋਈ ਕਟੌਤੀ ਨਾ ਲਾਉਣ ਦੀ ਮੰਗ ਕੀਤੀ ਸੀ। ਇਸ ਪੱਤਰ ਅਨੁਸਾਰ ਛੇ ਫ਼ੀਸਦੀ ਤੱਕ ਸੁੰਗੜੇ ਅਤੇ ਟੁੱਟੇ ਦਾਣੇ ਵਾਲੀ ਫ਼ਸਲ ਦੀ ਖ਼ਰੀਦ ਵਿਚ ਕੋਈ ਕਟੌਤੀ ਨਹੀਂ ਹੋਵੇਗੀ। ਛੇ ਤੋਂ ਅੱਠ ਫ਼ੀਸਦੀ ਤੱਕ 5.31 ਰੁਪਏ, ਅੱਠ ਤੋਂ ਦਸ ਫ਼ੀਸਦੀ ਤੱਕ 10.62 ਰੁਪਏ, ਦਸ ਤੋਂ ਬਾਰਾਂ ਫ਼ੀਸਦੀ ਤੱਕ 15.93 ਰੁਪਏ, ਬਾਰਾਂ ਤੋਂ ਚੌਦਾਂ ਫ਼ੀਸਦੀ ਤੱਕ 21.25 ਰੁਪਏ, ਚੌਦਾਂ ਤੋਂ ਸੋਲਾਂ ਫ਼ੀਸਦੀ ਤੱਕ 26.56 ਰੁਪਏ ਅਤੇ ਸੋਲਾਂ ਤੋਂ ਅਠਾਰਾਂ ਫ਼ੀਸਦੀ ਤੱਕ ਸੁੰਗੜੇ ਤੇ ਟੁੱਟੇ ਦਾਣੇ ਵਾਲੀ ਫ਼ਸਲ ਦੇ ਮੁੱਲ 'ਚ 31.87 ਰੁਪਏ ਪ੍ਰਤੀ ਕੁਇੰਟਲ ਦੀ ਕਟੌਤੀ ਹੋਵੇਗੀ। ਕਣਕ ਦਾ ਸਰਕਾਰੀ ਭਾਅ ਐਤਕੀਂ 2125 ਰੁਪਏ ਹੈ। ਭਾਰਤੀ ਖ਼ੁਰਾਕ ਨਿਗਮ ਨੇ ਹੁਣੇ-ਹੁਣੇ ਨਮੂਨਿਆਂ ਦੀ ਜਿਹੜੀ ਜਾਂਚ ਕੀਤੀ ਹੈ, ਉਸ 'ਚ ਸੁੰਗੜੇ ਅਤੇ ਟੁੱਟੇ ਦਾਣਿਆਂ ਦੀ ਦਰ 15 ਤੋਂ 16 ਫ਼ੀਸਦੀ ਆਈ ਹੈ। ਇਸ ਦਾ ਭਾਵ ਹੈ ਕਿ ਕਿਸਾਨਾਂ ਨੂੰ 26.56 ਰੁਪਏ ਕਟੌਤੀ ਦੀ ਸਿੱਧੀ ਮਾਰ ਝੱਲਣੀ ਪਵੇਗੀ। ਪੱਤਰ ਵਿਚ ਲਿਖਿਆ ਗਿਆ ਹੈ ਕਿ ਦਸ ਫ਼ੀਸਦੀ ਤੱਕ ਬਦਰੰਗ ਫ਼ਸਲ ਦੇ ਮੁੱਲ 'ਤੇ ਕੋਈ ਕੱਟ ਨਹੀਂ ਲੱਗੇਗਾ ਅਤੇ ਦਸ ਤੋਂ ਅੱਸੀ ਫ਼ੀਸਦੀ ਤੱਕ ਬਦਰੰਗ ਫ਼ਸਲ 'ਤੇ ਪ੍ਰਤੀ ਕੁਇੰਟਲ 5.31 ਰੁਪਏ ਕੱਟ ਲੱਗੇਗਾ। ਜਾਂਚ ਰਿਪੋਰਟਾਂ 'ਚ ਪੰਜਾਬ ਵਿਚ 35 ਤੋਂ 80 ਫ਼ੀਸਦੀ ਤੱਕ ਫ਼ਸਲ ਬਦਰੰਗ ਹੋਈ ਹੈ।

ਪੰਜਾਬ ਵਿਚ ਆਮ ਆਦਮੀ ਪਾਰਟੀ ਸਰਕਾਰ ਦੀ ਕਣਕ ਦੀ ਖ਼ਰੀਦ ਦਾ ਇਹ ਦੂਸਰਾ ਸੀਜ਼ਨ ਹੈ। ਫ਼ਸਲੀ ਖ਼ਰਾਬੇ ਕਰਕੇ ਇਸ ਵਾਰ ਕਣਕ ਦਾ ਝਾੜ ਵੀ ਦਸ ਤੋਂ ਪੰਦਰਾਂ ਫ਼ੀਸਦੀ ਤੱਕ ਘਟਣ ਦਾ ਅਨੁਮਾਨ ਹੈ। ਫ਼ਸਲ ਡਿੱਗਣ ਕਰਕੇ ਕਿਸਾਨੀ ਦੇ ਲਾਗਤ ਖ਼ਰਚੇ ਉਲਟਾ ਇਸ ਵਾਰ ਵਧਣਗੇ। ਉਪਰੋਂ ਕਟੌਤੀ ਨੇ ਕਿਸਾਨੀ ਨੂੰ ਝਟਕਾ ਦੇ ਦਿੱਤਾ ਹੈ। ਐਤਕੀਂ ਸਰਕਾਰ ਨੇ 132 ਲੱਖ ਟਨ ਕਣਕ ਦੀ ਖ਼ਰੀਦ ਦਾ ਟੀਚਾ ਰੱਖਿਆ ਹੈ। ਇਸ ਟੀਚੇ ਦੇ ਪ੍ਰਭਾਵਿਤ ਹੋਣ ਦਾ ਖ਼ਦਸ਼ਾ ਵੀ ਹੈ।

ਦੂਜੇ ਬੰਨੇ, ਪੰਜਾਬ ਵਿਚ ਕਣਕ ਦੀ ਫ਼ਸਲ ਦੇ ਮੁੱਲ 'ਚ ਕਟੌਤੀ ਨਾਲ ਕਿਸਾਨੀ ਨੂੰ ਕਰੀਬ 350 ਕਰੋੜ ਰੁਪਏ ਤੱਕ ਦਾ ਰਗੜਾ ਲੱਗਣ ਦਾ ਖਦਸ਼ਾ ਹੈ। ਪੰਜਾਬ ਦੇ 16 ਜ਼ਿਲ੍ਹਿਆਂ ਵਿਚ ਫ਼ਸਲ ਪ੍ਰਭਾਵਿਤ ਹੋਈ ਹੈ। ਕਣਕ ਦਾਦਾਨਾ ਸੁੰਗੜਿਆ ਵੀ ਹੈ, ਦਾਣੇ ਵੀ ਟੁੱਟੇ ਹਨ ਅਤੇ ਫ਼ਸਲ ਬਦਰੰਗ ਵੀ ਹੋਈ ਹੈ। ਇਉਂ ਕੁੱਲ ਕਟੌਤੀ ਪ੍ਰਤੀ ਕੁਇੰਟਲ 37.18 ਰੁਪਏ ਬਣ ਜਾਂਦ ਦੀ ਹੈ। ਫ਼ਸਲ ਪੱਕਣ ਤੋਂ ਪਹਿਲਾਂ ਹੀ ਬੇਮੌਸਮੀਆਂ ਅਤੇ ਝੱਖੜ ਕਾਰਨ ਪੰਜਾਬ ਭਰ ਵਿਚ 14.57 ਲੱਖ ਹੈਕਟੇਅਰ ਫ਼ਸਲ ਨੁਕਸਾਨੀ ਗਈ ਹੈ। ਹੁਣ ਮਸਲਾ ਇਹ ਹੈ ਕਿ ਫਸਲਾਂ ਦੇ ਹੋਏ ਨੁਕਸਾਨ ਦੀ ਭਰਪਾਈ ਕਿਵੇਂ ਹੋਵੇਗੀ? ਕਿਸਾਨੀ ਪਿਛਲੇ ਲੰਮੇ ਸਮੇਂ ਤੋਂ ਸੰਕਟ ਨਾਲ ਜੂਝ ਰਹੀ ਹੈ। ਖੇਤੀ ਲਾਗਤਾਂ ਜਿੰਨੀਆਂ ਜ਼ਿਆਦਾ ਵਧੀਆਂ ਹਨ, ਉਸ ਅਨੁਪਾਤ ਵਿਚ ਕਿਸਾਨਾਂ ਨੂੰ ਫਸਲਾਂ ਦੇ ਭਾਅ ਨਹੀਂ ਮਿਲ ਰਹੇ।

ਮੋਦੀ ਸਰਕਾਰ ਨੇ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ ਪਰ ਇਸ ਪਾਸੇ ਇਸ ਸਰਕਾਰ ਅਜੇ ਤੱਕ ਵੀ ਕੁਝ ਨਹੀਂ ਕੀਤਾ। ਹੋਰ ਤਾਂ ਹੋਰ, ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਲਈ ਇਹ ਤਿੰਨ ਖੇਤੀ ਕਾਨੂੰਨ ਜ਼ਰੂਰ ਲੈ ਆਈ ਸੀ ਜੋ ਕਿਸਾਨਾਂ ਦੇ ਤਿੱਖੇ ਵਿਰੋਧ ਅਤੇ ਮਿਸਾਲੀ ਅੰਦੋਲਨ ਕਰ ਕੇ ਵਾਪਸ ਲੈਣੇ ਪਏ। ਅਸਲ ਵਿਚ ਸਰਕਾਰ ਖੇਤੀ ਦਾ ਸਮੁੱਚਾ ਕਾਰੋਬਾਰ ਕਾਰਪੋਰੇਟਾਂ ਦੇ ਹਵਾਲੇ ਕਰਨਾ ਚਾਹੁੰਦੀ ਸੀ। ਖੇਤੀ ਕਾਨੂੰਨ ਇਸ ਪਾਸੇ ਜਾਣ ਲਈ ਵੱਡਾ ਕਦਮ ਸਨ ਪਰ ਜਾਗਰੂਕ ਕਿਸਾਨ ਜਥੇਬੰਦੀਆਂ ਨੇ ਸਰਕਾਰ ਨੂੰ ਚੁਣੌਤੀ ਦਿੱਤੀ ਅਤੇ ਆਖਰਕਾਰ ਜਿੱਤ ਵੀ ਹਾਸਲ ਕੀਤੀ।

ਹੁਣ ਵੱਖ-ਵੱਖ ਸਿਆਸੀ ਧਿਰਾਂ ਫਸਲਾਂ ਦੇ ਇਸ ਨੁਕਸਾਨ ਦੀ ਪੂਰਤੀ ਲਈ 50 ਹਜ਼ਾਰ ਰੁਪਏ ਪ੍ਰਤੀ ਏਕੜ ਦੀ ਮੰਗ ਕਰ ਰਹੀਆਂ ਹਨ। ਸਿਤਮਜ਼ਰੀਫੀ ਇਹ ਹੈ ਕਿ ਇਨ੍ਹਾਂ ਸਿਆਸੀ ਧਿਰਾਂ ਦੀਆਂ ਜਦੋਂ ਆਪਣੀਆਂ ਸਰਕਾਰਾਂ ਸਨ ਤਾਂ ਅਜਿਹੇ ਨੁਕਸਾਨ ਲਈ ਇੰਨੇ ਪੈਸੇ ਦੇਣੇ ਤਾਂ ਇਕ ਪਾਸੇ, ਕਦੀ ਗੱਲ ਤੱਕ ਨਹੀਂ ਸੀ ਕੀਤੀ। ਉਂਝ, ਹੁਣ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੰਕਟ ਦੇ ਇਸ ਸਮੇਂ ਵਿਚ ਕਿਸਾਨਾਂ ਦੀ ਬਾਂਹ ਫੜੇ ਅਤੇ ਫਸਲਾਂ ਦੇ ਨੁਕਸਾਨ ਦੀ ਪੂਰਤੀ ਲਈ ਕੋਈ ਹੀਲਾ-ਵਸੀਲਾ ਕਰੇ; ਨਹੀਂ ਤਾਂ ਪਹਿਲਾਂ ਹੀ ਸੰਕਟ ਦੀ ਮਾਰ ਝੱਲ ਰਹੇ ਕਿਸਾਨ ਹੋਰ ਸਮੱਸਿਆਵਾਂ ਵਿਚ ਜਕੜੇ ਜਾਣਗੇ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਡੁਗ-ਡੁਗੀ ਧੋਖਿਆਂ ਦੀ*

ਹਾਕਮ ਜਿਹੜਾ ਵੀ ਕੁਰਸੀ 'ਤੇ ਆਣ ਬੈਠੇ, ਹੌਕੇ ਭਰਦਿਆਂ ਅਸੀ ਬੇਜਾਰ ਰਹੀਏ।
ਹਾਂਡੀ ਕਾਠ ਦੀ ਮੁੜ ਮੁੜ ਚਾੜ੍ਹਦੇ ਹਾਂ, ਲੋਟੂ ਟੋਲਿਆਂ ਤਾਈਂ 'ਸਰਕਾਰ' ਕਹੀਏ।
ਝੂਠੇ ਲਾਰਿਆਂ ਫੋਕਿਆਂ ਵਾਅਦਿਆਂ ਤੋਂ, ਹਰ ਸਰਕਾਰ ਤੋਂ ਹੁੰਦੇ ਖੁਆਰ ਰਹੀਏ।
ਸੁਣ ਕੇ ਡੁਗ-ਡੁਗੀ ਵੱਜਦੀ ਧੋਖਿਆਂ ਦੀ, ਲੁੱਟ ਹੋਣ ਲਈ ਅਸੀਂ ਤਿਆਰ ਰਹੀਏ!

# ਜਲੰਧਰ ਜ਼ਿਮਨੀ ਚੋਣ ਦੀਆਂ ਸਿਆਸੀ ਰਮਜ਼ਾਂ

***ਲੋਕ ਸਭਾ ਹਲਕੇ ਜਲੰਧਰ ਦੀ ਜ਼ਿਮਨੀ ਚੋਣ ਲਈ ਕਾਂਗਰਸ, ਆਮ ਆਦਮੀ ਪਾਰਟੀ, ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ-ਬਸਪਾ ਮੈਦਾਨ ਵਿਚ ਹਨ। ਇਨ੍ਹਾਂ ਸਾਰੀਆਂ ਸਿਆਸੀ ਧਿਰਾਂ ਨੇ ਆਪੋ-ਆਪਣੇ ਵੱਕਾਰ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ ਹੋਇਆ ਹੈ। ਉਂਝ, ਇਸ ਚੋਣ ਦਾ ਦਿਲਚਸਪ ਪਹਿਲੂ ਇਹ ਹੈ ਕਿ ਚੋਣ ਪ੍ਰਚਾਰ ਵਿਚੋਂ ਆਮ ਲੋਕਾਂ ਦੇ ਬੁਨਿਆਦੀ ਮਸਲੇ ਗਾਇਬ ਹਨ। ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਇਸ ਲੇਖ ਵਿਚ ਇਨ੍ਹਾਂ ਸਮੁੱਚੇ ਹਾਲਾਤ ਬਾਰੇ ਵਿਸਥਾਰ ਸਹਿਤ ਟਿੱਪਣੀ ਕੀਤੀ ਹੈ।***

ਕਾਂਗਰਸ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ ਦੇ ਦੇਹਾਂਤ ਕਾਰਨ ਖਾਲੀ ਹੋਈ ਜਲੰਧਰ ਲੋਕ ਸਭਾ ਸੀਟ ਲਈ 10 ਮਈ ਨੂੰ ਵੋਟਾਂ ਪੈ ਰਹੀਆਂ ਹਨ। ਇਸ ਜ਼ਿਮਨੀ ਚੋਣ ਦਾ ਬਿਗਲ ਵੱਜਦਿਆਂ ਹੀ ਦਲ-ਬਦਲੀਆਂ ਦਾ ਦੌਰ ਸਿਖਰਾਂ ਛੂਹ ਗਿਆ। ਸਥਿਤੀ ਇਹ ਹੈ ਕਿ ਮੁੱਖ ਰਾਜਨੀਤਕ ਪਾਰਟੀਆਂ ਵੱਲੋਂ ਚੋਣ ਜਿੱਤਣ ਖਾਤਰ ਸਿਰਫ ਅੱਡੀ ਚੋਟੀ ਦਾ ਜ਼ੋਰ ਹੀ ਨਹੀਂ ਲਾਇਆ ਹੋਇਆ, ਹਰ ਹਰਬਾ ਵੀ ਵਰਤਿਆ ਜਾ ਰਿਹਾ ਹੈ। ਆਮ ਆਦਮੀ ਪਾਰਟੀ ਇਹ ਸੀਟ ਜਿੱਤ ਕੇ ਸੂਬਾ ਸਰਕਾਰ ਦੇ ਪੱਖ ਵਿਚ ਮਾਹੌਲ ਹੋਣ ਦਾ ਦਾਅਵਾ ਠੋਕਣਾ ਚਾਹੁੰਦੀ ਹੈ ਤੇ ਕਾਂਗਰਸ ਆਪਣੀ ਸੀਟ ਬਚਾ ਰਹੀ ਹੈ। ਇਸ ਲੋਕ ਸਭਾ ਸੀਟ 'ਚ 9 ਵਿਧਾਨ ਸਭਾ ਹਲਕੇ ਫਿਲੌਰ, ਨਕੋਦਰ, ਸ਼ਾਹਕੋਟ, ਕਰਤਾਰਪੁਰ, ਜਲੰਧਰ ਪੱਛਮੀ, ਜਲੰਧਰ ਕੇਂਦਰੀ, ਜਲੰਧਰ ਉੱਤਰੀ, ਜਲੰਧਰ ਕੈਂਟ ਤੇ ਆਦਮਪੁਰ ਆਉਂਦੇ ਹਨ ਅਤੇ ਇਸ ਲੋਕ ਸਭਾ ਹਲਕੇ ਤੋਂ ਜ਼ਿਆਦਾਤਰ ਵਾਰ ਕਾਂਗਰਸ ਹੀ ਜਿੱਤਦੀ ਆਈ ਹੈ। ਕਾਂਗਰਸ ਨੇ ਇਸ ਵਾਰ ਸੰਤੋਖ ਸਿੰਘ ਚੌਧਰੀ ਦੀ ਪਤਨੀ ਕਮਲਜੀਤ ਕੌਰ ਨੂੰ ਚੋਣ ਮੈਦਾਨ ਵਿਚ ਉਤਾਰ ਕੇ ਹਮਦਰਦੀ ਵੋਟ ਹਾਸਲ ਕਰਨ ਦੀ ਵੀ ਕੋਸ਼ਿਸ਼ ਕੀਤੀ ਹੈ।




**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com


ਇਸ ਚੋਣ ਦੌਰਾਨ ਦੂਜੀਆਂ ਪਾਰਟੀਆਂ ਵਿਚੋਂ ਉਮੀਦਵਾਰ ਲਿਆ ਕੇ ਖੜ੍ਹਾ ਕਰਨ ਦੇ ਮਾਮਲੇ ਵਿਚ 'ਆਪ' ਅਤੇ ਭਾਜਪਾ ਵਿਚ ਨੀਤੀਗਤ ਤੌਰ 'ਤੇ ਸਾਂਝ ਨਜ਼ਰ ਆ ਰਹੀ ਹੈ। ਭਾਜਪਾ 'ਤੇ ਵਿਰੋਧੀ ਧਿਰਾਂ ਦੇ ਲੀਡਰਾਂ ਨੂੰ ਲਾਲਚ ਜਾਂ ਕੇਂਦਰੀ ਏਜੰਸੀਆਂ ਦਾ ਡਰ ਦਿਖਾ ਕੇ ਆਪਣੇ ਪੱਖ ਵਿਚ ਖੜ੍ਹਾਉਣ ਦੇ ਇਲਜ਼ਾਮ ਲਾਉਣ ਵਾਲੀ 'ਆਪ' ਵੱਲੋਂ ਸੂਬੇ ਵਿਚ ਅਪਣਾਇਆ ਰਸਤਾ ਨੀਤੀਗਤ ਤੌਰ 'ਤੇ ਉਹੀ ਹੈ।

ਆਮ ਆਦਮੀ ਪਾਰਟੀ ਜਿਸ ਸੁਸ਼ੀਲ ਕੁਮਾਰ ਰਿੰਕੂ ਨੂੰ ਜਲੰਧਰ ਤੋਂ ਚੋਣ ਲੜਾ ਰਹੀ ਹੈ, ਉਸ ਨੂੰ ਸਾਲ ਪਹਿਲਾਂ ਖੁਦ 'ਆਪ' ਨੇ ਹਰਾਇਆ ਹੈ ਅਤੇ 2017 ਦੀ ਚੋਣ ਉਸ ਨੇ 'ਆਪ' ਨੂੰ ਹਰਾ ਕੇ ਜਲੰਧਰ ਪੱਛਮੀ ਹਲਕੇ ਤੋਂ ਕਾਂਗਰਸ ਵੱਲੋਂ ਜਿੱਤੀ ਸੀ। ਇਹ ਹੈਰਾਨੀਜਨਕ ਹੀ ਹੈ ਕਿ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੇ 5 ਅਪਰੈਲ ਦੁਪਹਿਰ ਸਮੇਂ ਰਿੰਕੂ ਨੂੰ 'ਆਪ' ਵਿਚ ਸ਼ਾਮਲ ਕਰ ਲਿਆ ਜਦਕਿ 5 ਅਪਰੈਲ ਦੀ ਸਵੇਰ ਤੱਕ ਉਹ ਕੱਟੜ ਕਾਂਗਰਸੀ ਸੀ। ਅਜੇ 26 ਮਾਰਚ ਨੂੰ ਤਾਂ ਉਹ ਰਾਹੁਲ ਗਾਂਧੀ ਦੇ ਹੱਕ ਵਿਚ ਸੋਸ਼ਲ ਮੀਡੀਆ ਪੋਸਟਾਂ ਪਾ ਰਿਹਾ ਸੀ। ਜੇ ਸੁਸ਼ੀਲ ਕੁਮਾਰ ਰਿੰਕੂ ਐਡੀ ਹੀ ਗੁਣਾਂ ਦੀ ਗੁਥਲੀ ਸੀ ਤਾਂ ਸਾਲ ਪਹਿਲਾਂ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਨੇ ਸਟੇਜਾਂ 'ਤੇ ਉਸ ਨੂੰ ਭੰਡਿਆ ਕਿਉਂ ਸੀ? ਸੁਸ਼ੀਲ ਕੁਮਾਰ ਰਿੰਕੂ ਲਈ ਵੀ ਸਵਾਲ ਬਣਦਾ ਹੈ ਕਿ ਜਿਸ ਪਾਰਟੀ ਨੇ ਸਾਲ ਪਹਿਲਾਂ ਉਸ ਖਿਲਾਫ ਪ੍ਰਚਾਰ ਕਰਦਿਆਂ ਉਸ ਨੂੰ ਹਰਾਇਆ, ਅੱਜ ਕੁਰਸੀ ਹਾਸਲ ਕਰਨ ਲਈ ਉਸੇ ਪਾਰਟੀ ਵਿਚ ਜਾ ਸ਼ਾਮਲ ਹੋਇਆ।

ਮਨਪ੍ਰੀਤ ਸਿੰਘ ਬਾਦਲ ਦੇ ਨੇੜਲੇ ਰਿਸ਼ਤੇਦਾਰ ਜਗਬੀਰ ਸਿੰਘ ਬਰਾੜ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ), ਕਾਂਗਰਸ, ਪੀਪਲਜ਼ ਪਾਰਟੀ ਆਫ ਪੰਜਾਬ ਦਾ ਖੂਬ ਨਿੱਘ ਮਾਣਿਆ ਹੈ ਤੇ ਪਿਛਲੇ ਦਿਨੀਂ ਜਲੰਧਰ ਜ਼ਿਮਨੀ ਚੋਣ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਨੇ ਉਸ ਨੂੰ ਪਾਰਟੀ ਵਿਚ ਇਸ ਤਰ੍ਹਾਂ ਸ਼ਾਮਲ ਕੀਤਾ ਜਿਵੇਂ ਕੋਈ ਵੱਡਾ ਮਾਅਰਕਾ ਮਾਰ ਲਿਆ ਹੋਵੇ। ਕੇਜਰੀਵਾਲ ਕੋਲ ਪਤਾ ਨਹੀਂ ਅਜਿਹੀ ਕਿਹੜੀ ਵਾਸ਼ਿੰਗ ਮਸ਼ੀਨ ਹੈ ਜਿਸ ਵਿਚੋਂ ਲੰਘ ਕੇ ਰਵਾਇਤੀ ਪਾਰਟੀਆਂ ਦੇ ਨੁਮਾਇੰਦੇ ਆਮ ਆਦਮੀ ਬਣ ਜਾਂਦੇ ਹਨ।

ਭਾਰਤੀ ਜਨਤਾ ਪਾਰਟੀ ਨੇ ਵਿਧਾਨ ਸਭਾ ਹਲਕਾ ਕੂਮਕਲਾਂ ਤੋਂ 2002 ਦੀ ਚੋਣ ਜਿੱਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਾਬਕਾ ਵਿਧਾਇਕ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਸ਼ਾਮਲ ਕਰ ਲਿਆ। ਵੈਸੇ ਤਾਂ ਭਾਜਪਾ ਇਸ ਪਰਿਵਾਰ 'ਤੇ ਪਹਿਲਾਂ ਵੀ ਮਿਹਰਬਾਨ ਹੋ ਚੁੱਕੀ ਹੈ; ਸਾਬਕਾ ਵਿਧਾਇਕ ਇੰਦਰ ਇਕਬਾਲ ਸਿੰਘ ਅਟਵਾਲ ਦੇ ਪਿਤਾ ਚਰਨਜੀਤ ਸਿੰਘ ਅਟਵਾਲ ਨੂੰ ਭਾਜਪਾ ਨੇ ਲੋਕ ਸਭਾ ਦਾ ਡਿਪਟੀ ਸਪੀਕਰ ਨਿਯੁਕਤ ਕੀਤਾ ਸੀ। ਫਰਕ ਸਿਰਫ ਇਹ ਹੈ ਕਿ ਉਸ ਸਮੇਂ ਇਹ ਸਭ ਬਾਦਲ ਪਰਿਵਾਰ ਦੇ ਕਹਿਣ 'ਤੇ ਹੋਇਆ ਸੀ, ਹੁਣ ਇਹ ਸਭ ਬਾਦਲ ਪਰਿਵਾਰ ਦੇ ਵਿਰੋਧ ਵਿਚੋਂ ਹੋਇਆ ਹੈ।



ਹਕੀਕਤ ਇਹ ਹੈ ਕਿ 'ਆਪ' ਸਮੇਤ ਦੇਸ਼ ਦੀਆਂ ਹਾਕਮ ਜਮਾਤੀ ਰਾਜਨੀਤਕ ਪਾਰਟੀਆਂ 'ਚ ਮੌਕਾਪ੍ਰਸਤੀ ਇਸ ਕਦਰ ਭਾਰੂ ਹੈ ਕਿ ਆਪਣੇ ਮੁਫਾਦਾਂ ਲਈ ਰਾਜਨੀਤਕ ਆਗੂ ਪਲਾਂ ਵਿਚ ਹੀ ਪਾਲਾ ਬਦਲ ਲੈਂਦੇ ਹਨ। ਨੈਤਿਕਤਾ ਨਾਮ ਦਾ ਸ਼ਬਦ ਨਾ ਹਾਕਮ ਜਮਾਤ ਪਾਰਟੀਆਂ ਅਤੇ ਨਾ ਹੀ ਇਹਨਾਂ ਪਾਰਟੀਆਂ ਦੁਆਲੇ ਘੁੰਮਦੇ ਲੀਡਰਾਂ ਦੀ ਡਿਕਸ਼ਨਰੀ ਵਿਚ ਹੈ।

ਸੱਚ ਤਾਂ ਇਹ ਹੈ ਕਿ ਜਲੰਧਰ ਚੋਣ ਲੜ ਰਹੀਆਂ ਮੁੱਖ ਰਾਜਨੀਤਕ ਧਿਰਾਂ ਵੱਲੋਂ ਜਲੰਧਰ ਚੋਣ ਠੋਸ ਮੁੱਦਿਆਂ ਤੋਂ ਬਗੈਰ ਸਿਰਫ ਇੱਕ-ਦੂਜੇ ਖਿਲਾਫ ਤੋਹਮਤਬਾਜ਼ੀ ਨਾਲ ਹੀ ਲੜੀ ਜਾ ਰਹੀ ਹੈ। ਕਿਸੇ ਵੀ ਪਾਰਟੀ ਕੋਲ ਸੂਬੇ ਦੀਆਂ ਮੰਗਾਂ ਦੇ ਹੱਲ ਲਈ ਕੋਈ ਠੋਸ ਖਾਕਾ ਨਹੀਂ। ਬਣਦਾ ਤਾਂ ਇਹ ਸੀ ਕਿ ਆਮ ਆਦਮੀ ਪਾਰਟੀ ਜਲੰਧਰ ਦੇ ਲੋਕਾਂ ਸਾਹਮਣੇ ਆਪਣਾ ਇੱਕ ਸਾਲ ਦਾ ਰਿਪੋਰਟ ਕਾਰਡ ਰੱਖਦੀ ਅਤੇ ਸਾਲ ਦੌਰਾਨ ਕੀਤੇ ਕੰਮਾਂ ਦੇ ਆਧਾਰ 'ਤੇ ਵੋਟਾਂ ਮੰਗਦੀ ਪਰ ਜਦ ਕੀਤਾ ਹੀ ਕੁੱਝ ਨਹੀਂ ਤਾਂ ਪਾਰਟੀ ਵੋਟਾਂ ਕਾਹਦੇ ਸਿਰ 'ਤੇ ਮੰਗੇ? ਭਗਵੰਤ ਮਾਨ ਸਰਕਾਰ ਨੇ ਜੇ ਕੋਈ ਕੰਮ ਕੀਤਾ ਹੁੰਦਾ ਤਾਂ ਇਹਨਾਂ ਨੂੰ ਰਾਜਾ ਵੜਿੰਗ ਤੋਂ ਇਉਂ ਉਧਾਰਾ ਉਮੀਦਵਾਰ ਲੈਣ ਦੀ ਲੋੜ ਨਹੀਂ ਸੀ। ਸੱਤਾ ਸੰਭਾਲਣ ਦੇ ਇੱਕ ਸਾਲ ਵਿਚ ਜਲੰਧਰ ਦੇ ਲੋਕਾਂ ਦਾ ਕੋਈ ਭਲਾ ਤਾਂ ਸਰਕਾਰ ਨੇ ਕੀ ਕਰਨਾ ਸੀ ਸਗੋਂ ਉਲਟਾ ਲਤੀਫਪੁਰਾ ਇਲਾਕੇ ਵਿਚ ਦਹਾਕਿਆਂ ਤੋਂ ਵਸੇ ਲੋਕਾਂ ਨੂੰ ਭਗਵੰਤ ਮਾਨ ਸਰਕਾਰ ਨੇ ਉਜਾੜ ਦਿੱਤਾ ਅਤੇ ਮੁੜ-ਵਸੇਬੇ ਦੇ ਉਹਨਾਂ ਦੇ ਹੱਕੀ ਸੰਘਰਸ਼ ਨੂੰ ਕੁਚਲਣ ਲਈ ਸਰਕਾਰ ਨੇ ਜਬਰ ਦਾ ਰਸਤਾ ਅਖਤਿਆਰ ਕਰ ਲਿਆ।

ਜਲੰਧਰ ਚੋਣ ਤੋਂ ਪਹਿਲਾਂ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿਚ ਯੋਗਸ਼ਾਲਾ ਦਾ ਹੋਕਾ ਦਿੱਤਾ, ਇਸ ਦੀ ਸ਼ੁਰੂਆਤ ਕਰਵਾਉਣ ਲਈ ਉਹ ਖੁਦ ਪੰਜਾਬ ਪਹੁੰਚੇ ਅਤੇ ਇਸ ਨੂੰ ਪ੍ਰਚਾਰ ਏਜੰਡੇ ਵਜੋਂ ਲਿਆ। ਸੁਸ਼ੀਲ ਕੁਮਾਰ ਰਿੰਕੂ ਨੂੰ ਪਾਰਟੀ ਵਿਚ ਸ਼ਾਮਲ ਕਰਨ ਦਾ ਦਿਨ ਵੀ ਉਹੀ ਚੁਣਿਆ ਗਿਆ ਜਿਸ ਦਿਨ ਯੋਗਸ਼ਾਲਾ ਦੀ ਸ਼ੁਰੂਆਤ ਕੀਤੀ ਗਈ। ਯੋਗ ਸਰੀਰਕ ਕਸਰਤ ਲਈ ਚੰਗਾ ਅਭਿਆਸ ਹੈ, ਇਸ ਤਰ੍ਹਾਂ ਕਰਨ ਨਾਲ ਰੋਟੀ ਹਜ਼ਮ ਹੋ ਜਾਂਦੀ ਹੈ ਪਰ ਜਿਸ ਦੇਸ਼ ਦੀ ਆਬਾਦੀ ਦੇ ਵੱਡੇ ਹਿੱਸੇ ਨੂੰ ਰੋਟੀ ਦੇ ਲਾਲੇ ਪਏ ਹੋਣ, ਤਾਂ ਇਹ ਲੋਕਾਂ ਨੂੰ ਕਿਹੜੇ ਮੂੰਹ ਨਾਲ ਯੋਗ ਕਰਨ ਲਈ ਕਹਿ ਰਹੇ ਹਨ? ਕੌਣ ਦੱਸੇ, ਯੋਗ ਕਰਨ ਨਾਲ ਢਿੱਡ ਨਹੀਂ ਭਰਦਾ! ਦਿਹਾੜੀਦਾਰ ਮਜ਼ਦੂਰ-ਕਿਸਾਨ ਤਾਂ ਪੂਰਾ ਦਿਨ ਕੰਮ ਕਰਦਿਆਂ ਯੋਗ ਹੀ ਤਾਂ ਕਰ ਰਹੇ ਹੁੰਦੇ ਹਨ, ਸਰਕਾਰ ਨੂੰ ਉਹਨਾਂ ਨੂੰ ਦੱਸਣ ਦੀ ਲੋੜ ਹੀ ਨਹੀਂ ਹੈ। ਅੱਜ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੀ ਲੋੜ ਹੈ, ਤੇ ਇਹ ਯੋਗ ਸਿਖਾਉਣ ਤੁਰ ਰਹੇ ਹਨ। ਨਾਲੇ ਇਹ ਕੋਈ ਪਹਿਲੀ ਸਰਕਾਰ ਨਹੀਂ ਹੈ ਜੋ ਇਸ ਰਸਤੇ ਤੁਰ ਰਹੀ ਹੈ; ਪੁਰਾਣੀਆਂ ਸਰਕਾਰਾਂ ਨੇ ਪਿੰਡਾਂ ਦੇ ਕਲੱਬਾਂ ਨੂੰ ਬਥੇਰੇ ਜਿੰਮ ਵੰਡੇ ਪਰ ਸੋਚ ਕੇ ਦੇਖੋ, ਕਿੰਨੇ ਕੁ ਨੌਜਵਾਨਾਂ ਲਈ ਉਹ ਲਾਭਕਾਰੀ ਸਿੱਧ ਹੋਏ? ਹਕੀਕਤ ਇਹ ਹੈ ਕਿ ਜਦ ਤੱਕ ਨੌਜਵਾਨਾਂ ਦੇ ਬੁਨਿਆਦੀ ਮਸਲੇ ਹੱਲ ਨਹੀਂ ਹੁੰਦੇ, ਤਦ ਤੱਕ ਇਹ ਸਭ ਬੇਮਾਇਨਾ ਹੈ।


ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਵਿਚ ਜਿਥੇ ਵੀ 25 ਵਿਅਕਤੀ ਯੋਗ ਕਰਨਾ ਚਾਹੁਣਗੇ, ਉਨ੍ਹਾਂ ਲਈ ਯੋਗ ਅਧਿਆਪਕ ਦਾ ਇੰਤਜ਼ਾਮ ਕੀਤਾ ਜਾਵੇਗਾ। ਮੁੱਖ ਮੰਤਰੀ ਤੋਂ ਪੁੱਛਣਾ ਬਣਦਾ ਹੈ ਕਿ ਤੁਸੀਂ ਸਰਕਾਰੀ ਸਕੂਲਾਂ ਵਿਚ ਪੜ੍ਹ ਰਹੇ ਲੋੜਵੰਦ ਵਿਦਿਆਰਥੀਆਂ ਲਈ ਪੂਰੇ ਅਧਿਆਪਕ ਭਰਤੀ ਕਰਨ ਦੀ ਲੋੜ ਨਹੀਂ ਸਮਝੀ ਪਰ ਯੋਗ ਅਧਿਆਪਕ ਭਰਤੀ ਕਰਨ ਵਿਚ ਜ਼ਿਆਦਾ ਦਿਲਚਸਪੀ ਦਿਖਾ ਰਹੇ ਹੋ!

ਪੰਜਾਬ ਨਾਲ ਸਬੰਧਤ ਨਸ਼ਿਆਂ ਦੇ ਖਾਸ ਮਾਮਲਿਆਂ ਵਿਚ ਵਿਸ਼ੇਸ਼ ਜਾਂਚ ਟੀਮ ਦੀਆਂ ਤਿਆਰ ਜਾਂਚ ਰਿਪੋਰਟਾਂ ਹਾਈਕੋਰਟ ਵਿਚ ਪਿਛਲੇ ਕਈ ਸਾਲਾਂ ਤੋਂ 'ਬੰਦ' ਪਈਆਂ ਸਨ। ਪਿਛਲੇ ਹਫਤੇ ਚਾਰ ਵਿਚੋਂ ਤਿੰਨ ਰਿਪੋਰਟਾਂ ਅਦਾਲਤ ਨੇ ਸਰਕਾਰ ਨੂੰ ਖੋਲ੍ਹਣ ਲਈ ਕਿਹਾ ਤਾਂ ਸੁਭਾਵਿਕ ਹੈ ਕਿ ਭਗਵੰਤ ਮਾਨ ਅਤੇ ਇਸ ਦੀ ਅਫਸਰਸ਼ਾਹੀ ਨੇ ਉਹ ਰਿਪੋਰਟਾਂ ਖੋਲ੍ਹ ਕੇ ਪੜ੍ਹ ਲਈਆਂ ਪਰ ਅਜੇ ਤੱਕ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ। ਭ੍ਰਿਸ਼ਟਾਚਾਰ ਵਾਲੇ ਮਾਮਲਿਆਂ ਤੋਂ ਇਸ ਸਰਕਾਰ ਦੀ ਜੋ ਨੀਤੀ ਸਮਝ ਆਈ ਹੈ, ਉਹ ਇਹ ਹੈ ਕਿ ਮਸਲਾ ਖਤਮ ਕਰਨਾ ਜਾਂ ਮਸਲੇ ਦਾ ਯੋਗ ਹੱਲ ਲੱਭਣਾ ਇਹਨਾਂ ਦਾ ਮੰਤਵ ਨਹੀਂ ਬਲਕਿ ਕਦੋਂ ਕਿਸ ਮਾਮਲੇ ਨੂੰ ਰਾਈ ਦਾ ਪਹਾੜ ਬਣਾ ਕੇ ਮੀਡੀਆ ਵਿਚ ਉਭਾਰਨਾ ਹੈ, ਉਹ ਇਹਨਾਂ ਨੂੰ ਚੰਗੀ ਤਰ੍ਹਾਂ ਆਉਂਦਾ ਹੈ। ਜਲੰਧਰ ਜ਼ਿਮਨੀ ਚੋਣ ਨਾਲ ਜੋੜ ਕੇ ਨਸ਼ਿਆਂ ਦੀਆਂ ਰਿਪੋਰਟਾਂ ਦੇ ਮਾਮਲੇ ਵਿਚ ਵੀ ਇਸੇ ਤਰ੍ਹਾਂ ਦੀ ਸੰਭਾਵਨਾ ਹੈ।

ਨਵਜੋਤ ਸਿੰਘ ਸਿੱਧੂ ਰਿਹਾਅ ਹੋਣ ਤੋਂ ਬਾਅਦ ਜਲੰਧਰ ਤੋਂ ਚੋਣ ਲੜ ਰਹੇ ਚੌਧਰੀ ਪਰਿਵਾਰ ਦੇ ਘਰ ਅਫਸੋਸ ਤਾਂ ਜ਼ਾਹਿਰ ਕਰ ਆਏ ਹਨ ਪਰ ਚੋਣ ਦੌਰਾਨ ਉਹ ਕਾਂਗਰਸੀ ਉਮੀਦਵਾਰ ਦੇ ਪੱਖ ਵਿਚ ਕਿੰਨੀ ਕੁ ਸਰਗਰਮੀ ਕਰਨਗੇ, ਇਹ ਆਉਣ ਵਾਲੇ ਦਿਨਾਂ ਵਿਚ ਹੀ ਪਤਾ ਲੱਗੇਗਾ। ਜਲੰਧਰ ਵਿਚ ਕਾਂਗਰਸ, 'ਆਪ', ਭਾਜਪਾ ਅਤੇ ਅਕਾਲੀ-ਬਸਪਾ ਵਿਚਕਾਰ ਚਾਰ ਧਿਰੀ ਮੁਕਾਬਲਾ ਹੈ। ਇਸ ਵਿਚੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੇ ਬਸਪਾ ਦਾ ਗੱਠਜੋੜ ਤਾਂ ਆਪਣੀ ਹੋਂਦ ਬਚਾਉਣ ਦੀ ਲੜਾਈ ਲੜੇਗਾ ਤੇ ਭਾਜਪਾ ਪੰਜਾਬ ਵਿਚ ਪੈਰ ਲਾਉਣ ਦੀ ਖਾਤਰ ਜ਼ਮੀਨ ਤਿਆਰ ਕਰਨ ਲਈ ਚੋਣ ਲੜ ਰਹੀ ਹੈ। ਉਂਝ, ਹਕੀਕਤ ਇਹ ਹੈ ਕਿ ਜਿਹੜੀ ਧਿਰ ਲੋਕਾਂ ਨੂੰ ਵੱਧ ਗੁਮਰਾਹ ਕਰੇਗੀ, ਉਹ ਜਿੱਤ ਜਾਏਗੀ।

*ਮਈ 1987 ਨੂੰ ਹਾਸ਼ਿਮਪੁਰਾ ਅਤੇ ਮਲਿਆਨਾ (ਉਤਰ ਪ੍ਰਦੇਸ਼) ਵਿਚ ਵਾਪਰੇ ਦੋ ਭਿਆਨਕ ਕਤਲੇਆਮਾਂ ਦੇ ਦੋਸ਼ੀਆਂ ਨੂੰ ਅਦਾਲਤ ਨੇ 36 ਵਰ੍ਹਿਆਂ ਬਾਅਦ ਬਰੀ ਕਰ ਦਿੱਤਾ ਹੈ। ਇਨ੍ਹਾਂ ਕਤਲੇਆਮਾਂ ਵਿਚ ਘੱਟਗਿਣਤੀ ਭਾਈਚਾਰੇ ਨਾਲ ਸਬੰਧਤ ਲੋਕਾਂ ਨੂੰ ਮਾਰ ਦਿੱਤਾ ਗਿਆ ਸੀ। ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਇਨ੍ਹਾਂ ਕਤਲੇਆਮਾਂ ਦੇ ਪਿਛੋਕੜ, ਪੁਲਿਸ ਤੇ ਸਰਕਾਰ ਦੇ ਰਵੱਈਏ ਅਤੇ ਅਦਾਲਤੀ ਟੀਰ ਬਾਰੇ ਖੁਲਾਸੇ ਆਪਣੇ ਇਸ ਲੇਖ ਵਿਚ ਕੀਤੇ ਹਨ। ਇਸ ਦੇ ਨਾਲ ਹੀ ਅੱਜ ਦੀ ਸਿਆਸਤ ਦੇ ਪ੍ਰਸੰਗ ਵਿਚ ਅਹਿਮ ਟਿੱਪਣੀਆਂ ਵੀ ਕੀਤੀਆਂ ਹਨ।*

# ਮਲਿਆਨਾ ਕਾਂਡ: ਅਦਾਲਤੀ ਅਨਿਆਂ ਦੀ ਦਾਸਤਾਨ



*ਹਾਸ਼ਿਮਪੁਰਾ ਅਤੇ ਮਲਿਆਨਾ ਕਤਲੇਆਮ ਤੋਂ ਬਾਅਦ ਬੇਵੱਸ ਲੋਕਾਂ ਨੂੰ ਦਬੱਲ ਰਹੇ ਸੁਰੱਖਿਆ ਮੁਲਾਜ਼ਮ।*

ਇਹ ਆਮ ਹੀ ਸੁਣਨ 'ਚ ਆਉਂਦਾ ਹੈ ਕਿ 'ਦੇਰ ਨਾਲ ਨਿਆਂ ਕਰਨ ਦਾ ਮਤਲਬ ਹੈ ਨਿਆਂ ਨਾ ਦੇਣਾ' ਪਰ ਭਾਰਤੀ ਅਦਾਲਤੀ ਪ੍ਰਣਾਲੀ ਦੀ ਕਾਰਗੁਜ਼ਾਰੀ ਦੇ ਮਾਮਲੇ 'ਚ ਇਹ ਨਸੀਹਤ ਵੀ ਕੋਈ ਮਾਇਨੇ ਨਹੀਂ ਰੱਖਦੀ। ਇੱਥੇ ਤਾਂ ਅਦਾਲਤਾਂ ਫ਼ੈਸਲੇ ਵੀ ਦਹਾਕਿਆਂ ਬਾਅਦ ਕਰਦੀਆਂ ਹਨ ਅਤੇ ਕਰਦੀਆਂ ਵੀ 'ਨਿਆਂ' ਦੀ ਬਜਾਇ ਅਨਿਆਂ ਦੇ ਰੂਪ 'ਚ ਹਨ। ਲੰਘੀ 31 ਮਾਰਚ ਨੂੰ ਮੇਰਠ ਦੀ ਅਦਾਲਤ ਵੱਲੋਂ ਮਲਿਆਨਾ ਕਾਂਡ ਦੇ 41 ਦੋਸ਼ੀਆਂ ਨੂੰ ਬਰੀ ਕੀਤੇ ਜਾਣ ਨੇ ਇਸੇ ਸਚਾਈ ਉੱਪਰ ਮੋਹਰ ਲਾਈ ਹੈ।

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-69310

ਮਈ 1987 'ਚ ਉੱਤਰ ਪ੍ਰਦੇਸ਼ ਵਿਚ ਇਕ ਦਿਨ ਦੇ ਵਕਫ਼ੇ ਨਾਲ ਦੋ ਦਿਲ-ਕੰਬਾਊ ਕਤਲੇਆਮ ਕੀਤੇ ਗਏ ਸਨ। ਫਰਵਰੀ 1986 'ਚ ਅਯੁੱਧਿਆ ਦੀ ਬਾਬਰੀ ਮਸਜਿਦ ਦੇ ਤਾਲੇ ਮੁੜ ਖੋਲ੍ਹੇ ਜਾਣ ਨਾਲ ਉੱਤਰ ਪ੍ਰਦੇਸ਼ ਵਿਚ ਫਿਰਕੂ ਤਣਾਓ ਵਧ ਗਿਆ ਸੀ ਅਤੇ ਦੰਗੇ ਹੋ ਰਹੇ ਸਨ। ਇਸ ਦੌਰਾਨ ਰਾਜ ਮਸ਼ੀਨਰੀ ਦਾ ਮੁਸਲਿਮ ਵਿਰੋਧੀ ਫਿਰਕੂ ਤੁਅੱਸਬ ਸ਼ਰੇਆਮ ਨਜ਼ਰ ਆ ਰਿਹਾ ਸੀ ਜਿਸ ਨੂੰ ਭਾਰਤੀ ਹੁਕਮਰਾਨ ਜਮਾਤ ਦੀ ਰਾਜਸੀ ਸਰਪ੍ਰਸਤੀ ਸੀ। 18 ਅਪਰੈਲ ਨੂੰ ਮੁਸਲਿਮ ਧਾਰਮਿਕ ਸਮਾਗਮ ਸ਼ਬ-ਏ-ਬਰਾਤ ਦੌਰਾਨ ਇਕ ਪੁਲਿਸ ਹੌਲਦਾਰ ਪਟਾਕੇ ਦੀ ਲਪੇਟ ਵਿਚ ਆ ਗਿਆ। ਉਸ ਨੇ ਗੋਲੀ ਚਲਾ ਦਿੱਤੀ ਜਿਸ ਨਾਲ ਦੋ ਮੁਸਲਮਾਨ ਮਾਰੇ ਗਏ। ਇਸ ਤੋਂ ਬਾਅਦ ਸਥਾਨਕ ਮਾਮੂਲੀ ਝਗੜੇ ਨੇ ਫਿਰਕੂ ਲੜਾਈ ਦਾ ਰੂਪ ਅਖ਼ਤਿਆਰ ਕਰ ਲਿਆ। ਪ੍ਰਸ਼ਾਸਨ ਦੀ ਨਾਲਾਇਕੀ ਅਤੇ ਬਹੁਗਿਣਤੀ ਫਿਰਕੇ ਨੂੰ ਦਿੱਤੀ ਜਾ ਰਹੀ ਸ਼ਹਿ ਨਾਲ ਦੰਗੇ ਭੜਕ ਉੱਠੇ। ਭਾਰਤ ਦੇ ਹੁਕਮਰਾਨਾਂ ਕੋਲ ਐਸੀ ਸਥਿਤੀ ਦਾ ਜਵਾਬ ਸਿਰਫ਼ ਕਰਫ਼ਿਊ ਲਾਉਣਾ ਅਤੇ ਗੋਲੀਆਂ ਚਲਾ ਕੇ ਇਨਸਾਨਾਂ ਨੂੰ ਲਾਸ਼ਾਂ ਦੇ ਢੇਰ ਬਣਾਉਣਾ ਹੁੰਦਾ ਹੈ। ਇਹੀ ਸਿਲਸਿਲਾ ਇੱਥੇ ਸ਼ੁਰੂ ਕਰ ਦਿੱਤਾ ਗਿਆ। ਮੁਸਲਮਾਨਾਂ ਦੇ ਕਤਲ ਦੀ ਲਾਕਾਨੂੰਨੀ ਦਾ ਵਿਰੋਧ ਧੁਖ ਹੀ ਰਿਹਾ ਸੀ ਕਿ ਪੀ.ਏ.ਸੀ. ਦੇ ਅਧਿਕਾਰੀਆਂ ਨੇ ਮੁਸਲਮਾਨਾਂ ਨੂੰ ਖੌਫਜ਼ਦਾ ਕਰਨ ਅਤੇ ਬਹੁਗਿਣਤੀ ਹਿੰਦੂਆਂ ਨੂੰ ਖ਼ੁਸ਼ ਕਰਨ ਲਈ ਹਾਸ਼ਿਮਪੁਰਾ ਅਤੇ ਮਲਿਆਨਾ ਵਿਰੁੱਧ ਕਟਕ ਚਾੜ੍ਹ ਦਿੱਤੇ। ਇਹ ਸੀ ਪਿਛੋਕੜ ਜਿਸ 'ਚ ਹਾਸ਼ਿਮਪੁਰਾ ਅਤੇ ਮਲਿਆਨਾ ਕਤਲੇਆਮ ਕੀਤੇ ਗਏ।

22 ਮਈ 1987 ਨੂੰ ਸੂਬੇ ਦੀ ਹਥਿਆਰਬੰਦ ਪੁਲਿਸ ਪੀ.ਏ.ਸੀ. (ਪ੍ਰਾਵਿੰਸ਼ੀਅਲ ਆਰਮਡ ਕਾਂਸਟੇਬੂਲਰੀ) ਨੇ 45 ਮੁਸਲਮਾਨਾਂ ਨੂੰ ਹਾਸ਼ਿਮਪੁਰਾ 'ਚ ਉਨ੍ਹਾਂ ਦੇ ਘਰਾਂ 'ਚੋਂ ਚੁੱਕ ਲਿਆ, ਉਨ੍ਹਾਂ ਨੂੰ ਟਰੱਕ 'ਚ ਸੁੱਟ ਲਿਆ, ਰਾਤ ਨੂੰ ਦਿੱਲੀ-ਯੂ.ਪੀ. ਸਰਹੱਦ ਉੱਪਰ ਗੰਗਾ ਨਹਿਰ ਦੇ ਕਿਨਾਰੇ ਲਿਜਾ ਕੇ ਅਤੇ ਰਾਈਫ਼ਲਾਂ ਨਾਲ ਗੋਲੀਆਂ ਦੀ ਬੁਛਾੜ ਕਰ ਕੇ ਉਨ੍ਹਾਂ ਨੂੰ ਕਤਲ ਕਰ ਦਿੱਤਾ ਗਿਆ। ਲਾਸ਼ਾਂ ਗੰਗਾ ਅਤੇ ਹਿੰਡਨ ਨਦੀਆਂ ਵਿਚ ਸੁੱਟ ਦਿੱਤੀਆਂ ਗਈਆਂ। ਇਸ ਕਾਂਡ ਵਿਚ 42 ਵਿਅਕਤੀਆਂ ਦੇ ਮਾਰੇ ਜਾਣ ਦੀ ਰਿਪੋਰਟ ਹੈ। ਹਾਸ਼ਿਮਪੁਰਾ ਕਤਲੇਆਮ ਦੇ ਦਿਲ ਦਹਿਲਾ ਦੇਣ ਵਾਲੇ ਵੇਰਵੇ ਸਾਬਕਾ ਡੀ.ਜੀ.ਪੀ. ਵਿਭੂਤੀ ਨਰਾਇਣ ਰਾਏ ਨੇ ਆਪਣੀ ਮਸ਼ਹੂਰ ਕਿਤਾਬ 'ਹਾਸ਼ਿਮਪੁਰਾ 22 ਮਈ: ਦਿ ਫਾਰਗੌਟਨ ਸਟੋਰੀ ਆਫ ਇੰਡੀਆ'ਜ਼ ਬਿਗੈਸਟ ਕਸਟਡੀਅਲ ਕਿਲਿੰਗ' ਵਿਚ ਦਿੱਤੇ ਹਨ। ਸ੍ਰੀ ਰਾਏ ਉਦੋਂ ਗਾਜ਼ੀਆਬਾਦ ਜ਼ਿਲ੍ਹੇ ਦੇ ਐੱਸ.ਪੀ. ਸਨ ਅਤੇ ਪੀ.ਏ.ਸੀ. ਨੇ ਗੁਆਂਢੀ ਜ਼ਿਲ੍ਹੇ ਮੇਰਠ ਵਿਚੋਂ ਮੁਸਲਮਾਨਾਂ ਨੂੰ ਅਗਵਾ ਕਰ ਕੇ ਉਸ ਦੇ ਅਧਿਕਾਰ ਹੇਠਲੇ ਜ਼ਿਲ੍ਹੇ ਗਾਜ਼ੀਆਬਾਦ ਵਿਚ ਕਤਲੇਆਮ ਕੀਤਾ ਸੀ। ਖ਼ਬਰ ਮਿਲਦੇ ਸਾਰ ਉਹ ਡੀ.ਐੱਮ. ਨੂੰ ਨਾਲ ਲੈ ਕੇ ਕਤਲੇਆਮ ਵਾਲੀ ਜਗ੍ਹਾ ਪਹੁੰਚੇ ਜਿੱਥੇ ਉਨ੍ਹਾਂ ਨੂੰ ਲਾਸ਼ਾਂ ਦੇ ਢੇਰ ਵਿਚੋਂ ਇਕ ਜਿਉਂਦਾ ਚਸ਼ਮਦੀਦ ਗਵਾਹ ਬਾਬੂਦੀਨ ਮਿਲ ਗਿਆ ਜੋ ਕਾਤਲਾਂ ਦੇ ਅੱਖੀਂ ਘੱਟਾ ਪਾ ਕੇ ਜਾਨ ਬਚਾਉਣ 'ਚ ਕਾਮਯਾਬ ਹੋ ਗਿਆ ਸੀ। ਉਸ ਨੇ ਸਾਰੀ ਕਹਾਣੀ ਬਿਆਨ ਕੀਤੀ ਜਿਸ ਨੂੰ ਮੁੱਖ ਰੱਖ ਕੇ ਰਾਏ ਨੇ ਐੱਫ.ਆਈ.ਆਰ. ਦਰਜ ਕੀਤੀ ਜੋ ਪੀ.ਏ.ਸੀ. ਦੇ ਦੋਸ਼ੀਆਂ ਵਿਰੁੱਧ ਮੁਕੱਦਮਾ ਚਲਾਉਣ ਦਾ ਆਧਾਰ ਬਣੀ।

ਖ਼ੂੰਖ਼ਾਰ ਹਕੂਮਤ ਨੂੰ ਇਸ ਨਾਲ ਵੀ ਤਸੱਲੀ ਨਾ ਹੋਈ। ਅਗਲੇ ਦਿਨ 23 ਮਈ ਨੂੰ ਹਕੂਮਤ ਦੇ ਸ਼ਿਸ਼ਕੇਰੇ ਪੀ.ਏ.ਸੀ. ਦੇ ਦਸਤੇ ਨੇ ਹਿੰਸਕ ਹਿੰਦੂ ਭੀੜ ਨੂੰ ਨਾਲ ਲੈ ਕੇ ਹਾਸ਼ਿਮਪੁਰਾ ਤੋਂ 6 ਕਿਲੋਮੀਟਰ ਦੂਰ ਮਲਿਆਨਾ ਕਸਬੇ ਦੇ ਮੁਸਲਮਾਨਾਂ ਉੱਪਰ ਹਮਲਾ ਕੀਤਾ। ਪੂਰੇ ਇਲਾਕੇ ਨੂੰ ਘੇਰਾ ਪਾ ਕੇ ਘਰਾਂ ਅੰਦਰ ਵੜ ਕੇ ਗੋਲੀਆਂ ਚਲਾਈਆਂ ਗਈਆਂ। ਉਸ ਵਕਤ ਮਲਿਆਨਾ ਦੀ ਵਸੋਂ 35000 ਸੀ ਜਿਸ ਵਿਚ 5000 ਮੁਸਲਮਾਨ ਸਨ। ਪੀ.ਏ.ਸੀ. ਨੇ ਬਿਨਾ ਕਾਰਨ ਹੀ ਮੁਸਲਮਾਨਾਂ ਉੱਪਰ ਅੰਨ੍ਹੇਵਾਹ ਗੋਲੀਆਂ ਚਲਾਈਆਂ ਅਤੇ ਬੇਰਹਿਮੀ ਨਾਲ ਦਰਜਨਾਂ ਲਾਸ਼ਾਂ ਵਿਛਾ ਦਿੱਤੀਆਂ। ਔਰਤਾਂ ਅਤੇ ਬੱਚਿਆਂ ਨੂੰ ਵੀ ਬਖ਼ਸ਼ਿਆ ਨਹੀਂ ਗਿਆ। ਦੰਗਈਆਂ ਦੇ ਹਜੂਮ ਨੇ ਪੀ.ਏ.ਸੀ. ਦੀ ਸੁਰੱਖਿਆ ਹੇਠ ਮੁਸਲਮਾਨ ਘਰਾਂ 'ਚ ਲੁੱਟਮਾਰ ਕਰ ਕੇ ਅੱਗ ਲਗਾ ਦਿੱਤੀ। ਮੌਤ ਅਤੇ ਅੱਗਜ਼ਨੀ ਦਾ ਇਹ ਨਾਚ ਸਾਢੇ ਤਿੰਨ ਘੰਟੇ ਚੱਲਦਾ ਰਿਹਾ। ਕਤਲੇਆਮ ਤੋਂ ਬਾਅਦ 100 ਦੇ ਕਰੀਬ ਵਿਅਕਤੀ ਲਾਪਤਾ ਹੋ ਗਏ। ਬਾਅਦ ਵਿਚ ਪਤਾ ਲੱਗਿਆ ਕਿ ਉਨ੍ਹਾਂ ਵਿਚੋਂ 72 ਮਾਰੇ ਗਏ ਸਨ। ਦਰਿੰਦਗੀ ਦਾ ਅੰਦਾਜ਼ਾ ਇਸ ਤੋਂ ਲਗਾਇਆ ਜਾ ਸਕਦਾ ਹੈ ਕਿ ਇੱਕੋ ਘਰ ਦੇ ਗਿਆਰਾਂ ਜੀਅ ਮਾਰ ਦਿੱਤੇ ਗਏ ਸਨ ਜਿਨ੍ਹਾਂ ਵਿਚ 80 ਸਾਲ ਦਾ ਮੁਹੰਮਦ ਅਲੀ ਅਤੇ ਚਾਰ ਔਰਤਾਂ ਵੀ ਸ਼ਾਮਿਲ ਸਨ। ਉਸ ਦਾ ਇਕ ਪੋਤਰਾ ਅਤੇ ਪੋਤਰ-ਨੂੰਹ ਇਸ ਕਰ ਕੇ ਬਚ ਗਏ ਕਿ ਉਹ ਵਿਆਹ ਦੇ ਸੱਦਾ ਪੱਤਰ ਦੇਣ ਲਈ ਰਿਸ਼ਤੇਦਾਰੀਆਂ 'ਚ ਗਏ ਹੋਏ ਸਨ। ਪੁਲਿਸ ਨੇ ਕਤਲੇਆਮ ਦੀ ਪੈੜ ਮਿਟਾਉਣ ਲਈ ਇਕ ਦਰਜਨ ਲਾਸ਼ਾਂ ਖੂਹ ਵਿਚ ਸੁੱਟ ਕੇ ਖੂਹ ਮਿੱਟੀ ਨਾਲ ਭਰ ਦਿੱਤਾ ਸੀ। ਹੋਰ ਤਰੀਕਿਆਂ ਨਾਲ ਵੀ ਸਬੂਤ ਮਿਟਾਏ ਗਏ। ਹਸਪਤਾਲ 'ਚ ਦਾਖ਼ਲ ਜ਼ਖ਼ਮੀਆਂ ਨਾਲ ਗੱਲਬਾਤ ਕਰਨ ਵਾਲੇ ਪੱਤਰਕਾਰਾਂ ਦੀ ਸਾਦਾ ਵਰਦੀ ਪੁਲਸੀਆਂ ਵੱਲੋਂ ਕੁੱਟਮਾਰ ਕੀਤੀ ਗਈ ਅਤੇ ਉਨ੍ਹਾਂ ਦੇ ਕੈਮਰੇ ਤੋੜ ਦਿੱਤੇ ਗਏ।

ਇਹ ਪੁਲਿਸ ਅਫ਼ਸਰਾਂ ਦੀ ਆਪਮੁਹਾਰੀ ਕਾਰਵਾਈ ਨਹੀਂ ਸੀ। ਦਰਅਸਲ, ਇਹ ਹਕੂਮਤ ਦੇ ਸਿਖ਼ਰਲੇ ਪੱਧਰ 'ਤੇ ਘੱਟਗਿਣਤੀ ਮੁਸਲਮਾਨ ਫਿਰਕੇ ਨੂੰ ਸਬਕ ਸਿਖਾਉਣ ਲਈ ਉਲੀਕਿਆ ਗਿਣਿਆ-ਮਿਥਿਆ ਕਤਲੇਆਮ ਸੀ। ਉਸ ਵਕਤ ਕੇਂਦਰ ਅਤੇ ਉੱਤਰ ਪ੍ਰਦੇਸ਼ ਵਿਚ ਕਾਂਗਰਸ ਦੀਆਂ ਸਰਕਾਰਾਂ ਸਨ। ਰਾਜੀਵ ਗਾਂਧੀ ਪ੍ਰਧਾਨ ਮੰਤਰੀ ਸੀ ਅਤੇ ਬੀਰ ਬਹਾਦਰ ਸਿੰਘ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਸੀ। ਭਾਜਪਾ ਦੇ ਆਗੂ ਸੁਬਰਾਮਨੀਅਮ ਸਵਾਮੀ ਨੇ ਰਾਜ ਸਭਾ ਵਿਚ ਸਪਸ਼ਟ ਰੂਪ 'ਚ ਇਲਜ਼ਾਮ ਲਗਾਇਆ ਸੀ ਕਿ ਇਸ ਪਿੱਛੇ ਪੀ. ਚਿਦੰਬਰਮ ਦਾ ਹੱਥ ਸੀ ਜੋ ਉਦੋਂ ਕੇਂਦਰ ਸਰਕਾਰ 'ਚ ਅੰਦਰੂਨੀ ਸੁਰੱਖਿਆ ਮਾਮਲਿਆਂ ਦਾ ਰਾਜ ਮੰਤਰੀ ਸੀ। ਚਿਦੰਬਰਮ ਮਾਓਵਾਦੀ ਆਗੂਆਂ ਨੂੰ ਗੱਲਬਾਤ ਲਈ ਬੁਲਾ ਕੇ ਧੋਖੇ ਨਾਲ ਕਤਲ ਕਰਵਾਉਣ ਲਈ ਬਦਨਾਮ ਹੈ, ਇਸ ਲਈ ਸਵਾਮੀ ਦੇ ਉਪਰੋਕਤ ਦਾਅਵੇ ਨੂੰ ਸਿਆਸਤ ਤੋਂ ਪ੍ਰੇਰਿਤ ਇਲਜ਼ਾਮ ਕਹਿ ਕੇ ਰੱਦ ਨਹੀਂ ਕੀਤਾ ਜਾ ਸਕਦਾ। ਜ਼ਾਹਿਰ ਹੈ ਕਿ ਹਕੂਮਤ ਦੀ ਕਿਸੇ ਉੱਚ ਅਥਾਰਟੀ ਨੇ ਮੁਸਲਮਾਨਾਂ ਨੂੰ ਕੁਚਲਣ ਲਈ ਪੀ.ਏ.ਸੀ. ਨੂੰ ਸੱਦਣ ਅਤੇ ਮੁਸਲਮਾਨ ਮੁਹੱਲਿਆਂ ਉੱਪਰ ਹਮਲੇ ਕਰਨ ਦਾ ਫ਼ੈਸਲਾ ਕੀਤਾ ਜੋ ਪਹਿਲਾਂ ਹੀ ਆਪਣੇ ਮੁਸਲਿਮ ਵਿਰੋਧੀ ਫਿਰਕੂ ਰਵੱਈਏ ਲਈ ਬੇਹੱਦ ਬਦਨਾਮ ਤਾਕਤ ਮੰਨੀ ਜਾਂਦੀ ਸੀ। ਪੀ.ਏ.ਸੀ. ਨੇ ਆਪਣੇ ਰਾਜਸੀ ਆਕਾਵਾਂ ਦੇ ਇਸ਼ਾਰੇ 'ਤੇ ਕਤਲੇਆਮ ਕੀਤਾ।

ਹੁਣ 36 ਸਾਲ ਬਾਅਦ ਮੇਰਠ ਦੀ ਅਦਾਲਤ ਨੇ ਕਤਲੇਆਮ, ਅੱਗਜ਼ਨੀ ਅਤੇ ਦੰਗਿਆਂ ਦੇ 39 ਦੋਸ਼ੀਆਂ ਨੂੰ 'ਸ਼ੱਕ ਦਾ ਲਾਭ' ਦਿੰਦੇ ਹੋਏ ਇਹ ਕਹਿ ਕੇ ਬਰੀ ਕਰ ਦਿੱਤਾ ਕਿ ਉਨ੍ਹਾਂ ਵਿਰੁੱਧ ਸਬੂਤ ਨਹੀਂ ਹੈ। ਮੁਕੱਦਮੇ ਦੌਰਾਨ 23 ਦੋਸ਼ੀ ਮਰ ਗਏ ਅਤੇ 31 'ਲੱਭੇ ਹੀ ਨਹੀਂ ਜਾ ਸਕੇ'। ਹਾਸ਼ਿਮਪੁਰਾ ਕੇਸ 'ਚ ਵੀ 28 ਸਾਲ ਲੰਮੀ ਕਾਨੂੰਨੀ ਲੜਾਈ ਤੋਂ ਬਾਅਦ ਸੈਸ਼ਨ ਕੋਰਟ ਨੇ 16 ਦੋਸ਼ੀਆਂ ਨੂੰ 'ਕਾਫ਼ੀ ਸਬੂਤ ਨਾ ਹੋਣ ਕਾਰਨ' ਬਰੀ ਕਰ ਦਿੱਤਾ ਸੀ। ਬਾਅਦ 'ਚ ਦਿੱਲੀ ਹਾਈਕੋਰਟ ਨੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਜੋ ਵਿਭੂਤੀ ਨਰਾਇਣ ਰਾਏ ਦੇ ਯਤਨਾਂ ਨਾਲ ਹੀ ਸੰਭਵ ਹੋਈ ਸੀ। ਇਹ ਸਾਰੇ ਪੀ.ਏ.ਸੀ. ਦੇ ਮੁਲਾਜ਼ਮ ਸਨ ਜਦਕਿ ਇਨ੍ਹਾਂ ਦੇ ਪਿੱਛੇ ਭਾਜਪਾ ਦੀ ਜਿਸ ਔਰਤ ਆਗੂ (ਜਿਸ ਦਾ ਪੁੱਤਰ ਦੰਗਿਆਂ 'ਚ ਮਾਰਿਆ ਗਿਆ ਸੀ), ਉਸ ਦੇ ਪੁੱਤਰ ਫ਼ੌਜੀ ਅਧਿਕਾਰੀ ਅਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਦਾ ਹੱਥ ਸੀ ਉਨ੍ਹਾਂ ਨੂੰ ਮੁਕੱਦਮੇ 'ਚ ਸ਼ਾਮਿਲ ਹੀ ਨਹੀਂ ਕੀਤਾ ਗਿਆ। ਜਾਂਚ ਏਜੰਸੀਆਂ ਦੀ ਕਾਰਗੁਜ਼ਾਰੀ ਸ਼ੱਕੀ ਹੈ ਜਿਨ੍ਹਾਂ ਨੇ ਨਿਰਪੱਖ ਜਾਂਚ ਕਰਨ ਦੀ ਬਜਾਇ ਤੱਥਾਂ ਅਤੇ ਸਬੂਤਾਂ ਨੂੰ ਖੁਰਦ-ਬੁਰਦ ਕਰ ਦਿੱਤਾ। ਇਕ ਪਾਸੇ ਜਾਂਚ ਏਜੰਸੀਆਂ ਝੂਠੀ ਜਾਂਚ ਰਾਹੀਂ ਬੇਕਸੂਰਾਂ ਨੂੰ ਜੇਲ੍ਹਾਂ ਵਿਚ ਸਾੜਦੀਆਂ ਹਨ, ਜਿਵੇਂ ਪਿਛਲੇ ਦਿਨਾਂ 'ਚ ਜੈਪੁਰ ਹਾਈਕੋਰਟ ਨੇ ਚਾਰ ਮੁਸਲਮਾਨਾਂ ਨੂੰ ਬਰੀ ਕੀਤਾ ਜਿਨ੍ਹਾਂ ਨੂੰ ਹੇਠਲੀ ਅਦਾਲਤ ਨੇ 2019 'ਚ ਮੌਤ ਦੀ ਸਜ਼ਾ ਸੁਣਾਈ ਸੀ। 2008 'ਚ ਜੈਪੁਰ 'ਚ ਬੰਬ ਫਟਣ ਨਾਲ 71 ਲੋਕ ਮਾਰੇ ਗਏ ਸਨ। ਜੈਪੁਰ ਕੇਸ ਵਿਚ ਜਾਂਚ ਏਜੰਸੀਆਂ ਨੇ ਪੁਖ਼ਤਾ ਸਬੂਤ ਜੁਟਾਏ ਬਿਨਾ ਹੀ ਮੁਸਲਮਾਨਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਦੇ ਭਾਗੀ ਬਣਾ ਦਿੱਤਾ ਸੀ। ਮਲਿਆਨਾ ਕਤਲੇਆਮ ਦੇ ਦੋਸ਼ੀ ਪੂਰੀ ਤਰ੍ਹਾਂ ਜੱਗ ਜ਼ਾਹਿਰ ਸਨ, ਬਣਦੀ ਜਾਂਚ ਰਾਹੀਂ ਉਨ੍ਹਾਂ ਵਿਰੁੱਧ ਸਬੂਤ ਜੁਟਾਉਣ ਅਤੇ ਗਵਾਹੀਆਂ ਪੇਸ਼ ਕਰਨ ਦੀ ਬਜਾਇ ਸਬੂਤ ਮਿਟਾ ਕੇ ਉਨ੍ਹਾਂ ਨੂੰ ਬਰੀ ਕਰਵਾਇਆ ਗਿਆ। ਐੱਫ.ਆਈ.ਆਰ. ਵਰਗੇ ਮਹੱਤਵਪੂਰਨ ਦਸਤਾਵੇਜ਼ ਵੀ ਪੁਲਿਸ ਰਿਕਾਰਡ 'ਚੋਂ ਗ਼ਾਇਬ ਕਰਵਾ ਦਿੱਤੇ ਗਏ। ਨਿਆਂ ਨਾ ਮਿਲਣਾ ਇਕ ਪਾਸਾ ਹੈ, ਇਸ ਦਾ ਇਕ ਹੋਰ ਪਾਸਾ ਵੀ ਘੱਟ ਦਰਦਨਾਕ ਨਹੀਂ ਹੈ। ਇਨ੍ਹਾਂ ਕਤਲੇਆਮ ਨਾਲ ਸਹਿਮੇ ਅਤੇ ਦਹਿਸ਼ਤਜ਼ਦਾ ਹੋਏ ਬਹੁਤ ਸਾਰੇ ਮੁਸਲਮਾਨ ਪਰਿਵਾਰ ਹਿਜਰਤ ਕਰ ਗਏ। ਉਨ੍ਹਾਂ ਦੀ ਆਰਥਿਕ ਤੇ ਸਮਾਜੀ ਜ਼ਿੰਦਗੀ ਪੂਰੀ ਤਰ੍ਹਾਂ ਤਹਿਸ-ਨਹਿਸ ਹੋ ਗਈ। ਕਾਨੂੰਨੀ ਲੜਾਈ ਦੇ ਨਾਲ-ਨਾਲ ਉਨਾਂ ਨੂੰ ਆਰਥਕ ਪੱਖ ਤੋਂ ਮੁੜ ਪੈਰਾਂ 'ਤੇ ਖੜ੍ਹੇ ਹੋਣ ਲਈ ਹੋਰ ਵੀ ਜ਼ਿਆਦਾ ਸੰਤਾਪ ਝੱਲਣਾ ਪਿਆ। ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਵੀ ਅਨਪੜ੍ਹਤਾ ਅਤੇ ਗ਼ਰੀਬੀ 'ਚ ਧੱਕੇ ਜਾਣ ਲਈ ਸਰਾਪੀਆਂ ਗਈਆਂ।

ਹਾਸ਼ਿਮਪੁਰਾ ਅਤੇ ਮਲਿਆਨਾ ਮੁਕੱਦਮੇ ਇਸ ਕਰ ਕੇ ਚੱਲ ਸਕੇ ਕਿਉਂਕਿ ਬਹੁਤ ਸਾਰੇ ਨਿਆਂਪਸੰਦ ਵਿਅਕਤੀਆਂ ਨੇ ਇਹ ਦ੍ਰਿੜ ਇਰਾਦਾ ਬਣਾ ਕੇ ਕਾਨੂੰਨੀ ਚਾਰਾਜੋਈ ਕੀਤੀ ਕਿ ਦੋਸ਼ੀਆਂ ਨੂੰ ਕਟਹਿਰੇ 'ਚ ਖੜ੍ਹੇ ਕਰਕੇ ਪੀੜਤਾਂ ਨੂੰ ਨਿਆਂ ਦਿਵਾਉਣਾ ਹੈ। ਜਿਵੇਂ ਨਿਆਂ ਦੀ ਹਰ ਲੜਾਈ ਵਿਚ ਅਕਸਰ ਵਾਪਰਦਾ ਹੈ, ਹੁਕਮਰਾਨ ਜਮਾਤ ਦੀ ਮਿਲੀਭੁਗਤ ਨੇ ਨਿਆਂਪਸੰਦਾਂ ਦੀ ਕੋਈ ਪੇਸ਼ ਨਹੀਂ ਜਾਣ ਦਿੱਤੀ ਅਤੇ ਮੁਕੱਦਮਾ ਨਿਆਂ ਦੇ ਅੰਜਾਮ 'ਤੇ ਨਹੀਂ ਪਹੁੰਚ ਸਕਿਆ। ਇਸ ਵਿਚ ਕਾਂਗਰਸੀ ਹੁਕਮਰਾਨਾਂ ਦੀ ਉੱਘੜਵੀਂ ਭੂਮਿਕਾ ਰਹੀ ਹੈ। ਅੱਜ ਕੱਲ੍ਹ ਇਕ ਹਿੱਸੇ ਵੱਲੋਂ ਅਕਸਰ ਹੀ ਦਲੀਲ ਦਿੱਤੀ ਜਾਂਦੀ ਹੈ ਕਿ ਆਰ.ਐੱਸ.ਐੱਸ.-ਭਾਜਪਾ ਦੇ ਫਾਸ਼ੀਵਾਦੀ ਪ੍ਰੋਜੈਕਟ ਵਿਰੁੱਧ ਸੰਘਰਸ਼ 'ਚ ਕਾਂਗਰਸ ਵਰਗੀਆਂ 'ਧਰਮ ਨਿਰਪੱਖ' ਤਾਕਤਾਂ ਦੀ ਭੂਮਿਕਾ ਮਹੱਤਵਪੂਰਨ ਹੈ, ਇਸ ਲਈ ਕਾਂਗਰਸ ਦੀ ਪਿਛਲੀ ਕਾਰਗੁਜ਼ਾਰੀ ਉੱਪਰ ਉਂਗਲ ਨਹੀਂ ਰੱਖਣੀ ਚਾਹੀਦੀ; ਫ਼ਿਲਹਾਲ ਇਸ ਚਰਚਾ ਨੂੰ ਪਾਸੇ ਰੱਖ ਦੇਣਾ ਚਾਹੀਦਾ ਹੈ ਅਤੇ ਆਰ.ਐੱਸ.ਐੱਸ.-ਭਾਜਪਾ ਤੋਂ ਖਹਿੜਾ ਛੁਡਾਉਣ ਉੱਪਰ ਤਾਕਤ ਕੇਂਦਰਤ ਕਰਨੀ ਚਾਹੀਦੀ ਹੈ ਪਰ ਉਹ ਇਸ ਸਚਾਈ ਨੂੰ ਭੁੱਲਦੇ ਹਨ ਕਿ ਭਾਵੇਂ 1984 ਅਤੇ 1995 ਦੇ ਦਹਾਕੇ ਵਿਚ ਪੁਲਿਸ ਮੁਕਾਬਲਿਆਂ ਰਾਹੀਂ ਸਿੱਖ ਨੌਜਵਾਨਾਂ ਦੇ ਘਾਣ ਦੇ ਕੇਸ ਹੋਣ, ਭਾਵੇਂ 1984 'ਚ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਸਿੱਖ ਫਿਰਕੇ ਦੀ ਨਸਲਕੁਸ਼ੀ ਹੋਵੇ ਅਤੇ ਭਾਵੇਂ ਬਾਬਰੀ ਮਸਜਿਦ ਦੇ ਤਾਲੇ ਖੋਲ੍ਹਣ ਤੋਂ ਲੈ ਕੇ ਮੁਸਲਮਾਨ ਭਾਈਚਾਰੇ ਦੇ ਹਿਤਾਂ ਵਿਰੁੱਧ ਚੁੱਕੇ ਗਏ ਵੱਖ-ਵੱਖ ਕਦਮ ਹੋਣ, ਕਾਂਗਰਸ ਦੀ ਹਕੂਮਤ ਸਿਰਫ਼ ਨਿਆਂ ਲਈ ਜੱਦੋ-ਜਹਿਦ ਨੂੰ ਅਸਫ਼ਲ ਕਰਨ ਤੱਕ ਸੀਮਤ ਨਹੀਂ ਰਹੀ ਸਗੋਂ ਹਿੰਦੂ ਫਿਰਕਾਪ੍ਰਸਤਾਂ ਨੂੰ ਬਚਾਉਣ ਅਤੇ ਉਨ੍ਹਾਂ ਨੂੰ ਖ਼ੁਸ਼ ਕਰਨ ਦੀ ਸੋਚੀ-ਸਮਝੀ ਨੀਤੀ ਉੱਪਰ ਚਲਦੀ ਰਹੀ ਹੈ।

1947 ਦੀ ਸੱਤਾ ਬਦਲੀ ਤੋਂ ਪਹਿਲਾਂ ਹੀ ਕਾਂਗਰਸ ਅੰਦਰਲੇ 'ਹਿੰਦੂ' ਡੀ.ਐੱਨ.ਏ. ਨੇ ਆਪਣਾ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ। ਇਕ ਆਈ.ਸੀ.ਐੱਸ. (ਇੰਡੀਅਨ ਸਿਵਲ ਸਰਵਿਸ) ਅਧਿਕਾਰੀ ਰਾਜੇਸ਼ਵਰ ਦਿਆਲ ਜੋ ਉਸ ਵਕਤ ਯੂ.ਪੀ. ਦੇ ਪਹਿਲੇ ਗ੍ਰਹਿ ਸਕੱਤਰ ਸਨ, ਨੇ ਆਪਣੀਆਂ ਯਾਦਾਂ 'ਏ ਲਾਈਫ਼ ਆਫ ਅਵਰ ਟਾਈਮਜ਼' ਵਿਚ ਇਕ ਘਟਨਾ ਬਿਆਨ ਕੀਤੀ ਹੈ। ਇਕ ਦਿਨ ਉਹ ਅਤੇ ਉਸ ਦਾ ਪੁਲਿਸ ਕਮਿਸ਼ਨਰ, ਆਰ.ਐੱਸ.ਐੱਸ. ਦੇ ਮੁਖੀ ਗੁਰੂ ਗੋਲਵਲਕਰ ਵਿਰੁੱਧ ਸਬੂਤਾਂ ਦਾ ਭਰਿਆ ਟਰੱਕ ਲੈ ਕੇ ਮੁੱਖ ਮੰਤਰੀ ਗੋਵਿੰਦ ਬੱਲਭ ਪੰਤ ਦੀ ਰਿਹਾਇਸ਼ 'ਤੇ ਗਏ। ਗੋਲਵਲਕਰ ਨੇ ਮੇਰਠ, ਮੁਜ਼ੱਫ਼ਰਨਗਰ ਅਤੇ ਪੱਛਮੀ ਯੂ.ਪੀ. ਦੇ ਹੋਰ ਸ਼ਹਿਰਾਂ ਵਿਚ ਵਿਆਪਕ ਪੈਮਾਨੇ 'ਤੇ ਫਿਰਕੂ ਗੜਬੜ ਫੈਲਾਉਣ ਦੀ ਸਾਜ਼ਿਸ਼ ਘੜ ਕੇ ਬਾਰੀਕੀ 'ਚ ਯੋਜਨਾ ਬਣਾਈ ਸੀ ਜੋ ਖ਼ੁਫ਼ੀਆ ਵਿਭਾਗ ਦੇ ਹੱਥ ਲੱਗ ਗਈ ਸੀ। ਤੁਰੰਤ ਕਾਰਵਾਈ ਕਰ ਕੇ ਗੋਲਵਲਕਰ ਨੂੰ ਗ੍ਰਿਫ਼ਤਾਰ ਕਰਨ ਦੀ ਬਜਾਇ ਜੋ ਉਦੋਂ ਉਸ ਇਲਾਕੇ 'ਚ ਸਰਗਰਮ ਸੀ, ਪੰਤ ਨੇ ਕਿਹਾ ਕਿ ਇਹ ਸੰਵੇਦਨਸ਼ੀਲ ਮਾਮਲਾ ਹੈ ਜਿਸ ਨੂੰ ਵਜ਼ਾਰਤ 'ਚ ਵਿਚਾਰਨਾ ਪਵੇਗਾ। ਗੋਲਵਲਕਰ ਨੂੰ ਸਪਸ਼ਟੀਕਰਨ ਦੇਣ ਲਈ ਚਿੱਠੀ ਲਿਖੀ ਗਈ ਤੇ ਉਹ ਬਚ ਕੇ ਨਿਕਲ ਗਿਆ। ਅਗਲੇ ਦਹਾਕਿਆਂ 'ਚ ਕਾਂਗਰਸ ਵੱਲੋਂ ਭਾਰਤ ਵਿਚ, ਖ਼ਾਸ ਕਰ ਕੇ ਯੂ.ਪੀ. ਵਿਚ ਖੇਡੀ ਗਈ ਫਿਰਕੂ ਸਿਆਸਤ ਦੀਆਂ ਸੈਂਕੜੇ ਘਿਨਾਉਣੀਆਂ ਮਿਸਾਲਾਂ ਹਨ।

ਇਹ ਠੀਕ ਹੈ ਕਿ ਆਰ.ਐੱਸ.ਐੱਸ.-ਭਾਜਪਾ ਦਾ ਹਿੰਦੂ ਰਾਸ਼ਟਰ ਦਾ ਏਜੰਡਾ ਕਾਂਗਰਸ ਦੀ ਸਿਆਸਤ ਨਾਲੋਂ ਬਹੁਤ ਜ਼ਿਆਦਾ ਖ਼ਤਰਨਾਕ ਹੈ ਪਰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਨੇਲੀ, ਦਿੱਲੀ, ਕਾਨਪੁਰ, ਹਾਸ਼ਿਮਪੁਰਾ, ਮਲਿਆਨਾ ਵਰਗੇ ਘੱਟਗਿਣਤੀਆਂ ਦੇ ਕਤਲੇਆਮ 'ਧਰਮ ਨਿਰਪੱਖ' ਕਾਂਗਰਸ ਦੇ ਰਾਜ ਵਿਚ ਹੀ ਹੋਏ ਸਨ।

ਸਵਾਲ ਇਹ ਹੈ ਕਿ 'ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ' ਵਿਚ ਮਜ਼ਲੂਮ ਧਿਰਾਂ ਦਾ ਭਵਿੱਖ ਕੀ ਹੈ ਅਤੇ ਜੋ ਵਧੀਕੀਆਂ ਤੇ ਬੇਇਨਸਾਫ਼ੀਆਂ ਉਨ੍ਹਾਂ ਨਾਲ ਕੀਤੀਆਂ ਗਈਆਂ, ਉਨ੍ਹਾਂ ਸਬੰਧੀ ਨਿਆਂ ਮਿਲਣ ਦੀ ਕੋਈ ਗੁੰਜਾਇਸ਼ ਹੈ? ਹੁਣ ਜਦੋਂ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਰਾਜਨੀਤਕ ਏਜੰਡੇ ਵਾਲੀ ਤਾਕਤ ਸੱਤਾ ਉੱਪਰ ਕਾਬਜ਼ ਹੈ ਅਤੇ ਉਸ ਨੂੰ ਰੋਕਣ ਲਈ ਕੋਈ ਅਸਰਦਾਰ ਸਿਆਸੀ ਅੰਦੋਲਨ ਨਹੀਂ ਹੈ, ਅਦਾਲਤੀ ਪ੍ਰਣਾਲੀ ਨੂੰ ਵੀ ਲੱਗਭੱਗ ਅਗਵਾ ਕਰ ਲਿਆ ਗਿਆ ਹੈ ਤਾਂ ਇਹ ਗੁੰਜਾਇਸ਼ ਲੱਗਭੱਗ ਖ਼ਤਮ ਹੋ ਚੁੱਕੀ ਹੈ। ਸਿਰਫ਼ ਫਾਸ਼ੀਵਾਦੀ ਸੱਤਾ ਨੂੰ ਟੱਕਰ ਦੇਣ ਵਾਲੀ ਐਸੀ ਰਾਜਨੀਤਕ ਲਹਿਰ ਹੀ ਅਨਿਆਂ ਦਰ ਅਨਿਆਂ ਨੂੰ ਠੱਲ੍ਹ ਪਾ ਸਕਦੀ ਹੈ ਜੋ ਦਰੜੇ ਤੇ ਦਬਾਏ ਵਿਸ਼ਾਲ ਹਿੱਸਿਆਂ ਨੂੰ ਆਪਣੇ ਕਲਾਵੇ ਵਿਚ ਲੈ ਸਕੇ।

# ਜਮਹੂਰੀ ਲਹਿਰਾਂ ਤੇ ਨਾਰੀ ਜਥੇਬੰਦੀਆਂ ਦੀ ਭੂਮਿਕਾ

ਮਰਦ ਔਰਤ ਵਿਚਾਲੇ ਨਾਬਰਾਬਰੀ ਜਾਂ ਅਸਮਾਨਤਾ ਸਦੀਆਂ ਪੁਰਾਣਾ ਸਮਾਜਿਕ ਵਰਤਾਰਾ ਹੈ। ਕਦੇ ਵੀ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ ਨਹੀਂ ਦਿੱਤਾ ਗਿਆ। ਆਰਥਕ, ਸਮਾਜਿਕ ਤੇ ਰਾਜਨੀਤਕ, ਹਰ ਪਹਿਲੂ 'ਤੇ ਉਸ ਨਾਲ ਪੱਖਪਾਤ ਹੁੰਦਾ ਆ ਰਿਹਾ ਹੈ। ਇਸ ਨਾ-ਬਰਾਬਰੀ ਨੂੰ ਖਤਮ ਕਰਨ ਵਾਸਤੇ 20ਵੀਂ ਸਦੀ ਦੇ ਸ਼ੁਰੂ ਵਿਚ ਹੀ ਪੱਛਮੀ ਦੇਸ਼ਾਂ ਦੀਆਂ ਔਰਤਾਂ ਨੇ ਲਾਮਬੰਦ ਹੋ ਕੇ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ ਸੀ। ਛੋਟੇ-ਛੋਟੇ

ਕੰਵਲਜੀਤ ਕੌਰ ਗਿੱਲ
ਫੋਨ: +91-98551-22857

ਮੁਜ਼ਾਹਰਿਆਂ ਦਾ ਘੇਰਾ ਹੌਲੀ-ਹੌਲੀ ਵਿਸ਼ਾਲ ਹੋਇਆ ਅਤੇ ਇਸ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਨਫਰੰਸਾਂ ਦਾ ਰੂਪ ਧਾਰ ਲਿਆ। ਇਹ ਉਹ ਸਮਾਂ ਸੀ ਜਦੋਂ ਇਕ ਪਾਸੇ ਸਮਾਜ ਸੁਧਾਰਕ ਅਤੇ ਬੁੱਧੀਜੀਵੀ ਵਰਗ ਦੇ ਲੋਕ ਸਮਾਜ ਵਿਚ ਪ੍ਰਚਲਿਤ ਔਰਤ ਵਿਰੋਧੀ ਰੀਤੀ-ਰਿਵਾਜਾਂ ਅਤੇ ਰਸਮਾਂ ਵਿਰੁੱਧ ਆਵਾਜ਼ ਉਠਾ ਰਹੇ ਸਨ, ਦੂਜੇ ਪਾਸੇ ਜਮਹੂਰੀ ਜਥੇਬੰਦੀਆਂ ਅਤੇ ਨਾਰੀਵਾਦੀ ਸੰਗਠਨ ਸਮਾਜ ਵਿਚ ਪ੍ਰਚਲਿਤ ਨਾ-ਬਰਾਬਰੀ ਖ਼ਿਲਾਫ਼ ਸਰਗਰਮ ਸਨ।

1995 ਵਿਚ ਚੀਨ ਦੇ ਸ਼ਹਿਰ ਪੇਈਚਿੰਗ ਵਿਚ ਹੋਈ ਅੰਤਰਰਾਸ਼ਟਰੀ ਕਾਨਫਰੰਸ ਵਿਚ ਔਰਤਾਂ ਨਾਲ ਸਬੰਧਿਤ 12 ਮੁੱਖ ਨੁਕਤਿਆਂ ਉਪਰ ਵਿਚਾਰ ਚਰਚਾ ਕੀਤੀ ਗਈ। ਇਸ ਕਾਨਫਰੰਸ ਦੀ ਖਾਸੀਅਤ ਇਹ ਰਹੀ ਕਿ ਇੱਕ ਤਾਂ ਇਸ ਵਿਚ ਔਰਤਾਂ ਪ੍ਰਤੀ ਹੋ ਰਹੇ ਹਰ ਪ੍ਰਕਾਰ ਦੇ ਪੱਖਪਾਤ ਨੂੰ ਖਤਮ ਕਰਨ ਦਾ ਪ੍ਰਣ ਲਿਆ ਗਿਆ ਅਤੇ ਦੂਜਾ, ਮੌਜੂਦਾ ਸਥਿਤੀ ਵਿਚ ਆਈਆਂ ਤਬਦੀਲੀਆਂ ਦੀ ਪੜਚੋਲ ਕਰਨ ਵਾਸਤੇ ਹਰ ਪੰਜ ਸਾਲਾਂ ਬਾਅਦ ਮੁੜ ਸੰਮੇਲਨ ਕਰਨ ਦਾ ਪ੍ਰਸਤਾਵ ਰੱਖਿਆ ਗਿਆ। ਸੰਨ 2000 ਵਿਚ ਯੂ.ਐਨ. ਜਨਰਲ ਅਸੈਂਬਲੀ ਨੇ 21ਵੀਂ ਸਦੀ ਦੀ ਔਰਤ ਲਈ ਬਰਾਬਰੀ, ਵਿਕਾਸ ਅਤੇ ਸ਼ਾਂਤੀ ਦੇ ਵਿਸ਼ੇ ਉਪਰ ਵਿਚਾਰ ਕਰਨ ਦਾ ਸੱਦਾ ਦਿੱਤਾ। ਇਸੇ ਸੰਦਰਭ ਵਿਚ ਵੱਖ ਵੱਖ ਥਾਈਂ ਹੋਈਆਂ ਕਾਨਫਰੰਸਾਂ/ਮੀਟਿੰਗਾਂ ਵਿਚ ਪਿਛਲੇ 25 ਸਾਲਾਂ ਦੇ ਮੁਕਾਬਲੇ ਮੌਜੂਦਾ ਲਿੰਗਕ ਅਸਮਾਨਤਾ ਦੀ ਸਥਿਤੀ ਅਤੇ ਸੰਭਾਵਨਾਵਾਂ ਬਾਰੇ ਚਰਚਾ ਕੀਤੀ ਗਈ।

ਦੂਜੇ ਪਾਸੇ ਕਈ ਸਮਾਜ ਸੁਧਾਰਕ, ਬੁੱਧੀਜੀਵੀ ਅਤੇ ਜਮਹੂਰੀਅਤ ਪਸੰਦ ਜਥੇਬੰਦੀਆਂ ਵੀ ਇਸ ਨਾ-ਬਰਾਬਰੀ ਨੂੰ ਖ਼ਤਮ ਕਰਨ ਲਈ ਯਤਨਸ਼ੀਲ ਸਨ। ਇਨ੍ਹਾਂ ਸਾਂਝੇ ਯਤਨਾਂ ਸਦਕਾ ਔਰਤਾਂ ਦੀ ਇਸ ਚਿੰਤਾਜਨਕ ਸਥਿਤੀ ਵਿਚ ਮੋੜ ਆਇਆ ਜਾਂ ਕਹਿ ਲਓ ਕਿ ਸੁਧਾਰ ਹੋਣਾ ਸ਼ੁਰੂ ਹੋ ਗਿਆ ਹੈ ਪਰ ਸੁਆਲ ਇਹ ਹੈ ਕਿ ਇਸ ਮੋੜ ਜਾਂ ਸੁਧਾਰ ਦੀ ਦਿਸ਼ਾ ਕੀ ਹੈ? ਸਮਾਨਤਾ ਵੱਲ ਸਫ਼ਰ ਦੌਰਾਨ ਤੱਕੜੀ ਦੇ ਦੋਵੇਂ ਪਲੜੇ ਬਰਾਬਰ ਕਰਦੇ ਕਰਦੇ ਕੀ ਅਸੀਂ ਮੁੜ ਅਸੰਤੁਲਨ ਦੀ ਅਵਸਥਾ ਵਿਚ ਤਾਂ ਨਹੀਂ ਜਾ ਰਹੇ? ਨਾਰੀਵਾਦ ਨੂੰ ਸਹੀ ਅਰਥਾਂ ਵਿਚ ਸਮਝਣ ਵਿਚ ਕਿਹੜੇ ਪੜਾਅ ਤੇ ਗਲਤੀਆਂ ਹੋਈਆਂ ਹਨ? ਕਿਉਂਕਿ ਨਾਰੀਵਾਦੀ ਸੋਚ ਉਪਰ ਆਲੋਚਨਾਤਮਕ ਪ੍ਰਸ਼ਨ ਚਿੰਨ੍ਹ ਲੱਗ ਰਹੇ ਹਨ ਕਿ ਇਹ ਮਰਦਾਂ ਦੇ ਖਿਲਾਫ ਭੁਗਤਦੀ ਹੈ, ਇਸ ਨਾਲ ਘਰ-ਪਰਿਵਾਰ ਟੁੱਟਦੇ ਹਨ। ਰਿਸ਼ਤਿਆਂ ਵਿਚ ਸੁਹਿਰਦਤਾ ਖਤਮ ਹੋ ਰਹੀ ਹੈ ਆਦਿ। ਇਸ ਸਾਰੇ ਕੁੱਝ ਦਾ ਕਾਰਨ ਭਾਵੇਂ ਕੋਈ ਵੀ ਹੋਵੇ, ਜੇ ਸਮਾਜ ਵਿਚ ਇਹ ਵਰਤਾਰਾ ਚਲ ਰਿਹਾ ਹੈ ਤਾਂ ਇਸ ਬਾਰੇ ਸਬੰਧਿਤ ਨਾਰੀ ਸੰਗਠਨਾਂ ਅਤੇ ਹੋਰ ਜਾਗਰੂਕ ਜਥੇਬੰਦੀਆਂ ਨੂੰ ਮਿਲ ਬੈਠ ਕੇ ਆਪਣੀ ਕਾਰਜ ਪ੍ਰਣਾਲੀ ਬਾਰੇ ਸਵੈ-ਪੜਚੋਲ ਕਰਨੀ ਚਾਹੀਦੀ ਹੈ।

ਅਜ ਔਰਤ ਹਰ ਉਸ ਮੁਕਾਮ 'ਤੇ ਪਹੁੰਚ ਗਈ ਹੈ ਜਿਹੜੇ ਕਿਸੇ ਸਮੇਂ ਉਸ ਦੀ ਪਹੁੰਚ ਤੋਂ ਬਾਹਰ ਸਨ ਜਾਂ ਵਰਜਿਤ ਸਨ। ਸਿੱਖਿਆ ਦੇ ਖੇਤਰ ਵਿਚ ਉਸ ਦੀ ਕਾਰਗੁਜ਼ਾਰੀ ਮੁੰਡਿਆਂ ਨਾਲੋਂ ਬਿਹਤਰ ਹੈ। ਰਾਜਨੀਤਕ ਖੇਤਰ ਵਿਚ ਵੀ ਦੇਸ਼ ਦੇ ਕੁਝ ਉਪਰਲੇ ਅਹੁਦਿਆਂ 'ਤੇ ਔਰਤ ਬਿਰਾਜਮਾਨ ਹੈ। ਰੁਜ਼ਗਾਰ ਵਿਚ ਭਾਵੇਂ ਉਸ ਦੀ ਮੌਜੂਦਗੀ 29-30 ਪ੍ਰਤੀਸ਼ਤ ਹੀ ਹੈ ਪਰ ਉਹ ਆਰਥਕ ਤੌਰ 'ਤੇ ਮਜ਼ਬੂਤੀ ਵੱਲ ਕਦਮ ਵਧਾ ਰਹੀ ਹੈ। ਸਿੱਖਿਅਤ ਹੋਣ ਕਾਰਨ ਕਈ ਮਾਮਲਿਆਂ ਵਿਚ ਆਪਣੇ ਫ਼ੈਸਲੇ ਆਪ ਲੈਣ ਯੋਗ ਹੋ ਰਹੀ ਹੈ; ਅਰਥਾਤ ਜਿਹੜਾ ਸਿੱਖਿਆ, ਸਿਹਤ, ਰੁਜ਼ਗਾਰ, ਜ਼ਮੀਨ-ਜਾਇਦਾਦ ਦੀ ਮਾਲਕੀ ਦਾ ਹੱਕ ਜਾਂ ਰਾਜਨੀਤਕ ਨਾਮਜ਼ਦਗੀ ਆਦਿ ਦੇ ਖੇਤਰਾਂ ਵਿਚ ਪਾੜਾ ਜਾਂ ਗੈਪ ਸੀ ਉਹ ਹੁਣ ਕੁਝ ਘਟਦਾ ਨਜ਼ਰ ਆ ਰਿਹਾ ਹੈ। ਇਹੀ ਕਾਰਨ ਹੈ ਕਿ ਉਹ ਆਪਣੇ ਨਾਲ ਹੋ ਰਹੀਆਂ ਵਧੀਕੀਆਂ, ਜੁਰਮਾਂ ਅਤੇ ਹਿੰਸਾ ਵਿਰੁੱਧ ਆਵਾਜ਼ ਉਠਾਉਣ ਦੇ ਕਾਬਲ ਹੋ ਰਹੀ ਹੈ।

ਲਿੰਗਕ ਅਸਮਾਨਤਾ ਜਾਂ ਨਾ-ਬਰਾਬਰੀ ਵਿਚ ਘਟ ਰਿਹ ਪਾੜਾ ਸਮਾਜਿਕ ਵਿਕਾਸ ਦੀ ਹਾਂ-ਪੱਖੀ ਤਸਵੀਰ ਪੇਸ਼ ਕਰਦਾ ਹੈ ਪਰ ਇਸੇ ਸਮਾਜ ਵਿਚ ਵਿਚਰਦੇ ਹੋਏ ਅੱਜ ਜੋ ਦੂਸਰਾ ਪੱਖ ਨਜ਼ਰ ਆਉਣ ਲੱਗਿਆ ਹੈ, ਉਹ ਹੈ- ਅਧਿਕਾਰਾਂ ਅਤੇ ਸੁਰੱਖਿਆ ਸਬੰਧੀ ਉਪਲਬਧ ਸਹੂਲਤਾਂ ਅਤੇ ਨਿਆਂ ਪ੍ਰਣਾਲੀ ਦੀ ਕੁਝ ਕੁ ਔਰਤਾਂ ਵਲੋਂ ਦੁਰਵਰਤੋਂ। ਔਰਤ ਦੀ ਸੁਰੱਖਿਆ ਵਾਸਤੇ ਦਾਜ ਵਿਰੁੱਧ ਕਾਨੂੰਨ, ਘਰੇਲੂ ਹਿੰਸਾ, ਜੁਰਮ ਅਤੇ ਜਿਨਸੀ ਸ਼ੋਸ਼ਣ ਵਿਰੁਧ ਕਾਨੂੰਨ ਹਨ। ਇਸ ਤੋਂ ਇਲਾਵਾ ਔਰਤਾਂ ਨੂੰ ਜਣੇਪਾ ਛੁੱਟੀ ਦੀ ਸਹੂਲਤ ਵੀ ਹੈ ਪਰ ਪਿਛਲੇ ਕੁਝ ਸਮੇਂ ਤੋਂ ਸਮਾਜਿਕ ਵਰਤਾਰੇ ਵਿਚ ਕੁਝ ਅਜਿਹੀਆਂ ਤਬਦੀਲੀਆਂ ਸਾਹਮਣੇ ਆ ਰਹੀਆਂ ਹਨ ਜਿਥੇ ਔਰਤਾਂ ਦੁਆਰਾ ਮਰਦਾਂ ਨੂੰ ਤੰਗ ਪ੍ਰੇਸ਼ਾਨ ਕਰਨ ਦੇ ਕੇਸ ਦਰਜ ਹੋਏ ਹਨ।

ਇਹ ਵਰਤਾਰਾ ਨੌਜਵਾਨ ਪੀੜ੍ਹੀ ਵਿਚ ਵਧੇਰੇ ਹੈ। ਜ਼ਿੰਦਗੀ ਵਿਚੋਂ ਸਹਿਜ ਘਟ ਰਿਹਾ ਹੈ। 'ਰਾਤੋ ਰਾਤ ਸਭ ਕੁਝ ਮਿਲ ਜਾਵੇ' ਦੀ ਅੰਨ੍ਹੀ ਹੋੜ ਵਿਚ ਨੌਜਵਾਨ ਜੋੜੇ ਆਪਣੇ ਹੱਕ ਅਤੇ ਫ਼ਰਜ਼ਾਂ ਵਿਚ ਅੰਤਰ ਕਰਨਾ ਭੁੱਲ ਜਾਂਦੇ ਹਨ। ਕਈ ਵਾਰ ਜ਼ਮੀਨ ਜਾਇਦਾਦ ਪ੍ਰਾਪਤ ਕਰਨ ਦੇ ਲਾਲਚ ਵਿਚ ਕੁੜੀਆਂ ਵੱਲੋਂ ਮੁੰਡਿਆਂ ਦੇ ਪਰਿਵਾਰ ਉੱਪਰ ਦਾਜ ਦਹੇਜ ਦੀ ਮੰਗ ਕਰਨ ਦਾ ਦੋਸ਼ ਲਗਾਉਣਾ, ਘਰੇਲੂ ਹਿੰਸਾ ਦਾ ਬਹਾਨਾ ਲਗਾਉਣਾ ਆਦਿ ਦੀਆਂ ਸ਼ਿਕਾਇਤਾਂ ਵਧ ਰਹੀਆਂ ਹਨ। ਇਸ ਤੋਂ ਇਲਾਵਾ ਕਈ ਹੋਰ ਦੋਸ਼ ਵੀ ਲਗਾਏ ਜਾਂਦੇ ਹਨ, ਜਿਵੇਂ ਧਾਰਮਿਕ ਸਥਾਨਾਂ 'ਤੇ ਜਾਣ ਦੀ ਮਨਾਹੀ, ਨਿੱਜੀ ਖਰਚਿਆਂ ਉੱਪਰ ਰੋਕ ਟੋਕ ਕਰਨੀ, ਸਕੇ ਸਬੰਧੀਆਂ ਜਾਂ ਸਹੇਲੀਆਂ ਨੂੰ ਮਿਲਣ ਦੀ ਮਨਾਹੀ ਆਦਿ। ਇਹ ਦੋਸ਼ ਇਸ ਪ੍ਰਕਾਰ ਦੇ ਹਨ ਜਿਸ ਵਾਸਤੇ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਲਈ ਕਿਸੇ ਗਵਾਹ ਜਾਂ ਸਬੂਤ ਦੀ ਜ਼ਰੂਰਤ ਨਹੀਂ। ਪੀੜਤ ਵੱਲੋਂ ਸ਼ਿਕਾਇਤ ਕਰਨ 'ਤੇ ਦੋਸ਼ੀ ਵਿਰੁੱਧ ਤੁਰੰਤ ਕਾਨੂੰਨੀ ਕਾਰਵਾਈ ਪਾ ਦਿਤੀ ਜਾਂਦੀ ਹੈ। ਨਤੀਜੇ ਵਜੋਂ ਘਰ ਵਿਚ ਕਲੇਸ਼, ਲੜਾਈ-ਝਗੜੇ, ਘਰ ਪਰਿਵਾਰ ਟੁੱਟਣਾ, ਤਲਾਕ, ਬਜ਼ੁਰਗਾਂ, ਖਾਸਕਰ ਲੜਕੇ ਦੇ ਮਾਪਿਆਂ ਦੀ ਖੱਜਲ-ਖੁਆਰੀ ਜਿਨ੍ਹਾਂ ਨੂੰ ਕਈ ਕੇਸਾਂ ਵਿਚ ਕੈਦ ਵੀ ਭੁਗਤਣੀ ਪੈਂਦੀ ਹੈ। ਇਸ ਸਾਰੇ ਵਰਤਾਰੇ ਦਾ ਖਮਿਆਜ਼ਾ ਪਰਿਵਾਰ ਦੇ ਬਜ਼ੁਰਗਾਂ ਅਤੇ ਖ਼ਾਸਕਰ ਬੱਚਿਆਂ ਨੂੰ ਭੁਗਤਣਾ ਪੈਂਦਾ ਹੈ।

ਸਮਾਜ ਵਿਚ ਮਰਦ ਔਰਤ ਬਰਾਬਰੀ ਦਾ ਅਰਥ ਜੀਵਨ ਨਾਲ ਸਬੰਧਤ ਹਰ ਪ੍ਰਕਾਰ ਦੀਆਂ ਪ੍ਰਾਪਤੀਆਂ ਦੀ ਬਰਾਬਰ ਵੰਡ ਤੋਂ ਹੁੰਦਾ ਹੈ। ਜਿਵੇਂ ਸੰਵਿਧਾਨਕ ਤੌਰ 'ਤੇ ਸਾਰੇ ਨਾਗਰਿਕ ਬਿਨਾਂ ਕਿਸੇ ਰੰਗ, ਨਸਲ, ਜਾਤ, ਭੇਦ-ਭਾਵ, ਲਿੰਗ ਆਦਿ ਦੇ ਬਰਾਬਰ ਹਨ, ਇਵੇਂ ਸਮਾਜ ਵਿਚ ਮਰਦ ਤੇ ਔਰਤ ਦਾ ਦਰਜਾ ਬਰਾਬਰ ਹੈ। ਗ੍ਰਹਿਸਥੀ ਜੀਵਨ ਦੀ ਗੱਡੀ ਵੀ ਦੋ ਬਰਾਬਰ ਦੇ ਪਹੀਆਂ ਨਾਲ ਹੀ ਠੀਕ ਚਲਦੀ ਹੈ। ਇਸ ਵਾਸਤੇ ਜ਼ਰੂਰੀ ਹੈ ਕਿ ਜੇਕਰ ਦੋਵੇਂ ਜੀਅ ਰੁਜ਼ਗਾਰ ਵਿਚ ਹਨ ਤਾਂ ਘਰ ਅਤੇ ਬਾਹਰ ਦੇ ਕੰਮ ਕਾਰ ਆਪਸੀ ਸਹਿਯੋਗ ਨਾਲ ਵੰਡ ਕੇ ਕਰ ਸਕਦੇ ਹਨ। ਉਹ ਆਪਣੀ ਕਮਾਈ ਵੀ ਮਿਲ ਜੁਲ ਕੇ ਸਾਂਝੇ ਤੌਰ ਤੇ ਖਰਚ ਕਰਨ। ਪਰ ਹੁਣ ਸਥਿਤੀ 'ਮਿਲ ਜੁਲ ਕੇ' ਤੋਂ ਹਟ ਕੇ 'ਮੇਰੀ ਅਤੇ ਤੇਰੀ' ਉਤੇ ਆਣ ਪਹੁੰਚੀ ਹੈ। ਪੱਛਮੀ ਦੇਸ਼ਾਂ ਵਿਚ ਤਾਂ ਕਈ ਲੜਕੀਆਂ ਪੁਲੀਸ ਬੁਲਾ ਲੈਣ ਦੀ ਧਮਕੀ ਦੇ ਕੇ ਜ਼ਿਆਦਤੀਆਂ ਵੀ ਕਰਦੀਆਂ ਹਨ।

ਸੋ ਆਜ਼ਾਦੀ ਜਾਂ ਬਰਾਬਰੀ ਦਾ ਇਹ ਅਰਥ ਨਹੀਂ ਕਿ ਔਰਤ ਨੇ ਮਰਦ ਨਾਲ ਨਾਕਾਰਾਤਮਕ ਮੁਕਾਬਲੇ ਦੀ ਦੌੜ ਵਿਚ ਪੈਣਾ ਹੈ। ਸਮਾਜਿਕ ਵਾਤਾਵਰਨ ਅਜੇ ਇੰਨਾ ਵੀ ਸੁਖਾਵਾਂ ਨਹੀਂ ਹੋਇਆ ਕਿ ਲੜਕੀ ਹਨੇਰੇ ਸਵੇਰੇ ਬਾਹਰ ਦੇਰ ਰਾਤ ਤੱਕ ਕੰਮ ਕਰਦੀ ਰਹੇ। ਮਰਦਾਂ ਵਾਂਗ ਸ਼ਰਾਬ ਆਦਿ ਦਾ ਖੁਲ੍ਹੇਆਮ ਸੇਵਨ ਕਰਨਾ ਬਰਾਬਰੀ ਨਹੀਂ। ਘਰ ਦੇ ਕੰਮ, ਬੱਚਿਆਂ ਦੀ ਸਾਂਭ ਸੰਭਾਲ, ਪੜ੍ਹਾਈ ਲਿਖਾਈ ਆਦਿ ਨੂੰ ਆਪਸੀ ਸਹਿਯੋਗ ਨਾਲ ਵੰਡ ਕੇ ਕਰਨਾ ਹੀ ਬਰਾਬਰੀ ਹੈ। ਇਸ ਸਭ ਕੁਝ ਵਾਸਤੇ ਦੋਵਾਂ ਲਈ ਸੁਹਿਰਦਤਾ, ਸਿਆਣਪ ਅਤੇ ਪਰਪਕਤਾ ਵਾਲੀ ਸੋਚ ਦਾ ਹੋਣਾ ਜ਼ਰੂਰੀ ਹੈ। ਇਸ ਕਾਰਜ ਵਾਸਤੇ ਜਾਗਰੂਕ ਜਥੇਬੰਦੀਆਂ ਦੀ ਜ਼ਿੰਮੇਵਾਰੀ ਵਧੇਰੇ ਬਣਦੀ ਹੈ ਕਿ ਉਹ ਮਰਦ ਔਰਤਾਂ ਦੀਆਂ ਇਕੱਠੀਆਂ ਮੀਟਿੰਗਾਂ, ਸਭਾਵਾਂ ਆਦਿ ਕਰਨ। ਸਾਂਝੇ ਮਸਲਿਆਂ ਬਾਰੇ ਵਿਚਾਰ ਚਰਚਾ ਕੀਤੀ ਜਾਵੇ। ਇਕ ਦੂਜੇ ਦੇ ਫ਼ਰਜ਼ਾਂ ਅਤੇ ਅਧਿਕਾਰਾਂ ਦੀ ਜਾਣ ਪਛਾਣ ਕਰਵਾਈ ਜਾਵੇ, ਕਿਉਂਕਿ ਬਿਨਾਂ ਫਰਜ਼ ਪਛਾਣੇ ਕੇਵਲ ਅਧਿਕਾਰਾਂ ਬਾਰੇ ਗੱਲ ਕਰਨੀ ਜਮਹੂਰੀ ਕਦਰਾਂ ਕੀਮਤਾਂ ਦੇ ਖਿਲਾਫ ਹੈ। ਇਸ ਨਾਲ ਅਰਾਜਕਤਾ ਵਧਦੀ ਹੈ। ਨਾਰੀ ਸੰਗਠਨਾਂ ਅਤੇ ਜਥੇਬੰਦੀਆਂ ਨੂੰ ਇਸ ਪਹਿਲੂ ਉਪਰ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ। ਕਿਸਾਨ ਅੰਦੋਲਨ ਦੀ ਸਫਲਤਾ ਦਾ ਰਾਜ਼ ਇਹੀ ਰਿਹਾ ਹੈ ਕਿ ਉਸ ਵਿਚ ਮਰਦ-ਔਰਤਾਂ ਦੀ ਸਾਂਝੀ ਸ਼ਮੂਲੀਅਤ ਸੀ। ਉਨ੍ਹਾਂ ਆਪਣੇ ਹੱਕਾਂ ਤੇ ਅਧਿਕਾਰਾਂ ਪ੍ਰਤੀ ਸੁਚੇਤ ਹੁੰਦੇ ਹੀ ਇਤਨਾ ਵਿਸ਼ਾਲ ਕਾਰਜ ਸੰਪੰਨ ਕੀਤਾ। ਇਕ ਦੂਜੇ ਦੇ ਸਵੈ ਦਾ ਆਦਰ ਮਾਣ ਕਰਨਾ ਹੀ ਬਰਾਬਰੀ ਹੈ।

ਇਹ ਪ੍ਰਕਿਰਿਆ ਘਰ ਤੋਂ ਹੀ ਸ਼ੁਰੂ ਕਰਨੀ ਹੋਵੇਗੀ। ਘਰ ਵਿਚ ਮਰਦਾਂ, ਮੁੰਡਿਆਂ ਨੂੰ ਹਰੇਕ ਔਰਤ, ਲੜਕੀ ਦੀ ਇੱਜ਼ਤ ਕਰਨੀ ਸਿਖਾਓ ਤੇ ਲੜਕੀਆਂ ਨੂੰ ਵੀ ਸਮਝਾਓ ਕਿ ਉਸਦੇ ਪੇਕੇ ਅਤੇ ਸਹੁਰੇ ਪਰਿਵਾਰ ਪ੍ਰਤੀ ਕੀ ਫਰਜ਼ ਹਨ। ਜਵਾਨੀ ਤੋਂ ਬੁਢਾਪੇ ਤੱਕ ਇਹੀ ਪਰਿਵਾਰ ਆਪਣਾ ਹੈ। ਪਰਿਵਾਰਾਂ ਦੇ ਮਸਲੇ ਮੇਰੇ ਤੇਰੇ ਨਹੀਂ, ਸਾਡੇ ਅਤੇ ਸਾਂਝੇ ਹੁੰਦੇ ਹਨ। ਇਕ ਧਿਰ ਨੂੰ ਦੋਸ਼ੀ ਤੇ ਦੂਜੀ ਨੂੰ ਹਮੇਸ਼ਾ ਪੀੜਤ ਕਹਿਣਾ ਸਮੱਸਿਆ ਦਾ ਹੱਲ ਨਹੀਂ। ਟੁੱਟ ਰਹੇ ਪਰਿਵਾਰਾਂ ਨੂੰ ਜੋੜਨ ਵਾਸਤੇ ਸਲਾਹ ਮਸ਼ਵਰਾ/ਕਾਉਂਸਲਿੰਗ ਦੀ ਵੀ ਅਹਿਮੀਅਤ ਹੈ।

ਸਖ਼ਤ ਘਾਲਣਾ ਘਾਲ ਕੇ ਅਤੇ ਅਣਥੱਕ ਮਿਹਨਤ ਨਾਲ ਪ੍ਰਾਪਤ ਕੀਤੇ ਅਧਿਕਾਰਾਂ ਅਤੇ ਕਾਨੂੰਨੀ ਵਿਵਸਥਾ ਦੀ ਦੁਰਵਰਤੋਂ ਕਰਨ ਤੋਂ ਸਾਨੂੰ ਸਭ ਨੂੰ ਗੁਰੇਜ਼ ਕਰਨਾ ਚਾਹੀਦਾ ਹੈ। ਨਾਬਰਾਬਰੀ ਲਈ ਕੇਵਲ ਮਰਦ ਨੂੰ ਦੋਸ਼ੀ ਕਰਾਰ ਦੇਣਾ ਵੀ ਸਹੀ ਨਹੀਂ। ਸਦੀਆਂ ਤੋਂ ਚਲਦੇ ਸਮਾਜਿਕ ਸਭਿਆਚਾਰ, ਨਾਕਾਰਾਤਮਕ ਕਦਰਾਂ ਕੀਮਤਾਂ ਨੂੰ ਬਦਲਣ ਵਿਚ ਸਮਾਂ ਲਗਦਾ ਹੈ। ਆਪਸੀ ਸਮਝ ਵਿਚਕਾਰ ਜੋ ਫਾਸਲਾ ਜਾਂ ਪਾੜਾ ਹੈ ਉਸ ਨੂੰ ਦੂਸ਼ਣਬਾਜ਼ੀ ਨਾਲੋਂ ਗਲਬਾਤ ਨਾਲ ਪੂਰਨਾ ਚਾਹੀਦਾ ਹੈ। ਨਾਰੀਵਾਦ ਸੋਚ ਨੂੰ ਇਕਪਾਸੜ ਹੋਣ ਤੋਂ ਬਚਾਉਣਾ ਪਵੇਗਾ। ਜਮਹੂਰੀਅਤ ਪਸੰਦ ਜਥੇਬੰਦੀਆਂ ਅਤੇ ਨਾਰੀ ਅੰਦੋਲਨ ਵਿਚ ਹਾਂਦਰੂ ਤਾਲਮੇਲ ਨਾਲ ਹੀ ਗਲਤ ਪਾਸੇ ਜਾਂਦੀ ਲਹਿਰ ਨੂੰ ਸੇਧ ਦਿੱਤੀ ਜਾ ਸਕਦੀ ਹੈ, ਜਿਸ ਵਿਚ ਮਰਦ ਅਤੇ ਔਰਤਾਂ ਦੀ ਸਾਂਝੀ ਸ਼ਮੂਲੀਅਤ ਅਤਿ ਜ਼ਰੂਰੀ ਹੈ।

# ਕਾਂਗਰਸ ਲਈ ਚੁਣੌਤੀਆਂ

ਰਾਹੁਲ ਗਾਂਧੀ ਨੂੰ ਪਿਛਲੇ ਮਹੀਨੇ ਮੋਦੀ ਉਪਨਾਮ ਬਾਰੇ ਕੀਤੀ ਟਿੱਪਣੀ ਬਦਲੇ ਸੂਰਤ ਦੀ ਅਦਾਲਤ ਵਲੋਂ ਮਾਣਹਾਨੀ ਦੇ ਕੇਸ ਵਿਚ ਸਜ਼ਾ ਸੁਣਾਉਣ ਤੋਂ ਬਾਅਦ ਲੋਕ ਸਭਾ ਦੀ ਮੈਂਬਰੀ ਤੋਂ ਅਯੋਗ ਕਰਾਰ ਦੇ ਦਿੱਤਾ ਗਿਆ ਹੈ। 2019 ਵਿਚ ਉਨ੍ਹਾਂ ਇਹ ਟਿੱਪਣੀ ਕਰੀਬ ਇਕ ਹਜ਼ਾਰ ਕਿਲੋਮੀਟਰ ਦੂਰ ਕਰਨਾਟਕ ਵਿਚ ਕੀਤੀ ਸੀ। ਬਹੁਤ ਤੇਜ਼ੀ ਨਾਲ ਵਾਪਰਿਆ ਇਹ ਘਟਨਾਕ੍ਰਮ 2024 ਦੀਆਂ ਲੋਕ ਸਭਾ ਚੋਣਾਂ ਲਈ ਤਿਆਰੀ ਦਾ ਸਬੱਬ ਬਣ ਗਿਆ ਹੈ।

ਅਚਾਨਕ ਹੀ ਵਿਰੋਧੀ ਧਿਰ ਦੀਆਂ ਸਾਰੀਆਂ ਹੀ ਗ਼ੈਰ ਭਾਜਪਾ/ਐਨ.ਡੀ.ਏ. ਪਾਰਟੀਆਂ ਰਾਹੁਲ

ਰਸ਼ੀਦ ਕਿਦਵਈ

ਗਾਂਧੀ ਦੀ ਪਿੱਠ 'ਤੇ ਆ ਗਈਆਂ ਹਨ। ਦਿੱਲੀ, ਪੱਛਮੀ ਬੰਗਾਲ, ਕੇਰਲ ਅਤੇ ਤਿਲੰਗਾਨਾ ਦੇ ਮੁੱਖ ਮੰਤਰੀ ਕ੍ਰਮਵਾਰ ਅਰਵਿੰਦ ਕੇਜਰੀਵਾਲ, ਮਮਤਾ ਬੈਨਰਜੀ, ਪਿਨਾਰਾਈ ਵਿਜਯਨ ਅਤੇ ਕੇਸੀ ਚੰਦਰਸ਼ੇਖਰ ਰਾਓ ਜੋ ਅਕਸਰ ਰਾਹੁਲ ਤੇ ਉਨ੍ਹਾਂ ਦੀ ਪਾਰਟੀ ਖਿਲਾਫ ਹਮਲਾਵਰ ਰੁਖ਼ ਅਪਣਾ ਕੇ ਰੱਖਦੇ ਹਨ, ਨੇ ਮਿਲ ਕੇ ਭਾਜਪਾ 'ਤੇ ਹੱਲਾ ਬੋਲਦੇ ਹੋਏ ਰਾਹੁਲ ਨੂੰ ਅਯੋਗ ਠਹਿਰਾਉਣ ਦੇ ਮਾਮਲੇ ਨੂੰ ਲੋਕਤੰਤਰ ਦੀ ਹੱਤਿਆ ਅਤੇ ਭਾਜਪਾ ਦੀ ਬਦਲੇਖੋਰ ਸਿਆਸਤ ਨੂੰ ਤਾਨਾਸ਼ਾਹੀ ਕਰਾਰ ਦਿੱਤਾ।

ਇਹੀ ਨਹੀਂ, ਅਖਿਲੇਸ਼ ਯਾਦਵ, ਜੈਯੰਤ ਚੌਧਰੀ, ਹੇਮੰਤ ਸੋਰੇਨ, ਉਧਵ ਠਾਕਰੇ ਅਤੇ ਸ਼ਰਦ ਪਵਾਰ ਜਿਹੇ ਕੋਈ ਹੋਰਨਾਂ ਪ੍ਰਮੁੱਖ ਆਗੂਆਂ ਨੇ ਵੀ ਇਸ ਘਟਨਾਕ੍ਰਮ ਨੂੰ ਭਾਰਤੀ ਲੋਕਤੰਤਰ 'ਤੇ ਭਾਜਪਾ ਦਾ ਨਿਰੰਕੁਸ਼ ਹਮਲਾ ਕਰਾਰ ਦਿੱਤਾ ਹੈ।

ਇਹ ਸਾਰੀਆਂ ਟਿੱਪਣੀਆਂ ਭਾਵੇਂ ਰਾਹੁਲ ਦੇ ਕੰਨਾਂ ਨੂੰ ਸੁਹਾਉਂਦੀਆਂ ਹੋਣ ਪਰ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ (ਕਾਂਗਰਸ) ਲਈ ਭਵਿੱਖ ਦਾ ਖਾਕਾ ਅਜੇ ਵੀ ਬਹੁਤ ਤਿਲਕਵਾਂ ਬਣਿਆ ਹੋਇਆ ਹੈ। ਵਿਰੋਧੀ ਧਿਰ ਦੀ ਇਕਜੁੱਟਤਾ ਦੇ ਰਾਹ ਵਿਚ ਸਭ ਤੋਂ ਪਹਿਲਾ ਅੜਿੱਕਾ ਖ਼ੁਦ ਰਾਹੁਲ ਗਾਂਧੀ ਵਲੋਂ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਬਾਰੇ ਦੁਚਿੱਤੀ ਹੀ ਹੈ। ਗਾਂਧੀ ਪਰਿਵਾਰ ਦਾ ਇਹ ਵਾਰਸ 2004 ਵਿਚ ਸਿਆਸਤ ਦੇ ਮੈਦਾਨ ਵਿਚ ਆਇਆ ਸੀ ਪਰ ਹਾਲੇ ਤੱਕ ਉਨ੍ਹਾਂ ਮਮਤਾ, ਕੇਜਰੀਵਾਲ ਅਤੇ ਨਿਤੀਸ਼ ਕੁਮਾਰ ਜਿਹੇ ਆਗੂਆਂ ਨਾਲ ਨਿੱਘੇ ਸਬੰਧ ਬਣਾਉਣ ਵਿਚ ਬਹੁਤੀ ਰੁਚੀ ਨਹੀਂ ਦਿਖਾਈ ਜਦਕਿ ਤਾਮਿਲ ਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਇਸ ਮਾਮਲੇ ਵਿਚ ਅਪਵਾਦ ਕਹੇ ਜਾ ਸਕਦੇ ਹਨ। ਰਾਹੁਲ ਗਾਂਧੀ ਨੇ ਕਈ ਮੌਕਿਆਂ 'ਤੇ ਉਧਵ ਠਾਕਰੇ ਦੀ ਪਾਰਟੀ ਦੀ ਆਲੋਚਨਾ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ ਸੀ ਹਾਲਾਂਕਿ ਉਦੋਂ ਕਾਂਗਰਸ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਦੀ ਅਗਵਾਈ ਵਾਲੀ ਸੱਤਾਧਾਰੀ ਕੁਲੀਸ਼ਨ ਦਾ ਹਿੱਸਾ ਸੀ।

1975-77 ਦੇ ਐਮਰਜੈਂਸੀ ਵਿਰੋਧੀ ਅੰਦੋਲਨ, 1987-89 ਦੇ ਬੋਫੋਰਸ ਘੁਟਾਲੇ ਜਾਂ 2011-13 ਦੇ ਭ੍ਰਿਸ਼ਟਾਚਾਰ ਵਿਰੋਧੀ ਦਿੱਲੀ ਅੰਦੋਲਨ ਤੋਂ ਉਲਟ, ਇਸ ਸਮੇਂ ਵਿਰੋਧੀ ਧਿਰ ਕੋਲ ਜੈਪ੍ਰਕਾਸ਼ ਨਰਾਇਣ, ਵੀ.ਪੀ. ਸਿੰਘ ਜਾਂ ਅੰਨਾ ਹਜ਼ਾਰੇ ਜਿਹਾ ਕੋਈ ਚਿਹਰਾ ਨਹੀਂ ਹੈ। ਕਾਂਗਰਸ ਇਹ ਗੱਲ ਵੀ ਯਾਦ ਕਰ ਸਕਦੀ ਹੈ ਕਿ ਕਿਵੇਂ ਜੇ.ਪੀ., ਵੀ.ਪੀ. ਜਾਂ ਅੰਨਾ ਅਣਗਿਣਤ ਵਿਦਿਆਰਥੀ ਜਥੇਬੰਦੀਆਂ, ਵਕੀਲਾਂ, ਮੀਡੀਆ ਕਰਮੀਆਂ, ਟਰੇਡ ਯੂਨੀਅਨਾਂ ਅਤੇ ਹੋਰਨਾਂ ਨੂੰ ਆਪਣੇ ਅੰਦੋਲਨ ਵਿਚ ਸ਼ਾਮਲ ਕਰਾਉਣ ਵਿਚ ਕਾਮਯਾਬ ਹੋਏ ਸਨ। ਜਮਹੂਰੀ ਕਦਰਾਂ ਕੀਮਤਾਂ ਵਿਚਲੀਆਂ ਇਨ੍ਹਾਂ ਅਹਿਮ ਖ਼ਿਆਲ ਧਿਰਾਂ ਨਾਲ ਸਿਆਸੀ ਪਾਰਟੀਆਂ ਅਤੇ ਆਗੂਆਂ ਨੂੰ ਸੱਤਾ 'ਤੇ ਕਾਬਜ਼ ਲੋਕਾਂ ਨੂੰ ਲਾਂਭੇ ਕਰਨ ਵਿਚ ਬਹੁਤ ਜ਼ਿਆਦਾ ਮਦਦ ਮਿਲੀ ਸੀ।

ਇਸ ਵੇਲੇ ਕਾਂਗਰਸ ਦਾ ਜਥੇਬੰਦਕ ਢਾਂਚਾ ਠੱਪ ਹੋਇਆ ਪਿਆ ਹੈ ਜੋ ਰਾਹੁਲ ਗਾਂਧੀ ਦੇ ਹੱਕ ਵਿਚ ਕੋਈ ਅਸਰਦਾਰ ਜਨਤਕ ਮੁਹਿੰਮ ਵਿੱਢਣ ਤੋਂ ਅਸਮਰੱਥ ਹੈ। ਪਾਰਟੀ ਦੇ ਆਗੂਆਂ ਤੇ ਕਾਰਕੁਨਾਂ ਦਾ ਮਨੋਬਲ 1977 ਵਰਗਾ ਨਹੀਂ ਰਹਿ ਗਿਆ ਜਦੋਂ ਕਾਂਗਰਸ ਨੂੰ ਪਹਿਲੀ ਵਾਰ ਸੱਤਾ 'ਚੋਂ ਬੇਦਖ਼ਲ ਹੋਣਾ ਪਿਆ ਸੀ। 1977 ਦੀਆਂ ਆਮ ਚੋਣਾਂ ਵੇਲੇ ਰਾਹੁਲ ਦੇ ਚਾਚਾ ਸੰਜੇ ਗਾਂਧੀ ਨੇ ਇਹ ਯਕੀਨੀ ਬਣਾਇਆ ਸੀ ਕਿ ਯੂਥ ਕਾਂਗਰਸ ਦੇ ਆਗੂਆਂ ਨੂੰ ਲੋਕ ਸਭਾ ਦੀਆਂ ਘੱਟੋ-ਘੱਟ 100 ਟਿਕਟਾਂ ਜ਼ਰੂਰ ਦਿੱਤੀਆਂ ਜਾਣ। ਸਿੱਟੇ ਵਜੋਂ ਸੰਜੇ ਗਾਂਧੀ ਨਾਲ ਤੁਰੇ ਯੂਥ ਕਾਂਗਰਸ ਆਗੂਆਂ ਨੇ ਪਾਰਟੀ ਲੀਡਰਸ਼ਿਪ ਨਾਲ ਡਟਵੀਂ ਵਫ਼ਾਦਾਰੀ ਨਿਭਾਈ।

ਜਦੋਂ 1977 ਦੀਆਂ ਲੋਕ ਸਭਾ ਚੋਣਾਂ ਦੀਆਂ ਵੋਟਾਂ ਦੀ ਗਿਣਤੀ ਦਿੱਲੀ ਦੇ ਤੀਸ ਹਜ਼ਾਰੀ ਕੋਰਟ ਵਿਚ ਚੱਲ ਰਹੀ ਸੀ ਤਾਂ ਖ਼ੁਸ਼ੀ ਨਾਲ ਖੀਵੇ ਹੋਏ ਜਨਤਾ ਪਾਰਟੀ ਅਤੇ ਜਨ ਸੰਘ ਦੇ ਕਾਰਕੁਨਾਂ ਨੇ ਕਾਂਗਰਸੀਆਂ ਨੂੰ ਠਿੱਠ ਕਰਨ ਲਈ ਨਾਅਰਾ ਘੜਿਆ ਸੀ 'ਕਾਂਗਰਸੀ ਦਿਖਾਓ, ਸੌ ਰੁਪਏ ਪਾਓ'। ਦਿੱਲੀ ਦੀਆਂ ਸਾਰੀਆਂ ਸੀਟਾਂ 'ਤੇ ਕਾਂਗਰਸ ਦੇ ਉਮੀਦਵਾਰ ਪਿੱਛੇ ਚੱਲ ਰਹੇ ਸਨ ਤਾਂ ਕੁਝ ਬਜ਼ੁਰਗ ਪਾਰਟੀ ਆਗੂਆਂ ਨੂੰ ਖਾਸੀ ਨਮੋਸ਼ੀ ਝੱਲਣੀ ਪੈ ਰਹੀ ਸੀ ਪਰ ਯੂਥ ਕਾਂਗਰਸ ਦੇ ਆਗੂਆਂ ਨੇ ਇਸ ਦਾ ਜਵਾਬ ਦੇਣ ਦੀ ਠਾਣ ਲਈ ਤੇ ਉਨ੍ਹਾਂ ਨਾਅਰਾ ਲਾਇਆ ਸੀ 'ਹਾਂ ਹਮ ਹੈਂ ਕਾਂਗਰਸੀ, ਲਾਓ ਸੌ ਰੁਪਈਆ'।

ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰੀ ਰੱਦ ਕਰਨ ਤੋਂ ਬਾਅਦ ਦੇਸ਼ ਦੇ ਵੱਖ-ਵੱਖ ਖੇਤਰਾਂ ਵਿਚ ਕਾਂਗਰਸ ਵਲੋਂ ਕੀਤੇ ਗਏ ਰੋਸ ਮੁਜ਼ਾਹਰਿਆਂ ਵਿਚ ਕੋਈ ਜਾਨ ਨਜ਼ਰ ਨਹੀਂ ਆ ਰਹੀ ਸੀ ਤੇ ਖੇਤਰੀ ਮੀਡੀਆ ਨੇ ਵੀ ਇਨ੍ਹਾਂ ਵੱਲ ਬਹੁਤੀ ਤਵੱਜੋ ਨਾ ਦਿੱਤੀ। ਮੀਡੀਆ ਕਰਮੀਆਂ ਖਿਲਾਫ਼ ਰਾਹੁਲ ਗਾਂਧੀ ਵਲੋਂ ਭੜਾਸ ਕੱਢਣ ਨਾਲ ਪਾਰਟੀ ਨੂੰ ਬਹੁਤਾ ਫਾਇਦਾ ਨਹੀਂ ਹੋਵੇਗਾ। ਉਨ੍ਹਾਂ ਦੀ ਵਿਉਂਤਬੰਦੀ ਮੁਤਾਬਕ ਕੇਂਦਰਬਿੰਦੂ ਅਡਾਨੀ ਅਤੇ ਪ੍ਰਧਾਨ ਮੰਤਰੀ ਮੋਦੀ ਦਾ ਰਿਸ਼ਤਾ ਹੈ ਨਾ ਕਿ ਉਨ੍ਹਾਂ ਦਾ ਮਾਣਹਾਨੀ ਦਾ ਕੇਸ।

ਰਾਹੁਲ ਗਾਂਧੀ ਨੂੰ ਬੋਫੋਰਸ ਵਿਵਾਦ ਦੇ ਦਿਨਾਂ 'ਤੇ ਪਿਛਲ ਝਾਤ ਮਾਰ ਕੇ ਇਹ ਦੇਖਣ ਦੀ ਲੋੜ ਹੈ ਕਿ ਉਦੋਂ ਰਾਜੀਵ ਗਾਂਧੀ ਸਰਕਾਰ ਖਿਲਾਫ਼ ਚੱਲ ਰਹੀ ਮੀਡੀਆ ਦੀ ਖੋਜਬੀਨ ਤੋਂ ਵਿਰੋਧੀ ਧਿਰ ਨੇ ਕਿਵੇਂ ਲਾਹਾ ਖੱਟਿਆ ਸੀ। ਵਿੱਤੀ ਘਪਲੇਬਾਜ਼ੀ ਅਤੇ ਕੌਮੀ ਸੁਰੱਖਿਆ 'ਤੇ ਸੌਦੇਬਾਜ਼ੀ ਬਾਰੇ ਉਨ੍ਹਾਂ ਵਲੋਂ ਲਾਏ ਦੋਸ਼ਾਂ ਦੀ ਭਰੋਸੇਯੋਗਤਾ ਉਦੋਂ ਬਹੁਤ ਜ਼ਿਆਦਾ ਹੋਣੀ ਸੀ ਜੇ ਮੀਡੀਆ ਰਿਪੋਰਟਾਂ ਨਾਲ ਉਨ੍ਹਾਂ ਦੀ ਪ੍ਰੋੜਤਾ ਹੁੰਦੀ। ਆਪਣੀ ਪੂਰੀ 'ਭਾਰਤ ਜੋੜੋ ਯਾਤਰਾ' ਦੌਰਾਨ ਰਾਹੁਲ ਨੇ ਮੇਧਾ ਪਟਕਰ ਵਰਗੇ ਨਾਗਰਿਕ ਸਮਾਜ ਦੇ ਗਰੁੱਪਾਂ ਅਤੇ ਕਾਰਕੁਨਾਂ 'ਤੇ ਹੀ ਬਹੁਤੀ ਟੇਕ ਰੱਖੀ ਜੋ ਆਮ ਤੌਰ 'ਤੇ ਆਪਣੇ 'ਮੱਧ ਤੋਂ ਖੱਬੇ ਪੱਖੀ ਝੁਕਾਅ' ਲਈ ਜਾਣੇ ਜਾਂਦੇ ਹਨ।

ਵੱਡਾ ਸਵਾਲ ਇਹ ਹੈ ਕਿ ਕੀ ਰਾਹੁਲ ਆਪਣੀ ਹੋਂਦ ਦਾ ਸਵਾਲ ਬਣੀ ਇਸ ਨਵੀਂ ਮੁਹਿੰਮ ਵਿਚ ਇਨ੍ਹਾਂ ਨਾਗਰਿਕ ਸਮਾਜ ਦੇ ਗਰੁਪਾਂ ਨੂੰ ਜੋੜਨ ਵਿਚ ਕਾਮਯਾਬ ਹੋ ਸਕਣਗੇ। ਵਿਦਿਆਰਥੀ ਯੂਨੀਅਨਾਂ, ਟਰੇਡ ਯੂਨੀਅਨਾਂ ਅਤੇ ਵਕੀਲਾਂ ਦੀਆਂ ਜਥੇਬੰਦੀਆਂ ਨੂੰ ਸ਼ਾਮਲ ਕਰਾਉਣ ਦਾ ਜ਼ਿੰਮਾ ਹੋਰ ਵੀ ਔਖਾ ਜਾਪਦਾ ਹੈ। ਇਹ ਵੀ ਸੁਣਨ ਵਿਚ ਆਇਆ ਹੈ ਕਿ ਛੋਟੀ ਉਮਰ ਦੇ ਨੌਜਵਾਨ ਵਰਗ ਵਿਚ ਰਾਹੁਲ ਦੀ ਲੋਕਪ੍ਰਿਅਤਾ ਬਹੁਤ ਘੱਟ ਹੈ। ਇਸੇ ਤਰ੍ਹਾਂ, ਵਕੀਲਾਂ ਦੀਆਂ ਜ਼ਿਆਦਾਤਰ ਜਥੇਬੰਦੀਆਂ ਦੀ ਕਾਂਗਰਸ ਨਾਲ ਵਿਚਾਰਧਾਰਕ ਨੇੜਤਾ ਨਾਂਮਾਤਰ ਹੀ ਰਹੀ ਹੈ।

1991 ਦੇ ਆਰਥਿਕ ਸੁਧਾਰਾਂ ਤੋਂ ਬਾਅਦ ਟਰੇਡ ਯੂਨੀਅਨਾਂ ਵੀ ਕਾਂਗਰਸ ਤੋਂ ਦੂਰ ਹੁੰਦੀਆਂ ਚਲੀਆਂ ਗਈਆਂ। ਇੱਥੋਂ ਤੱਕ ਕਿ ਇਸ ਦੇ ਆਪਣੇ ਟਰੇਡ ਯੂਨੀਅਨ ਵਿੰਗ ਭਾਵ ਇੰਡੀਅਨ ਨੈਸ਼ਨਲ ਟਰੇਡ ਯੂਨੀਅਨ ਕਾਂਗਰਸ (ਇੰਟਕ) ਦੀ ਸੁਰ ਵੀ ਅਕਸਰ ਪਾਰਟੀ ਨਾਲ ਮੇਲ ਨਹੀਂ ਖਾ ਰਹੀ ਹੁੰਦੀ। ਇੰਟਕ ਨੇ ਆਪਣੇ ਹਾਲੀਆ 33ਵੇਂ ਮਹਾਂਸੰਮੇਲਨ ਵਿਚ ਕਾਂਗਰਸ ਨੂੰ ਅਪੀਲ ਕੀਤੀ ਸੀ ਕਿ ਉਹ 1991 ਤੋਂ ਬਾਅਦ ਅਪਣਾਈਆਂ ਗਈਆਂ ਆਰਥਿਕ ਨੀਤੀਆਂ 'ਤੇ ਮੁੜ ਵਿਚਾਰ ਕਰ ਕੇ 'ਮਿਸ਼ਰਤ ਅਰਥਚਾਰੇ ਦੇ ਨਹਿਰੂਵਾਦੀ ਮਾਰਗ' ਨੂੰ ਮੁੜ ਅਪਣਾਏ।

ਸੰਖੇਪ ਸਾਰ ਇਹ ਹੈ ਕਿ ਨੈਤਿਕ ਤੌਰ 'ਤੇ ਰਾਹੁਲ ਆਪਣੇ ਸਟੈਂਡ ਨੂੰ ਭਾਵੇਂ ਕਿੰਨਾ ਮਰਜ਼ੀ ਉੱਚਾ ਦਰਸਾਉਣ ਦੀ ਕੋਸ਼ਿਸ਼ ਕਰਨ ਅਤੇ ਵਿਰੋਧੀ ਧਿਰ ਭਾਵੇਂ ਸਮੂਹਿਕ ਤੌਰ 'ਤੇ ਰਾਹੁਲ ਦੀ ਅਯੋਗਤਾ ਦੇ ਸਵਾਲ ਨੂੰ ਇਕ ਮੌਕੇ ਵਿਚ ਤਬਦੀਲ ਕਰਨਾ ਚਾਹਵੇ ਪਰ ਖੇਤਰੀ ਆਗੂਆਂ ਅਤੇ ਕਾਂਗਰਸ ਲਈ ਸਿਆਸੀ ਤੌਰ 'ਤੇ ਇਕਸੁਰ ਹੋ ਕੇ ਕੰਮ ਕਰਨਾ ਔਖਾ ਹੋ ਸਕਦਾ ਹੈ ਕਿਉਂਕਿ ਇਸ ਮੰਤਵ ਲਈ ਬੁਨਿਆਦੀ ਤੌਰ 'ਤੇ ਲੀਡਰਸ਼ਿਪ ਦੀ ਮਨੋਦਸ਼ਾ ਵਿਚ ਤਬਦੀਲੀ ਲਿਆਉਣਾ ਜ਼ਰੂਰੀ ਹੋਵੇਗਾ। ਜੇ ਮੁਹਿੰਮ ਦੌਰਾਨ ਕੋਈ ਸੇਧਗਾਰ ਮੌਜੂਦ ਨਹੀਂ ਰਹੇਗਾ ਤਾਂ ਮਾਅਰਕੇਬਾਜ਼ੀ, ਨਿੱਜੀ ਖਾਹਸ਼ਾਂ ਅਤੇ ਵਿਰੋਧੀ ਖੇਮੇ ਦੇ ਜੋੜ ਤੋੜ ਕੁਝ ਅਜਿਹੇ ਔਜ਼ਾਰ ਹਨ ਜਿਹੜੇ ਇਸ ਸਿਆਸੀ ਯਕਜਹਿਤੀ ਦੀਆਂ ਸੰਭਾਵਨਾਵਾਂ ਨੂੰ ਤਹਿਸ ਨਹਿਸ ਕਰਨ ਲਈ ਕਾਫ਼ੀ ਹੋਣਗੇ।

# ਗਦਰੀ ਬਾਬਿਆ ਦਾ 21ਵਾਂ ਮੇਲਾ ਫਰਿਜ਼ਨੋ ਵਿਚ ਸੰਪੰਨ

## ਪ੍ਰੋਫੈਸਰ ਜਗਮੋਹਣ ਸਿੰਘ ਮੁੱਖ ਬੁਲਾਰੇ ਵਜੋਂ ਹੋਏ ਸ਼ਾਮਲ

ਫਰਿਜ਼ਨੋ: ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ, ਫਰਿਜ਼ਨੋ ਪਿਛਲੇ 23 ਸਾਲਾ ਤੋਂ ਗਦਰੀ ਬਾਬਿਆਂ ਦੀ ਸੋਚ ਨੂੰ ਸਮਰਪਿਤ ਪ੍ਰੋਗਰਾਮ ਫਰਿਜ਼ਨੋ ਕਲੋਵਸ ਏਰੀਆ ਵਿਚ ਕਰਵਾਉਂਦਾ ਆਇਆ ਹੈ। ਫੋਰਮ ਵਲੋਂ ਉਲੀਕਿਆ 21ਵਾਂ ਮੇਲਾ 2 ਅਪਰੈਲ ਨੂੰ ਫਰਿਜ਼ਨੋ ਦੇ ਸੈਂਟਰਲ ਹਾਈ ਸਕੂਲ ਵਿਚ ਕਰਵਾਇਆ ਗਿਆ। ਇਨ੍ਹਾਂ ਮੇਲਿਆਂ ਦਾ ਮਕਸਦ ਜਿਥੇ ਗਦਰੀ ਬਾਬਿਆਂ ਅਤੇ ਹੋਰ



ਦੇਸ਼ ਭਗਤਾਂ ਦੀਆਂ ਲਾਸਾਨੀ ਕੁਰਬਾਨੀਆ ਤੋਂ ਲੋਕਾਂ ਅਤੇ ਸਾਡੀ ਨਵੀਂ ਪੀੜੀ ਨੂੰ ਜਾਣੂ ਕਰਵਾਉਣਾ ਹੈ ਉਥੇ ਹੀ ਸਾਡੇ ਬੱਚਿਆਂ ਅਤੇ ਨੌਜਵਾਨਾਂ ਨੂੰ ਦੇਸ਼ ਭਗਤਾਂ ਦੇ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਵਧੀਆ ਸ਼ਹਿਰੀ ਅਤੇ ਭਵਿੱਖ ਦੇ ਆਗੂ ਬਣਨ ਲਈ ਪ੍ਰੇਰਨਾ ਵੀ ਹੈ। ਇਸ ਉਦੇਸ਼ ਦੀ ਪ੍ਰਪਤੀ ਲਈ ਇਹ ਸਾਲਾਨਾ ਮੇਲੇ ਵੱਖ ਵੱਖ ਦੇਸ਼ ਭਗਤਾਂ ਜਾਂ ਲਹਿਰਾਂ ਨੂੰ ਸਮਰਪਿਤ ਹੁੰਦੇ ਹਨ ਜਿਨ੍ਹਾਂ ਵਿਚ ਵਿਦਵਾਨ ਆਪਣੇ ਵਿਚਾਰ ਪੇਸ਼ ਕਰਦੇ ਹਨ।

ਇਸ ਸਾਲ ਦਾ ਮੇਲਾ ਭਾਰਤ ਦੀ ਆਜ਼ਾਦੀ ਦੀ ਲੜਾਈ ਦੌਰਾਨ ਵਾਪਰੇ ਚੌਰੀ ਚੌਰਾ ਦੇ ਇਤਿਹਾਸਕ ਦੁਖਾਂਤ ਦੇ ਸ਼ਹੀਦਾਂ ਅਤੇ ਜੇਲ੍ਹਾਂ ਕੱਟਣ ਵਾਲੇ ਸੂਰਮਿਆਂ ਨੂੰ ਸਮਰਪਿਤ ਸੀ। ਇਸ ਘਟਨਾ ਦੀ ਜਾਣਕਾਰੀ ਨਾ ਹੋਣ ਕਾਰਨ ਲੋਕਾਂ ਵਿਚ ਇਸ ਬਾਰੇ ਸੁਣਨ ਅਤੇ ਜਾਨਣ ਲਈ ਕਾਫੀ ਉਤਸੁਕਤਾ ਸੀ। ਇਸ ਮੇਲੇ ਦੇ ਮੁੱਖ ਬੁਲਾਰੇ ਅਤੇ ਮਹਿਮਾਨ ਪੰਜਾਬ ਤੋਂ ਉਚੇਚੇ ਤੌਰ 'ਤੇ ਸ਼ਾਮਲ ਹੋਏ ਪ੍ਰੋਫੈਸਰ ਜਗਮੋਹਣ ਸਿੰਘ ਸਨ ਜੋ ਕਿ ਸ਼ਹੀਦੇ ਆਜ਼ਾਮ ਸਰਦਾਰ ਭਗਤ ਸਿੰਘ ਦੇ ਭਾਣਜੇ ਹਨ ਅਤੇ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਵਿਚਾਰਾਂ ਅਤੇ ਇਤਿਹਾਸਕ ਤੱਥਾਂ ਨੂੰ ਸਾਹਮਣੇ ਲਿਆਉਣ ਲਈ ਪਿਛਲੇ ਲੰਮੇ ਸਮੇਂ ਤੋਂ ਜੁਟੇ ਹੋਏ ਹਨ।

ਮੇਲੇ ਦੀ ਸ਼ੁਰੂਆਤ ਕਰਦਿਆਂ ਫੋਰਮ ਦੇ ਸਕੱਤਰ ਹਰਜਿੰਦਰ ਢੇਸੀ ਨੇ ਆਏ ਸਰੋਤਿਆਂ ਅਤੇ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਿਆ ਅਤੇ ਸੰਖੇਪ ਵਿਚ ਮੇਲੇ ਦੀ ਜਾਣਕਾਰੀ ਅਤੇ ਫੋਰਮ ਦਾ ਇਤਿਹਾਸ ਸਾਂਝਾ ਕੀਤਾ। ਪਿਛਲੇ ਲੰਘੇ ਹਫਤੇ ਸ਼ਹੀਦੇ ਆਜ਼ਮ ਰਾਜਗੁਰੂ, ਭਗਤ ਸਿੰਘ ਅਤੇ ਸੁਖਦੇਵ ਦੇ ਸ਼ਹੀਦੀ ਦਿਨ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੰਦਿਆਂ, ਪ੍ਰੋਫੈਸਰ ਜਗਮੋਹਣ ਹੁਰਾਂ ਤੋਂ ਭਗਤ ਸਿੰਘ ਬਾਰੇ ਵਿਚਾਰਾਂ ਸੁਣਨ ਦੀ ਇਛਾ ਜਤਾਈ। ਫੋਰਮ ਦੇ ਪ੍ਰਧਾਨ ਨਵਦੀਪ ਸਿੰਘ ਧਾਲੀਵਾਲ, ਸਰਪ੍ਰਸਤ ਜਸਵੰਤ ਸਿੰਘ ਮਾਨ ਅਤੇ ਕਰਮ ਸਿੰਘ ਮਾਨ ਹੁਣਾ ਦੀ ਪ੍ਰਧਾਨਗੀ ਹੇਠ ਸ਼ੁਰੂ ਹੋਏ ਮੇਲੇ ਵਿਚ ਆਸ਼ਾ ਸ਼ਰਮਾ ਨੇ ਗਾਇਕਾਂ, ਬੁਲਾਰਿਆ ਅਤੇ ਸੱਭਿਆਚਾਰਕ ਗਰੁਪਾਂ ਨੂੰ ਪੇਸ਼ ਕਰਦਿਆਂ ਆਪਣੇ ਜੋਸ਼ੀਲੇ ਸ਼ੇਅਰਾ ਅਤੇ ਕਵਿਤਾਵਾਂ ਨਾਲ ਪ੍ਰੋਗਰਾਮ ਨੂੰ ਚਾਰ ਚੰਨ ਲਾਏ। ਉਨ੍ਹਾਂ ਨੇ ਫੋਰਮ ਦੇ ਬਾਨੀ ਮੈਂਬਰ ਸ੍ਰ ਗੁਰਦੀਪ ਸਿੰਘ ਅਣਖੀ ਜੋ ਪਿਛਲੇ ਸਾਲ ਸਦੀਵੀ ਵਿਛੋੜਾ ਦੇ ਗਏ ਸਨ ਨੂੰ ਯਾਦ ਕਰਦਿਆ ਸ਼ਰਧਾਜਲੀ ਭੇਟ ਕੀਤੀ।

ਪ੍ਰੋਗਰਾਮ ਦਾ ਮੁਖ ਆਕਰਸ਼ਨ ਮੁਖ ਮਹਿਮਾਨ ਪ੍ਰੋਫੈਸਰ ਜਗਮੋਹਣ ਸਿੰਘ ਹੁਣਾ ਦਾ ਭਾਸ਼ਨ ਸੀ । ਉਨ੍ਹਾਂ ਨੇ ਸ਼ੁਰੂ ਵਿਚ ਮੇਲੇ ਲਈ ਸਮਰਪਿਤ ਚੌਰੀ ਚੌਰਾ ਕਾਂਡ ਦਾ ਜਿਕਰ ਕਰਦਿਆਂ ਕਿਹਾ ਕਿ ਫਰਵਰੀ 1922 ਵਿਚ ਵਾਪਰਿਆ ਇਹ ਦੁਖਾਂਤ ਭਾਵੇਂ ਅਣਸੁਣਿਆ ਲਗਦਾ ਹੈ ਪਰ ਇਹ ਉਸ ਮੌਕੇ ਹਾਕਮ ਬਰਤਾਨਵੀ ਸਾਮਰਾਜ ਦੀ ਗਦਰ ਪਾਰਟੀ ਤੋਂ ਘਬਰਾਹਟ ਦਾ ਨਤੀਜਾ ਸੀ। ਭਾਵੇਂ ਇਹ ਕਾਂਡ ਨਾਮਿਲਵਰਤਨ ਲਹਿਰ ਵਜੋਂ ਇਕ ਪੁਰਅਮਨ ਜਲੂਸ ਉਤੇ ਚੌਰੀ ਚੌਰਾ ਕਸਬੇ ਦੇ ਪੁਲਿਸ ਇੰਨਸਪੈਕਟਰ ਵਲੋਂ ਗੋਲੀ ਚਲਾਉਣ ਕਾਰਣ 11 ਮੁਜਾਹਰਾਕਾਰੀ ਮਾਰ ਦਿਤੇ ਜਾਣ ਦੀ ਸਿਟੇ ਵਜੋਂ ਵਾਪਰਿਆ, ਪਰ ਇਹ ਦਸਦਾ ਹੈ ਕਿ ਮੌਕੇ ਦੀ ਸਰਕਾਰ ਗਦਰ ਪਾਰਟੀ ਦੇ ਉਭਾਰ ਤੋਂ ਇਨਾ ਘਬਰਾਈ ਹੋਈ ਸੀ ਕਿ ਹਰ ਜਲਸੇ-ਜਲੂਸ 'ਤੇ ਜਬਰ ਕਰਕੇ ਲੋਕਾਂ ਵਿਚ ਡਰ ਪੈਦਾ ਕਰਨਾ ਚਾਹੁੰਦੀ ਸੀ। 1919 ਦਾ ਅੰਮ੍ਰਿਤਸਰ ਜਲਿਆਂਵਾਲਾ ਬਾਗ ਦਾ ਕਾਂਡ ਵੀ ਬਰਤਾਨਵੀ ਹਾਕਮਾਂ ਦੀ ਇਹੋ ਖੌਫ ਪੈਦਾ ਕਰਨ ਦੀ ਕੋਸ਼ਿਸ ਦਾ ਨਤੀਜਾ ਸੀ। ਉਨ੍ਹਾਂ ਕਿਹਾ ਕਿ ਗਦਰ ਪਾਰਟੀ ਦੀਆਂ ਬਹੁਤ ਵਿਲੱਖਣਤਾਵਾਂ ਵਿਚੋਂ ਇਕ ਇਹ ਵੀ ਕਿ ਇਸ ਪਾਰਟੀ ਕੋਲ ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇਸ਼ ਦੇ ਭਵਿਖ ਨੂੰ ਸਿਰਜਣ ਬਾਰੇ ਸਪਸ਼ਟ ਸਮਝ ਸੀ। ਉਹ ਮਜ੍ਹਹਬਾਂ ਜਾਤਾਂ ਦੇ ਤਾਣੇ-ਬਾਣੇ ਤੋਂ ਉਪਰ ਉਠ ਕੇ ਸਮੁਚੇ ਸਮਾਜ ਨੂੰ ਨਾਲ ਲੈ ਕੇ ਦੇਸ਼ ਉਸਾਰੀ ਦਾ ਨਜ਼ਰੀਆ ਰਖਦੇ ਸਨ। ਸ਼ਹੀਦ ਸ. ਭਗਤ ਸਿੰਘ ਬਾਰ ਬੋਲਦਿਆਂ ਉਨ੍ਹਾਂ ਕਿਹਾ ਕਿ ਸਾਰਾ ਫੋਕਸ ਉਨ੍ਹਾਂ ਦੀ ਸ਼ਹਾਦਤ 'ਤੇ ਕੇਂਦਰ ਕਰਨ ਨਾਲੋਂ ਉਨ੍ਹਾਂ ਦੀ ਇਸ ਸ਼ਹਾਦਤ ਤੱਕ ਪਹੁੰਚਣ ਦੀ ਪ੍ਰਕਿਰਆ ਬਾਰੇ ਜਾਨਣਾ ਜਿਆਦਾ ਜਰੂਰੀ ਹੈ। ਉਨ੍ਹਾਂ ਲੋਕਾਂ ਨਾਲ ਜੁੜਣ ਦੇ ਅਮਲ ਵਜੋਂ 1924 ਵਿਚ ਨੌਜਵਾਨ ਭਾਰਤ ਸਭਾ ਬਣਾਈ, ਜਿਸ ਨਾਲ ਦੇਸ਼ ਦੀ ਨੌਜਵਾਨ ਪੀੜੀ ਨੂੰ ਆਜ਼ਾਦੀ ਦੇ ਘੋਲ ਨਾਲ ਜੁੜਣ ਦਾ ਰਾਹ ਬਣਿਆ। ਭਗਤ ਸਿੰਘ ਨੇ ਆਇਰਲੈਂਡ, ਰੂਸ, ਫਰਾਂਸ ਦੇ ਆਜ਼ਾਦੀ ਲਈ ਲੜ ਰਹੇ ਲੋਕਾਂ ਦੇ ਇਤਿਹਾਸ ਦਾ ਅਧਿਅਨ ਕੀਤਾ ਅਤੇ ਇਨ੍ਹਾਂ ਬਾਰੇ ਆਪਣੀਆਂ ਲਿਖਤਾਂ ਵਿਚ ਪ੍ਰਚਾਰਿਆ। ਨੇਤਾ ਜੀ ਸ਼ੁਭਾਸ ਚੰਦਰ ਬੋਸ, ਉਨ੍ਹਾਂ ਦੀ ਇਸ ਕਾਰਜਸ਼ੈਲੀ ਤੋਂ ਬਹੁਤ ਪ੍ਰਭਾਵਤ ਹੋਏ ਸਨ। ਭਗਤ ਸਿੰਘ ਨੇ ਸਾਮਰਾਜ ਦਾ ਸੰਕਲਪ ਗਦਰ ਪਾਰਟੀ ਤੋਂ ਲਿਆ ਅਤੇ ਸਾਮਰਾਜੀਆਂ ਵਲੋਂ ਗੁਲਾਮ ਮੁਲਕਾਂ ਦੀ ਲੁਟ ਖਤਮ ਕਰਨ ਲਈ ਸੰਪੂਰਨ ਆਜ਼ਾਦੀ ਪ੍ਰਾਪਤ ਕਰਨ ਦਾ ਟੀਚਾ ਦੇਸ਼ ਦੇ ਲੋਕਾਂ ਸਾਹਮਣੇ ਰੱਖਿਆ। ਆਪਣੀ ਇਸੇ ਸਮਝ ਕਾਰਣ ਭਗਤ ਸਿੰਘ ਇਨਕਲਾਬ ਜਿੰਦਾਬਾਦ ਦੇ ਨਾਲ ਸਾਮਰਾਜਵਾਦ ਮੁਰਦਾਬਾਦ ਦਾ ਨਾਹਰਾ ਲਾਉਣ ਵਾਲਾ ਪਹਿਲਾ ਭਾਰਤੀ ਇਨਕਲਾਬੀ ਹੈ।

ਇਸ ਤੋਂ ਪਹਿਲਾਂ ਫੋਰਮ ਦੇ ਉਪ ਪ੍ਰਧਾਨ ਪਰਗਟ ਸਿੰਘ ਧਾਲੀਵਾਲ ਨੇ ਚੌਰੀ ਚੌਰਾ ਦੁਖਾਂਤ ਦੇ ਬਾਰੇ ਦੱਸਦਿਆ ਕਿਹਾ ਕਿ ਉਸ ਸਮੇਂ ਭਾਰਤ ਵਿਚ ਬਰਤਨਵੀ ਹਕੂਮਤ ਦੇ ਖਿਲਾਫ ਜਾਗਰੂਕਤਾ ਉਭਰ ਰਹੀ ਸੀ। ਚੌਰੀ ਚੌਰਾ ਕਾਂਡ ਹਾਕਮਾ ਵਲੋਂ ਭਾਰਤੀ ਲੋਕਾਂ ਤੇ ਜਬਰ ਦੀਆਂ ਹੋਰ ਵੱਖ ਵੱਖ ਵਾਰਦਾਤਾਂ ਦੀ ਲੜੀ ਵਿਚੋਂ ਇਕ ਸੀ। ਪੁਲਿਸ ਵਲੋਂ 11 ਪੁਰਅਮਨ ਮੁਜਾਹਰਾਕਾਰੀਆਂ ਨੂੰ ਕਤਲ ਕਰਨ ਪਿਛੋ ਭੜਕੀ ਭੀੜ ਵਲੋਂ ਥਾਣੇ ਨੂੰ ਅੱਗ ਲਾਉਣ ਤੱਕ ਗੱਲ ਪਹੁੰਚ ਗਈ। ਇਸ ਕੇਸ ਵਿਚ ਅਦਾਲਤ ਵਲੋਂ 172 ਮੁਜਾਹਰਾਕਾਰੀਆਂ ਨੂੰ ਫਾਂਸੀ ਦੀ ਸਜਾ ਸੁਣਾਈ ਗਈ। ਇਹ ਦੁਨੀਆ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ, ਜਿਥੇ ਇਕੋ ਕੇਸ ਵਿਚ ਇੰਨੀ ਵੱਡੀ ਗਿਣਤੀ ਵਿਚ ਲੋਕਾਂ ਨੂੰ ਫਾਂਸੀ ਦੀ ਸਜਾ ਸੁਣਾਈ ਹੋਵੇ। ਭਾਵੇਂ ਪਿਛੋ ਉਚ ਅਦਾਲਤ ਵਲੋਂ ਇਨ੍ਹਾਂ ਵਿਚੋਂ 153 ਲੋਕਾਂ ਦੀ ਫਾਂਸੀ ਦੀ ਸਜਾ ਉਮਰ ਕੈਦ ਜਾ ਇਸ ਤੋਂ ਘੱਟ ਸਜਾ ਵਿਚ ਬਦਲ ਦਿਤੀ ਗਈ। ਇਹ ਵਰ੍ਹਾ ਉਨ੍ਹਾਂ ਸੂਰਮਿਆਂ ਦੇ ਦੇਸ ਦੀ ਆਜ਼ਾਦੀ ਲਈ ਸ਼ਹੀਦ ਹੋਣ ਦਾ 100ਵਾਂ ਵਰ੍ਹਾ ਹੈ ਅਤੇ ਇਸੇ ਲਈ ਫੋਰਮ ਨੇ ਇਹ ਮੇਲਾ ਚੌਰੀ ਚੌਰਾ ਕਾਂਡ ਵਿਚ ਫਾਂਸੀ ਚੜਨ ਵਾਲੇ ਅਤੇ ਹੋਰ ਸਜਾਵਾਂ ਝਲਣ ਵਾਲੇ ਸੂਰਮਿਆਂ ਨੂੰ ਸਮਰਪਿਤ ਕਰ ਰਿਹਾ ਹੈ।



ਹੋਰ ਬੁਲਾਰਿਆ ਵਿਚ ਫੋਰਮ ਦੇ ਮੈਂਬਰ ਡਾ ਮਲਕੀਤ ਸਿੰਘ ਕਿੰਗਰਾ ਨੇ ਪਿਛਲੇ ਸਾਲ ਵਿਚ ਸਾਥੋ ਵਿਛੜੇ ਸ੍ਰ ਅਮਰੀਕ ਸਿੰਘ ਵਿਰਕ, ਡਾ ਗੁਰੂਮੇਲ ਸਿੰਘ ਸਿਧੂ ਅਤੇ ਫੋਰਮ ਦੇ ਬਾਨੀ ਸ੍ਰ ਗੁਰਦੀਪ ਸਿੰਘ ਅਣਖੀ ਨੂੰ ਸਰਧਾਂਜਲੀ ਪੇਸ਼ ਕੀਤੀ। ਫੋਰਮ ਦੇ ਮੈਬਰ ਪ੍ਰਿੰਸੀਪਲ ਬਲਵਿੰਦਰ ਸਿੰਘ ਬੁਟਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਕਿਹਾ ਕਿ ਚੌਰੀ ਚੌਰਾ ਕਾਂਡ ਵਿਚ ਮਰਨ ਵਾਲੇ ਪੁਲੀਸ ਵਾਲੇ ਵੀ ਭਾਰਤੀ ਹੀ ਸਨ ਅਤੇ ਇਹ ਬਰਤਾਨਵੀ ਸਾਮਰਾਜ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਨਤੀਜਾ ਸੀ।



ਵੱਖ ਵੱਖ ਦੇਸ਼ ਭਗਤਾਂ ਨਾਲ ਸਬੰਧਤ ਗੀਤਾਂ ਨਾਲ ਤਿਆਰ ਸੱਭਿਆਚਾਰਕ ਆਈਟਮਾਂ ਵੀ ਪੇਸ਼ ਕੀਤੀਆਂ ਗਈਆ। ਧਰਮਵੀਰ ਥਾਂਦੀ ਜੋ ਇਸ ਪ੍ਰੋਗਰਾਮ ਦਾ ਮੁਖ ਗਾਇਕ ਸੀ, ਦੇ ਸਮਾਜਕ ਸਰੋਕਾਰਾਂ ਵਾਲੇ ਉਸ ਦੇ ਖੁਦ ਲਿਖੇ ਗੀਤਾ ਨੂੰ ਸਰਾਹਿਆ ਗਿਆ। ਯਮਲਾ ਫਾਉਂਡੇਸ਼ਨ ਦੇ ਪ੍ਰਧਾਨ ਰਾਜ ਬਰਾੜ, ਹਰਜੀਤ ਸਿੰਘ ਸ਼ੇਰਗਿਲ, ਕਮਲਜੀਤ ਬੈਨੀਪਾਲ ਅਤੇ ਪੱਪੀ ਭਦੌੜ ਨੇ ਆਪਣੇ ਵਧੀਆਂ ਗੀਤਾ ਨਾਲ ਸਭ ਦਾ ਮੰਨੋਰੰਜਨ ਕੀਤਾ। ਆਚਲ ਹੇਅਰ, ਜਸਅਮ੍ਰਿਤ ਕੌਰ ਅਤੇ ਅਕਸ਼ਪ੍ਰੀਤ ਕੌਰ ਸੰਧੂ ਨੇ ਕਵਿਤਾ ਸੁਣਾ ਕੇ ਵਧੀਆ ਪੇਸ਼ਕਾਰੀ ਨਾਲ ਸਰੋਤਿਆ ਨੂੰ ਖੁਸ਼ ਕੀਤਾ।

ਫੋਰਮ 900 ਏ ਐਮ ਫਰਿਜ਼ਨੋ ਇਲਾਕੇ ਦਾ ਮਸ਼ਹੂਰ ਰੇਡੀਓ ਸਟੇਸ਼ਨ ਹੈ ਅਤੇ ਇਸ ਦੇ ਸਾਰੇ ਪੰਜਾਬੀ ਹੋਸਟ ਫੋਰਮ ਦੇ ਸਾਰੇ ਪ੍ਰੋਗਰਾਮਾਂ ਦੀ ਗੱਲ ਲੋਕਾਂ ਤੱਕ ਪਹੁੰਚਾਉਣ ਲਈ ਆਪਣੇ ਆਪਣੇ ਪ੍ਰੋਗਰਾਮਾ ਦੇ ਜਰੀਏ ਫੋਰਮ ਦਾ ਪੂਰਾ ਸਾਥ ਦਿੰਦੇ ਹਨ। ਉਨ੍ਹਾਂ ਦੇ ਇਸ ਸਹਿਯੋਗ ਲਈ ਫੋਰਮ ਵਲੋਂ ਸਾਰੇ ਪੰਜਾਬੀ ਹੋਸਟਾਂ ਨੂੰ ਸਨਮਾਨ ਪੱਤਰ ਦਿਤੇ ਗਏ।

ਪਿਛਲੇ 10 ਸਾਲਾਂ ਤੋ ਪੜਾਈ ਵਿਚ ਹੁਸ਼ਿਆਰ ਵਿਦਿਆਰਥੀਆ ਨੂੰ ਜੋ 4.0 ਜਾਂ ਵਧੀਆ ਗਰੇਡ ਲੈਂਦੇ ਹਨ ਨੂੰ ਸਨਮਾਨਤ ਕਰਨਾ ਫੋਰਮ ਦਾ ਇਕ ਹੋਰ ਨਿਵੇਕਲਾ ਕਦਮ ਹੈ। ਇਸ ਮੇਲੇ ਵਿਚ ਵੀ ਕੋਈ 26 ਵਿਦਿਆਰਥੀਆ ਨੂੰ ਨਗਦ ਇਨਾਮ ਦੇ ਕੇ ਉਤਸ਼ਾਹਤ ਕੀਤਾ ਗਿਆ। ਸ਼ਹੀਦਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਨੂੰ ਅਤੇ ਕਿਤਾਬਾਂ ਦੀਆਂ ਇਕ ਤੋਂ ਵੱਧ ਪ੍ਰਦਰਸ਼ਨੀਆ ਨੂੰ ਬਹੁਤ ਸਾਰੇ ਲੋਕਾਂ ਨੇ ਵੇਖਿਆ ਅਤੇ ਕਿਤਾਬਾ ਖ੍ਰੀਦੀਆਂ।

ਚਾਹ ਪਕੌੜਿਆਂ ਦਾ ਲੰਗਰ ਸ਼ੌਕਤ ਅਲੀ ਦੀ ਅਗਵਾਈ ਵਿਚ ਸਾਰਾ ਦਿਨ ਚਲਦਾ ਰਿਹਾ। ਮੀਡੀਏ ਵਲੋਂ ਸੰਜੀਵ ਕੁਮਾਰ (ਪੀ ਟੀ ਸੀ), ਨੀਟਾ ਮਾਛੀਕੇ, ਜਸਵੰਤ ਮਹਿਮੀ ਸ਼ਾਮਲ ਹੋਏ। ਤਸਵੀਰਾਂ ਅਤੇ ਵੀਡੀਓ ਗਰਾਫੀ ਸੰਜੀਵ ਭਾਰਦਵਾਜ, ਏਬੀ 24 ਟੀਵੀ ਵਾਲਿਆਂ ਨਿਭਾਈ।



ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CALIFORNIA
IMMIGRATION SERVICES INC.
Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES

* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ



ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377

Website: www.caials.com e-mail: rosy@caials.com

ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।

# ਸੰਸਾਰ ਧਰਮ ਸੰਸਦ 14 ਤੋਂ 18 ਅਪਰੈਲ ਤੱਕ

**ਸ਼ਿਕਾਗੋ:** ਸ਼ਿਕਾਗੋ ਆਧਾਰਿਤ ਸੰਸਾਰ ਧਰਮ ਸੰਸਦ, ਮਿਸ਼ੀਗਨ ਲੇਕ 'ਤੇ ਸਥਿਤ ਮੈਕਕਾਰਮਿਕ ਪਲੇਸ ਵਿਖੇ 14 ਤੋਂ 18 ਅਪਰੈਲ ਤੱਕ ਕਾਨਫਰੰਸ ਕਰਵਾ ਰਹੀ ਹੈ। ਵੱਖ-ਵੱਖ ਦੇਸ਼ਾਂ ਦੇ ਵੱਖ-ਵੱਖ ਧਰਮਾਂ ਨਾਲ ਸਬੰਧਤ 1000 ਤੋਂ ਵੱਧ ਲੋਕ ਇਸ 130ਵੇਂ (1893) ਅਤੇ 30ਵੇਂ ਇਕੱਠ ਦੇ ਜਸ਼ਨਾਂ ਮੌਕੇ ਸ਼ਿਰਕਤ ਕਰ ਰਹੇ ਹਨ। ਡਾ. ਬਲਵੰਤ ਸਿੰਘ ਹੰਸਰਾ ਨੇ ਦੱਸਿਆ ਕਿ ਇਸ ਕਾਨਫਰੰਸ ਦੇ ਥੀਮ ਅਤੇ ਹੋਰ ਵੇਰਵਿਆਂ ਬਾਰੇ 'ਪਾਰਲੀਮੈਂਟ ਆਫ ਵਰਲਡ'ਜ਼ ਰਿਲੀਜਨਜ਼' 'ਤੇ ਲੱਭੇ ਜਾ ਸਕਦੇ ਹਨ। ਕਾਨਫਰੰਸ ਵਿਚ ਹਿੱਸਾ ਲੈਣ ਲਈ ਰਜਿਸਟ੍ਰੇਸ਼ਨ ਜ਼ਰੂਰੀ ਹੈ। ਫੋਨ ਨੰਬਰ 224-716-8062 'ਤੇ ਸੰਪਰਕ ਕਰ ਕੇ ਰਜਿਸਟ੍ਰੇਸ਼ਨ ਕੀਤੀ ਜਾ ਸਕਦੀ ਹੈ। ਸ਼ਿਕਾਗੋ ਦੀ ਸਿੱਖ ਰਿਲੀਜੀਅਸ ਸੁਸਾਇਟੀ ਇਸ ਕਾਨਫਰੰਸ ਦੀ ਸਫਲਤਾ ਲਈ ਹਰ ਸੰਭਵ ਯਤਨ ਕਰ ਰਹੀ ਹੈ। ਸੰਗਤ ਨੂੰ ਅਪੀਲ ਹੈ ਕਿ ਉਹ ਆਪੋ-ਆਪਣੀ ਰਜਿਸਟ੍ਰੇਸ਼ਨ ਕਰਵਾਏ, ਕੰਮ ਵਾਲੰਟੀਅਰ ਕਰੇ, ਪ੍ਰਚਾਰ ਕਰਨ ਤੇ ਫੰਡ ਜੁਟਾਉਣ ਵਿਚ ਮਦਦ ਕਰੇ। ਇਸ ਤੋਂ ਇਲਾਵਾ ਮਹਿਮਾਨ ਨਿਵਾਜ਼ੀ, ਲੰਗਰ ਤੇ ਨਗਰ ਕੀਰਤਨ ਵਿਚ ਤਨ-ਮਨ-ਧਨ, ਟਰਾਂਸਪੋਰਟੇਸ਼ਨ ਨਾਲ ਮਦਦ ਕੀਤੀ ਜਾ ਸਕਦੀ ਹੈ।

ਹੋਰ ਜਾਣਕਾਰੀ ਲਈ ਸਿੱਖ ਰਿਲੀਜੀਅਸ ਸੁਸਾਇਟੀ (ਫੋਨ: 847-358-1118), ਤਰਲੋਚਨ ਸਿੰਘ ਮੁਲਤਾਨੀ (630-935-6537), ਡਾ. ਬਲਵੰਤ ਸਿੰਘ ਹੰਸਰਾ (224-716-8062), ਸ਼ਰਨ ਕੌਰ (773-680-4262), ਰਾਜਿੰਦਰ ਸਿੰਘ ਮਾਗੋ (630-440-7730) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਰਾਜਾ ਸਵੀਟਸ ਦੇ ਮਾਲਕ ਮੱਖਣ ਸਿੰਘ ਬੈਂਸ ਦੀ ਮਾਤਾ ਨੂੰ ਸ਼ਰਧਾਂਜਲੀਆਂ

**ਫਰੀਮੌਂਟ:** ਕੈਲੀਫੋਰਨੀਆ ਦੇ ਉੱਘੇ ਕਾਰੋਬਾਰੀ ਤੇ ਰਾਜਾ ਸਵੀਟਸ ਦੇ ਮਾਲਕ ਸ. ਮੱਖਣ ਸਿੰਘ ਬੈਂਸ ਦੇ ਮਾਤਾ ਚਰਨ ਕੌਰ ਬੈਂਸ ਜਿਨ੍ਹਾਂ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ ਸੀ, ਦਾ ਹੇਅਵਰਡ ਵਿਖੇ ਅੰਤਿਮ ਸਸਕਾਰ ਕਰ ਦਿੱਤਾ ਗਿਆ। ਵੱਖ ਵੱਖ ਸਿੱਖ ਸੰਸਥਾਵਾਂ, ਖੇਡ ਕਲੱਬਾਂ, ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਸੰਗਠਨਾਂ ਦੇ ਮੁਖੀਆਂ ਨੇ ਸ. ਮੱਖਣ ਸਿੰਘ ਬੈਂਸ ਨਾਲ ਦੁੱਖ ਪ੍ਰਗਟ ਕੀਤਾ।

**ਜ਼ਿਕਰਯੋਗ ਹੈ ਕਿ ਕੁਝ ਚਿਰ ਪਹਿਲਾਂ ਹੀ ਸ. ਮੱਖਣ ਸਿੰਘ ਬੈਂਸ ਦੇ ਪਿਤਾ ਸ. ਮੇਜਰ ਸਿੰਘ ਬੈਂਸ ਸਦੀਵੀ ਵਿਛੋੜਾ ਦੇ ਗਏ ਸਨ। ਸ.**ਮੱਖਣ ਸਿੰਘ **ਬੈਂਸ ਦੇ ਮਾਤਾ-ਪਿਤਾ ਨੇ ਸਾਰੀ ਜ਼ਿੰਦਗੀ ਬੰਦਗੀ ਅਤੇ ਗੁਰੂ ਨਾਨਕ ਦੇ ਘਰ ਦੀ ਸੇਵਾ ਕੀਤੀ ਅਤੇ ਆਪਣੀ ਸਾਹਾਂ ਦੀ ਪੂੰਜੀ ਭੋਗ ਕੇ ਅਕਾਲ ਪੁਰਖ ਦੇ ਚਰਨਾਂ 'ਚ ਜਾ ਨਿਵਾਜੇ।**

ਮਾਤਾ ਚਰਨ ਕੌਰ ਬੈਂਸ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸ. ਚਰਨ ਸਿੰਘ ਗਿੱਲ ਨੇ ਕਿਹਾ ਕਿ ਬੈਂਸ ਪਰਿਵਾਰ ਕੈਲੀਫੋਰਨੀਆ 'ਚ ਪੰਜਾਬੀਆਂ ਦੇ ਹਰ ਸਾਂਝੇ ਕਾਰਜ 'ਚ ਵੱਡਾ ਯੋਗਦਾਨ ਪਾਉਂਦਾ ਆਇਆ ਹੈ ਤੇ ਇਹ ਪ੍ਰੇਰਨਾ ਮਾਤਾ ਚਰਨ ਕੌਰ ਬੈਂਸ ਦੀ ਹੀ ਸੀ। ਮਨਰਾਜ ਨੱਤ, ਕੌਂਸਲ ਮੈਂਬਰ ਗੈਰੀ ਸਿੰਘ, ਮਾਤਾ ਜੀ ਦੀ ਪੋਤਰੀ ਗੁਰਸ਼ਰਨ ਕੌਰ ਨੇ ਵੀ ਮਾਤਾ ਜੀ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਸਮਾਜਿਕ ਅਤੇ ਧਾਰਮਿਕ ਸ਼ਖਸੀਅਤ 'ਤੇ ਚਾਨਣਾ ਪਾਇਆ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਮੱਲ੍ਹਾ ਬੇਦੀਆਂ ਨਾਲ ਸਬੰਧਿਤ ਬੈਂਸ ਪਰਿਵਾਰ ਪਿਛਲੇ ਲੰਮੇ ਅਰਸੇ ਤੋਂ ਕੈਲੀਫੋਰਨੀਆ 'ਚ ਰਹਿ ਰਿਹਾ ਹੈ। ਮਾਤਾ ਚਰਨ ਕੌਰ ਬੈਂਸ ਦਾ ਪੇਕਾ ਪਿੰਡ ਰਾਜਾ ਸਾਹਿਬ ਦਾ ਮਜਾਰਾ ਹੈ ਜਿਸ ਕਾਰਨ ਸਮੁੱਚੇ ਬੈਂਸ ਪਰਿਵਾਰ ਦਾ ਰਾਜਾ ਸਾਹਿਬ ਦੇ ਅਸਥਾਨ ਵਿਚ ਅਥਾਹ ਵਿਸ਼ਵਾਸ ਹੈ। ਸ. ਮੱਖਣ ਸਿੰਘ ਬੈਂਸ ਨੇ ਸਮੂਹ ਸੰਗਤ ਦਾ ਇਸ ਦੁੱਖ ਦੀ ਘੜੀ 'ਚ ਸ਼ਰੀਕ ਹੋਣ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਮਾਤਾ ਜੀ ਦੀ ਪ੍ਰੇਰਨਾ ਨਾਲ ਹੀ ਉਹ ਹਰ ਖੇਤਰ 'ਚ ਵਿੱਤੋਂ ਵੱਧ ਯੋਗਦਾਨ ਪਾਉਣ ਦਾ ਯਤਨ ਕਰਦੇ ਰਹੇ ਹਨ ਅਤੇ ਅਤਗੇ ਵੀ ਕਰਦੇ



ਰਹਿਣਗੇ। ਉਨ੍ਹਾਂ ਕਿਹਾ , 'ਸਾਡੇ ਅੰਦਰ ਨਿਮਰਤਾ ਤੇ ਸਾਦਗੀ ਦਾ ਸੁਭਾਅ ਮਾਤਾ ਜੀ ਦੀ ਪ੍ਰੇਰਨਾ ਨਾਲ ਹੀ ਭਰਿਆ ਹੋਇਆ ਹੈ'। ਅੰਤਿਮ ਸਸਕਾਰ ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸੰਪੂਰਨ ਹੋਈ।

ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਦੇ ਸਪੁੱਤਰ ਮੱਖਣ ਸਿੰਘ ਬੈਂਸ ਨਾਲ (510) 715-1619) 'ਤੇ ਸੰਪਰਕ ਕੀਤਾ ਜਾ ਸਕਦਾ ਹੈ।

*-ਰਿਪੋਰਟ: ਐੱਸ.ਅਸ਼ੋਕ ਭੌਰਾ*





Personal Injury and Wrongful Death Attorneys

Case Results*

$10 MILLION
Motorcycle vs. Truck Collision

$8 MILLION
Wrongful Death


$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results

Offices in San Francisco and Union City



WILLIAM E. WEISS
Of Counsel


No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



Homeopathicvibes

Harminder Singh Gill

Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com

*We sell and ship homeopathic remedies through out North America.*



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਸੱਚੀਂ ਰੱਬ ਆਹ ਦਿਨ ਨਾ ਹੀ ਵਿਖਾਵੇ!




ਮੈਂ ਖੁਦ ਭਾਵੇਂ ਢਾਈ ਦਹਾਕਿਆਂ ਤੱਕ ਅਧਿਆਪਕ ਰਿਹਾ ਹਾਂ, ਪਰ ਵਿਦਿਆਰਥੀ ਜੀਵਨ ਵਿਚ ਪੜ੍ਹਨ ਨੂੰ ਚੰਗਾ ਹੋਣ ਦੇ ਬਾਵਜੂਦ ਆਦਤਾਂ ਵਧੇਰੇ ਕਰ ਕੇ ਉਹੀ ਰਹੀਆਂ ਹਨ, ਜੋ ਸਾਧਾਰਨ ਪੜ੍ਹਾਕੂਆਂ ਦੀਆਂ ਹੁੰਦੀਆਂ ਹਨ। ਕਰੀਬ ਸਾਰੇ ਅਧਿਆਪਕਾਂ ਦੇ ਪੁੱਠੇ-ਸਿੱਧੇ ਨਾਂ ਰੱਖੇ ਹੀ ਹੁੰਦੇ ਹਨ। ਘਰਦਿਆਂ ਦੀਆਂ ਆਸਾਂ ਤਾਂ ਇੰਜੀਨੀਅਰ ਬਣਾਉਣ ਦੀਆਂ ਸਨ, ਪਰ ਮੈਂ ਬਾਕੀਆਂ ਨਾਲ ਰਲ ਕੇ ਪੁੱਠੇ ਲੱਛਣੀਂ ਪੈ ਗਿਆ ਸਾਂ। ਬੰਗਿਆਂ ਦੇ ਇਕ ਮੇਲੇ 'ਚੋਂ ਮੈਂ ਕਿਤਾਬ ਖਰੀਦ ਲਿਆਇਆ ਬਾਬੂ ਸਿੰਘ ਮਾਨ ਦੇ ਗੀਤਾਂ ਦੀ,-'ਸੁਪਨੇ 'ਚ ਆ ਜਾ ਗੋਰੀਏ।' ਟਾਈਟਲ 'ਤੇ ਫੋਟੋ ਲੱਗੀ ਹੋਈ ਸੀ, ਸੀਮਾ ਤੇ ਪ੍ਰੋਮਿਲਾ ਪੰਮੀ ਦੀ ਜੀਹਨੇ ਬਾਅਦ 'ਚ ਗੁਰਚਰਨ ਪੋਹਲੀ ਨਾਲ ਵਿਆਹ ਕਰਵਾ ਲਿਆ ਸੀ। ਉਹ ਕਿਤਾਬ ਹਰ ਵੇਲੇ ਸਕੂਲ ਦੇ ਬਸਤੇ ਵਿੱਚ ਰਹਿੰਦੀ। ਥੋੜ੍ਹਾ ਥੋੜ੍ਹਾ ਗੀਤ ਲਿਖਣ ਨੂੰ ਵੀ ਮੂੰਹ ਮਾਰਨ ਲੱਗ ਪਿਆ ਸਾਂ। ਜੋ ਅਕਸਰ ਅਖਬਾਰਾਂ 'ਚ ਵੀ ਛਪ ਜਾਂਦੇ। ਕਿਸੇ ਕਿਸੇ ਮਾਸਟਰ ਨੂੰ ਇਸ ਗੱਲ ਦਾ ਪਤਾ ਸੀ।

ਉਨ੍ਹਾਂ ਦਿਨਾਂ ਵਿੱਚ ਕੁਲਦੀਪ ਮਾਣਕ ਦੀ 'ਸਾਹਿਬਾਂ ਬਣੀ ਭਾਰਵਾਂ ਦੀ' ਨਾਲ ਚੜ੍ਹਾਈ ਬਹੁਤ ਸੀ। ਸਾਡੇ ਨਾਲ ਦੇ ਪਿੰਡ ਉੱਚੇ ਲਧਾਣੇ ਮਾਣਕ ਨੇ ਲੋਹੜੀ ਤੋਂ ਇਕ ਦਿਨ ਪਹਿਲਾਂ ਆਉਣਾ ਸੀ। ਹਰ ਕੋਈ ਚਾਹੁੰਦਾ ਸੀ ਮਾਣਕ ਦੇਖਣਾ। ਅਸੀਂ ਤਿੰਨ-ਚਹੁੰ ਜਣਿਆਂ ਨੇ 'ਕੱਠੇ ਹੋ ਕੇ ਆਪਣੇ ਕਲਾਸ ਇੰਚਾਰਜ ਉਸੇ ਮੈਥ ਮਾਸਟਰ ਤੋਂ ਮਾਣਕ ਵੇਖਣ ਲਈ ਛੁੱਟੀ ਮੰਗੀ ਤਾਂ ਉਹਨੇ ਬਾਕੀਆਂ ਨੂੰ ਤਾਂ ਘੱਟ ਕੁਝ ਕਿਹਾ, ਸਿੱਧਾ ਅਲ-ਕਾਇਦਾ ਵਾਂਗ ਮੇਰੇ ਦੁਆਲੇ, 'ਸੁਣ ਓਏ ਥਰੀਕਿਆਂ ਵਾਲਿਆ, ਬੰਦਾ ਬਣ ਕੇ ਕਲਾਸ 'ਚ ਬਹਿ ਜਾ। ਪੇਪਰ ਨ੍ਹੀਂ ਪਾਉਣ ਆਉਣੇ ਤੇਰੇ ਥਾਂ ਮਾਣਕ ਨੇ।' ਪਰ ਉਹਦਾ ਅਸਰ ਕੋਈ ਨਾ ਹੋਇਆ। ਅਸੀਂ ਦੋ ਜਣਿਆਂ ਨੇ ਝੋਲੇ ਕਣਕ 'ਚ ਲੁਕੋਏ ਤੇ ਅੱਧੀ ਛੁੱਟੀ ਤੋਂ ਬਾਅਦ ਬਾਗ਼ੀ ਹੋ ਕੇ ਚਲੇ ਗਏ ਅਖਾੜਾ ਵੇਖਣ। ਸਾਡੇ ਪਿੰਡ ਦਾ ਇਕ ਜੱਟ ਨਰਿੰਦਰ ਫ਼ਰਾਲੀਆ ਪੰਜ-ਪੰਜ ਦੇ ਨੋਟ ਦੇਵੇ ਟਰੈਕਟਰ ਦੇ ਨਾਂ ਉੱਤੇ। ਉਦੋਂ ਫੋਰਡ ਆਇਆ ਵੀ ਨਵਾਂ ਹੀ ਸੀ ਤੇ ਉਹਨੇ ਲਿਆਂਦਾ ਵੀ ਨਵਾਂ ਈ ਸੀ। ਰੁਪਿਆ ਤਾਂ ਉਹਨੇ ਡੂਢ ਕੁ ਸੌ ਦਿੱਤਾ ਹੋਣਾ, ਪਰ ਚਰਚਾ ਪੰਜਾਂ-ਸੱਤਾਂ ਪਿੰਡਾਂ ਵਿਚ ਕਰਵਾ ਗਿਆ ਫ਼ੋਰਡ ਦੀ। ਅਗਲੇ ਦਿਨ ਕਰੇਲਾ ਫਿਰ ਨਿੰਮ 'ਤੇ ਚੜ੍ਹ



ਕੁਲਦੀਪ ਮਾਣਕ ਦੀ ਲੇਖਕ ਨਾਲ ਇਹ ਤਸਵੀਰ ਉਨ੍ਹਾਂ ਦਿਨਾਂ ਦੀ ਹੈ ਜਦੋਂ ਪੰਜਾਬੀ ਫ਼ਿਲਮ 'ਬਲਬੀਰੋ ਭਾਬੀ' ਚੱਲਣ ਤੋਂ ਬਾਅਦ ਕੁਲਦੀਪ ਮਾਣਕ ਨੇ 'ਦੇਸੀ ਮੇਮ' ਬਣਾਉਣ ਦਾ ਐਲਾਨ ਕੀਤਾ ਸੀ।

ਗਿਆ। ਨਾਲ ਦੇ ਸ਼ਰਾਰਤੀ ਮੁੰਡਿਆਂ ਨੇ ਝੋਲੇ ਕਣਕ 'ਚੋਂ ਚੁੱਕ ਕੇ ਫ਼ਿਰ ਹਿਸਾਬ ਵਾਲੇ ਮਾਸਟਰ ਕੋਲ ਫੜਾ 'ਤੇ। ਹਾਲਾਤ ਮੇਰੇ ਉਹ ਬਣ ਗਏ ਜਿਵੇਂ ਕਿਸੇ ਨੇ ਚੋਰੀ ਟਕੇ ਦੀ ਨਾ ਕੀਤੀ ਹੋਵੇ, ਪਰ ਨਾਂ ਦਸ ਨੰਬਰੀਆਂ ਵਿਚ ਆ ਜਾਵੇ। ਜਿਹੜੇ ਭੱਜ ਕੇ ਉੱਦਣ ਕੁਲਦੀਪ ਮਾਣਕ ਦੇਖਣ ਗਏ ਸੀ, ਸਾਰੇ ਕੱਢ ਲਏ ਸਵੇਰੇ ਪ੍ਰੇਅਰ ਵਿਚ। ਸੱਤ-ਸੱਤ ਬੈਂਤਾਂ ਮਾਰੀਆਂ ਕੱਬੇ ਹੈੱਡਮਾਸਟਰ ਗੁਰਦਿਆਲ ਸਿੰਘ ਨੇ। ਉਹਨੂੰ ਉਦੋਂ 'ਕੱਲੇ ਪੜ੍ਹਨ ਵਾਲੇ ਹੀ ਨਹੀਂ, ਸਗੋਂ ਪੜ੍ਹਾਉਣ ਵਾਲੇ ਵੀ 'ਮੂਜੀ' ਕਿਹਾ ਕਰਦੇ ਸਨ।

ਜਦੋਂ ਸਾਨੂੰ ਬਸਤੇ ਦੇਣ ਲੱਗੇ ਤਾਂ ਹੈੱਡਮਾਸਟਰ ਚਪੜਾਸੀ ਕਾਬਲ ਨੂੰ ਕਹਿਣ ਲੱਗਾ, 'ਫੋਲੀਂ ਤਾਂ ਇਹ ਬਸਤਾ ਜ਼ਰਾ।' ਇਕ ਕਤਲ ਲਈ ਦੋ ਸਜ਼ਾਵਾਂ! ਉਹੀ 'ਸੁਪਨੇ 'ਚ ਆ ਜਾ ਗੋਰੀਏ' ਕਿਤਾਬ ਫ਼ਿਰ ਉਸ ਮੂਜੀ ਹੈੱਡਮਾਸਟਰ ਦੇ ਹੱਥ ਲੱਗ ਗਈ।

'ਉਏ ਆਹ ਕੀ ਰੱਖੀਂ ਫ਼ਿਰਦੈਂ ਨਾਲ ਤੂੰ। ਸਕੂਲ ਨੂੰ ਸਮਝਦਾ ਕੀ ਐਂ? ਇਹ ਕਾਹਦੇ ਵਾਸਤੇ ਰੱਖੀ ਐ ਨਾਲ।' ਮੈਂ ਕੁਝ ਬੋਲਦਾ, ਉਸ ਤੋਂ ਪਹਿਲਾਂ ਈ ਮੰਗਤ ਰਾਮ ਮਾਸਟਰ ਨੇ ਤਸਦੀਕ ਕਰ'ਤੀ, 'ਚਮਨ ਲਾਲ ਸ਼ੁਗਲ ਬਣੀ ਫ਼ਿਰਦੈ, ਗਾਣੇ ਲਿਖਦਾ ਕੰਜਰ।' ਜਿਵੇਂ ਦਿੱਲੀ 'ਕਾਲੀਆਂ ਨੂੰ ਪੈਂਦੀ ਐ, ਆਏਂ ਓਦਣ ਮੇਰੇ ਨਾਲ ਹੋਈ। ਜਿਵੇਂ ਦਿਨ ਬੰਨ੍ਹਣ ਆਏ ਵਿਆਹ ਤੋਂ ਜੁਆਬ ਦੇ ਗਏ ਹੋਣ। ਸੱਤ-ਅੱਠ ਸੌ ਵਿਦਿਆਰਥੀਆਂ 'ਚ ਹੋਈ ਬੇਇੱਜਤੀ ਨਾਲ ਮੈਂ ਮਹਿਸੂਸ ਕਰਨ ਲੱਗਾ ਸਾਂ ਕਿਹੜੇ ਕੁੱਤੇ ਕੰਮ 'ਚ ਫਸ ਗਿਐਂ? ਛੱਡ ਦਿਆਂ ਸਭ ਕੁਝ, ਪਰ ਇਹ ਸੱਚ ਹੈ ਕਿ ਹੱਡਾ-ਰੋੜੀ ਜਾਣ ਵਾਲਾ ਕੁੱਤਾ ਹਟਦਾ ਨ੍ਹੀਂ, ਭਾਵੇਂ ਰਾਹ ਬਦਲ ਕੇ ਜਾਵੇ।

ਸਕੂਲ 'ਚ ਉੱਪਰੋਂ-ਉੱਪਰੋਂ ਮੇਰੀ ਕੁਪੱਤ ਹੁੰਦੀ ਸੀ, ਪਰ ਅਖਬਾਰ ਪੜ੍ਹ ਕੇ ਅਧਿਆਪਕਾਂ ਦੀਆਂ ਸਿਫ਼ਤਾਂ ਮੇਰੇ ਤੱਕ ਪਹੁੰਚ ਵੀ ਜਾਂਦੀਆਂ ਸਨ ਕਿ 'ਆਹ ਮੁੰਡਾ ਜਿਹੜਾ ਲਿਖਦੈ, ਇਹ ਸਾਡੇ ਸਕੂਲ 'ਚ ਪੜ੍ਹਦੈ।' ਪਰ ਇਹ ਸਿਫ਼ਤ ਕਈ ਵਾਰ ਮੈਨੂੰ ਆਏਂ ਲੱਗਦੀ ਸੀ ਜਿਵੇਂ ਰਾਤ ਨੂੰ ਥਾਣੇ 'ਚ ਬੇਕਸੂਰ ਨੂੰ ਪੁੱਠਾ ਲਟਕਾ ਕੇ ਥਾਣੇਦਾਰ ਸਵੇਰ ਨੂੰ ਪੁੱਛੇ, 'ਚਾਹ ਦਾ ਕੱਪ ਲਏਂਗਾ?'

# 'ਬੜੀ ਲੱਸੀ ਹੋਈ ਦਹੀਂ ਦੀ'

## ਵਿਅੰਗ

ਲ਼ੱਸੀ ਬਣਦੀ ਤਾਂ ਦਹੀਂ ਤੋਂ ਈਂ ਐ ਪਰ ਦਹੀਂ ਦੀ ਲੱਸੀ ਬੜੀ ਹੋਈ!

ਗੱਲ ਐਂ ਹੋਈ ਕਿ ਖਾਦ ਪਦਾਰਥਾਂ ਨੂੰ ਨਿਯਮਿਤ ਕਰਨ ਵਾਲੀ ਸੰਸਥਾ 'ਫੂਡ ਸੇਫਟੀ ਐਂਡ ਸਟੈਂਡਰਡਜ਼ ਅਥਾਰਿਟੀ ਆਫ ਇੰਡੀਆ' ('ਫਸਾਈ') ਨੇ ਪਿੱਛੇ ਜਿਹੇ ਇਕ ਫੁਰਮਾਨ ਜਾਰੀ ਕਰ ਦਿੱਤਾ ਕਿ ਦਹੀਂ ਦੇ ਪੈਕ ਕੀਤੇ ਇਸ ਭੋਜਨ ਪਦਾਰਥ ਉਪਰ ਅੰਗਰੇਜ਼ੀ ਦੇ ਸ਼ਬਦ 'ਕਰਡ' ਦੀ ਬਜਾਏ 'ਦਹੀਂ' ਲਿਖਿਆ ਜਾਵੇ ਤੇ ਨਾਲ ਬਰੈਕਟ ਵਿਚ ਬੇਸ਼ੱਕ ਸਥਾਨਕ ਭਾਸ਼ਾ ਵਾਲਾ ਸ਼ਬਦ ਲਿਖ ਲਿਆ ਜਾਵੇ।

ਲ਼ੇਬਲ (ਚੇਪੀ) ਬਦਲਣ ਦੇ ਇਸ ਫੁਰਮਾਨ ਉਪਰ ਬੜਾ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਹੋ-ਹੱਲਾ ਮਚਿਆ। ਬਸ, ਬਵਾਲ ਹੀ ਸਮਝੋ। ਮਸਲਾ ਖੇਤਰੀ ਭਾਸ਼ਾਵਾਂ ਉਪਰ ਹਿੰਦੀ ਠੋਸੇ ਜਾਣ ਤਕ ਪੁੱਜ ਗਿਆ। ਮਾਰਚ ਵਿਚ ਜਾਰੀ ਕੀਤੇ ਗਏ ਇਸ ਫੁਰਮਾਨ ਨੂੰ ਮਾਰਚ ਮੁੱਕਣ ਤੋਂ ਪਹਿਲਾਂ ਪਹਿਲਾਂ ਸੋਧਣਾ ਪਿਆ।

ਗੱਲ ਜ਼ਰਾ ਵਿਸਥਾਰ ਨਾਲ ਕਰਦੇ ਹਾਂ। 'ਫਸਾਈ' ਨੇ ਆਪਣੇ 10 ਮਾਰਚ ਦੇ ਨਿਰਦੇਸ਼ ਵਿਚ ਕਰਨਾਟਕਾ ਅਤੇ ਤਾਮਿਲ ਨਾਡੂ ਵਿਚਲੇ ਦੁੱਧ- ਸਹਿਕਾਰੀ ਅਦਾਰਿਆਂ ਅਤੇ ਗੈਰ-ਸਰਕਾਰੀ ਡੇਅਰੀਆਂ ਨੂੰ ਆਪਣੇ ਦੁੱਧ-ਉਤਪਾਦ ਉਪਰ 'ਦਹੀਂ' ਸ਼ਬਦ ਲਿਖਣ ਲਈ ਕਿਹਾ, ਬੇਸ਼ੱਕ ਬਰੈਕਟ ਵਿਚ ਇਸ ਦਾ ਖੇਤਰੀ ਭਾਸ਼ਾ ਵਿਚ ਪ੍ਰਚੱਲਤ ਨਾਮ ਲਿਖਣ ਦੀ ਵੀ ਖੁੱਲ੍ਹ ਦਿੱਤੀ। ਜਾਣੀ ਦਹੀਂ ਨੂੰ ਬਰੈਕਟ ਵਿਚ 'ਕਰਡ' (ਹਿੰਦੀ 'ਚ ਦਹੀਂ), ਮੋਸਾਰੂ (ਕੰਨੜ), ਥਈਰ (ਤਾਮਿਲ), ਪੈਰੂਗੂ (ਤੇਲਗੂ) ਆਦਿ ਲਿਖਣ ਦੀ ਅਗਿਆ ਦਿੱਤੀ।

ਸੋਸ਼ਲ ਮੀਡੀਆ ਉਪਰ ਇਸ ਦਾ ਡਟਵਾਂ ਵਿਰੋਧ ਹੋਇਆ। ਸਭ ਤੋਂ ਪਹਿਲਾਂ ਤਾਂ ਤਾਮਿਲ ਨਾਡੂ ਦੀ ਦੁੱਧ ਉਤਪਾਦ ਕਰਨ ਵਾਲੀ ਫੈਡਰੇਸ਼ਨ ਨੇ ਇਸ ਦਾ ਵਿਰੋਧ ਕੀਤਾ। ਇਹ ਸੰਸਥਾ ਆਪਣੇ ਪੈਕਟਾਂ ਉਪਰ 'ਆਵਿਨ' ਬਰਾਂਡ ਨਾਮ ਵਰਤਦੀ ਹੈ। ਉਸ ਨੇ ਸਾਫ ਕਹਿ ਦਿੱਤਾ ਕਿ ਉਹ ਆਪਣੇ ਪੈਕਟਾਂ ਉਪਰ ਹਿੰਦੀ ਸ਼ਬਦ 'ਦਹੀਂ' ਨਹੀਂ ਛਾਪਣਗੇ, ਬਲਕਿ ਤਾਮਿਲ ਸ਼ਬਦ 'ਥਈਰ' ਹੀ ਛਾਪਣਗੇ।

ਤਾਮਿਲ ਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਟਵੀਟ ਰਾਹੀਂ ਇਸ ਨਿਰਦੇਸ਼ ਨੂੰ 'ਹਿੰਦੀ ਠੋਸਣ' ਦੀ ਕੋਸ਼ਿਸ਼ ਵਜੋਂ ਲਿਆ। ਸਟਾਲਿਨ ਨੇ ਬੜੇ ਸਖਤ ਸ਼ਬਦਾਂ ਵਿਚ ਕਿਹਾ, 'ਹਿੰਦੀ ਠੋਸਣ ਦੀ ਨਿਰਲੱਜ ਜ਼ਿਦ ਇਸ ਹੱਦ ਤਕ ਪੁੱਜ ਗਈ ਹੈ ਕਿ ਸਾਨੂੰ ਕਰਡ ਦੇ ਪੈਕਟ ਉਪਰ ਵੀ ਹਿੰਦੀ ਦਾ ਲੇਬਲ ਲਗਾਉਣ ਲਈ ਹਦਾਇਤ ਕੀਤੀ ਗਈ ਹੈ, ਜਾਣੀ ਸਾਡੇ ਆਪਣੇ ਪ੍ਰਾਂਤਾਂ ਵਿਚ ਤਾਮਿਲ ਅਤੇ ਕੰਨੜਾ ਭਾਸ਼ਾਵਾਂ ਨੂੰ ਪਿਛਾਂਹ ਧਕੇਲਣ ਦੀ ਕਾਰਵਾਈ ਕੀਤੀ ਗਈ ਹੈ। ਜੋ ਲੋਕ ਸਾਡੀਆਂ ਮਾਤਰ ਭਾਸ਼ਾਵਾਂ ਪ੍ਰਤੀ ਅਜਿਹਾ ਨਿਰਲੱਜੀ ਅਨਾਦਰ ਦਿਖਾਉਣਗੇ ਅਸੀਂ ਉਨ੍ਹਾਂ ਦਾ ਸਦਾ ਲਈ ਦੱਖਣ ਤੋਂ ਬਾਹਰ ਕੱਢੇ ਜਾਣਾ ਯਕੀਨੀ ਬਣਾਵਾਂਗੇ'।

ਕਰਨਾਟਕਾ ਦੇ ਸਾਬਕਾ ਮੁੱਖ ਮੰਤਰੀ ਐਚ.ਡੀ. ਕੁਮਾਰਾਸਵਾਮੀ ਨੇ ਵੀ ਇਸ ਗੱਲ ਦਾ ਸਖਤ ਨੋਟਿਸ ਲਿਆ ਕਿ 'ਨੰਦਿਨੀ, ਜੋ ਉਥੋਂ ਦਾ ਇਕ ਹਰਮਨ ਪਿਆਰਾ ਬਰਾਂਡ ਹੈ, ਉਪਰ ਦਹੀਂ ਲਿਖਣ ਦੀ ਹਦਾਇਤ ਕੀਤੀ ਗਈ। ਉਸ ਨੇ ਵੀ ਇਸ ਨੂੰ 'ਕਨਾਡੀਗਾਸ' ਉਪਰ ਹਿੰਦੀ ਥੋਪਣਾ ਗਰਦਾਨਿਆ।

ਸੋਸ਼ਲ ਮੀਡੀਆ ਉਪਰ ਕਈ ਮਨਚਲਿਆਂ ਨੇ ਤਾਂ ਤੇਲਗੂ ਬਲਾਕਬਸਟਰ ਫਿਲਮ 'ਆਰ.ਆਰ.ਆਰ.' ਦੇ ਆਸਕਰ ਅਵਾਰਡ ਜੇਤੂ ਗਾਣੇ 'ਨਾਟੂ ਨਾਟੂ' ਨੂੰ ਟਵਿਸਟ ਦੇ ਕੇ 'ਨਾ ਟੂ ਦਹੀਂ ਨਾ ਟੂ ਨਾ ਟੂ ਨਾ ਟੂ' ਕਰ'ਤਾ, ਭਾਵ ਸ਼ਬਦ ਦਹੀਂ ਨੂੰ ਨਾਂਹ ਹੈ!

ਕਈਆਂ ਤਾਂ ਇਹ ਵੀ ਕਿਹਾ, 'ਐਵੇਂ ਦਹੀਂ ਨਾ ਕਰ' (ਇਸ ਦਾ ਮਤਲਬ ਵੀ ਉਹੋ ਹੀ ਜੋ 'ਐਵੇਂ ਲੱਸੀ ਨਾ ਕਰ' ਦਾ ਹੈ)।

ਅਗਲਿਆਂ ਨੇ ਦਹੀਂ ਦਾ ਜਾਗ ਹੀ ਨਹੀਂ ਲੱਗਣ ਦਿੱਤਾ, ਸਗੋਂ 'ਕਰਡ' ਦੀ 'ਕਰਡਲਿੰਗ' ਕੀਤੀ! (ਭਾਵੇਂ ਅੰਗਰੇਜ਼ੀ ਦੀ ਕਰਡਲਿੰਗ ਦਾ ਅਰਥ ਵੀ ਜਮਾਉਣਾ ਹੀ ਹੁੰਦੈ)।

ਵਿਚਾਰੇ ਦਹੀਂ ਦੀ ਤਾਂ ਬੜੀ ਲੱਸੀ ਹੋਈ!

ਅੱਜ ਜੇ ਅੰਗਰੇਜ਼ੀ ਦਾ ਮਹਾਨ ਲੇਖਕ ਵਿਲੀਅਮ ਸ਼ੇਕਸਪੀਅਰ ਜਿਊਂਦਾ ਹੁੰਦਾ ਤਾਂ ਦੇਖਦਾ ਕਿ 'ਨਾਮ ਵਿਚ ਬੜਾ ਕੁਝ ਪਿਆ'! ਸ਼ਾਇਦ ਉਹ ਆਪਣੀ ਉਸ ਪ੍ਰਸਿੱਧ ਲਾਈਨ ਕਿ 'ਨਾਮ 'ਚ ਕੀ ਰੱਖਿਐ?' ਉਪਰ ਪੁਨਰ-ਵਿਚਾਰ ਕਰ ਲੈਂਦਾ।

ਦੱਖਣੀ ਭਾਰਤੀ ਅਤੇ ਬੰਗਾਲੀ ਆਪਣੀ ਮਾਂ-ਬੋਲੀ ਉਪਰ ਬਹੁਤ ਮਾਣ ਕਰਦੇ ਹਨ। ਉਨ੍ਹਾਂ ਨੂੰ ਤਾਂ ਸ਼ਬਦ 'ਦਹੀਂ' ਵੀ ਮਾਂ-ਬੋਲੀ ਉਪਰ ਹਿੰਦੀ ਦਾ ਹਮਲਾ ਲਗਦੈ!

ਆਪਾਂ ਸਾਰਿਆਂ ਨੂੰ ਪਤੈ ਕਿ ਜਦ ਮਦਰਾਸ ਪਰੈਜ਼ੀਡੈਂਸੀ ਸਕੂਲਾਂ ਵਿਚ ਹਿੰਦੀ ਵੜਨ ਲੱਗੀ ਤਾਂ ਦਰਾਵੜੀਅਨ ਲਹਿਰ ਦੇ ਪਿਤਾਮਾ ਅਤੇ ਤਾਮਿਲ ਨਾਡੂ ਦੇ ਲੈਜੇਂਡਰੀ ਨੇਤਾ ਈ.ਵੀ. ਰਾਮਾਸਾਮੀ, ਜਿਸ ਨੂੰ ਸ਼ਰਧਾ ਨਾਲ ਸਭ 'ਪੇਰੀਆਰ' ਪੁਕਾਰਦੇ ਹਨ, ਨੇ 1937 ਵਿਚ ਇਸ ਦਾ ਡਟ ਕੇ ਵਿਰੋਧ ਕੀਤਾ ਅਤੇ ਤਾਮਿਲ-ਪੱਖੀ ਤੇ ਹਿੰਦੀ ਵਿਰੋਧੀ ਸਫਲ ਅੰਦੋਲਨ ਚਲਿਆ। ਇਸ ਤੋਂ ਪਹਿਲਾਂ ਭਾਵੇਂ ਬਾਲ ਗੰਗਾਧਰ ਤਿਲਕ ਆਪਣੇ ਮਰਾਠੀ ਅਖਬਾਰ 'ਕੇਸਰੀ' ਦੇ 1891 ਦੇ ਸੰਪਾਦਕੀ ਵਿਚ ਭਾਸ਼ਾ ਦੇ ਆਧਾਰ ਉਪਰ ਪ੍ਰਾਂਤਾਂ ਦੇ ਪੁਨਰ-ਗਠਨ ਦੀ ਭਾਵੁਕ ਗੱਲ ਕਰ ਚੁੱਕਾ ਸੀ ਜੋ 1956 ਵਿਚ ਹਕੀਕਤ ਵਿਚ ਬਦਲੀ (ਬੇਸ਼ੱਕ 1966 ਵਿਚ ਪੰਜਾਬ ਦੇ ਪੁਨਰ-ਗਠਨ ਉਪਰੰਤ ਹਾਲੇ ਵੀ ਇਸ ਨੂੰ ਆਪਣੀ ਰਾਜਧਾਨੀ ਨਹੀਂ ਮਿਲੀ ਅਤੇ ਕਈ ਪੰਜਾਬੀ ਬੋਲਦੇ ਇਲਾਕੇ ਵੀ ਇਸ ਤੋਂ ਬਾਹਰ ਰੱਖੇ ਗਏ ਹਨ)।

ਦਹੀਂ ਬਾਰੇ ਮਹਾਨ ਕੋਸ਼ ਦੇਖਿਆ ਤਾਂ ਪਤਾ ਲੱਗਾ ਕਿ ਇਸ ਸ਼ਬਦ ਦਾ ਮੂਲ ਸੰਸਕ੍ਰਿਤ ਦਾ 'ਦਧਿ' ਹੈ। ਬਤੌਰ ਸੰਗਯਾ ਇਸ ਦਾ ਭਾਵ ਹੈ ਜਮਾਇਆ ਹੋਇਆ ਦੁੱਧ, ਜਿਸ ਵਿਚ ਕੁਝ ਖਟਾਈ ਹੁੰਦੀ ਹੈ-"ਪੰਡਿਤ ਦਹੀਂ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ"(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 635)।




ਦਹੀਂਡੀ ਸ਼ਬਦ ਦਹੀਂ ਦੀ ਹਾਂਡੀ ਹੈ-'ਦਹੀਂਦੀ ਦੈ ਸਿਰ ਆਗੈ ਕਰਿਓ' (ਪ੍ਰਾਪੰਪ੍ਰ)।(ਮਹਾਰਾਸ਼ਟਰਾ ਤੇ ਕੁਝ ਹੋਰ ਪ੍ਰਾਂਤਾਂ ਵਿਚ ਦਹੀਂ-ਹਾਂਡੀ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਜਾਂਦੈ)

ਲੱਸੀ/ਲਸੀਆ ਦਾ ਮੂਲ ਵੀ ਸੰਸਕ੍ਰਿਤ ਦਾ ਸ਼ਬਦ 'ਧਾਸਿ' ਹੈ। ਸੰਗਯਾ ਦੇ ਤੌਰ 'ਤੇ ਇਸ ਦਾ ਅਰਥ ਦੁੱਧ ਵਿਚ ਪਾਣੀ ਮਿਲਾ ਕੇ ਬਣਾਈ ਸਰਦਾਈ-'ਡਾਰ ਦਈ ਲਸੀਆ ਅਰੁ ਅੱਛਤ' (ਕ੍ਰਿਸਨਾਵ)।

ਲੱਸੀ ਨੂੰ ਛਾਛ ਵੀ ਕਹਿੰਦੇ ਹਨ।

ਆਪਾਂ ਉਪਰ ਪੜ੍ਹ ਹੀ ਲਿਆ ਕਿ ਦਹੀਂ ਨੂੰ ਅੰਗਰੇਜ਼ੀ ਵਿਚ 'ਕਰਡ' ਕਹਿੰਦੇ ਹਨ। ਆਨਲਾਈਨ ਐਟੀਮੋਲੋਜੀ ਡਿਕਸ਼ਨਰੀ ਅਨੁਸਾਰ ਇਹ ਸ਼ਬਦ 'ਕਰੱਡ' ਤੋਂ ਉਪਜਿਆ ਹੈ ਜਿਸ ਦਾ ਮੌਲਿਕ ਮਤਲਬ ਕੋਈ ਵੀ ਜਮਾਇਆ ਹੋਇਆ ਪਦਾਰਥ ਹੈ। ਇਹ ਸ਼ਾਇਦ ਓਲਡ ਇੰਗਲਿਸ਼ ਦੇ 'ਕਰੱਡਨ' 'ਚੋਂ ਆਇਐ ਜਿਸ ਦਾ ਅਰਥ ਹੈ 'ਦਬਾਉਣਾ'। ਅੰਗਰੇਜ਼ੀ ਦੀ ਕੋਲਿਨਜ਼ ਡਿਕਸ਼ਨਰੀ ਵੀ ਇਸ ਦਾ ਪਿਛੋਕੜ ਕਰੱਡ ਹੀ ਦੱਸਦੀ ਹੈ।

ਵਿਕੀਪੀਡੀਆ ਅਨੁਸਾਰ ਦਹੀਂ ਦਾ ਪ੍ਰਯੋਗ ਸੈਂਕੜੇ ਸਾਲਾਂ ਤੋਂ ਕੀਤਾ ਜਾ ਰਿਹਾ ਹੈ।

ਦਹੀਂ ਬਹੁਤ ਗੁਣਕਾਰੀ ਅਤੇ ਲਾਭਦਾਇਕ ਦੁੱਧ ਉਤਪਾਦ ਹੈ ਜੋ ਲਗਭਗ ਸਾਰੇ ਸੰਸਾਰ ਵਿਚ ਸੇਵਨ ਕੀਤਾ ਜਾਂਦਾ ਹੈ। ਇਹ ਬੜਾ ਪਸੰਦੀਦਾ ਭੋਜਨ ਪਦਾਰਥ ਹੈ। ਸਿਹਤ ਲਈ ਬਹੁਤ ਚੰਗਾ ਸਮਝਿਆ ਜਾਂਦਾ ਹੈ। ਇਸ ਵਿਚ ਕਈ ਕਿਸਮ ਦੇ ਖਣਿਜ ਪਦਾਰਥ, ਪ੍ਰੋਟੀਨ, ਵਿਟਾਮਿਨ ਹੁੰਦੇ ਹਨ। ਇਹ ਪੇਟ ਲਈ ਬਹੁਤ ਫਾਇਦੇਮੰਦ ਹੈ। ਚਮੜੀ ਅਤੇ ਵਾਲਾਂ ਨੂੰ ਮੁਲਾਇਮ ਕਰਦਾ ਹੈ। ਭਾਰ ਘਟਾਉਣ ਵਿਚ ਵੀ ਸਹਾਈ ਹੁੰਦੈ। ਇਸ ਤੋਂ ਬਣਦੀ ਲੱਸੀ ਗਰਮੀਆਂ 'ਚ ਕਾਲਜੇ ਨੂੰ ਠੰਢ ਪਾਉਂਦੀ ਹੈ। ਇਹ ਖਾਣੇ ਦੀ ਥਾਲੀ ਦਾ ਅਨਿੱਖੜਵਾਂ ਅੰਗ ਹੈ।

ਦਹੀਂ ਨਾਲ ਕਈ ਮੁਹਾਵਰੇ/ਅਖਾਣ ਜੁੜੇ ਹਨ-ਮਾਂ ਮਰੀ ਭੁਖਾਵਲੇ ਧੀ ਦਾ ਨਾਂ ਦਹੀਂ, ਦਹੀਂ ਦੇ ਭੁਲੇਖੇ ਕਪਾਹ ਦੀ ਫੁੱਟੀ ਨਹੀਂ ਖਾਈਦੀ, ਉਹ ਮਾਂ ਮਰ ਗਈ ਜੋ ਦਹੀਂ ਨਾਲ ਟੁਕ ਦਿੰਦੀ ਸੀ, ਦਿਮਾਗ ਦਾ ਦਹੀਂ ਕਰਨਾ ਆਦਿ।

ਇਕ ਭੋਜਪੁਰੀ ਦਾ ਗੀਤ ਹੈ-'ਘਰ ਜਬ ਜਾਏਂਗੇ ਦਹੀਂ ਲਿਆਂਗੇ...ਠੰਡੀ ਸੇ ਨਹੀਂ ਡਰੇਂਗੇ ਚੂੜਾ ਦਹੀਂ ਖਾਂਏਂਗੇ'!

ਦਹੀਂ ਬਾਰੇ ਸਾਡੀ ਪੋਤੀ ਦੀ ਇਕ ਵੱਖਰੀ ਹੀ ਥਿਊਰੀ ਹੈ। ਉਸ ਅਨੁਸਾਰ ਦੁੱਧ ਰਾਤ ਨੂੰ ਸੌਂ ਜਾਂਦਾ ਹੈ ਅਤੇ ਸਵੇਰੇ 'ਜੰਮ' ਕੇ ਉਠਦਾ ਹੈ!

ਲ਼ੱਸੀ ਬਾਰੇ ਵੀ ਮੁਹਾਵਰੇ/ਅਖਾਣ ਹਨ-ਲੱਸੀ ਤੇ ਲੜਾਈ ਦਾ ਕੀ ਵਧਾਉਣਾ, ਦੁੱਧ ਦਾ ਸੜਿਆ/ ਜਲਿਆ ਲੱਸੀ/ਛਾਛ ਨੂੰ ਫੂਕਾਂ ਮਾਰ ਕੇ ਪੀਂਦਾ ਹੈ/ ਦੁੱਧ ਦਾ ਜਲਿਆ ਛਾਹ ਨੂੰ ਫੂਕੇ, ਲੱਸੀ-ਮੁੰਦਰੀ ਖੇਡਣਾ, ਕੱਚੀ ਲੱਸੀ, ਲੱਸੀ ਕਰਨੀ,'ਦਧਿ ਕੈ ਭੋਲੈ ਬਿਰੋਲੈ ਨੀਰੁ"(ਭਾਵ ਦਹੀਂ ਦੇ ਭੁਲੇਖੇ ਪਾਣੀ ਰਿੜਕਣਾ)-ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 326।

ਕਿਸੇ ਵੇਲੇ ਪੰਜਾਬੀਆਂ ਬਾਰੇ ਮਸ਼ਹੂਰ ਸੀ ਕਿ ਇਹ ਦੁੱਧ-ਦਹੀਂ-ਮੱਖਣਾਂ ਦੇ ਪਾਲੇ ਸਰੂ ਵਰਗੇ ਗੱਭਰੂ ਹੁੰਦੇ ਹਨ ਪਰ ਨਸ਼ਿਆਂ ਤੇ ਚਿੱਟੇ ਨੇ ਸਰੂ ਦਾ ਬਰੂ ਬਣਾ ਦਿੱਤਾ। ਆਉ, ਫਿਰ ਦਹੀਂ-ਦੁੱਧ-ਮੱਖਣਾਂ ਵੱਲ ਪਰਤੀਏ। ਆਪਣੀ ਮਾਂ ਬੋਲੀ ਉਪਰ ਮਾਣ ਕਰੀਏ। ਦੱਖਣ ਵਾਲਿਆਂ ਤੋਂ ਹੀ ਕੁਝ ਮੱਤ ਲਈਏ। ਅੰਗਰੇਜ਼ੀ ਦੁਆਲੇ ਤਾਂ ਬਥੇਰੇ ਹੋਏ ਰਹਿੰਦੇ ਹਾਂ, ਖਤਰਾ ਹਿੰਦੀ ਤੋਂ ਵੀ ਮਾਂ-ਬੋਲੀ ਨੂੰ ਕੋਈ ਘੱਟ ਨਹੀਂ।

ਹਿੰਦੀ-ਅੰਗਰੇਜ਼ੀ ਸਮੇਤ ਬੋਲੀਆਂ ਜਿੰਨੀਆਂ ਮਰਜ਼ੀ ਸਿੱਖੋ ਪਰ ਮਾਂ-ਬੋਲੀ ਪੰਜਾਬੀ ਉਪਰ ਮਾਣ ਕਰਨਾ ਨਾ ਭੁੱਲੋ।

ਗੱਲ ਦਹੀਂ ਤੋਂ ਚੱਲਦੀ ਚੱਲਦੀ ਕਈ ਪਾਸੇ ਪੁੱਜ ਗਈ। ਦਹੀਂ ਦੀ ਵਾਹਵਾ ਲੱਸੀ ਹੋ ਗਈ! ਚਲੋ, ਬਹੁਤਾ ਰੈਤਾ ਫੈਲਣ ਤੋਂ ਫਿਰ ਵੀ ਬਚਾਅ ਰਿਹਾ!

# ਪੀਲੂ ਦਾ ਮਿਰਜ਼ਾ ਸਾਹਿਬਾਂ

***ਪੰਜਾਬੀ ਕਿੱਸਾ ਸਾਹਿਤ ਦੇ ਇਤਿਹਾਸ ਵਿਚ ਪੀਲੂ ਦੇ ਮਿਰਜ਼ਾ ਸਾਹਿਬਾਂ ਕਿੱਸੇ ਦਾ ਆਪਣਾ ਮੁਕਾਮ ਹੈ। ਉਸ ਦੀ ਮਕਬੂਲੀਅਤ ਦਾ ਮੁਕਾਬਲਾ ਕੋਈ ਸ਼ਾਇਰ ਨਹੀਂ ਕਰ ਸਕਿਆ। ਪ੍ਰੋ. ਸੁਹਿੰਦਰ ਬੀਰ ਨੇ ਮਿਰਜ਼ਾ ਸਾਹਿਬਾਂ ਦੀ ਲੋਕ-ਪ੍ਰੀਤ ਕਹਾਣੀ ਅਤੇ ਪੀਲੂ ਦੇ ਕਿੱਸੇ ਬਾਰੇ ਦਿਲਚਸਪ ਗੱਲਾਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ।***

**ਕਲਾ ਪਰਿਕਰਮਾ**

ਪੰਜਾਬੀ ਕਿੱਸਾ ਸਾਹਿਤ ਦੇ ਇਤਿਹਾਸ ਵਿਚ ਪੀਲੂ ਅਜਿਹਾ ਕਿੱਸਾਕਾਰ ਹੈ ਜਿਸ ਦੀ ਮਕਬੂਲੀਅਤ ਦਾ ਅੱਜ ਤੱਕ ਕੋਈ ਸ਼ਾਇਰ ਮੁਕਾਬਲਾ ਨਹੀਂ ਕਰ ਸਕਿਆ। ਉਹ ਪੰਜਾਬੀ ਕਿੱਸਾ ਸਾਹਿਤ ਦਾ ਬੁਲੰਦ ਸ਼ਾਇਰ ਹੈ। ਉਸ ਨੂੰ ਮਿਰਜ਼ਾ ਸਾਹਿਬਾਂ ਦੀ ਲੋਕ-ਪ੍ਰੀਤ ਕਹਾਣੀ ਵਿਚ ਉਹ ਰੁਤਬਾ ਹਾਸਿਲ ਹੈ ਜੋ ਵਾਰਿਸ ਸ਼ਾਹ ਨੂੰ ਹੀਰ ਵਿਚ, ਹਾਸ਼ਮ ਨੂੰ ਸੱਸੀ ਪੁੰਨੂ ਵਿਚ ਅਤੇ ਫ਼ਜ਼ਲ ਸ਼ਾਹ ਨੂੰ ਸੋਹਣੀ ਮਹੀਂਵਾਲ ਵਿਚ। ਮਿਰਜ਼ਾ ਸਾਹਿਬਾਂ ਦਾ ਕਿੱਸਾ ਵੀ ਬੁਨਿਆਦੀ ਤੌਰ 'ਤੇ ਭਾਵੇਂ ਲੋਕ-ਪ੍ਰੀਤ ਕਹਾਣੀ ਵਜੋਂ ਰਚਿਆ ਗਿਆ ਹੈ ਪਰ ਇਸ ਦੀ ਤਾਸੀਰ ਦੂਸਰੀਆਂ ਪ੍ਰੀਤ-ਕਹਾਣੀਆਂ ਨਾਲੋਂ ਵੱਖਰੀ ਇਸ ਕਰ ਕੇ ਹੈ ਕਿ ਇਹ ਜਾਗੀਰਦਾਰੀ ਯੁੱਗ ਦੇ ਕਬੀਲਾ ਸੱਭਿਆਚਾਰ ਦੇ ਅੰਦਰੂਨੀ ਤਣਾਓ ਨੂੰ ਵਾਸਤਵਿਕ ਰੂਪ ਵਿਚ ਪੇਸ਼ ਕਰਦਾ ਹੈ।

ਪੀਲੂ ਤੋਂ ਪਹਿਲਾਂ ਪੰਜਾਬੀ ਕਿੱਸਾ ਸਾਹਿਤ ਵਿਚ ਹੀਰ ਲਿਖਣ ਵਾਲਾ ਇੱਕੋ-ਇਕ ਸ਼ਾਇਰ ਦਮੋਦਰ ਹੋਇਆ ਹੈ ਜਿਸ ਨੇ ਭਾਰਤੀ ਸੰਸਕ੍ਰਿਤ ਨਾਟਕ ਪਰੰਪਰਾ ਅਧੀਨ ਹੀਰ ਰਾਂਝੇ ਦੀ ਪ੍ਰੇਮ

**ਪ੍ਰੋ. ਸੁਹਿੰਦਰ ਬੀਰ**
**ਫੋਨ: +91-98552-04102**


ਕਹਾਣੀ ਨੂੰ ਸੁਖਾਂਤਕ ਰੂਪ ਵਿਚ ਪੇਸ਼ ਕੀਤਾ। ਦਮੋਦਰ ਤੋਂ ਬਾਅਦ ਇਤਿਹਾਸਕ ਕਾਲਕ੍ਰਮ ਅਨੁਸਾਰ ਪੀਲੂ ਮਿਰਜ਼ਾ ਸਾਹਿਬਾਂ ਦੇ ਕਿੱਸੇ ਨੂੰ ਤ੍ਰਾਸਦਿਕ ਰੂਪ ਵਿਚ ਪੇਸ਼ ਕਰਦਾ ਹੈ। ਇਸ ਤਰ੍ਹਾਂ ਇਹ ਪੰਜਾਬੀ ਦਾ ਪਹਿਲਾ ਕਿੱਸਾ ਹੈ ਜੋ ਦੁਖਾਂਤ ਰੂਪ ਵਿਚ ਸਿਰਜਤ ਹੋਇਆ ਹੈ।

ਇਤਿਹਾਸਕ ਪੱਖ ਤੋਂ ਪੰਜਾਬ ਸਦਾ ਰਾਜਨੀਤਕ ਉਥਲ-ਪੁਥਲ ਅਤੇ ਵਿਦੇਸ਼ੀ ਹਮਲਾਵਰਾਂ ਦਾ ਸ਼ਿਕਾਰ ਰਿਹਾ ਹੈ। 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਦਾ ਸਾਹਮਣਾ ਕਰਨਾ ਪਿਆ ਹੈ। ਇਸ ਕਰ ਕੇ ਇੱਥੇ ਇਤਿਹਾਸਕ ਤੱਥਾਂ ਦਾ ਗੁੰਮ-ਗੁਆਚ ਜਾਣਾ ਸਹਿਵਨ ਹੀ ਪ੍ਰਤੀਤ ਹੁੰਦਾ ਹੈ।

ਪੀਲੂ ਦਾ ਜੀਵਨ ਅਤੇ ਉਸ ਦੇ ਕਿੱਸੇ ਦਾ ਮਤਨ ਪ੍ਰਮਾਣਿਕ ਰੂਪ ਵਿਚ ਸਾਨੂੰ ਪ੍ਰਾਪਤ ਨਹੀਂ ਹੁੰਦਾ। ਅੰਗਰੇਜ਼ੀ ਰਾਜ ਦੀ ਸਥਾਪਨਾ ਉਪਰੰਤ ਸਰ ਰਿਚਰਡ ਟੈਂਪਲ ਨੇ 'ਲੈਂਜਡਜ਼ ਆਫ ਦਿ ਪੰਜਾਬ' ਵਿਚ ਇਸ ਕਿੱਸੇ ਨੂੰ ਉੱਘੜ-ਦੁੱਘੜ ਅਤੇ ਅਧੂਰੇ ਰੂਪ ਵਿਚ ਇਕ ਮਰਾਸੀ ਦੇ ਮੂੰਹੋਂ ਸੁਣ ਕੇ ਸੰਪਾਦਿਤ ਕੀਤਾ। ਕਿਹਾ ਜਾਂਦਾ ਹੈ ਕਿ ਉਸ ਨੇ ਇਸ ਨੂੰ ਰੋਮਨ ਸ਼ਬਦਾਵਲੀ ਵਿਚ ਅੰਕਿਤ ਕੀਤਾ। ਇਸ ਦੇ ਨਾਲ ਹੀ ਪੀਲੂ ਦੇ ਜੀਵਨ ਬਾਰੇ ਵੀ ਜੋ ਵੇਰਵੇ ਮਿਲਦੇ ਹਨ, ਉਨ੍ਹਾਂ ਨੂੰ ਅੰਦਾਜ਼ੇ ਨਾਲ ਹੀ ਘੋਖ ਪੜਤਾਲ ਕਰ ਕੇ ਪੀਲੂ ਦਾ ਜੀਵਨ ਕਾਲ ਨਿਰਧਾਰਿਤ ਕੀਤਾ ਜਾ ਸਕਦਾ ਹੈ। ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿਚ ਉਹ ਤਰਨਤਾਰਨ ਦੇ ਪਿੰਡ ਵੈਰੋਵਾਲ ਦਾ ਵਸਨੀਕ ਸੀ ਅਤੇ ਪੀਲੂ ਭਗਤ ਵਜੋਂ ਵੀ ਜਾਣਿਆ ਜਾਂਦਾ ਸੀ। ਉਸ ਨੂੰ ਦਮੋਦਰ ਦਾ 'ਛੋਟਾ ਸਮਕਾਲੀ' ਵੀ ਕਿਹਾ ਜਾਂਦਾ ਹੈ ਅਤੇ ਉਸ ਦੇ ਜੀਵਨ ਕਾਲ ਨੂੰ ਅਕਬਰ ਦੇ ਰਾਜ ਕਾਲ ਜਾਂ ਉਸ ਤੋਂ ਥੋੜ੍ਹਾ ਚਿਰ ਪਿੱਛੋਂ ਦੇ ਸਮੇਂ ਨਾਲ ਜੋੜਿਆ ਜਾਂਦਾ ਹੈ। ਉਸ ਦੀ ਕਿੱਸਾਕਾਰੀ ਅਤੇ ਕਾਵਿ ਪ੍ਰਤਿਭਾ ਦੇ ਜਲੌਅ ਬਾਰੇ, ਉਸ ਦੀ ਉਸਤਤ ਵਿਚ ਪੰਜਾਬੀ ਦੇ ਸ਼ਾਇਰਾਂ ਦੇ ਕਾਵਿ-ਬੋਲ ਬੇਜੋੜ ਹਨ। ਉਸ ਤੋਂ ਉਸ ਦੀ ਪ੍ਰਸਿੱਧੀ ਅਤੇ ਮਹਾਨਤਾ ਦੇ ਪ੍ਰਤੱਖ ਰੂਪ ਵਿਚ ਦੀਦਾਰ ਹੁੰਦੇ ਹਨ। ਉਦਾਹਰਨ ਦੇ ਤੌਰ 'ਤੇ:

ਯਾਰੋ ਪੀਲੂ ਨਾਲ ਬਰਾਬਰੀ,
ਸ਼ਾਇਰ ਭੁੱਲ ਕਰੇਨ।
ਉਹਨੂੰ ਪੰਜਾਂ ਪੀਰਾਂ ਦੀ ਥਾਪਣਾ,
ਕੰਧੀਂ ਦਸਤ ਧਰੇਨ।
(ਹਾਫ਼ਿਜ਼ ਬਰਖੁਰਦਾਰ)

ਇਹ ਕਾਵਿ-ਬੋਲ ਸ਼ਾਇਰ ਦੀ ਮਕਬੂਲੀਅਤ ਅਤੇ ਬੁਲੰਦੀ ਨੂੰ ਪ੍ਰਤੱਖ ਰੂਪ ਵਿਚ ਜ਼ਾਹਿਰ ਕਰਦੇ ਹਨ।




ਪੀਲੂ ਨੇ ਮਿਰਜ਼ਾ ਸਾਹਿਬਾਂ ਦਾ ਕਿੱਸਾ ਸੱਦ ਕਾਵਿ-ਰੂਪ ਵਿਚ ਰਚਿਆ ਹੈ। ਇਸ ਕਾਵਿ ਰੂਪ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਉੱਚੀ ਹੇਕ ਵਿਚ ਗਾਇਆ ਜਾ ਸਕਦਾ ਹੈ ਅਤੇ ਸਰੋਤਿਆਂ ਦੇ ਵੱਡੇ ਇਕੱਠ ਨੂੰ ਸੁਣਾਇਆ ਜਾ ਸਕਦਾ ਹੈ। ਹੀਰ ਰਾਂਝਾ ਅਤੇ ਸੋਹਣੀ ਮਹੀਂਵਾਲ ਦੇ ਕਿੱਸੇ ਨਾਲੋਂ ਇਸ ਵਿਚ ਬੁਨਿਆਦੀ ਫ਼ਰਕ ਇਹ ਹੈ ਕਿ ਜਿੱਥੇ ਦੂਸਰੇ ਕਿੱਸੇ ਪੰਜਾਬੀ ਸਭਿਆਚਾਰ ਦੀ ਚਲੰਤ ਜੀਵਨ ਝਾਕੀ ਨੂੰ ਪੇਸ਼ ਕਰਦੇ ਹਨ ਉੱਥੇ ਇਸ ਕਿੱਸੇ ਵਿਚ ਕਬੀਲਾਈ ਸੱਭਿਆਚਾਰ ਦੀ ਵਾਸਤਵਿਕ ਤਸਵੀਰ ਨੂੰ ਉਲੀਕਿਆ ਗਿਆ ਹੈ। ਸਰਸਰੀ ਨਜ਼ਰ ਨਾਲ ਦੇਖਣ ਉਪਰੰਤ ਭਾਵੇਂ ਇਹ ਕਿੱਸਾ ਪੰਜਾਬ ਦੀ ਪ੍ਰਸਿੱਧ ਲੋਕ-ਪ੍ਰੀਤ ਕਹਾਣੀ ਦਾ ਰੂਪ ਹੀ ਨਜ਼ਰ ਆਉਂਦਾ ਹੈ ਪਰ ਇਸ ਦੀ ਡੂੰਘਾਈ ਵਿਚ ਉੱਤਰ ਕੇ ਦੇਖਿਆ ਜਾਵੇ ਤਾਂ ਵਿਭਿੰਨ ਕਬੀਲਿਆਂ ਅੰਦਰ ਉਤਪੰਨ ਹੋ ਰਹੇ ਹਿੱਤ ਅਤੇ ਵੈਰ-ਵਿਰੋਧਾਂ ਵਿਚ ਗੜੁੱਚ ਗੂੜ੍ਹੇ ਅਰਥਾਂ ਦੀ ਝਾਕੀ ਪੇਸ਼ ਹੁੰਦੀ ਹੈ ਜਿਸ ਰਾਹੀਂ ਇਨ੍ਹਾਂ ਦੇ ਅੰਦਰੂਨੀ ਵਿਰੋਧ ਸਾਹਮਣੇ ਆਉਂਦੇ ਹਨ। ਇਹ ਵੈਰ-ਵਿਰੋਧ ਸਿਰਫ਼ ਵਰਤਮਾਨ ਦੀ ਜ਼ਮੀਨ ਵਿਚੋਂ ਪੈਦਾ ਨਹੀਂ ਹੋਏ ਸਗੋਂ ਅਤੀਤ ਦੀਆਂ ਘਟਨਾਵਾਂ ਨਾਲ ਨਾਤਾ ਰੱਖਦੇ ਹਨ। ਖ਼ਾਨਦਾਨੀ ਅਤੇ ਜੱਦੀ-ਪੁਸ਼ਤੀ ਵੈਰ ਇਨ੍ਹਾਂ ਕਬੀਲਿਆਂ ਦੇ ਭਵਿੱਖਮੁਖੀ ਨਕਸ਼ ਉਲੀਕਦੇ ਹਨ। ਖੀਵੇ ਖ਼ਾਨ ਦੀ ਭੈਣ ਦਾ ਉਧਾਲਾ ਖਰਲ ਕਬੀਲੇ ਵੱਲੋਂ ਕੀਤਾ ਜਾਂਦਾ ਹੈ ਜਿਸ ਕਰ ਕੇ ਸਿਆਲਾਂ ਅਤੇ ਖਰਲਾਂ ਦੀ ਦੁਸ਼ਮਣੀ ਦੀ ਨੀਂਹ ਬੱਝਦੀ ਹੈ। ਜਦੋਂ ਹੀ ਸਿਆਲਾਂ ਨੂੰ ਮਿਰਜ਼ਾ ਸਾਹਿਬਾਂ ਦੇ ਪਿਆਰ ਦੀ ਖ਼ਬਰ ਮਿਲਦੀ ਹੈ ਤਾਂ ਮਿਰਜ਼ੇ ਨੂੰ ਉੱਥੋਂ ਪੱਤਰਾ ਵਾਚਣ ਲਈ ਕਹਿ ਦਿੱਤਾ ਜਾਂਦਾ ਹੈ। ਦੂਸਰੇ ਪਾਸੇ ਸਾਹਿਬਾਂ ਦੀ ਮੰਗਣੀ ਆਪਣੇ ਸਮੇਂ ਦੇ ਕਹਿੰਦੇ ਕਹਾਉਂਦੇ ਚੰਧੜ ਕਬੀਲੇ ਦੇ ਨੌਜਵਾਨ ਤਾਹਿਰ ਖ਼ਾਨ ਨਾਲ ਕਰ ਦਿੱਤੀ ਜਾਂਦੀ ਹੈ। ਜੇ ਪਿਆਰ ਦੇ ਕੋਣ ਤੋਂ ਮਿਰਜ਼ਾ ਸਾਹਿਬਾਂ ਦੀ ਮੁਹੱਬਤ ਨੂੰ ਦੇਖਿਆ ਜਾਵੇ ਤਾਂ ਉਸ ਦੇ ਸਿਰੇ ਚੜ੍ਹਨ ਵਿਚ ਕੋਈ ਵੱਡੀ ਰੁਕਾਵਟ ਪ੍ਰਤੀਤ ਨਹੀਂ ਹੁੰਦੀ ਕਿਉਂਕਿ ਦੋਵੇਂ ਪਾਤਰ ਹੀ ਮੁਸਲਿਮ ਮਜ਼ਹਬ/ਭਾਈਚਾਰੇ ਨਾਲ ਸਬੰਧਿਤ ਹਨ। ਜਿੱਥੇ ਸਕੇ ਭੈਣ ਭਰਾਵਾਂ ਨੂੰ ਛੱਡ ਕੇ ਕਿਸੇ ਵੀ ਗੱਭਰੂ ਅਤੇ ਨੱਢੀ ਦਾ ਰਿਸ਼ਤਾ ਬਿਨਾ ਕਿਸੇ ਭੇਦ-ਭਾਵ ਦੇ ਕਰ ਦਿੱਤਾ ਜਾਂਦਾ ਹੈ। ਇੱਥੇ ਕਬੀਲਿਆਂ ਦੀ ਆਪਸੀ ਖਿੱਚੋਤਾਣ ਅਤੇ ਖਹਿਬਾਜ਼ੀ ਹੈ ਜਿਸ ਕਰ ਕੇ ਉਨ੍ਹਾਂ ਦਾ ਬਿਰਤਾਂਤ ਸਰਲਤਾ ਦੇ ਰੁਖ਼ ਨਹੀਂ ਚਲਦਾ। ਸਮੱਸਿਆਵਾਂ ਕਦਮ-ਕਦਮ 'ਤੇ ਜਟਿਲ ਅਤੇ ਪੇਚੀਦਾ ਹੁੰਦੀਆਂ ਜਾਂਦੀਆਂ ਹਨ।

ਮੱਧਕਾਲ ਵਿਚ ਇਸਤਰੀ ਪਾਤਰ/ਨਾਰੀ ਸੀਮਤ ਰੂਪ ਵਿਚ ਪੇਸ਼ ਨਹੀਂ ਹੁੰਦੇ ਸਗੋਂ ਉਹ ਇਕ ਅਣਖ ਅਤੇ ਖ਼ਾਨਦਾਨੀ ਇੱਜ਼ਤ ਦੇ ਵਿਰਾਟ ਅਰਥ ਕਰਦੇ ਪ੍ਰਤੀਤ ਹੁੰਦੇ ਹਨ। ਖੀਵੇ ਖ਼ਾਨ ਦੇ ਪਰਿਵਾਰ ਦੀ ਪਹਿਲਾਂ ਹੀ ਮਿਰਜ਼ੇ ਦੇ ਪਰਿਵਾਰ ਵੱਲੋਂ ਬੇਹੁਰਮਤੀ ਹੋ ਚੁੱਕੀ ਹੁੰਦੀ ਹੈ। ਇਸ ਕਰ ਕੇ ਉਹ ਉਸ ਨਾਲ ਕਿਸੇ ਵੀ ਹਾਲਤ ਵਿਚ ਰਿਸ਼ਤਾ ਕਰਨ ਲਈ ਤਿਆਰ ਨਹੀਂ ਹਨ। ਮਿਰਜ਼ੇ ਦਾ ਪਰਿਵਾਰ ਉਂਝ ਵੀ ਆਰਥਿਕ ਤੌਰ 'ਤੇ ਪਛੜਿਆ ਹੋਇਆ ਹੈ। ਆਰਥਿਕ ਪਛੜੇਂਵਾ ਉਨ੍ਹਾਂ ਦੇ ਕਬੀਲੇ ਨੂੰ ਉਹ ਸਨਮਾਨ ਨਹੀਂ ਦਿਵਾ ਰਿਹਾ ਸੀ ਜੋ ਚੰਧੜ ਕਬੀਲੇ ਨੂੰ ਹਾਸਿਲ ਹੈ। ਸੋ, ਧੀ ਦੇ ਰਿਸ਼ਤੇ ਨੂੰ ਜੋੜਨ ਦੇ ਪਿੱਛੇ ਜੋ ਮਨੋਭਾਵਨਾ ਕਾਰਜ ਕਰ ਰਹੀ ਹੈ, ਉਸ ਭਾਵਨਾ ਤਹਿਤ ਮਿਰਜ਼ੇ ਨੂੰ ਖ਼ਾਰਿਜ ਕਰ ਕੇ ਤਾਹਿਰ ਨੂੰ ਪ੍ਰਵਾਨ ਕਰ ਲਿਆ ਜਾਂਦਾ ਹੈ। ਸਾਹਿਬਾਂ ਸਮਾਜ ਦੀ ਇਸ ਸਾਰੀ ਜਟਿਲ ਸਥਿਤੀ ਨੂੰ ਸਮਝਣ ਤੋਂ ਅਸਮਰੱਥ ਹੈ। ਉਹ ਭਾਵਨਾ ਦੇ ਭਾਵਾਤਮਕ ਵੇਗ ਵਿਚ ਮਿਰਜ਼ੇ ਨੂੰ ਆਪਣਾ ਸਾਥੀ ਸਵੀਕਾਰ ਕਰ ਚੁੱਕੀ ਹੁੰਦੀ ਹੈ ਅਤੇ ਜਦੋਂ ਉਸ ਦੇ ਨਿਕਾਹ ਦਾ ਅਵਸਰ ਆਉਂਦਾ ਹੈ, ਉਹ ਮਿਰਜ਼ੇ ਨੂੰ ਉਧਾਲ ਕੇ ਲੈ ਜਾਣ ਦਾ ਸੁਨੇਹਾ ਪਹੁੰਚਾਉਂਦੀ ਹੈ। ਇਸ ਤੋਂ ਪਹਿਲਾਂ ਇਸ ਰਿਸ਼ਤੇ ਨੂੰ ਸਮਾਜਿਕ ਮਾਨਤਾ ਲਈ ਸਾਹਿਬਾਂ ਦੀ ਮਾਂ ਅਤੇ ਉਸ ਦੀ ਮਾਸੀ ਹਰ ਹੀਲਾ-ਵਸੀਲਾ ਕਰ ਬੈਠਦੀਆਂ ਹਨ। ਜਦੋਂ ਪਾਣੀ ਸਿਰ ਉੱਤੋਂ ਦੀ ਲੰਘਣ ਲੱਗਦਾ ਹੈ ਤਾਂ ਮਿਰਜ਼ਾ ਬੀਬੋ ਦੇ ਸਹਿਯੋਗ ਰਾਹੀਂ ਆਪਣੀ ਸੂਰਮਗਤੀ ਅਤੇ ਹੰਕਾਰੀ ਵੇਗ ਵਿਚ ਇਕੱਲਾ ਹੀ ਸਾਹਿਬਾਂ ਦਾ ਉਧਾਲਾ ਕਰ ਲੈਂਦਾ ਹੈ।

ਉਹ ਇਕੱਲਾ ਇਸ ਯੁੱਗ ਵਿਚ ਇਸ ਕਰ ਕੇ ਹੈ ਕਿ ਮਿਰਜ਼ੇ ਦੇ ਘਰ ਵਿਚ ਉਸ ਦੀ ਭੈਣ ਛੱਤੀ ਦਾ ਨਿਕਾਹ ਰੱਖਿਆ ਹੋਇਆ ਹੈ। ਪਰਿਵਾਰ ਵਾਲੇ ਉਸ ਦੀ ਜਿੱਤ ਦੀ ਤਾਕੀਦ ਅਤੇ ਕਾਮਨਾ ਤਾਂ ਕਰਦੇ ਹਨ ਪਰ ਪ੍ਰੇਮ-ਯੁੱਧ ਵਿਚ ਸ਼ਾਮਿਲ ਨਾ ਹੋ ਸਕਣਾ, ਉਨ੍ਹਾਂ ਦੀ ਮਜਬੂਰੀ ਬਣ ਜਾਂਦਾ ਹੈ:

ਜੱਟ ਚੜ੍ਹਦੇ ਮਿਰਜ਼ੇ ਖ਼ਾਨ ਨੂੰ
ਵੰਝਲ ਦਿੰਦਾ ਮੱਤ।
ਭੱਠ ਰੰਨਾਂ ਦੀ ਦੋਸਤੀ
ਖੁਰੀਂ ਜਿਨ੍ਹਾਂ ਦੀ ਮੱਤ।
... ... ...
ਚੜ੍ਹਦੇ ਮਿਰਜ਼ੇ ਖ਼ਾਨ ਨੂੰ
ਮਾਂ ਮੱਤ ਦੇਇ ਖੜ੍ਹੀ।
ਸੱਪਾਂ ਸ਼ੇਰਾਂ ਦੀ ਦੋਸਤੀ
ਨਾ ਕਰ ਭਾਈ ਅੜੀ।

ਮਿਰਜ਼ਾ ਇਕੱਲਾ ਹੀ ਇਸ ਵੱਡੇ ਪ੍ਰੇਮ-ਯੁੱਧ ਵਿਚ ਨਿੱਤਰ ਪੈਂਦਾ ਹੈ। ਉਸ ਦਾ ਮੁਕਾਬਲਾ ਖੀਵੇ ਖ਼ਾਨ ਅਤੇ ਤਾਹਿਰ ਖ਼ਾਨ ਦੇ ਕਬੀਲਿਆਂ ਨਾਲ ਹੁੰਦਾ ਹੈ। ਸਾਹਿਬਾਂ ਨੇ ਭਾਵੇਂ ਮਿਰਜ਼ੇ ਨੂੰ ਉਧਾਲੇ ਵਾਸਤੇ ਸੱਦਾ ਭੇਜ ਕੇ ਮੰਗਵਾਇਆ ਹੁੰਦਾ ਹੈ ਪਰ ਜਦੋਂ ਪ੍ਰੇਮੀ ਅਤੇ ਭਰਾ ਦੀ ਜੀਵਨ ਰੱਖਿਆ ਦਾ ਸਵਾਲ ਉਸ ਦੇ ਸਾਹਮਣੇ ਆਉਂਦਾ ਹੈ ਤਾਂ ਮਿਰਜ਼ੇ ਨਾਲ ਬੇਵਫ਼ਾਈ ਕਰਦਿਆਂ ਉਸ ਨੂੰ ਬਹੁਤਾ ਵਕਤ ਨਹੀਂ ਲੱਗਦਾ। ਇਸ ਪ੍ਰੇਮ-ਯੁੱਧ ਵਿਚ ਤਾਹਿਰ ਖ਼ਾਨ ਮਾਰਿਆ ਜਾਂਦਾ ਹੈ ਅਤੇ ਮਿਰਜ਼ੇ ਨੂੰ ਵੀ ਪਿਆਰ ਲਈ ਆਹੂਤੀ ਦੇਣੀ ਪੈਂਦੀ ਹੈ।

ਨਤੀਜੇ ਵਜੋਂ ਕਿਹਾ ਜਾ ਸਕਦਾ ਹੈ ਕਿ ਮਿਰਜ਼ਾ ਸਾਹਿਬਾਂ ਦੀ ਪ੍ਰੀਤ ਕਹਾਣੀ ਮੱਧਕਾਲੀ ਯੁੱਗ ਦੀ ਉਸ ਕਬੀਲਾ ਭਾਵਨਾ ਨੂੰ ਜਟਿਲਤਾ ਸਹਿਤ ਪੇਸ਼ ਕਰਨ ਵਿਚ ਸਫ਼ਲ ਹੋਈ ਹੈ ਜਿੱਥੇ ਜ਼ਮੀਨ, ਜਾਇਦਾਦ ਅਤੇ ਹਿੱਤ ਸਿਰਮੌਰ ਹੋ ਜਾਂਦੇ ਹਨ। ਸਮੂਹਿਕ ਪ੍ਰਕਿਰਤੀ ਦੇ ਕਾਇਦੇ-ਕਾਨੂੰਨ ਅਤੇ ਸਰਬ-ਸੰਮਤੀ ਸਾਹਮਣੇ ਵਿਅਕਤੀਗਤ ਹਿੱਤਾਂ ਨੂੰ ਕੁਰਬਾਨ ਹੋਣਾ ਪੈਂਦਾ ਹੈ। ਪੀਲੂ ਨੇ ਕਾਵਿ-ਪ੍ਰਤਿਭਾ ਰਾਹੀਂ ਮਿਰਜ਼ਾ ਸਾਹਿਬਾਂ ਦਾ ਸਮਾਜਿਕ ਪ੍ਰਵਚਨ ਸਿਰਜ ਕੇ ਉਨ੍ਹਾਂ ਦੋਵਾਂ ਨੂੰ ਅਮਰ ਕੀਤਾ ਅਤੇ ਇਸ ਗਾਥਾ ਨੇ ਪੀਲੂ ਨੂੰ ਮਹਾਨ ਸ਼ਾਇਰ ਬਣਾ ਦਿੱਤਾ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਅਪਰੈਲ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-582



*ਬੇਬੇ ਬਾਪੂ ਰਹਿ ਗਏ 'ਕੱਲੇ, ਲਾਉਂਦੇ ਜ਼ਿੰਦਗੀ ਨੂੰ ਰੇੜ੍ਹਾ,*
*ਛੱਡ ਗਿਆ ਪਰਿਵਾਰ ਹੌਲੇ ਹੌਲੇ ਵਸਾ ਕੇ ਨਵਾਂ ਵੇਹੜਾ।*
*ਧੀਆਂ ਪੁੱਤ ਆਪਣੇ ਆਪਣੇ ਘਰ ਤੇ ਹੁਣ ਸਾਰ ਲਵੇ ਕਿਹੜਾ,*
*ਥੱਪੇ ਬੇਬੇ ਖਾਵੇ ਬਾਪੂ ਸ਼ੱਕਰ ਸਾਗ ਪਾ ਮੱਖਣੇ ਦਾ ਪੇੜਾ।*

### ਕੈਪਸ਼ਨ ਮੁਕਾਬਲਾ-580



ਜਿਸ ਬੇਬੇ ਨੇ ਪੁੱਤ-ਪੋਤੇ ਪੜ੍ਹਾਏ,
ਜਗਿਆਸਾ ਹੇਤੂ ਬੇਬੇ ਉਨ੍ਹਾਂ ਤੋਂ ਸਿੱਖੇ।
ਨਵੀਂ ਪੀੜ੍ਹੀ ਕੋਲ ਗੱਲ ਕਰਨ ਦਾ
ਨ੍ਹੀਂ ਟੈਮ,
ਆਪੇ ਮਾਰੇ ਮੱਥਾ,
ਜਿਵੇਂ ਬੱਚੇ ਕਰਦੇ ਡਿੱਠੇ।
ਰੁਝੇਵਿਆਂ ਚ ਪਾ ਕੇ ਹੀ ਜ਼ਿੰਦਗੀ ਕੱਟਦੀ,
ਨਾਲੇ ਪੁੰਨ ਨਾਲੇ ਫਲੀਆਂ,
ਮੈਂ ਕਿਉਂ ਰਹਾਂ ਪਿੱਛੇ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਪੜ੍ਹਣ ਲਿਖਣ ਦੀ ਉਮਰ ਨਹੀਂ ਕੋਈ,
ਜੇ ਸਿੱਖਣ ਦਾ ਹੈ ਚਾਅ।
ਐਪਲ ਦਾ ਕੰਪਿਊਟਰ,
ਜੋ ਦਾਦੀ ਰਹੀ ਚਲਾ।
ਪਾਠ ਪੂਜਾ ਕਰੇ ਨਿੱਤ ਦਾਦੀ,
ਨਾਲੇ ਪੜ੍ਹਦੀ ਗੀਤਾ।
ਨੇਬਰਹੁੱਡ ਕੰਪਿਊਟਰ ਨਾਲ
ਸਨਮਾਨਿਤ ਉਸਨੂੰ ਕੀਤਾ।
**-ਮਾਸਟਰ ਪ੍ਰੀਤਮ ਸਿੰਘ ਲੰਮੇ**
***1-925-325-2486***

---

ਪਿੱਛੇ ਰਹਿਣਾ ਸਮਝਣਗੇ ਬੱਚੇ ਹੱਤਕ
ਦੇਖਣਗੇ ਜਦ ਅੱਸੀਆਂ ਟੱਪੀ
ਪੜ੍ਹ ਰਹੀ ਅਜੇ
ਕੰਪਿਊਟਰ, ਗੂਗਲ ਪੜ੍ਹਨਾ
ਹੋਰ ਵੀ ਸੁਖਾਲਾ
ਦ੍ਰਿੜ੍ਹ ਇਰਾਦਾ ਮਾਤ ਪਾਉਂਦਾ ਉਮਰ ਨੂੰ
ਵਿਹਲੇ ਬਹਿ ਸੋਚਾਂ,
ਹੁੰਦਾ ਮਾਨਸਿਕਤਾ ਦਾ ਸ਼ਿਕਾਰ
ਮਨ ਜੀਤੈ, ਜਗਿ ਜੀਤ।
***-ਦਰਸ਼ਨ ਪਾਲ ਦੋਸਾਂਝ***


## ਜ਼ੁਬਾਨ

ਇਹ ਤਲਵਾਰ ਦੋ ਧਾਰੀ ਹੈ।
ਵਾਰ ਕਰਦੀ ਵਾਰੋ ਵਾਰੀ ਹੈ।
ਕਦੇ ਫਿੱਕੇ ਬੋਲ ਬੋਲਦੀ ਹੈ।
ਕਦੇ ਕੁਫ਼ਰ ਵੀ ਤੋਲਦੀ ਹੈ।
ਹੈ ਮਹਾਂਭਾਰਤ ਕਰਵਾ ਦਿੰਦੀ।
ਭਰਾ ਤੋਂ ਭਰਾ ਮਰਵਾ ਦਿੰਦੀ।
ਜੇ ਰਾਮ ਦੇ ਸੀਨੇ ਚੁੱਭ ਜਾਵੇ।
ਸੀਤਾ ਨੂੰ ਘਰੋਂ ਕਢਵਾ ਜਾਵੇ।
ਸੱਚ ਮਨਸੂਰੋਂ ਬੁਲਵਾ ਦਿੰਦੀ।
ਈਸਾ ਸੂਲੀ ਚੜ੍ਹਵਾ ਦਿੰਦੀ।
ਸੁਕਰਾਤ ਨੂੰ ਜ਼ਹਿਰ ਪਿਆਵੇ।
ਕਦੇ ਨਿਊਟਨ ਧੱਕੇ ਖਾਵੇ।
ਕਦੇ ਖੱਟੀ ਹੈ ਕਦੇ ਮਿੱਠੀ ਹੈ।
ਰਾਜਨੀਤੀ ਲੜਦੀ ਡਿੱਠੀ ਹੈ।
ਜੇ ਡੰਗੇ ਪਾਣੀ ਮੰਗਦਾ ਨਾ।
ਮੁੜਕੇ ਕਦੇ ਵੀ ਖੰਘਦਾ ਨਾ।
ਅੱਗ ਵੀ ਦਿਲ 'ਤੇ ਲਾ ਦਿੰਦੀ।
ਕਦੇ ਠੰਢੇ ਫਹੇ ਰਖਾ ਦਿੰਦੀ।
ਕਦੇ ਝੂਠ ਬੋਲਦੀ ਜੱਜ ਅੱਗੇ।
ਕਈ ਨਿਰਦੋਸ਼ ਫਾਂਸੀ ਟੰਗੇ।
ਜ਼ੁਬਾਨ ਦੇ ਪੱਕੇ ਵਾਅਦੇ ਹੁੰਦੇ।
ਮੁੱਕਰਨ ਦੇ ਵੀ ਇਰਾਦੇ ਹੁੰਦੇ।
ਕਦੇ ਸਾਂਝ ਉਮਰ ਦੀ ਬੰਨ੍ਹੇ।
ਕਦੇ ਅੱਧ ਵਿਚਕਾਰੋਂ ਹੀ ਭੰਨੇ।
ਬੁਜ਼ਦਿਲ ਨੂੰ ਸ਼ੇਰ ਬਣਾ ਦੇਵੇ।
ਅਰਜਨ ਵਾਂਗ ਲੜਾ ਦੇਵੇ।
ਬੁਖਾਰ ਜੰਗ ਦਾ ਚੜ੍ਹਾ ਦੇਵੇ।
ਫਿਰ ਸਮਝੌਤਾ ਕਰਾ ਦੇਵੇ।
ਖੁਸ਼ਾਮਦ ਵੀ ਹੈ ਨਿੱਤ ਕਰਦੀ।
ਨਿੰਦਿਆ ਕਰਨੋਂ ਨਾ ਡਰਦੀ।
ਕਦੇ ਅਸਮਾਨ 'ਤੇ ਚੜ੍ਹ ਪੈਂਦੀ।
ਕਦੇ ਮੂਲ਼ੋਂ ਥੱਲੇ ਵੜ ਪੈਂਦੀ ।
ਜਦੋਂ ਕੌੜਾ ਹੋ ਕੇ ਬੱਕਦੀ ਹੈ।
ਤੇ ਸ਼ਰਮ ਨੂੰ ਪਿੱਛੇ ਧੱਕਦੀ ਹੈ।
ਜਦੋਂ ਵਿਚ ਸਲੀਕੇ ਰਹਿੰਦੀ ਹੈ।
ਫਿਰ ਸਭ ਨੂੰ ਜੀ ਕਹਿੰਦੀ ਹੈ।
ਸਭ ਲੂਤਰੋ ਦੀ ਚਤੁਰਾਈ ਹੈ।
ਜੱਗ ਨੂੰ ਸਮਝ ਨ ਆਈ ਹੈ।
***-'ਨੂਰਪੁਰੀ'***

# 'ਟੰਗ ਤੋੜ' ਪਰਖ

*ਕਿਸੇ ਸਮੇਂ ਅਯੁੱਧਿਆ ਦੇ ਸਾਧੂ ਵੱਖਰੀ ਕਿਸਮ ਦੀ ਕਲਾ ਦੇ ਮਾਹਰ ਹੁੰਦੇ ਸਨ ਪਰ 1980 ਤੋਂ ਬਾਅਦ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਸਰਗਰਮੀ ਤੋਂ ਬਾਅਦ ਸਾਧੂਆਂ ਨੂੰ ਧਾਰਮਿਕ-ਸਿਆਸੀ ਕਾਰਜਾਂ ਲਈ ਵਰਤਿਆ ਜਾਣ ਲੱਗਾ। ਹੁਣ ਤਾਂ ਇਹ ਸਾਧੂ ਪੁਰਾਣੀਆਂ ਪ੍ਰੰਪਰਾਵਾਂ, ਵਿਸ਼ਵਾਸ, ਗੁਰਗੱਦੀ ਅਤੇ ਗਿਆਨ ਦੀ ਥਾਂ ਤਾਕਤ, ਪੈਸਾ ਅਤੇ ਸ਼ਕਤੀ ਲਈ ਖੇਡਾਂ ਖੇਡਦੇ ਹਨ। ਉਘੇ ਪੱਤਰਕਾਰ ਧੀਰੇਂਦਰ ਕੇ. ਝਾਅ ਨੇ ਇਸ ਸਿਆਸੀ ਸ਼ਕਤੀ ਦੇ ਵੇਰਵੇ ਆਪਣੀ ਅੰਗਰੇਜ਼ੀ ਕਿਤਾਬ 'ਅਸੈਟਿਕ ਗੇਮਜ਼' ਵਿਚ ਪੇਸ਼ ਕੀਤੇ ਹਨ। ਇਸ ਕਿਤਾਬ ਦਾ ਪੰਜਾਬੀ ਤਰਜਮਾ ਤਰਸੇਮ ਲਾਲ ਨੇ ਕੀਤਾ ਹੈ। ਆਪਣੇ ਪਾਠਕਾਂ ਲਈ ਅਸੀਂ ਇਹ ਕਿਤਾਬ ਲੜੀਵਾਰ ਛਾਪ ਰਹੇ ਹਾਂ। ਇਸ ਅਹਿਮ ਕਿਤਾਬ ਦੀ ਚੌਥੀ ਕਿਸ਼ਤ ਹਾਜ਼ਿਰ ਹੈ।*

## ਸਾਧੂਆਂ ਦੀ ਦੁਨੀਆ ਅਤੇ ਸਿਆਸਤ-4




ਸਵਾਹ ਮਲੀ, ਗੇਂਦੇ ਵਾਲੀ ਮਾਲਾ ਪਹਿਨੇ ਨਾਗੇ ਕਿੱਥੋਂ ਆਉਂਦੇ ਹਨ ਅਤੇ ਕੁੰਭ ਬਾਅਦ ਕਿੱਥੇ ਚਲੇ ਜਾਂਦੇ ਹਨ? ਜੁਪੀਟਰ ਦੇ 12 ਸਾਲਾਂ ਦੇ ਚੱਕਰ ਦੌਰਾਨ ਇਹ ਕੁੰਭ (ਘੜੇ) ਜੋ ਅੰਮ੍ਰਿਤ ਨਾਲ ਭਰਿਆ ਹੋਇਆ ਸੀ, ਨੂੰ ਰਾਖਸ਼ਾਂ ਤੋਂ ਛੁਪਾਉਂਦੇ-ਛੁਪਾਉਂਦੇ ਤੁਰਦੇ ਰਹੇ। ਇਸ ਦੇ ਕੁੱਝ ਤੁਪਕੇ ਚਾਰ ਥਾਵਾਂ- ਅਲਾਹਾਬਾਦ, ਹਰਿਦੁਆਰ, ਨਾਸਿਕ ਅਤੇ ਉਜੈਨ ਵਿਖੇ ਗਿਰ ਗਏ ਜਿੱਥੇ ਕੁੰਭ ਮੇਲਾ ਲੱਗਦਾ ਹੈ। ਇਹ ਸਥਾਪਿਤ ਕਰਨ ਲਈ ਕਿ ਨਕਲੀ, ਮੰਗਣ ਵਾਲੇ ਸਾਧੂ ਨਕਲੀ ਨਾਗੇ ਬਣ ਕੇ ਮਹਿਮਾਨ ਦੇ ਤੌਰ 'ਤੇ ਕਿਵੇਂ, ਕਿੱਥੋਂ ਅਤੇ ਕਿਉਂ ਆ ਜਾਂਦੇ ਹਨ, ਪੜਤਾਲ ਕੀਤੀ। ਇਹ ਮਹੀਨਾ ਭਰ ਲੰਗਰ ਛਕਦੇ ਹਨ ਅਤੇ ਫਿਰ ਕੁਝ ਭੇਟਾ ਵਾਪਸ ਲੈ ਕੇ ਆ ਜਾਂਦੇ ਹਨ। ਚਾਰ ਅਜਿਹੇ ਸਾਧੂਆਂ ਨਾਲ ਹਰਿਦੁਆਰ ਵਿਖੇ ਦੋਸਤੀ ਗੰਢ ਕੇ ਪਰਿਯਾਗ ਰਾਜ ਤੱਕ ਉਹਨਾਂ ਨੂੰ ਸ਼ਾਹੀ ਜਲੂਸ ਵਿਚ ਪਛਾਣ ਕੇ ਅਤੇ ਜਲੂਸ ਖਤਮ ਹੋਣ ਤੋਂ ਬਾਅਦ ਚਾਰ ਘੰਟੇ



**ਧੀਰੇਂਦਰ ਕੇ. ਝਾਅ**
**ਅਨੁਵਾਦ: ਤਰਸੇਮ ਲਾਲ**

ਪੂਰੀ ਤਸੱਲੀ ਨਾਲ ਗੱਲਬਾਤ ਕਰਨ ਤੋਂ ਬਾਅਦ ਕਨੱਈਆ, ਗੋਪਾਲ, ਇਲਾਮ ਤੇ ਬੱਲੂ ਤੋਂ ਪੂਰੀ ਤਰ੍ਹਾਂ ਇਹ ਸਾਫ ਹੋ ਗਿਆ ਕਿ ਨਾਗਿਆਂ ਦੀ ਭੀੜ ਵਿਚ ਕਾਫੀ ਸਾਧੂ ਅਜਿਹੇ ਨਕਲੀ ਨਾਗੇ ਹਨ। ਇਹ ਦਸਨਾਮੀ ਅਖਾੜੇ ਦੇ ਨਾਗੇ ਸਾਧੂਆਂ ਦੇ ਜਲੂਸ ਦੀ ਸੋਭਾ ਵਧਾਉਂਦੇ ਹਨ। ਇਹ ਉਸ ਅਖਾੜੇ ਦੀ ਸ਼ਕਤੀ ਦਾ ਪ੍ਰਤੀਕ ਹਨ, ਪ੍ਰਚਾਰ ਦਾ ਸਾਧਨ ਹਨ, ਤਾਕਤ ਦਾ ਪ੍ਰਤੀਕ ਹਨ। ਖੱਚਰਾਂ 'ਤੇ ਚੜ੍ਹੇ ਨਾਗੇ ਸਾਧੂ ਤਰ੍ਹਾਂ-ਤਰ੍ਹਾਂ ਦੇ ਵਾਜਿਆਂ ਨਾਲ ਜਲੂਸ ਦੀ ਸੋਭਾ ਵਧਾ ਰਹੇ ਸਨ। ਸ਼ਾਹੀ ਇਸ਼ਨਾਨ ਖਤਮ ਹੋਣ ਬਾਅਦ ਲਗਭਗ 10 ਵਜੇ ਇੱਕ ਭੁਲਦੇ ਪੁਲ ਕੋਲ ਤਿੰਨ ਸੰਨਿਆਸੀ ਗਾਂਜਾ ਮਲਣ ਦੀ ਤਿਆਰੀ ਕਰ ਰਹੇ ਸਨ। 'ਓਮ ਨਮੋ ਨਰਾਇਣ' ਕਹਿਣ 'ਤੇ ਅਤੇ ਵਾਰ-ਵਾਰ ਉਹਨਾਂ ਵਿਚ ਦਿਲਚਸਪੀ ਰੱਖਣ ਕਾਰਨ ਉਹਨਾਂ ਚਿਲਮ ਮੇਰੇ ਵੱਲ ਖਿਸਕਾ ਦਿੱਤੀ। ਮੇਰੇ ਅਸਲੀ ਨਕਲੀ ਨਾਗੇ ਦੇ ਸਵਾਲ 'ਤੇ ਉਹਨਾਂ ਕਿਹਾ- ਅਸਲੀ ਨਾਗੇ ਦਾ ਖੜ੍ਹਾ ਨਹੀਂ ਹੁੰਦਾ, ਤੇ ਨਕਲੀ ਨਾਗਿਆਂ ਦਾ ਤੁਰਨਾ ਸੰਕਲ ਹੋ ਜਾਂਦਾ ਹੈ।

ਬਾਅਦ ਵਿਚ ਹਰਿਦੁਆਰ ਦੇ ਅਵਹਾਨ ਅਖਾੜੇ ਦੇ ਸੰਨਿਆਸੀ ਸ਼ਿਵਰਾਜ ਗਿਰੀ ਨੇ ਦੱਸਿਆ ਕਿ ਇਹ ਰਸਮ (ਗੁਪਤ ਦੀਖਿਆ) ਜੋ ਹਰ ਨਾਗਾ ਸੰਨਿਆਸੀ ਲਈ ਲਾਜ਼ਮੀ ਹੈ ਤੇ ਗੁਪਤ ਹੁੰਦੀ ਹੈ, ਬਹੁਤ ਦਰਦਨਾਕ ਹੁੰਦੀ ਹੈ।

ਪਹਿਲੇ ਪੜਾਅ ਵਿਚ ਸ਼ੈਵ ਅਖਾੜੇ ਦਾ 'ਕਾਰਵਾਈ' (ਨਾਮ ਦਾ ਰਿਕਾਰਡ ਰੱਖਣ ਵਾਲਾ) ਉਸ ਉਮੀਦਵਾਰ ਦਾ ਨਾਮ, ਗੁਰੂ ਦਾ ਨਾਮ, ਮੋਕਸ਼ ਦੀ ਸ਼ੁਰੂਆਤ ਦਾ ਦਿਨ, ਉਸ ਦਾ ਹਲਫਨਾਮਾ ਕਿ ਉਸ ਨੇ ਗੜੀ ਦੇ ਸਾਰੇ ਭੁਗਤਾਨ ਚੁਕਤਾ ਕਰ ਦਿੰਦਾ ਹੈ। ਉਹ ਮਿਥੇ ਦਿਨ, ਸਿਰ ਮੂੰਹ ਸ਼ੇਵ ਕਰ ਕੇ, ਬੋਦੀ ਰੱਖ ਕੇ ਚੇਲਿਆਂ ਨਾਲ ਪੇਸ਼ ਹੁੰਦਾ ਹੈ। ਪੰਡਿਤ, ਗੁਰੂ ਅਤੇ ਮੋਕਸ਼ ਦੇਣ ਵਾਲਾ ਤਿਕੋਣ ਵਿਚ ਬੈਠਦੇ ਹਨ; ਧੂਣੀ ਦੁਆਲੇ ਪਰਮਾਤਮਾ ਨੂੰ ਫੁੱਲ ਅਤੇ ਪਾਣੀ ਭੇਟ ਕਰਦੇ ਹਨ। ਮੋਕਸ਼ ਦੇਣ ਵਾਲੇ ਜਿਸ ਨੂੰ ਮੰਤਰ ਗੁਰੂ ਕਹਿੰਦੇ ਹਨ, ਤੋਂ ਇਲਾਵਾ ਚਾਰ ਹੋਰ ਗੁਰੂ ਇਸ ਅਖਾੜੇ ਦੇ ਉਮੀਦਵਾਰ ਲਈ ਵਿਭੂਤੀ, ਲੰਗੋਟੀ, ਰੁਦਰਾਕਸ਼ ਮਾਲਾ ਤੇ ਜਨੇਊ ਲੈ ਕੇ ਆਉਂਦੇ ਹਨ। ਇਨ੍ਹਾਂ ਨੂੰ ਵਿਭੂਤੀ ਗੁਰੂ, ਲੰਗੋਟੀ ਗੁਰੂ, ਰੁਦਰਾਕਸ਼ ਗੁਰੂ ਅਤੇ ਜਨੇਊ ਗੁਰੂ ਕਿਹਾ ਜਾਂਦਾ ਹੈ। ਇਸ ਤਰ੍ਹਾਂ ਪੰਜ ਗੁਰੂ ਹੁੰਦੇ ਹਨ। ਬੋਦੀ ਦੀ ਸ਼ੇਵ ਕੀਤੀ ਜਾਂਦੀ ਹੈ। ਉਸ ਦੇ ਕੰਨ ਵਿਚ ਤਿੰਨ ਵਾਰ ਮੰਤਰ ਦਾ ਉਚਾਰਨ ਕੀਤਾ ਜਾਂਦਾ ਹੈ ਅਤੇ ਨਵਾਂ ਨਾਮ ਦਿੱਤਾ ਜਾਂਦਾ ਹੈ। ਇਸ ਪਿੱਛੇ ਦਸਨਾਮੀ ਦੇ ਦਸਾਂ ਵਿਚੋਂ ਇੱਕ ਅਖਾੜੇ ਦਾ ਨਾਮ ਜੋੜਿਆ ਜਾਂਦਾ ਹੈ। ਹੁਣ ਉਸ ਨੂੰ ਮਹਾਂ ਪੁਰਸ਼ ਕਹਿੰਦੇ ਹਨ।


ਦੂਜੇ ਪੜਾਅ ਵਿਚ ਉਸ ਦੇ ਪਿਛਲੇ ਸਾਰੇ ਸਬੰਧ ਖਤਮ ਕੀਤੇ ਜਾਂਦੇ ਹਨ। ਉਸ ਨੂੰ ਜਨਮ ਮਰਨ ਦੇ ਬੰਧਨਾਂ ਤੋਂ ਦੂਰ ਕੀਤਾ ਜਾਂਦਾ ਹੈ। ਮਹਾਂ ਪੁਰਸ਼ ਤੋਂ ਸੰਨਿਆਸੀ ਬਣਨ 'ਤੇ ਯੱਗ ਕੀਤਾ



ਕੁੰਭ ਮੌਕੇ ਜਲੂਸ ਵਿਚ ਹਿੱਸਾ ਲੈ ਰਹੇ ਨਾਗਾ ਸਾਧੂ।

ਜਾਂਦਾ ਹੈ। ਵਿਰਾਜ ਹਵਨ ਜਾਂ ਵਿੱਦਿਆ ਸੰਸਕਾਰ ਕੁੰਭ ਮੇਲੇ ਸਮੇਂ ਕੀਤਾ ਜਾਂਦਾ ਹੈ। ਇਸ ਦਾ ਵੱਡਾ ਹਿੱਸਾ ਬ੍ਰਾਹਮਣ ਪੰਡਿਤ ਅਤੇ ਕੁਝ ਅਚਾਰੀਆ ਗੁਰੂ ਜਾਂ ਮਹਾਂ ਮੰਡਲੇਸ਼ਵਰ ਵੱਲੋਂ ਕੀਤਾ ਜਾਂਦਾ ਹੈ। ਅਚਾਰੀਆ ਗੁਰੂ ਇਸ ਉਮੀਦਵਾਰ ਨੂੰ ਆਖਰੀ ਮੌਕਾ ਦਿੰਦਾ ਹੈ ਕਿ ਜੇ ਉਹ ਚਾਹੇ ਤਾਂ ਘਰ ਪਰਤ ਸਕਦਾ ਹੈ ਅਤੇ ਆਪਣੇ ਪਰਿਵਾਰ ਕੋਲ ਜਾ ਸਕਦਾ ਹੈ। ਉਮੀਦਵਾਰ ਕੱਪੜੇ ਉਤਾਰ ਕੇ ਉੱਤਰ ਵੱਲ ਕੁੱਝ ਕਦਮ ਤੁਰਦਾ ਹੈ ਅਤੇ ਅਚਾਰੀਆ ਗੁਰੂ ਦੁਆਰਾ ਵਾਪਸ ਬੁਲਾਇਆ ਜਾਂਦਾ ਹੈ। ਇਹ ਕਦਮ ਹਿਮਾਲਿਆ ਯਾਤਰਾ ਨੂੰ ਚਿੰਨ੍ਹਤ ਕਰਦੇ ਹਨ। ਇਸ ਦੌਰਾਨ ਬਿਨਾ ਭੋਜਨ, ਪਾਣੀ, ਯਾਤਰੀ ਅਕਸਰ ਮਰ ਜਾਂਦੇ ਹਨ। ਇਹ ਸਵੇਰ ਸਮੇਂ ਦਰਿਆ ਦੇ ਕਿਨਾਰੇ ਕੀਤੇ ਜਾਂਦੇ ਹਨ। ਸ਼ਾਮ ਵੇਲੇ ਉਮੀਦਵਾਰ ਅਖਾੜੇ ਵਿਚ ਆ ਜਾਂਦਾ ਹੈ ਜਿਸ ਵਿਚ ਚਾਰ ਚਿਤਾਵਾਂ ਜਲ ਰਹੀਆਂ ਹੁੰਦੀਆਂ ਹਨ ਜੋ ਚਾਰੇ ਦਿਸ਼ਾਵਾਂ ਵਿਚ ਹੁੰਦੀਆ ਹਨ। ਇਥੇ ਵਿਰਾਜ ਹਵਨ ਜਾਂ ਹੋਮਾ ਕੀਤਾ ਜਾਂਦਾ ਹੈ। ਉਮੀਦਵਾਰ ਪ੍ਰਸ਼ਾਦ ਭੇਟ ਕਰਨ ਤੋਂ ਬਾਅਦ ਯੱਗ ਕਰਦੇ ਹਨ। ਪੁਰਸ਼ ਸੂਕਤ (ਰਿਗਵੇਦ) ਵਿਚੋਂ 16 ਸਲੋਕ ਪੜ੍ਹੇ ਜਾਂਦੇ ਹਨ। ਇਹ ਅੰਤਮ ਰਸਮਾਂ ਸਮੇਂ ਅਖਾੜੇ ਦਾ ਸੰਨਿਆਸੀ ਪੜ੍ਹਦਾ ਹੈ। ਉਮੀਦਵਾਰ ਅੰਤਮ ਰਸਮਾਂ ਪੂਰੀਆਂ ਕਰਦਾ ਹੈ ਅਤੇ ਜਨਮ ਮਰਨ ਤੋਂ ਨਿਰਲੇਪ ਹੋ ਜਾਂਦਾ ਹੈ। ਵਿਸਥਾਰ ਸਹਿਤ ਆਪਣੇ ਸ਼ਰਾਧ ਕਰਨ ਤੋਂ ਬਾਅਦ ਉਹ ਆਪਣੀਆਂ ਪੂਰਵ-ਆਤਮਾਵਾਂ ਨਾਲ ਮਿਲ ਜਾਂਦਾ ਹੈ, ਭੂਤ ਬਣ ਕੇ ਇੱਧਰ ਉਧਰ ਨਹੀਂ ਫਿਰਦਾ। ਅਗਲੀ ਸਵੇਰ ਸੂਰਜ ਚੜ੍ਹਨ ਤੋਂ ਪਹਿਲਾਂ ਮੋਕਸ਼ ਪ੍ਰਾਪਤ ਕਰਨ ਵਾਲਾ ਸ਼ਖਸ ਅਤੇ ਅਚਾਰੀਆ ਗੁਰੂ ਦਰਿਆ 'ਤੇ ਜਾਂਦੇ ਹਨ ਜਿਥੇ ਕੁਝ ਹੋਰ ਰਸਮਾਂ ਕੀਤੀਆਂ ਜਾਂਦੀਆਂ ਹਨ। ਇੱਥੇ ਗੁਰੂ, ਸੂਰਜ ਤੇ ਚੰਦਰਮਾ, ਹਵਾ ਤੇ ਅਗਨੀ, ਧਰਤੀ ਤੇ ਆਸਮਾਨ, ਦਿਲ ਤੇ ਦਿਮਾਗ, ਸਵੇਰ ਤੇ ਸ਼ਾਮ ਦੀਆਂ ਰੋਸ਼ਨੀਆਂ ਨੂੰ ਬੁਲਾਉਂਦੇ ਹਨ ਤੇ ਸਾਰੇ ਦੇਵੀ ਦੇਵਤਿਆਂ ਨੂੰ ਗਵਾਹ ਬਣਾਉਂਦੇ ਹਨ ਤਾਂ ਜੋ ਸੰਨਿਆਸੀ ਬਣਨ ਵਾਲੇ ਸ਼ਖਸ ਦੇ ਨਿਸ਼ਚੇ ਨੂੰ ਪਰਪੱਕ ਹੁੰਦਾ ਦੇਖ ਸਕਣ। ਇਸ ਤੋਂ ਬਾਅਦ ਕਈ ਤਰ੍ਹਾਂ ਦੇ ਮੰਤਰ ਉਚਾਰੇ ਜਾਂਦੇ ਹਨ, ਖਾਸ ਤੌਰ 'ਤੇ ਗਾਇਤਰੀ ਅਤੇ ਪਰੇਸ਼ ਮੰਤਰ ਅਲੱਗ-ਅਲੱਗ ਧੁਨੀਆਂ ਵਿਚ ਉਚਾਰਿਆ ਜਾਂਦਾ ਹੈ। ਕਮਰ ਤੱਕ ਪਾਣੀ ਵਿਚ ਖੜ੍ਹ ਕੇ ਕਈ ਕਿਸਮ ਦੀਆਂ ਕਸਮਾਂ ਲਈਆਂ ਜਾਂਦੀਆਂ ਹਨ। ਇਸ ਤੋਂ ਬਾਅਦ ਮਹਾਂਪੁਰਸ਼ ਸੰਨਿਆਸੀ ਬਣ ਜਾਂਦਾ ਹੈ ਜੋ ਸੰਸਾਰ ਤੋਂ ਨਿਰਲੇਪ ਹੁੰਦਾ ਹੈ।

ਤੀਜਾ ਪੜਾਅ ਉਹਨਾਂ ਸੰਨਿਆਸੀਆਂ ਲਈ ਹੁੰਦਾ ਹੈ ਜੋ ਸੰਨਿਆਸੀ ਨਾਗਾ ਬਣਨਾ ਚਾਹੁੰਦੇ ਹਨ। ਪਹਿਲਾਂ ਇਸ ਲਈ ਕਈ ਸਾਲਾਂ ਦਾ ਵਕਫਾ ਰੱਖਿਆ ਜਾਂਦਾ ਸੀ ਪਰ ਅੱਜ ਕੱਲ੍ਹ ਵਿਰਾਜ ਹਵਨ ਦੇ ਇੱਕ-ਦੋ ਦਿਨ ਬਾਅਦ ਹੀ ਨਾਗਾ ਬਣਨ ਦੀ ਰਸਮ ਸ਼ੁਰੂ ਹੋ ਜਾਂਦੀ ਹੈ। ਇਹ ਰਾਤ ਦੇ ਹਨੇਰੇ ਵਿਚ ਕੀਤੀ ਜਾਂਦੀ ਹੈ ਜਿੱਥੇ ਸੰਨਿਆਸੀ ਕੀਰਤੀ ਸਤੰਭ ਅੱਗੇ ਖੜ੍ਹਦਾ ਹੈ ਜੋ ਅਖਾੜੇ ਦੇ ਮੱਧ ਵਿਚ ਵੱਡਾ ਸਤੰਭ ਹੁੰਦਾ ਹੈ। ਉਸ ਨਾਲ ਚਾਰ ਸ੍ਰੀ ਮਹੰਤ ਜੋ ਚਾਰ ਮੜ੍ਹੀਆਂ ਦੇ ਪ੍ਰਤੀਕ ਹੁੰਦੇ ਹਨ, ਖੜ੍ਹਦੇ ਹਨ। ਅਚਾਰੀਆ ਗੁਰੂ ਜਿਸ ਨੇ ਉਸ ਨੂੰ ਮੰਤਰ ਦਿੱਤਾ ਸੀ, ਉਸ ਦੇ ਸਿਰ 'ਤੇ ਪਾਣੀ ਪਾਉਂਦਾ ਹੈ ਅਤੇ ਉਸ ਦਾ ਲਿੰਗ ਤਿੰਨ ਵਾਰ ਇੰਨੇ ਜ਼ੋਰ ਨਾਲ ਖਿੱਚਦਾ ਹੈ ਕਿ ਆਮ ਆਦਮੀ ਉਸ ਨੂੰ ਸਹਿਣ ਨਹੀਂ ਕਰ ਸਕਦਾ। ਇਸ ਨੂੰ 'ਟੰਗ ਤੋੜ' ਕਹਿੰਦੇ ਹਨ। ਇਸ ਵਿਚ ਇਸ ਦੇ ਲਿੰਗ ਦੀ ਹੇਠਲੀ ਝਿੱਲੀ ਤੋੜ ਦਿੱਤੀ ਜਾਂਦੀ ਹੈ ਅਤੇ ਉਸ ਨੂੰ ਨਿਪੁੰਸਕ ਬਣਾ ਦਿੱਤਾ ਜਾਂਦਾ ਹੈ। ਇਉਂ ਉਹ ਨਾਗਾ ਬਣ ਜਾਂਦਾ ਹੈ। ਅਸਲੀ ਨਾਗੇ ਦੀ ਪਛਾਣ ਇਸ ਦੇ ਲਿੰਗ ਦੀ ਸਥਿਤੀ ਤੋਂ ਹੀ ਜਾਣੀ ਜਾ ਸਕਦੀ ਹੈ। ਇਹ ਕਹਾਣੀ ਅਲਾਹਾਬਾਦ ਦੇ ਜੂਨਾ ਅਖਾੜੇ ਦੇ ਨਾਗਿਆਂ ਨੇ ਲੇਖਕ ਨੂੰ ਸੁਣਾਈ।



ਕੁੰਭ ਦੇ ਮੇਲੇ ਦੌਰਾਨ ਇਕ ਨੌਜਵਾਨ ਨਾਗਾ ਸਾਧੂ।

> **ਦਸਨਾਮੀ ਅਖਾੜੇ, ਖਾਸ ਤੌਰ 'ਤੇ ਵੱਡੇ ਅਖਾੜੇ, ਕੁੰਭ ਮੇਲੇ ਸਮੇਂ ਸ਼ਰਧਾਲੂਆਂ ਦੀਆਂ ਆਸ਼ਾਵਾਂ ਤੋਂ ਜਾਣੂ ਹੁੰਦੇ ਹਨ। ਇਸ ਲਈ ਉਹ ਮੁੱਖ ਪ੍ਰਬੰਧਕ ਟੰਗ ਤੋੜ ਨਾਗਿਆਂ ਨੂੰ ਹੀ ਥਾਪਦੇ ਹਨ। ਅਸਲ ਵਿਚ, ਨਾਗਿਆਂ ਦੀਆਂ ਤਿੰਨ ਕਿਸਮਾਂ ਹਨ। ਪਹਿਲੀ ਕਿਸਮ ਦੇ ਜੋ ਇਸ ਨਵੇਂ ਸੰਸਾਰ ਵਿਚ ਦਾਖਲਾ ਲੈਣ ਵਿਚ ਅਸਫਲ ਹੋ ਗਏ। ਦੂਜੀ ਕਿਸਮ ਦੇ ਜਿਨ੍ਹਾਂ ਨੇ ਅਖਾੜੇ ਰੱਦ ਕਰ ਦਿੱਤੇ; ਉਹ ਹਰ ਬੁਰੇ ਕੰਮ ਲਈ ਅਖਾੜਿਆਂ ਨੂੰ ਹੀ ਦੋਸ਼ੀ ਠਹਿਰਾਉਂਦੇ ਹਨ। ਤੀਜੀ ਕਿਸਮ ਦੇ ਸਚਾਈ ਦੀ ਭਾਲ ਵਿਚ ਘੁੰਮ ਰਹੇ ਹਨ।**

ਦਸਨਾਮੀ ਅਖਾੜੇ, ਖਾਸ ਤੌਰ 'ਤੇ ਵੱਡੇ ਅਖਾੜੇ, ਕੁੰਭ ਮੇਲੇ ਸਮੇਂ ਸ਼ਰਧਾਲੂਆਂ ਦੀਆਂ ਆਸ਼ਾਵਾਂ ਤੋਂ ਜਾਣੂ ਹੁੰਦੇ ਹਨ। ਇਸ ਲਈ ਉਹ ਮੁੱਖ ਪ੍ਰਬੰਧਕ ਟੰਗ ਤੋੜ ਨਾਗਿਆਂ ਨੂੰ ਹੀ ਥਾਪਦੇ ਹਨ। ਮੰਡੀ ਵਿਚ ਮੁਕਾਬਲਾ ਬੜਾ ਤਿੱਖਾ ਹੈ। ਇਸ ਲਈ ਇਹ ਨਾਗੇ ਅਸਲੀ ਨਾਗਿਆਂ ਵਾਂਗ ਹੀ ਵਿਚਰਦੇ ਹਨ। ਅੱਜ ਕੱਲ੍ਹ ਦੇ ਸਮਿਆਂ ਵਿਚ ਨਵੀਂ ਭਰਤੀ ਬਹੁਤ ਘੱਟ ਹੋ ਰਹੀ ਹੈ। ਕੁੰਭ ਰਾਜਸੀ ਤਮਾਸ਼ਾ ਬਣ ਗਏ ਹਨ। ਇਸ ਲਈ ਦਸਨਾਮੀ ਅਖਾੜੇ ਵੀ ਚੰਗਾ ਪ੍ਰਭਾਵ ਦੇਣ ਲਈ ਨਕਲੀ, ਭਾੜੇ ਦੇ ਨਾਗਿਆਂ ਦਾ ਪ੍ਰਬੰਧ ਕਰਦੇ ਹਨ।

ਅਸਲ ਵਿਚ, ਨਾਗਿਆਂ ਦੀਆਂ ਤਿੰਨ ਕਿਸਮਾਂ ਹਨ। ਪਹਿਲੀ ਕਿਸਮ ਦੇ ਜੋ ਇਸ ਨਵੇਂ ਸੰਸਾਰ ਵਿਚ ਦਾਖਲਾ ਲੈਣ ਵਿਚ ਅਸਫਲ ਹੋ ਗਏ। ਦੂਜੀ ਕਿਸਮ ਦੇ ਜਿਨ੍ਹਾਂ ਨੇ ਅਖਾੜੇ ਰੱਦ ਕਰ ਦਿੱਤੇ; ਉਹ ਹਰ ਬੁਰੇ ਕੰਮ ਲਈ ਅਖਾੜਿਆਂ ਨੂੰ ਹੀ ਦੋਸ਼ੀ ਠਹਿਰਾਉਂਦੇ ਹਨ। ਤੀਜੀ ਕਿਸਮ ਦੇ ਸਚਾਈ ਦੀ ਭਾਲ ਵਿਚ ਘੁੰਮ ਰਹੇ ਹਨ।

ਅਨੰਦ ਗਿਰੀ ਅਨੁਸਾਰ, "ਅੱਜ ਕੱਲ੍ਹ ਦੇ ਕੁੰਭ ਖਾਲੀ ਘੜਾ ਹਨ। ਘੜਾ ਤੋੜਨ ਸਮੇਂ ਸਾਰਾ ਅੰਮ੍ਰਿਤ ਇੱਧਰ ਉੱਧਰ ਡੁੱਲ੍ਹ ਗਿਆ ਹੈ। ਜਦ ਮੈਨੂੰ ਇਹ ਕੁੱਝ ਪਤਾ ਲੱਗਿਆ, ਬਹੁਤ ਗੁੱਸਾ ਆਇਆ ਪਰ ਅੱਜ ਕੱਲ੍ਹ ਕੌਣ ਕਿਸੇ ਦੀ ਪ੍ਰਵਾਹ ਕਰਦਾ ਹੈ? ਹਰ ਕੋਈ ਡਰਾਮੇ ਕਰ ਰਿਹਾ ਹੈ। ਕਈ ਇਸ ਦਾ ਪ੍ਰਬੰਧ ਕਰਦੇ ਹਨ ਅਤੇ ਕਈ ਭਾਗ ਲੈਂਦੇ ਹਨ। ਹੁਣ ਕੋਈ ਆਦਰਸ਼ ਨਹੀਂ ਰਹਿ ਗਏ। ਨੌਜਵਾਨ ਕਿਉਂ ਭਰਤੀ ਹੋਣ?"

ਮਹਾਂ ਨਿਰਵਾਣੀ ਅਖਾੜੇ ਦੇ ਰਵਿੰਦਰ ਪੁਰੀ ਅਨੁਸਾਰ, "ਅਖਾੜਿਆਂ ਦੀ ਸਥਿਤੀ ਕਮਜ਼ੋਰ ਹੋ ਰਹੀ ਹੈ। ਉਹ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰ ਰਹੇ ਹਨ। ਹੁਣ ਕਲਯੁੱਗ ਦੇ ਦੌਰ ਵਿਚ ਨਵੀਂ ਭਰਤੀ ਲਗਭਗ ਬੰਦ ਹੈ। 1925 ਤੱਕ ਮਹਾਂ ਨਿਰਵਾਣੀ ਅਖਾੜੇ ਕੋਲ 30,000 ਨਾਗੇ ਸਾਧੂ ਸਨ ਪਰ ਹੁਣ ਗਿਣਤੀ ਬਾਰੇ ਕੁੱਝ ਪਤਾ ਹੀ ਨਹੀਂ।"

ਦਸਨਾਮੀ ਅਖਾੜਿਆਂ ਵਿਚੋਂ ਜੂਨਾ ਅਤੇ ਨਿਰੰਜਨੀ ਅਖਾੜੇ ਵਿਚ ਅਜੇ ਵੀ ਕੁੰਭ ਮੇਲੇ ਸਮੇਂ ਜ਼ਬਰਦਸਤ ਮੁਕਾਬਲਾ ਹੁੰਦਾ ਹੈ। ਵੱਡੇ ਸਾਧੂ ਨਕਲੀ ਨਾਗਿਆਂ ਵਾਲੀ ਗੱਲ ਨਹੀਂ ਸਵੀਕਾਰਦੇ ਪਰ ਮੁਕਾਬਲਾ ਪਿਛਲੇ ਦੋ ਤਿੰਨ ਕੁੰਭਾਂ ਤੋਂ ਜ਼ਿਆਦਾ ਹੀ ਵਧ ਗਿਆ ਹੈ।

ਮੱਧ ਯੁੱਗ ਸਮੇਂ ਸ਼ਾਹੀ ਰਾਜੇ, ਹਿੰਦੂ ਤੇ ਮੁਸਲਮਾਨਾਂ ਦੀਆਂ ਸੇਵਾਵਾਂ ਅਖਾੜਿਆਂ ਦੇ ਰੂਪ ਵਿਚ ਲੜਾਈਆਂ ਲਈ ਵਰਤਦੇ ਸਨ। ਹੇਠਲੇ ਵਰਗ ਦੇ ਲੋਕ ਇਨ੍ਹਾਂ ਵਿਚ ਸ਼ਾਮਲ ਹੁੰਦੇ ਸਨ। ਅੰਗਰੇਜ਼ਾਂ ਦਾ ਸ਼ਾਸਨ ਆਉਣ ਤੱਕ ਵੀ ਇਹਨਾਂ ਦੇ ਹਥਿਆਰਬੰਦ ਸਮੂਹਾਂ ਦੀ ਵਰਤੋਂ ਉਹ ਆਪਣੇ ਹਿੱਤਾਂ ਲਈ ਕਰਦੇ ਸਨ। ਮੰਦਰਾਂ ਵਿਚ ਜੰਗਾਲ ਲੱਗੇ ਪੁਰਾਣੇ ਹਥਿਆਰ ਅਜੇ ਵੀ ਲਟਕ ਰਹੇ ਹਨ ਪਰ ਅੰਗਰੇਜ਼ਾਂ ਦੇ ਚਿੰਨ੍ਹਾਂ ਦੀ ਜ਼ਿਆਦਾ ਵਰਤੋਂ ਨਹੀਂ ਕੀਤੀ ਜਾਂਦੀ। 20ਵੀਂ ਸਦੀ ਦੇ ਮੁੱਢ ਤੱਕ ਨਾਗੇ ਸਾਧੂ ਗਰੁੱਪਾਂ ਵਿਚ ਪਿੰਡਾਂ ਅਤੇ ਸ਼ਹਿਰਾਂ ਵਿਚ ਜਾਂਦੇ ਅਤੇ ਲੋਕਾਂ ਨੂੰ ਅਸ਼ੀਰਵਾਦ ਦਿੰਦੇ ਤੇ ਭੇਟਾ ਸਵੀਕਾਰ ਕਰਦੇ। ਉਹ ਟੈਂਟਾਂ ਦੇ ਨਾਲ ਹੀ ਘੁੰਮਦੇ ਅਤੇ ਟੈਂਟ ਲਗਾ ਕੇ ਕਈ ਕਈ ਦਿਨ ਉਥੇ ਰਹਿੰਦੇ। ਪ੍ਰਾਚੀਨ ਸਮਿਆਂ ਵਿਚ ਘਰੋਂ ਅੱਕੇ ਬੇਰੁਜ਼ਗਾਰ, ਬਾਗੀ ਨੌਜਵਾਨ ਅਖਾੜਿਆਂ ਵਿਚ ਅਲੱਗ ਕਿਸਮ ਦੀ ਜ਼ਿੰਦਗੀ ਬਤੀਤ ਕਰਨ ਲਈ ਖਿੱਚੇ ਜਾਂਦੇ ਸਨ ਪਰ ਹੁਣ ਨਵੀਂ ਸਿੱਖਿਆ ਅਤੇ ਰੁਜ਼ਗਾਰ ਦੇ ਬਦਲਵੇਂ ਮੌਕਿਆਂ ਕਾਰਨ ਉਹ ਇੱਧਰ ਆਉਣਾ ਪਸੰਦ ਨਹੀਂ ਕਰਦੇ। ਮੀਡੀਆ ਦੇ ਫੈਲਾਅ ਨਾਲ ਕੁੰਭ ਦਾ ਪ੍ਰਚਾਰ ਵਧ ਰਿਹਾ ਹੈ। ਮਾਈਕ ਲੈ ਕੇ ਘੁੰਮ ਰਹੇ ਪੱਤਰ ਪ੍ਰੇਰਕ ਅਤੇ ਵਿਦੇਸ਼ੀ ਮੀਡੀਆ ਦੇ ਪ੍ਰਚਾਰ ਪ੍ਰਸਾਰ ਨੇ ਅਖਾੜਿਆਂ ਉੱਪਰ ਵਧੀਆ ਪੇਸ਼ਕਾਰੀ ਲਈ ਦਬਾਅ ਵਧਾ ਦਿੱਤਾ ਹੈ।

ਨਾਗਾ ਸਾਧੂਆਂ ਦਾ ਜਲੂਸ ਭਾਵੇਂ ਕੁਦਰਤੀ ਨਹੀਂ ਹੁੰਦਾ ਪਰ ਉਹ ਕੱਪੜੇ ਪਹਿਨ ਕੇ ਜਲੂਸ ਕੱਢਣ ਲਈ ਵੀ ਤਿਆਰ ਨਹੀਂ। ਇਹੀ ਉਹਨਾਂ ਦੀ ਪੁਰਾਣੀ ਵਿਰਾਸਤ ਦਾ ਚਿੰਨ੍ਹ ਹੈ। ਉਹ ਖਾੜਕੂ ਢੰਗਾਂ, ਹਥਿਆਰਾਂ ਨਾਲ ਮੀਡੀਆ ਦੀ ਨਜ਼ਰ ਵਿਚ ਵਿਸ਼ੇਸ਼ ਨਜ਼ਰ ਆਉਣਾ ਚਾਹੁੰਦੇ ਹਨ। ਅੰਗਰੇਜ਼ਾਂ ਨੇ 1840 ਵਿਚ ਭਾਵੇਂ ਨੰਗੇਜ 'ਤੇ ਰੋਕ ਲਗਾ ਦਿੱਤੀ ਸੀ ਪਰ ਧਾਰਮਿਕ ਸੰਗਠਨਾਂ ਵਿਚ ਇਹ ਕਿਵੇਂ ਨਾ ਕਿਵੇਂ ਜਾਰੀ ਰਿਹਾ। ਦਸਨਾਮੀ ਅਖਾੜਿਆਂ ਦੀ ਪਛਾਣ ਦਾ ਸੂਚਕ ਹੀ, ਨਾਗਾ ਜਲੂਸ ਹੈ। 1861 ਅਤੇ 1872 ਵਿਚ ਨਿਰਮਲ ਅਖਾੜੇ ਦੇ ਨਾਗਾ ਜਲੂਸ ਦਾ (ਤਿੰਨ ਸਿੱਖ ਅਖਾੜਿਆਂ ਵਿਚੋਂ ਇੱਕ) ਗੋਦਾਵਰੀ ਇਸ਼ਨਾਨ ਸਮੇਂ ਦਸਨਾਮੀ ਨਾਗਿਆਂ ਨਾਲ ਟਕਰਾ ਹੋ ਗਿਆ ਪਰ ਅੰਗਰੇਜ਼ੀ ਸ਼ਾਸਕਾਂ ਨੇ ਨਿਰਮਲਿਆਂ ਨਾਲ ਖੜ੍ਹ ਕੇ ਸ਼ਾਂਤੀ ਬਣਾਈ ਰੱਖੀ। ਆਜ਼ਾਦੀ ਤੋਂ ਬਾਅਦ ਵੀ ਇਹ ਪ੍ਰਥਾ ਜਾਰੀ ਰਹੀ। 1954 ਵਿਚ ਹੋਏ ਹਾਦਸੇ ਤੋਂ ਬਾਅਦ ਨਾਗਾ ਜਲੂਸਾਂ 'ਤੇ ਪਾਬੰਦੀ ਦੀ ਮੰਗ ਫਿਰ ਤੇਜ਼ ਹੋਈ। ਕੁੰਭ ਹਾਦਸੇ ਦੀ ਜਾਂਚ ਕਮੇਟੀ ਨੇ ਜ਼ੋਰ ਦਿੱਤਾ ਕਿ ਅਸਲੀ ਯੋਗੀ (ਮੋਕਸ਼ ਪ੍ਰਾਪਤ) ਜੋ ਦਿਗੰਬਰ ਬਣ ਗਿਆ, ਨੂੰ ਦਿਖਾਵੇ ਦੀ ਲੋੜ ਨਹੀਂ ਹੈ ਪਰ 1960 ਦੇ ਅਲਾਹਾਬਾਦ ਅਰਧ ਕੁੰਭ ਤੋਂ ਪਹਿਲਾ ਬਣਾਈ ਕਮੇਟੀ ਨੇ 1954 ਵਾਲੀ ਕਮੇਟੀ ਦੀਆਂ ਸਿਫਾਰਸ਼ਾਂ ਰੱਦ ਕਰ ਕੇ ਫਿਰ ਨਾਗਾ ਜਲੂਸਾਂ ਨੂੰ ਮਾਨਤਾ ਦੇ ਦਿੱਤੀ ਅਤੇ ਉਹਨਾਂ ਜਲੂਸਾਂ ਵਿਚ ਵਿਘਨ ਨਾ ਪਾਉਣ ਬਾਰੇ ਕਿਹਾ। 'ਅੰਮ੍ਰਿਤ ਬਾਜ਼ਾਰ ਪੱਤ੍ਰਿਕਾ' ਦੇ ਸੰਪਾਦਕੀ ਅਤੇ ਹੋਰ ਮੀਡੀਆ ਨੇ ਭਾਵੇਂ ਇਸ ਦਾ ਵਿਰੋਧ ਕੀਤਾ ਪਰ ਇਹ ਲਗਾਤਾਰ ਜਾਰੀ ਹੈ। **(ਚੱਲਦਾ)**

# ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ

ਗੁਰੂ ਨਾਨਕ ਸਾਹਿਬ ਦਾ ਸਥਾਪਤ ਕੀਤਾ ਮਾਰਗ ਸਰਵਅਲਿੰਗਣਕਾਰੀ, ਸਮੁੱਚੀ ਮਨੁੱਖਤਾ ਦੀ ਭਲਾਈ, ਸਰਬ ਸਾਂਝੀਵਾਲਤਾ ਦਾ ਮਾਰਗ ਹੈ ਕਿਉਂਕਿ ਇਹ ਇਸ ਕੁਲ ਕਾਇਨਾਤ ਨੂੰ ਉਸ ਰੱਬ ਦੀ ਆਪਣੇ ਆਪ ਤੋਂ ਸਾਜੀ ਹੋਈ ਮੰਨਦਾ ਹੋਇਆ ਸਾਰੀ ਮਨੁੱਖਤਾ ਵਿਚ ਉਸ ਰੱਬੀ ਜੋਤਿ ਦੀ ਵਿਆਪਕਤਾ ਦੇ ਸਿਧਾਂਤ 'ਤੇ ਅਧਾਰਤ ਹੈ। ਗੁਰੂ ਨਾਨਕ ਸਾਹਿਬ ਨੇ ਰੱਬੀ ਜੋਤੀ ਦੇ ਸਾਰੀ ਮਨੁੱਖਤਾ ਵਿਚ ਵਿਆਪਕ ਹੋਣ ਦੇ ਇਸ ਸਿਧਾਂਤ ਦਾ ਵਾਰ ਵਾਰ ਜ਼ਿਕਰ ਕੀਤਾ ਹੈ ਕਿ ਸਾਰੇ ਮਨੁੱਖ ਉਸ ਇੱਕੋ ਰੱਬੀ ਜੋਤਿ ਤੋਂ ਪ੍ਰਕਾਸ਼ਤ ਹਨ,

'ਸਭ ਮਹਿ ਜੋਤਿ ਜੋਤਿ ਹੈ ਸੋਇ ਤਿਸਦੈ ਚਾਨਣੁ ਸਭ ਮਹਿ ਚਾਨਣੁ ਹੋਇ'।

ਇਸ ਲਈ ਮਨੁੱਖ ਨੂੰ ਜਨਮ, ਜਾਤ, ਧਰਮ ਜਾਂ ਇਸਤ੍ਰੀ ਪੁਰਸ਼ ਹੋਣ ਦੇ ਨਾਤੇ ਵੰਡਿਆ ਨਹੀਂ ਜਾ ਸਕਦਾ। ਸਾਰੇ ਮਨੁੱਖ ਬਰਾਬਰ ਹਨ ਭਾਵੇਂ ਉਹ ਕਿਸੇ ਵੀ ਨਸਲ, ਜਾਤ, ਧਰਮ ਜਾਂ ਖਿੱਤੇ ਨਾਲ ਸਬੰਧਤ ਹੋਣ, ਜਿਵੇਂ ਭਗਤ ਕਬੀਰ ਜੀ ਨੇ ਫੁਰਮਾਇਆ ਹੈ, 'ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥' ਗੁਰੂ ਨਾਨਕ ਦੇ ਸਥਾਪਤ ਕੀਤੇ ਮਾਰਗ ਨੇ ਮਨੁੱਖ ਜਾਤੀ ਵਿਚ ਆਪਸੀ ਪ੍ਰੇਮ, ਭਾਈਚਾਰਕ ਸਾਂਝ,



**ਡਾ. ਗੁਰਨਾਮ ਕੌਰ, ਕੈਨੇਡਾ**
**ਪ੍ਰੋਫੈਸਰ (ਸੇਵਾਮੁਕਤ)**
**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ**

ਸਰਬੱਤ ਦੇ ਭਲੇ ਨੂੰ ਤਰਜੀਹ ਦਿੱਤੀ ਹੈ। ਇਸ ਲਈ ਇਸ ਮਾਰਗ ਨੂੰ 'ਪ੍ਰੇਮ ਖੇਲਣ ਕਾ ਚਾਉ' ਕਿਹਾ ਹੈ ਜੋ ਸਮੁੱਚੀ ਮਾਨਵਤਾ ਦੇ ਪ੍ਰੇਮ ਅਤੇ ਰੱਬੀ ਪ੍ਰੇਮ ਦਾ ਮਾਰਗ ਹੈ। ਬਾਬਾ ਫਰੀਦ ਨੇ, ਜਿਨ੍ਹਾਂ ਦੀ ਬਾਣੀ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਨੇ ਸੱਚੇ ਹੋਣ ਦੀ ਕਸਵੱਟੀ ਮਨੁੱਖ ਦੇ ਦਿਲ ਵਿਚ ਖ਼ੁਦਾ ਅਤੇ ਉਸ ਦੀ ਖਲਕਤ ਲਈ ਵਸ ਰਹੀ ਮੁਹੱਬਤ ਨੂੰ ਮੰਨਿਆ ਹੈ, 'ਦਿਲਹੁ ਮੁਹਬਤਿ ਜਿੰਨ੍ਹ ਸੇਈ ਸਚਿਆ॥' ਅਤੇ ਜਿਨ੍ਹਾਂ ਦੇ ਮਨ ਵਿਚ ਕੁੱਝ ਹੋਰ ਹੋਵੇ ਅਤੇ ਮੂੰਹੋਂ ਕੁੱਝ ਹੋਰ ਬੋਲਣ ਉਨ੍ਹਾਂ ਨੂੰ ਕੱਚੇ ਕਿਹਾ ਹੈ, 'ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥' ਗੁਰੂ ਅਮਰਦਾਸ ਨੇ ਮਨੁੱਖ ਦੇ ਜੋਤਿ-ਸਰੂਪੀ ਹੋਣ ਦੇ ਸਿਧਾਂਤ ਦਾ ਪ੍ਰਗਟਾਵਾ ਕਰਦਿਆਂ 'ਅਨੰਦੁ' ਬਾਣੀ ਵਿਚ ਕਿਹਾ ਹੈ ਕਿ ਮਨੁੱਖ ਇਸ ਦੁਨੀਆ 'ਤੇ ਉਦੋਂ ਆਉਂਦਾ ਹੈ ਜਦੋਂ ਕਰਤਾ ਪੁਰਖ ਆਪਣੀ ਜੋਤਿ ਮਨੁੱਖ ਅੰਦਰ ਰੱਖਦਾ ਹੈ, 'ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥...ਕਹਿ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ॥' ਇਸ ਸ੍ਰਿਸਟੀ ਅਤੇ ਮਨੁੱਖ ਦਾ ਮੂਲ ਉਹ ਕਰਤਾ ਪੁਰਖ ਆਪ ਹੈ। ਇਸ ਲਈ ਮਨੁੱਖਤਾ ਨਾਲ ਧਰਮ, ਜਾਤ-ਪਾਤ, ਜਾਂ ਹੋਰ ਅਜਿਹੀ ਕਿਸੇ ਵੀ ਵੰਡ 'ਤੇ ਆਧਾਰਤ ਵੈਰ-ਵਿਰੋਧ ਕਰਨਾ ਕਿਸੇ ਤਰ੍ਹਾਂ ਵੀ ਸਿੱਖ ਨੈਤਿਕਤਾ ਵਿਚ ਸ਼ਾਮਲ ਨਹੀਂ ਹੋ ਸਕਦਾ ਕਿਉਂਕਿ ਗੁਰੂ ਨਾਨਕ ਦਾ ਦਿੱਤਾ ਮਾਰਗ ਸਹਿਜ ਮਾਰਗ ਹੈ ਜੋ ਸਤਿ, ਸੰਤੋਖ, ਪਰੇਮ, ਦਇਆ, ਗਿਆਨ, ਪਰਉਪਕਾਰ ਆਦਿ ਨੈਤਿਕ ਗੁਣਾਂ 'ਤੇ ਆਧਾਰਤ ਹੈ। ਗੁਰੂ ਦੇ ਦੱਸੇ ਮਾਰਗ ਦੇ ਅਨੁਸਾਰੀ ਦਾ ਵੈਰ ਸਿਰਫ ਬੁਰਾਈ ਨਾਲ ਹੈ ਅਤੇ ਬੁਰਾਈ ਦੀ ਜੜ੍ਹ ਪੰਜ ਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹਉਮੈ ਵਿਚ ਪਈ ਹੈ। ਇਸੇ ਲਈ ਬੁਰਾਈ ਦੀ ਜੜ੍ਹ ਇਨ੍ਹਾਂ ਵਿਕਾਰਾਂ ਨੂੰ 'ਪੰਜ ਚੋਰ' ਕਿਹਾ ਹੈ ਜੋ ਮਨੁੱਖ ਅੰਦਰੋਂ ਹਰ ਤਰ੍ਹਾਂ ਦੀ ਚੰਗਿਆਈ ਨੂੰ ਹਰ ਲੈਂਦੇ ਹਨ ਅਤੇ ਗੁਰੂ ਦੇ ਸਿੱਖ ਨੇ ਇਨ੍ਹਾਂ ਵਿਕਾਰਾਂ 'ਤੇ ਕਾਬੂ ਰੱਖਣਾ ਹੈ। ਇਹ ਮਾਰਗ ਸਹਿਜ ਹੈ, ਸੁਤੇ ਪ੍ਰਾਪਤੀ ਦਾ ਮਾਰਗ ਜਿਸ ਵਿਚ ਕਿਸੇ ਇਕਾਂਤ ਵਿਚ ਜਾ ਕੇ ਤਪੱਸਿਆ ਕਰਨ ਦੀ ਜ਼ਰੂਰਤ ਨਹੀਂ, ਜੀਵਨ ਨਿਰਬਾਹ ਲਈ ਘਾਲਣਾ ਘਾਲਦਿਆਂ ਸ਼ਬਦ ਨਾਲ, ਨਾਮ ਨਾਲ ਜੁੜਿਆ ਹੋਣਾ ਜ਼ਰੂਰੀ ਹੈ।

ਪੰਜਵੀਂ ਨਾਨਕ ਜੋਤਿ ਗੁਰੂ ਅਰਜਨ ਦੇਵ ਪਾਤਿਸ਼ਾਹ ਨੇ ਅਜਿਹੇ ਨੈਤਿਕ ਗੁਣਾਂ ਉਤੇ ਸਥਾਪਤ ਪ੍ਰਬੰਧ ਨੂੰ 'ਹਲੇਮੀ ਰਾਜ' ਕਿਹਾ ਹੈ, ਜਿਸ ਵਿਚ ਅਕਾਲ ਪੁਰਖ ਦੇ ਹੁਕਮ ਦਾ ਅਨੁਸਾਰੀ ਹੋ ਕੇ ਚੱਲਣਾ, ਕਿਸੇ ਨਾਲ ਜ਼ੋਰ-ਜ਼ਬਰਦਸਤੀ ਨਾ ਕਰਨਾ ਸ਼ਾਮਲ ਹੈ। ਇਹ 'ਹਲੇਮੀ ਰਾਜ' ਮਨੁੱਖੀ ਭਾਈਚਾਰਕ ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦਾ ਜਾਮਨ ਹੈ। ਗੁਰੂ ਪਾਤਿਸ਼ਾਹ ਨੇ ਫੁਰਮਾਇਆ ਹੈ ਕਿ ਉਸ ਵਾਹਿਗੁਰੂ ਦੀ ਮਿਹਰ ਹੋਈ ਹੈ ਜਿਸ ਸਦਕਾ ਸਰਬ-ਲੋਕਾਈ ਆਤਮਕ ਅਨੰਦ ਵਿਚ ਵਸ ਰਹੀ ਹੈ ਅਤੇ ਹਰੇਕ ਦੇ ਅੰਦਰ ਹੁਣ ਨਿਮਰਤਾ ਦਾ ਰਾਜ ਹੋ ਗਿਆ ਹੈ। ਮਿਹਰਬਾਨ ਪਰਮਾਤਮਾ ਦਾ ਐਸਾ ਹੁਕਮ ਹੋਇਆ ਹੈ ਕਿ ਵਿਕਾਰਾਂ ਦੇ ਵਸ ਹੋ ਕੇ ਹੁਣ ਕੋਈ ਕਿਸੇ ਨੂੰ ਦੁਖੀ ਨਹੀਂ ਕਰ ਸਕਦਾ। ਪੰਚਮ ਪਾਤਿਸ਼ਾਹ ਨੇ ਉਸ ਦੀ ਸਰਵ-ਵਿਆਪਕਤਾ ਦਾ ਜ਼ਿਕਰ ਕਰਦਿਆਂ ਉਸ ਨੂੰ ਸਭ ਦਾ 'ਦਾਤਾਰਾ' ਭਾਵ ਸਭ ਨੂੰ ਦਾਤਾਂ ਦੇਣ ਵਾਲਾ ਕਿਹਾ ਹੈ ਅਤੇ ਉਸ ਲਈ ਕੀਤੀ ਸੇਵਾ ਨੂੰ ਸਫਲ ਘਾਲਣਾ ਦੱਸਿਆ ਹੈ ਅਤੇ ਸਭ ਦਾ 'ਸਾਂਝਾ ਬਾਪ' ਕਿਹਾ ਹੈ। ਇਸ ਸਰਵ ਸਾਂਝੀਵਾਲਤਾ ਦਾ ਆਧਾਰ ਉਸ ਜੋਤਿ ਦੀ ਸਰਵ-ਵਿਆਪਕਤਾ ਨੂੰ ਮੰਨਿਆ ਹੈ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥' ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਮਨੁੱਖ ਦੇ ਜਨਮ, ਜਾਤ, ਨਸਲ, ਧਰਮ ਆਦਿ ਕਰਕੇ 'ਦੂਸਰਾ' ਹੋਣ ਨੂੰ ਨਕਾਰਿਆ ਨਹੀਂ, ਪਰਵਾਨ ਕੀਤਾ ਹੈ ਕਿਉਂਕਿ ਸਾਰੀ ਸ੍ਰਿਸ਼ਟੀ ਦਾ ਸ੍ਰੋਤ ਇਕ ਅਕਾਲ ਪੁਰਖ ਹੈ। ਭਗਤ ਰਵਿਦਾਸ ਨੇ ਐਸੇ ਪ੍ਰਬੰਧ ਨੂੰ 'ਬੇਗਮਪੁਰਾ ਸਹਰ ਕੋ ਨਾਉ' ਕਿਹਾ ਹੈ, ਜਿਸ ਵਿਚ ਕੋਈ 'ਖਉਫ, ਖਤਾ, ਤਰਸੁ (ਫਾਰਸੀ-ਡਰ) ਅਤੇ ਜਵਾਲੁ' ਨਹੀਂ ਹੈ, ਕੋਈ ਦਰਜਾਬੰਦੀ ਨਹੀਂ ਹੈ, ਸਭ ਬਰਾਬਰ ਹਨ 'ਦੋਮ ਨ ਸੇਮ ਏਕ ਸੋ ਆਹੀ॥' ਭਗਤ ਕਬੀਰ ਵਿਭਿੰਨਤਾ ਵਿਚ ਏਕਤਾ ਦਾ ਭੇਦ ਪਰਗਟ ਕਰਦੇ ਹਨ ਕਿ ਜਿਵੇਂ ਇੱਕੋ ਮਿੱਟੀ ਤੋਂ ਵੱਖ ਵੱਖ ਤਰ੍ਹਾਂ ਦੇ ਭਾਂਡੇ ਘੁਮਿਆਰ ਘੜਦਾ ਹੈ, ਉਸੇ ਤਰ੍ਹਾਂ ਰੱਬ ਦੀ ਇਸ ਰਚਨਾ ਦੀ ਵਿਭਿੰਨਤਾ ਨੂੰ ਸਮਝਣਾ ਚਾਹੀਦਾ ਹੈ ਜੋ ਵੱਖਰੀ ਵੱਖਰੀ ਹੋਣ 'ਤੇ ਵੀ ਇੱਕੋ ਮਿੱਟੀ ਤੋਂ ਬਣੀ ਹੈ, 'ਮਾਟੀ ਏਕ ਅਨੇਕ ਭਾਂਤ ਕਰ ਸਾਜੀ ਸਾਜਨਹਾਰੈ॥ ਨ ਕੋ ਪੋਚ ਮਾਟੀ ਕੇ ਭਾਂਡੇ ਨ ਕੋ ਪੋਚ ਕੁੰਮ੍ਹਾਰੈ॥' 'ਅਕਾਲ ਉਸਤਤਿ' ਵਿਚ ਮਨੁੱਖੀ ਵਿਭਿੰਨਤਾ ਨੂੰ ਸਵੀਕਾਰਦਿਆਂ ਦੱਸਿਆ ਹੈ ਕਿ ਮਜ਼ਬੀ ਪਛਾਣ, ਪੂਜਾ ਵਿਧੀਆਂ, ਬੋਲੀ, ਇਲਾਕਾਈ ਵਖਰੇਵਿਆਂ ਦੇ ਬਾਵਜੂਦ ਉਹ ਰੱਬ ਵੀ ਇਕ ਹੈ ਅਤੇ ਉਸ ਦੀ ਰਚਨਾ ਵੀ ਇੱਕ ਹੈ:

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ;
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ।
ਹਿੰਦੂ ਤੁਰਕ ਕੋਊ ਰਾਫਿਜ਼ੀ ਇਮਾਮ ਸ਼ਾਫੀ;
ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ।
ਕਰਤਾ ਕਰੀਮ ਸੋਈ, ਰਾਜ਼ਿਕ ਰਹੀਮ ਓਈ;
ਦੂਸਰੋ ਨ ਭੇਦ ਕੋਈ ਭੂਲਿ ਭ੍ਰਮ ਮਾਨਬੋ।
ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ;
ਏਕ ਹੀ ਸਰੂਪ ਸਬੈ, ਏਕੈ ਜੋਤਿ ਜਾਨਬੋ।85



ਸਰਬ ਸਾਂਝੀਵਾਲਤਾ ਦਾ ਹਾਮੀ ਗੁਰੂ ਦਾ ਸਿੱਖ ਸਰਬ ਲੋਕਾਈ ਦੇ ਸੁਖ ਦੀ ਮੰਗ ਕਰਦਿਆਂ ਵਾਹਿਗੁਰੂ ਅੱਗੇ ਦੋ ਵੇਲੇ ਅਰਦਾਸ ਕਰਦਾ ਹੈ 'ਨਾਨਕ ਨਾਮ ਚੜ੍ਹਦੀ ਕਲਾ॥ ਤੇਰੇ ਭਾਣੇ ਸਰਬਤ ਦਾ ਭਲਾ'। ਸਿੱਖ ਮਹਿਜ਼ ਅਰਦਾਸ ਹੀ ਨਹੀਂ ਕਰਦਾ ਉਹ ਸਰਬੱਤ ਦੇ ਭਲੇ ਲਈ ਸਦਾ ਯਤਨਸ਼ੀਲ ਵੀ ਰਹਿੰਦਾ ਹੈ ਕਿਉਂਕਿ ਬਾਣੀ ਅਨੁਸਾਰ ਗੁਰਮੁਖਿ ਹੋਣ ਦੀ, ਉਚਤਮ ਗਿਆਨ ਦਾ ਧਾਰਨੀ ਹੋਣ ਦੀ ਨਿਸ਼ਾਨੀ ਹੀ ਇਹ ਹੈ ਕਿ ਗੁਰਮੁਖਿ ਨੂੰ ਦੂਸਰਿਆਂ ਦਾ ਭਲਾ ਕਰਨ ਦਾ ਚਾਅ ਸਦਾ ਬਣਿਆ ਰਹਿੰਦਾ ਹੈ 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥' ਇਸੇ ਲਈ ਮਨੁੱਖਤਾ ਦੀ 'ਸੇਵਾ' ਸਿੱਖ ਪ੍ਰੰਪਰਾ ਅਤੇ ਨੈਤਿਕਤਾ ਦਾ ਅਹਿਮ ਹਿੱਸਾ ਹੈ। ਨੈਤਿਕ ਗੁਣ ਸਿੱਖ ਦੇ ਵਿਅਕਤੀਤਵ ਦਾ ਹਿੱਸਾ ਹਨ ਜਿਨ੍ਹਾਂ ਦੀ ਘਾੜਤ ਲਈ ਸਿੱਖ ਨੂੰ ਸੰਗਤੀ ਮਾਡਲ ਦਿੱਤਾ ਹੈ ਜਿੱਥੇ ਜਾ ਕੇ ਮਨੁੱਖ ਗੁਰੂ ਦੀ ਸਿੱਖਿਆ 'ਤੇ ਚਲਦਿਆਂ ਇਨ੍ਹਾਂ ਨੈਤਿਕ ਗੁਣਾਂ ਨੂੰ ਗ੍ਰਹਿਣ ਕਰਦਾ ਹੈ। ਇਨ੍ਹਾਂ ਨੈਤਿਕ ਗੁਣਾਂ 'ਤੇ ਸਿੱਖ ਨੇ ਔਖੇ ਤੋਂ ਔਖੇ ਸਮੇਂ ਵਿਚ ਵੀ ਚੱਲਣਾ ਹੈ; ਜੋ ਮਰਜ਼ੀ ਭੀੜ ਬਣ ਜਾਵੇ ਗੁਰੂ ਦੇ ਸਿੱਖ ਨੇ ਨੈਤਿਕ ਕੀਮਤਾਂ ਦੇ ਵਿਧੀ-ਵਿਧਾਨ ਦਾ ਪੱਲਾ ਫੜੀ ਰੱਖਣਾ ਹੈ। ਦਸਮ ਪਾਤਿਸ਼ਾਹ ਨੇ ਅੰਮ੍ਰਿਤ ਛਕਾਉਣ ਵੇਲੇ ਪੰਜ ਕਕਾਰਾਂ ਨੂੰ ਵੀ ਨੈਤਿਕਤਾ ਨਾਲ ਜੋੜਿਆ ਜੋ ਸਿੱਖ ਦੇ ਅਨੁਸ਼ਾਸਨ ਦਾ ਹਿੱਸਾ ਹਨ, ਜੰਗ ਦੌਰਾਨ ਵੀ ਇਨ੍ਹਾਂ ਨੈਤਿਕ ਕੀਮਤਾਂ ਨੂੰ ਭੰਗ ਕਰਨ ਦੀ ਅਗਿਆ ਗੁਰੂ ਨੇ ਆਪਣੇ ਸਿੱਖ ਨੂੰ ਨਹੀਂ ਦਿੱਤੀ। ਇਸੇ ਲਈ 'ਕ੍ਰਿਪਾਨ' ਸਿੱਖ ਲਈ ਮਹਿਜ਼ ਤਲਵਾਰ ਜਾਂ ਹਥਿਆਰ ਨਹੀਂ ਹੈ। ਇਸ ਵਿਚ ਦਇਆ, ਵਾਹਿਗੁਰੂ ਦੀ 'ਕਿਰਪਾ', ਮਿਹਰ ਸ਼ਾਮਲ ਹੈ ਜਿਸ ਕਰਕੇ ਇਹ ਕਿਸੇ ਨਿਹੱਥੇ, ਮਜ਼ਲੂਮ ਅਤੇ ਨਿਰਦੋਸ਼ ਜਾਂ ਬੇਬਸ ਮਨੁੱਖ 'ਤੇ ਨਹੀਂ ਉਠ ਸਕਦੀ। ਗੁਰੂ ਨੇ ਸਵੈ ਅਤੇ ਮਜ਼ਲੂਮ ਦੀ ਰਾਖੀ ਲਈ (ਉਹ ਭਾਵੇਂ ਕਿਸੇ ਵੀ ਜਾਤ, ਨਸਲ ਜਾਂ ਧਰਮ ਦਾ ਹੋਵੇ) ਆਪਣੇ ਸਿੱਖ ਨੂੰ 'ਕ੍ਰਿਪਾਨ' ਬਖ਼ਸ਼ਿਸ਼ ਕੀਤੀ ਹੈ ਜੋ ਕਕਾਰਾਂ ਵਿਚ ਸ਼ਾਮਲ ਹੈ ਅਤੇ ਸਰੀਰ 'ਤੇ ਧਾਰਨ ਕਰਨੀ ਹੈ। ਤੀਰ, ਪਿਸਤੌਲ ਜਾਂ ਰਫਲ ਆਦਿ ਗੁਰੂ ਦਾ ਬਖ਼ਸ਼ਿਆ ਸਰੀਰ ਤੇ ਪਹਿਨਣ ਵਾਲਾ ਹਥਿਆਰ ਨਹੀਂ ਹੈ ਬਲਕਿ ਮੈਦਾਨ-ਏ-ਜੰਗ ਵਿਚ ਵਰਤਣ ਵਾਲਾ ਹਥਿਆਰ ਹੈ।

ਗੁਰੂ ਨੇ ਸ਼ਬਦ ਨੂੰ ਸਿੱਖ ਦਾ ਗੁਰੂ ਥਾਪਿਆ ਹੈ ਅਤੇ ਸਿੱਖ ਨੂੰ ਸ਼ਬਦ-ਗੁਰੂ ਦੇ ਲੜ ਲਾਇਆ ਹੈ ਜਿਸ ਤੋਂ ਸਰਬ ਸਮਿਆਂ ਵਾਸਤੇ ਸਿੱਖ ਨੇ ਅਗਵਾਈ ਲੈਣੀ ਹੈ। ਸਿੱਖ ਨੇ ਗੁਰੂ ਦੇ ਸ਼ਬਦ ਵਿਚ ਭਰੋਸਾ ਲਿਆਉਣ ਅਤੇ ਅਗਵਾਈ ਲੈਣ ਲਈ ਸ਼ਬਦ ਨੂੰ ਸੁਣਨਾ ਹੈ, ਉਸ ਦਾ ਮਨਨ ਕਰਨਾ ਹੈ ਅਤੇ ਉਸ 'ਤੇ ਧਿਆਨ ਧਰਨਾ ਹੈ। ਇਸ ਦਾ ਖੁਲਾਸਾ ਗੁਰੂ ਨਾਨਕ ਨੇ ਜਪੁਜੀ ਵਿਚ ਹੀ ਕਰ ਦਿੱਤਾ ਹੈ। ਸ਼ਬਦ ਨੂੰ ਵਿਚਾਰ ਰਾਹੀਂ ਮਨ ਦੇ ਅੰਦਰ ਵਸਾਉਣਾ ਹੈ ਅਤੇ ਅਗਵਾਈ ਲੈਣੀ ਹੈ। ਸ਼ਬਦ ਗੁਰੂ ਦੀ ਸਹੀ ਸੇਵਾ ਹੀ ਇਹ ਹੈ ਕਿ ਸ਼ਬਦ ਨੂੰ ਵਿਚਾਰ ਰਾਹੀਂ ਮਨ ਵਿਚ ਵਸਾਈਏ ਅਤੇ ਉਸ ਤੋਂ ਅਗਵਾਈ ਲਈਏ। ਇਸੇ ਲਈ ਗੁਰੂ ਮਹਾਰਾਜ ਨੇ 'ਅਕਲੀ ਸਾਹਿਬ ਸੇਵੀਐ' ਦੀ ਗੱਲ ਕੀਤੀ ਹੈ ਅਰਥਾਤ ਉਸ ਅਕਾਲ ਪੁਰਖ ਨੂੰ ਵੀ ਅਕਲ ਨਾਲ ਧਿਆਉਣਾ ਹੈ, ਕਿਉਂਕਿ ਅਕਲ ਤੋਂ ਬਿਨਾ ਮਨੁੱਖ ਨੂੰ ਗੁਰੂ ਨਾਨਕ ਨੇ 'ਨਾਨਕ ਸੇ ਨਰ ਅਸਲ ਖਰ ਜੋ ਬਿਨ ਗੁਣ ਗਰਬ ਕਰੰਤ॥' ਕਿਹਾ ਹੈ। 'ਖਰ' ਦਾ ਅਰਥ ਗਧਾ ਹੁੰਦਾ ਹੈ। ਜਿਵੇਂ ਸਿੱਖ 'ਸਰਬੱਤ ਦਾ ਭਲਾ' ਅਰਦਾਸ ਵਿਚ ਮੰਗਦਾ ਹੈ ਉਸੇ ਤਰ੍ਹਾਂ ਵਾਹਿਗੁਰੂ ਅੱਗੇ 'ਦੀਜੈ ਬੁਧਿ ਬਿਬੇਕਾ' ਦੀ ਵੀ ਅਰਦਾਸ ਕਰਦਾ ਹੈ। ਵਿਵੇਕ-ਬੁੱਧੀ ਰਾਹੀਂ ਹੀ ਮਨੁੱਖ ਠੀਕ ਅਤੇ ਗਲਤ ਵਿਚ ਨਿਖੇੜ ਕਰ ਸਕਦਾ ਹੈ। ਇਸ ਲਈ ਗੁਰੂ ਸਾਹਿਬਾਨ ਨੇ ਵਿਚਾਰ, ਅਕਲ, ਵਿਵੇਕ ਨੂੰ ਬਹੁਤ ਉੱਚਾ ਸਥਾਨ ਦਿੱਤਾ ਹੈ ਅਤੇ ਖੋਜ ਨੂੰ, ਸੱਚ ਦੀ ਸਹੀ ਪਛਾਣ ਨੂੰ ਤਰਜੀਹ ਦਿੱਤੀ ਹੈ, 'ਖੋਜੀ ਉਪਜੈ ਬਾਦੀ ਬਿਨਸੈ' ਦਾ ਅਦੇਸ਼ ਕੀਤਾ ਹੈ। ਇਸੇ ਵਿਚੋਂ 'ਹੋਇ ਇਕਤਰ ਮਿਲਹੁ ਮੇਰੇ ਭਾਈ॥ ਦੁਬਿਧਾ ਦੂਰਿ ਕਰਹੁ ਲਿਵ ਲਾਈ॥' ਦਾ ਸਿਧਾਂਤ ਨਿਕਲਿਆ ਹੈ। ਗੁਰੂ ਨਾਨਕ ਸਾਹਿਬ ਨੇ ਆਪਣੀਆਂ ਉਦਾਸੀਆਂ ਸਮੇਂ ਵੱਖ ਵੱਖ ਧਾਰਮਿਕ ਹਸਤੀਆਂ ਨਾਲ, ਮਨੁੱਖਤਾ ਨਾਲ ਸਬੰਧਤ ਅਧਿਆਤਮਕ ਅਤੇ ਧਾਰਮਿਕ ਮੁੱਦਿਆਂ 'ਤੇ ਸੰਵਾਦ ਰਚਾਇਆ ਅਤੇ ਸਿੱਖ ਨੂੰ ਸੰਵਾਦ ਕਰਨ ਦੀ ਤੌਫੀਕ ਬਖ਼ਸ਼ਿਸ਼ ਕੀਤੀ; ਜਿਸ ਦੀ ਤਰਜਮਾਨੀ 'ਸਿਧ ਗੋਸਟਿ' ਬਾਣੀ ਵਿਚ ਕਰਦਿਆਂ ਗੁਰੂ ਨੇ 'ਰੋਸ ਨ ਕੀਜੈ ਉਤਰ ਦੀਜੈ' ਦੀ ਪ੍ਰੰਪਰਾ ਕਾਇਮ ਕੀਤੀ।

ਸਤਿ, ਸੰਤੋਖ, ਗਿਆਨ, ਦਇਆ, ਧਰਮ, ਸਰਬੱਤ ਦਾ ਭਲਾ, ਪਰਉਪਕਾਰ ਦੇ ਇਸ ਕੀਮਤੀ ਵਿਧਾਨ ਨਾਲ ਜੁੜੇ ਮਜ਼ਲੂਮ ਦੀ ਰੱਖਿਆ ਅਤੇ ਜ਼ੁਲਮ ਦਾ ਟਾਕਰਾ ਕਰਨ ਦੀ ਹਿੰਮਤ ਵਿਚੋਂ ਹੀ ਸਿੱਖ ਧਰਮ ਦਾ 'ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤੁ' ਅਤੇ 'ਸਿਰ ਦੀਜੈ ਕਾਣੁ ਨ ਕੀਜੈ' ਦਾ ਸ਼ਹਾਦਤ ਦਾ ਸੰਕਲਪ ਪੈਦਾ ਹੋਇਆ ਹੈ ਜਿਸ ਦੀ ਨੀਂਹ 'ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰ ਧਰ ਤਲੀ ਗਲੀ ਮੇਰੀ ਆਉ' 'ਤੇ ਰੱਖੀ ਗਈ ਹੈ। ਗੁਰਬਾਣੀ ਅਨੁਸਾਰ ਸ਼ਹਾਦਤ ਸੂਰਮੇ ਦਾ, ਬਹਾਦਰ ਦਾ ਹੱਕ ਮੰਨਿਆ ਗਿਆ ਹੈ ਜੋ ਇਹ ਰੱਬ ਦੀ ਦਰਗਾਹ ਵਿਚ ਪਰਵਾਨ ਹੋ ਕੇ ਪ੍ਰਾਪਤ ਹੁੰਦੀ ਹੈ, 'ਮਰਨ ਮਨਸਾ ਸੂਰਿਆ ਹਕੁ ਹੈ ਜੋ ਹੋਇ ਮਰਨ ਪਰਵਾਣੋ॥' ਸ਼ਹਾਦਤ ਫਾਰਸੀ ਵਿਚੋਂ ਆਇਆ ਸ਼ਬਦ ਹੈ ਜਿਸ ਦਾ ਅਰਥ ਹੈ ਸੱਚ ਦਾ ਗਵਾਹੀ। ਸਿੱਖ ਧਰਮ ਵਿਚ ਆਇਆ ਸ਼ਹਾਦਤ ਦਾ ਸੰਕਲਪ ਹਿੰਦੁਸਤਾਨ ਵਿਚ ਪੈਦਾ ਹੋਏ ਧਰਮਾਂ ਲਈ ਇੱਕ ਨਵਾਂ ਸੰਕਲਪ ਹੈ ਕਿਉਂਕਿ ਇਸ ਤੋਂ ਪਹਿਲਾਂ ਸਥਾਪਤ ਹੋਏ ਭਾਰਤੀ ਧਰਮਾਂ ਵਿਚ 'ਬਲੀ' ਦਾ ਸੰਕਲਪ ਪ੍ਰਾਪਤ ਹੈ, ਸ਼ਹਾਦਤ ਦਾ ਨਹੀਂ। ਬਲੀ ਜਿਸ ਦੀ ਵੀ ਦਿੱਤੀ ਜਾਂਦੀ ਹੈ ਉਸ ਵਿਚ ਬਲੀ ਦਿੱਤੇ ਜਾਣ ਵਾਲੇ ਜੀਵ ਜਾਂ ਵਿਅਕਤੀ ਦੀ ਇੱਛਾ ਸ਼ਾਮਲ ਨਹੀਂ ਹੁੰਦੀ। ਇਹ ਬਾਹਰੋਂ ਥੋਪਿਆ ਹੋਇਆ ਕਰਮ ਹੈ ਜੋ ਦੇਵਤਿਆਂ ਜਾਂ ਇਸ਼ਟ ਨੂੰ ਖੁਸ਼ ਕਰਨ ਲਈ ਦਿੱਤੀ ਜਾਂਦੀ ਹੈ। ਸ਼ਹਾਦਤ ਦਾ ਰਾਹ ਸ਼ਹੀਦੀ ਪ੍ਰਾਪਤ ਕਰਨ ਵਾਲੇ ਦਾ ਚੁਣਿਆ ਹੋਇਆ ਰਾਹ ਹੈ ਜਿਸ ਵਿਚ ਮਨੁੱਖ ਆਪਣਾ ਅਹਿਦ ਪੂਰਾ ਕਰਨ ਲਈ ਆਪਣੇ ਆਪ ਨੂੰ ਵਾਰ ਦਿੰਦਾ ਹੈ; ਇਹ 'ਪੁਰਜਾ ਪੁਰਜਾ ਕਟ ਮਰੈ ਕਬਹੂ ਨ ਛਾਡੈ ਖੇਤੁ' ਦਾ ਅਹਿਦ ਹੈ। ਸ਼ਹਾਦਤ ਦੇ ਵਿਸਥਾਰ ਵਿਚ ਨਾ ਜਾਂਦਿਆਂ ਹੋਇਆਂ ਵੀ ਮੈਨੂੰ ਭਾਈ ਮਨੀ ਸਿੰਘ ਦਾ ਪ੍ਰਸੰਗ ਯਾਦ ਆ ਰਿਹਾ ਹੈ ਜੋ ਛੋਟੇ ਹੁੰਦਿਆਂ ਗਿਆਨੀ ਸੋਹਣ ਸਿੰਘ ਸੀਤਲ ਦੀਆਂ 'ਵਾਰਾਂ' ਵਿਚ ਪੜ੍ਹਿਆ ਸੀ। ਭਾਈ ਮਨੀ ਸਿੰਘ ਨੇ 'ਦੀਪ ਮਾਲਾ' ਦੇ ਮੌਕੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਸਿੱਖਾਂ ਨੂੰ ਇਕੱਠਾ ਕਰਨ ਲਈ ਸੁਨੇਹੇ ਦਿੱਤੇ ਸਨ ਜਿਸ ਲਈ ਲਾਹੌਰ ਦੇ ਹਾਕਮਾਂ ਨੂੰ ਕੁੱਝ ਟੈਕਸ ਆਦਿ ਦੇਣਾ ਕੀਤਾ ਸੀ। ਪ੍ਰੰਤੂ ਜਦੋਂ ਉਨ੍ਹਾਂ ਨੂੰ ਹਕੂਮਤ ਦੀ ਬਦਨੀਤੀ ਦਾ ਪਤਾ ਲੱਗਿਆ ਕਿ ਅੰਮ੍ਰਿਤਸਰ ਨੂੰ ਘੇਰਾ ਪੈ ਜਾਣਾ ਹੈ, ਤਾਂ ਉਨ੍ਹਾਂ ਨੇ ਮੋੜਵੇਂ ਸੁਨੇਹੇ ਭੇਜ ਕੇ ਸਿੱਖਾਂ ਨੂੰ ਆਉਣ ਤੋਂ ਮਨਾਹੀ ਕਰ ਦਿੱਤੀ। ਇਸ ਦੇ ਬਦਲੇ ਭਾਈ ਸਾਹਿਬ ਨੇ ਸ਼ਹਾਦਤ ਦਾ ਰਾਹ ਚੁਣਿਆ ਜਿਸ ਨੂੰ ਉਨ੍ਹਾਂ ਨੇ ਬੰਦ ਬੰਦ ਕਟਵਾ ਕੇ ਪੂਰਾ ਕੀਤਾ। ਭਾਈ ਮਨੀ ਸਿੰਘ ਨੇ ਆਪਣੇ ਗੁਰਭਾਈਆਂ ਨੂੰ ਮੁਸੀਬਤ ਵਿਚ ਨਹੀਂ ਪਾਇਆ ਬਲਕਿ ਗੁਰੂ-ਚਰਨਾਂ ਵਿਚ ਜਪੁਜੀ ਸਾਹਿਬ ਦਾ ਪਾਠ ਕਰਦਿਆਂ ਲਿਵ ਜੋੜੀ ਰੱਖੀ ਅਤੇ ਬੰਦ ਬੰਦ ਕਟਵਾ ਲਏ। ਕਿਸੇ ਹਾਦਸੇ ਵਿਚ ਬਿਨਾਂ ਕਿਸੇ ਅਹਿਦ ਦੇ ਮਰ ਜਾਣਾ ਸ਼ਹਾਦਤ ਨਹੀਂ ਹੈ ਅਤੇ ਨਾ ਹੀ ਸੱਚ ਦਾ ਸ਼ਾਹਦ ਪਹਿਲਾਂ ਗੁਮਰਾਹ ਕਰ ਕੇ ਭੋਲੇ-ਭਾਲੇ ਕਿਸਾਨਾਂ ਨੂੰ ਲਾਲ ਕਿਲੇ ਦੀ ਫਸੀਲ 'ਤੇ ਫਸਾ ਕੇ ਮੋਟਰ ਸਾਈਕਲ 'ਤੇ ਭੱਜ ਸਕਦਾ ਹੈ। ਸਿੱਖ ਧਰਮ ਵਿਚ 'ਭਾਈ' ਬਹੁਤ ਹੀ ਮਾਣ ਵਾਲਾ ਰੁਤਬਾ ਹੈ ਜਿਸ ਦਾ ਹੱਕਦਾਰ ਬਣਨ ਲਈ ਘਾਲਣਾ ਘਾਲਣੀ ਪੈਂਦੀ ਹੈ। ਪਹਿਲਾ ਹੱਕਦਾਰ ਭਾਈ ਮਰਦਾਨਾ ਬਣਿਆ ਜਿਸ ਨੇ ਤਾ-ਜ਼ਿੰਦਗੀ ਗੁਰੂ ਦੀ ਸੇਵਾ ਵਿਚ ਰਬਾਬ ਵਜਾਉਂਦਿਆਂ ਗੁਜ਼ਾਰੀ; ਭਾਈ ਮਨੀ ਸਿੰਘ, ਭਾਈ ਗੁਰਦਾਸ, ਭਾਈ ਘਨੱਈਆ, ਭਾਈ ਨੰਦ ਲਾਲ ਗੋਇਆ ਵਰਗੀਆਂ ਮਹਾਨ ਸ਼ਖ਼ਸੀਅਤਾਂ ਗੁਰੂ-ਸੇਵਾ ਵਿਚ ਕੀਤੀ ਆਪਣੀ ਘਾਲਣਾ ਕਰਕੇ ਇਸ ਰੁਤਬੇ ਦੀਆਂ ਹੱਕਦਾਰ ਬਣੀਆਂ। ਅੱਜ ਕੱਲ੍ਹ ਬਿਨਾਂ ਕਿਸੇ ਨਿਰਖ-ਪਰਖ ਦੇ ਕੋਈ ਇੱਕ-ਅੱਧਾ ਹੀ ਉੱਠ ਕੇ ਕਿਸੇ ਦੂਜੇ ਨੂੰ 'ਭਾਈ' ਦੀ ਪਦਵੀ ਦੇ ਦਿੰਦਾ ਹੈ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਕੇਂਦਰ ਵਿਚ ਬੈਠੀਆਂ ਸਰਕਾਰਾਂ ਵੱਲੋਂ ਪੰਜਾਬ ਨਾਲ ਧੱਕਾ ਹੁੰਦਾ ਰਿਹਾ ਹੈ ਅਤੇ ਪੰਜਾਬ ਨੂੰ ਉਸ ਦੇ ਬਣਦੇ ਹੱਕਾਂ ਤੋਂ ਵਾਂਝੇ ਰੱਖਿਆ ਗਿਆ ਹੈ। ਪੰਜਾਬ ਦੇ ਹੱਕ ਸਾਰੇ ਪੰਜਾਬੀਆਂ ਦੇ ਹੱਕ ਹਨ, ਕਿਸੇ ਇੱਕ ਭਾਈਚਾਰੇ ਜਾਂ ਧਰਮ ਦੇ ਨਹੀਂ। ਉਦਾਹਰਣ ਵਜੋਂ ਬੋਲੀ ਦਾ ਸਬੰਧ ਭੂਗੋਲਿਕ ਖੇਤਰ ਨਾਲ ਹੁੰਦਾ ਅਤੇ ਉਹ ਉਸ ਖੇਤ੍ਰ ਦੇ ਵਸਨੀਕਾਂ ਦੀ ਸਾਂਝੀ ਬੋਲੀ ਹੁੰਦੀ ਹੈ। ਗੁਰੂ ਸਾਹਿਬਾਨ ਨੇ ਪਵਿੱਤਰ ਬਾਣੀ ਦੀ ਰਚਨਾ ਲੋਕਾਂ ਦੀ ਆਮ ਬੋਲੀ ਵਿਚ ਕੀਤੀ ਤਾਂ ਕਿ ਸੰਸਕ੍ਰਿਤ ਵਾਂਗ ਉਸ ਤੱਕ ਮਹਿਜ਼ ਖਾਸ ਚੁਣੇ ਹੋਏ ਲੋਕ ਹੀ ਪਹੁੰਚ ਨਾ ਕਰ ਸਕਣ ਬਲਕਿ 'ਘਰ ਘਰ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ' ਦਾ ਪ੍ਰਕਾਸ਼ਨ ਹੋ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਇਸਲਾਮ ਨੂੰ ਮੰਨਣ ਵਾਲੇ ਸੂਫੀ ਸੰਤਾਂ, ਭਗਤਾਂ ਅਤੇ ਭੱਟਾਂ ਦੀ ਬਾਣੀ ਵੀ ਸ਼ਾਮਲ ਹੈ ਜੋ ਗੁਰਮੁਖੀ ਲਿੱਪੀ ਵਿਚ ਦਰਜ ਕੀਤੀ ਗਈ ਹੈ ਪ੍ਰੰਤੂ ਉਸ ਵਿਚ ਰਚਨਕਾਰਾਂ ਦੇ ਆਪੋ ਆਪਣੇ ਇਲਾਕਿਆਂ ਦੀਆਂ ਬੋਲੀਆਂ ਦਾ ਰੰਗ ਵੀ ਸਾਫ ਨਜ਼ਰ ਆਉਂਦਾ ਹੈ। ਭਾਈਚਾਰਕ ਸਾਂਝ, ਧਾਰਮਿਕ ਸਹਿਹੋਂਦ, ਸਾਂਝੀਵਾਲਤਾ ਦੀ ਇਸ ਤੋਂ ਵੱਡੀ ਮਿਸਾਲ ਹੋਰ ਕਿਸੇ ਵੀ ਧਰਮ ਗ੍ਰੰਥ ਵਿਚ ਨਹੀਂ ਮਿਲਦੀ। ਇਸ ਲਈ ਬਾਣੀ ਨੂੰ ਪੜ੍ਹਨ, ਸੁਣਨ ਅਤੇ ਮਨਨ ਕਰਨ ਵਾਲਾ ਸਿੱਖ ਕਦੇ ਵੀ ਸੰਗ-ਦਿਲ ਨਹੀਂ ਹੋ ਸਕਦਾ ਅਤੇ ਨਾ ਹੀ ਉਹ ਬੁਰਾਈ ਤੋਂ ਬਿਨਾਂ ਕਿਸੇ ਹੋਰ ਨੂੰ ਨਫਰਤ ਕਰ ਸਕਦਾ ਹੈ ਅਤੇ ਨਾ ਹੀ ਮਨੁੱਖਤਾ ਨੂੰ ਵੰਡ ਸਕਦਾ ਹੈ। ਪੰਜਾਬ ਦੇ ਦਰਿਆਵਾਂ ਦਾ ਪਾਣੀ ਸਾਰੇ ਪੰਜਾਬੀਆਂ ਲਈ ਹੈ, ਰਾਜਧਾਨੀ ਦੀ ਜ਼ਰੂਰਤ ਵੀ ਸਮੁੱਚੇ ਪੰਜਾਬ ਨੂੰ ਹੈ। ਇਸ ਲਈ ਇਨ੍ਹਾਂ ਮੰਗਾਂ ਦੀ ਪੂਰਤੀ ਲਈ ਸਮੁੱਚੇ ਪੰਜਾਬੀਆਂ ਨੂੰ ਇਕੱਠੇ ਹੋ ਕੇ ਸੰਘਰਸ਼ ਕਰਨਾ ਚਾਹੀਦਾ ਹੈ। ਇਹ ਅਸੰਭਵ ਨਹੀਂ ਕਿਉਂਕਿ ਪੂਰਾ ਇੱਕ ਸਾਲ ਚੱਲੇ ਕਿਸਾਨ ਮੋਰਚੇ ਨੇ ਸਾਰੀ ਦੁਨੀਆ ਨੂੰ ਇਹ ਦਿਖਾ ਦਿੱਤਾ ਕਿ ਇਕੱਠਿਆਂ ਹੋ ਕੇ ਕੋਈ ਵੀ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਮੋਰਚਾ ਪੰਜਾਬ ਤੋਂ ਸ਼ੁਰੂ ਹੋਇਆ ਸੀ ਜਿਸ ਨੇ ਹਰਿਆਣਾ, ਉਤਰ ਪ੍ਰਦੇਸ਼, ਰਾਜਸਥਾਨ ਨੂੰ ਨਾਲ ਜੋੜਦਿਆਂ ਸਾਰੇ ਹਿੰਦੁਸਤਾਨ ਦੇ ਕਿਸਾਨਾਂ ਤੋਂ ਇਲਾਵਾ ਦੁਨੀਆ ਭਰ ਦੇ ਦਾਨਸ਼ਮੰਦਾਂ ਨੂੰ ਆਪਣੇ ਵੱਲ ਕਰ ਲਿਆ। ਭਾਵੇਂ ਦੋਖੀ ਅਨਸਰਾਂ ਅਤੇ ਸਰਕਾਰ ਨੇ ਇਸ ਨੂੰ ਵਿਚਲਤ ਕਰਨ ਦੀ ਕੋਈ ਕਸਰ ਨਹੀਂ ਛੱਡੀ। ਸਿੱਖ ਕੀਮਤ ਵਿਧਾਨ ਦਾ ਪ੍ਰਕਾਸ਼ਨ ਜਿਸ ਤਰ੍ਹਾਂ ਕਿਸਾਨ ਮੋਰਚੇ ਨੇ ਕੀਤਾ ਕੋਈ ਗੁਰਦੁਆਰਾ ਕਮੇਟੀ, ਕੋਈ ਵੀ ਹੋਰ ਸੰਸਥਾ ਨਹੀਂ ਕਰ ਸਕੀ।

ਪੰਜਾਬ ਜਿਸ ਬਾਰੇ ਕਦੀ ਸ਼ਾਹ ਮੁਹੰਮਦ ਨੇ ਕਿਹਾ ਸੀ:

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉਤੇ ਅਫ਼ਾਤ ਆਹੀ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ'
ਕੋਈ ਨਹੀਂ ਸੀ ਦੂਸਰੀ ਜ਼ਾਤ ਆਈ।

'ਦੂਸਰੀ ਜਾਤ' ਤੋਂ ਇਸ਼ਾਰਾ ਇੱਥੇ ਅੰਗਰੇਜ਼ ਹਾਕਮਾਂ ਵੱਲ ਹੈ ਜਿਨ੍ਹਾਂ ਨੇ ਮਹਾਰਾਜ ਰਣਜੀਤ ਸਿੰਘ ਦੇ ਫੌਤ ਹੋਣ ਪਿੱਛੋਂ ਪੰਜਾਬ 'ਤੇ ਕਬਜ਼ਾ ਕਰ ਲਿਆ। ਨਫ਼ਰਤ ਅਤੇ ਲਾਲਸੀ ਰਾਜਨੀਤੀ ਕਾਰਨ ਸ਼ਾਹ ਮੁਹੰਮਦ ਦਾ ਵਰਇਹ

*(ਬਾਕੀ ਅਗਲੇ ਸਫੇ 'ਤੇ)*

# ਚੀਸ ਦੀ ਚਸ਼ਮਦੀਦੀ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਚੀਸ ਇਕ ਅਨੁਭਵ, ਇਕ ਅਹਿਸਾਸ। ਵਿਅਕਤੀ-ਵਿਸ਼ੇਸ਼ ਲਈ ਖਾਸਮ-ਖਾਸ। ਚੀਸ ਸਰੀਰ ਦੀ ਵੀ, ਮਨ ਦੀ ਵੀ ਅਤੇ ਰੂਹ ਦੀ ਵੀ। ਇਹ ਸਰੀਰ 'ਤੇ ਲੱਗੇ ਫੱਟਾਂ, ਪਈਆਂ ਲਾਸਾਂ, ਮਾਰੇ ਮਿਹਣਿਆਂ, ਲਾਈਆਂ ਤੋਹਮਤਾਂ, ਪੱਲੇ ਪਈ ਗੁਰਬਤ, ਮਿਲੀ ਜ਼ਹਾਲਤ, ਸੁੱਕਣੇ ਪਏ ਜਜ਼ਬਾਤਾਂ, ਮਰ ਰਹੀਆਂ ਸੱਧਰਾਂ, ਹੰਝੂਆਂ ਭਿੱਜੇ ਚਾਵਾਂ, ਮੌਤ-ਗੋਚਰੀ ਮਿਹਨਤ ਅਤੇ ਸੁਪਨਿਆਂ ਦੇ ਸੱਲ ਵਿਚੋਂ ਉਗਦੀ। ਜਦ ਲੋਰੀ ਵੀ ਚੀਸ ਦੇ ਨਗ਼ਮੇ ਗਾਉਣ ਲੱਗ ਪਵੇ ਤਾਂ ਚੀਸ ਵੀ ਨਮੋਸ਼ੀ ਵਿਚ ਡੁੱਬ ਜਾਂਦੀ।

ਚੀਸ, ਕਦੇ ਆਪਣਿਆਂ ਤੋਂ ਤੇ ਕਦੇ ਬਿਗਾਨਿਆਂ ਤੋਂ, ਕਦੇ ਮਿੱਤਰਾਂ ਤੋਂ ਤੇ ਕਦੇ ਦੁਸ਼ਮਣਾਂ ਤੋਂ ਅਤੇ ਕਦੇ ਨੇੜਲਿਆਂ ਤੋਂ ਤੇ ਕਦੇ ਪ੍ਰਦੇਸੀਆਂ ਤੋਂ। ਕਦੇ ਚੀਸ ਕਿਸੇ ਦੇ ਬੋਲਾਂ ਨਾਲ ਉਗਮਦੀ ਅਤੇ ਕਦੇ ਕਿਸੇ ਦੇ ਲਫਜ਼ਾਂ 'ਚੋਂ ਪੈਦਾ ਹੁੰਦੀ। ਕਦੇ ਸੂਹੇ ਪਲਾਂ ਵਿਚਲੀ ਕਸੀਸ ਅਤੇ ਕਦੇ ਦੁਆਵਾਂ ਨੂੰ ਮਿਲੀ ਬਦ-ਅਸੀਸ। ਚੀਸ ਕਦੇ ਅੰਦਰਲੀ ਅਤੇ ਕਦੇ ਬਾਹਰਲੀ।

ਚੀਸ ਤੋਂ ਚੀਸ ਤੀਕ ਦਾ ਸਫ਼ਰ, ਬਹੁਤ ਹੀ ਬਿਖੜਾ। ਹੀਣ-ਭਾਵਨਾ ਅਤੇ ਲਾਹਨਤਾਂ ਨਾਲ ਭਰਿਆ। ਅਲਾਮਤਾਂ ਦੀਆਂ ਖਾਈਆਂ ਅਤੇ ਉਲਾਹਮਿਆਂ ਦੇ ਟੋਇਆਂ ਨਾਲ ਲਬੋਲੱਬ। ਦਰਦਾਂ ਭਰੀ ਵਾਟ। ਚੀਸ ਕਈ ਵਾਰ ਪੀੜਾ ਦਿੰਦੀ ਅਤੇ ਕਦੇ ਪੀੜਾਂ ਤੋਂ ਨਿਜਾਤ ਵੀ।

ਚੀਸ ਕਈ ਵਾਰ ਸ਼ਬਦਾਂ ਵਿਚ ਅਰਥਾਂ ਦੇ ਦੀਵੇ ਜਗਾਉਂਦੀ। ਕਦੇ ਪੈਰਾਂ ਵਿਚ ਸਫ਼ਰ ਉਗਾਉਂਦੀ। ਕਦੇ ਸੁਪਨਿਆਂ ਨੂੰ ਲਾਈ ਆਰ ਹੁੰਦੀ ਅਤੇ ਕਦੇ ਕੰਮਦਿਲੀ ਤੇ ਕੀਤਾ ਵਾਰ ਹੁੰਦੀ।

ਚਾਰੇ ਪਾਸੇ ਚੀਸਾਂ ਹੀ ਚੀਸਾਂ ਪਾਇਆ ਚੀਕ-ਚਿਹਾੜਾ।
ਚੀਸਾਂ ਬਾਝੋਂ ਦੱਸ ਮਲਾਹਾ ਕਾਹਦਾ ਦੇਈਏ ਭਾੜਾ?
ਮੌਲਣ-ਰੁੱਤੇ ਪੜ੍ਹ ਕੇ ਹਾਰੇ ਪੀੜ ਦਾ ਪਾਠ-ਪਹਾੜਾ
ਰੀਝਾਂ ਸੱਗਵੀਆਂ ਰਹਿ ਗਈਆਂ
ਮਿਲਿਆ ਕੋਈ ਨਾ ਲਾੜਾ।

ਚੀਸਾਂ ਬਿਨਾਂ ਨਿਥਾਵਿਆਂ ਕੋਲ ਦੱਸੋ ਹੁੰਦਾ ਏ ਕੀ?
ਚੀਸਾਂ ਨੂੰ ਹੀ ਮਾਣਦਿਆਂ ਹੋ ਜਾਣਾ 'ਹੈ' ਤੋਂ 'ਸੀ'।
ਚੀਸ ਚੌਰਾਹੇ, ਚੀਸ ਹੀ ਰਾਹੀਂ, ਚੀਸ ਹੀ ਜੰਗਲ-ਬੇਲੇ।
ਚੀਸਾਂ ਦੇ ਵਿਚ ਮਨ-ਮੌਜੀ, ਸੋਗ ਦੀਆਂ ਖੇਡਾਂ ਖੇਲੇ।
ਚੀਸ ਮਹਿਰਮ, ਚੀਸ ਹੀ ਸਾਕੀ ਤੇ
ਚੀਸ ਹੀ ਭਰਿਆ ਕਾਸਾ।
ਚੀਸਾਂ ਭਰਿਆ ਚਾਰ ਚੌਫੇਰਾ ਅਤੇ ਚੀਸਾਂ ਸਭ ਦਾ ਖਾਸਾ।

ਚੀਸਾਂ ਦੀ ਕੇਹੀ ਰੁੱਤ ਵੇ ਸੱਜਣਾਂ ਸਾਡੇ ਵਿਹੜੇ ਆਈ
ਚੀਸਾਂ ਭਰੇ ਪੰਡ-ਪੰਡਾਰਾ ਕਰੇ ਸ਼ਬਦਾਂ ਦੀ ਰਹਿਨੁਮਾਈ।
ਚੀਸਾਂ ਸਾਡੇ ਸਾਹੀਂ ਵੱਸੀਆਂ ਤੇ ਚੀਸਾਂ ਗ਼ਮ ਵੰਡਾਵਣ।
ਚੀਸਾਂ ਵਾਲੇ ਗੀਤ ਵੇ ਸੱਜਣਾ ਸਾਡੇ ਹੋਠੀਂ ਟਿਕਾਵਣ।

ਪਤਾ ਨਹੀਂ ਅਸਾਂ ਸੱਜਣ ਆਪਣੇ ਕਿਹੜੇ ਦੇਸ਼ੀਂ ਤੋਰੇ?
ਆ ਸੱਜਣਾ ਚੀਸਾਂ ਵਰਚਾਈਏ, ਭਰਦੀਆਂ ਨੇ ਹਟਕੋਰੇ।
ਚੀਸਾਂ ਦੀ ਇਹ ਬਾਤ ਲੰਮੇਰੀ ਘਰ ਦੇ ਹਿੱਸੇ ਆਈ।
ਚੀਸਾਂ ਨੇ ਹੀ ਆਖਰ ਕਰਨੀ ਜੀਵਨ ਵਿਚ ਰੁਸ਼ਨਾਈ।

ਚੀਸ ਦੀਆਂ ਬਹੁਤ ਸਾਰੀਆਂ ਪਰਤਾਂ। ਇਨ੍ਹਾਂ ਪਰਤਾਂ ਨੂੰ ਹਰੇਕ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਹੰਢਾਉਂਦਾ। ਇਨ੍ਹਾਂ ਪਰਤਾਂ ਦੀ ਨਿਸ਼ਾਨਦੇਹੀ ਕਰਦੀਆਂ ਨਿੱਕੀਆਂ ਨਿੱਕੀਆਂ ਨਜ਼ਮਾਂ ਵਰਕੇ 'ਤੇ ਇਉਂ ਫੈਲ ਗਈਆਂ;

1.
ਉਹ ਹਰ ਵਾਰ ਦੀ ਤਰ੍ਹਾਂ
ਇਸ ਵਾਰ ਵੀ ਜਦ ਇੰਟਰਵਿਊ ਤੋਂ
ਖਾਲੀ ਹੱਥ ਬਾਹਰ ਆਇਆ ਤਾਂ
ਡਿਗਰੀਆਂ ਉਸਦੇ ਗੱਲ ਲੱਗ ਕੇ ਧਾਹੀਂ ਰੋਈਆਂ।
2.
ਲੀਰਾਂ ਨਾਲ ਢੱਕੀ, ਭੁੱਖੀ ਤੇ ਪਿਆਸੀ ਕੁੜੀ
ਸ਼ਾਮ ਤੀਕ ਕਪਾਹ ਚੁਗਦੀ ਰਹੀ
ਪਰ ਕਪਾਹ ਦੀਆਂ ਫੁੱਟੀਆਂ
ਤਨ ਦਾ ਕੱਜਣ ਨਾ ਬਣ ਸਕੀਆਂ।
3.
ਇਕਹਿਰਾ ਜਿਹਾ ਕਾਮਾ ਲੰਗੋਟ ਬੰਨ੍ਹ
ਭੱਠੇ 'ਤੇ ਕੱਚੀਆਂ/ਪੱਕੀਆਂ ਇੱਟਾਂ ਢੋਂਦਾ ਰਿਹਾ
ਪਰ ਆਪਣੀ ਡਿੱਗੀ ਹੋਈ ਕੰਧ ਲਈ
ਉਸ ਕੋਲ ਇਕ ਵੀ ਇੱਟ ਨਹੀਂ ਸੀ।
4.
ਕੜਕਦੀ ਧੁੱਪ ਵਿਚ
ਉਹ ਮੁੜ੍ਹਕੋ-ਮੁੜ੍ਹਕੀ ਹੋਇਆ
ਸਾਰਾ ਦਿਨ ਲੈਂਟਰ ਪਾਉਂਦਾ ਰਿਹਾ
ਅਤੇ ਸ਼ਾਮ ਨੂੰ ਘਰ ਆ
ਚੋਂਦੀ ਛੱਤ ਹੇਠ ਬਰਤਨ ਰੱਖਦਿਆਂ
ਸਾਰੀ ਰਾਤ ਜਾਗਦਾ ਰਿਹਾ।
5.
ਖਿੱਲਰੇ ਵਾਲਾਂ ਵਾਲੇ, ਅੱਧ-ਨੰਗੇ ਬੱਚੇ ਨੇ
ਲਲਚਾਈਆਂ ਨਜ਼ਰਾਂ ਨਾਲ,
ਪੁੰਨਿਆ ਦੇ ਚੰਨ ਵੱਲ ਦੇਖਿਆ
ਮੂੰਹ ਵਿਚ ਪਾਣੀ ਤੇ ਅੱਖਾਂ ਵਿਚ ਚਮਕ ਆ ਗਈ
ਉਹ ਦੇਰ ਤੱਕ ਚੰਨ ਨੂੰ ਦੇਖਦਾ ਰਿਹਾ
ਪਰ ਚੰਨ ਰੋਟੀ ਨਾ ਬਣਿਆ।
6.
ਬੱਚੇ ਦੇ ਮੁੱਖ ਤੋਂ, ਖੋਹੀ ਮੁਸਕਰਾਹਟ
ਮਾਸੂਮੀਅਤ ਦਾ, ਦਿਨ-ਦਿਹਾੜੇ ਕਤਲ।
7.
ਰੋਂਦਾ ਬੱਚਾ ਛੱਡ, ਮਾਂ ਕੰਮ 'ਤੇ ਚਲੇ ਗਈ
ਬਚਪਨ ਹੰਝੂਆਂ ਥੀਂ ਵਹਿ ਤੁਰਿਆ।
8.
ਭਾਂਡੇ ਮਾਂਜਦੇ ਜੁਆਕ ਨੇ, ਬਸਤੇ ਨੂੰ ਦੇਖਿਆ
ਉਸਦੇ ਪੂਰਨਿਆਂ 'ਤੇ, ਪੋਚਾ ਫਿਰ ਗਿਆ।
9.
ਵੱਟ 'ਤੇ ਬੈਠਾ ਕਿਸਾਨ, ਕਰੰਡੀ ਹੋਈ ਫ਼ਸਲ ਦੇਖ
ਮੋਏ ਸੁਪਨਿਆਂ ਨੂੰ, ਹਿੱਕ ਨਾਲ ਲਾਉਣ ਲੱਗਾ।
10.
ਦਰਿਆ ਦੀ ਹਿੱਕ 'ਚ ਉਗੇ ਬਰੇਤੇ
ਪਾਣੀ ਦਾ ਆਠਰਿਆ ਦਰਦ ਹੁੰਦੇ।
11.
ਓਬੜ-ਖੋਬੜ ਰਾਹ, ਮੰਜ਼ਲ ਹਜ਼ਮ ਗਏ
ਸਿਰਨਾਵੇਂ ਹੀ, ਹੱਥਾਂ 'ਚ ਰਹਿ ਗਏ।
12.
ਉਸਦੇ ਨੈਣਾਂ 'ਚ, ਮੌਲਦਾ ਸੁਪਨਾ
ਯੱਖ ਹੋ ਗਿਆ ਕੋਏ, ਪੱਥਰ ਹੋ ਗਏ।
13.
ਬਾਪ ਦਾ ਪਰਨਾ, ਲੀਰਾਂ ਹੋ ਗਿਆ
ਲਾਡਲੇ ਦੀ ਛਾਂ, ਡੂੰਘਾ ਹਉਕਾ ਬਣ ਗਈ।
14.
ਬਾਪ ਦੇ ਪਾਟੇ ਬੋਝੇ ਦਾ ਤਸੱਵਰ
ਪੁੱਤ ਦੀਆਂ ਰੀਝਾਂ ਨੂੰ ਹਲਾਲ ਕਰ ਗਿਆ।
15.
ਉਸਨੇ ਆਪਣਿਆਂ ਨੂੰ ਹਾਕ ਮਾਰੀ
ਹੁੰਗਾਰੇ ਦੀ ਚੁੱਪ ਹਾਕ ਵਿਚ ਹੰਝੂ ਧਰ ਗਈ।
16. ਸਕਿਆਂ ਨੇ ਸਕੇ ਲਈ
ਕਬਰ ਪੁੱਟੀ ਮਿੱਟੀ, ਰੋਣ ਲੱਗ ਪਈ
17.
ਸ਼ਬਦਾਂ ਵਿਚ ਜਗਦੇ, ਅਰਥਾਂ ਦੇ ਦੀਵਿਆਂ ਦਾ
ਤੇਲ ਮੁੱਕ ਗਿਆ, ਲਿਖਤ ਦੀ ਧਾਹ ਨਿਕਲ ਗਈ।
18.
ਬਹਾਰ ਨੂੰ ਉਡੀਕਦੇ ਬਿਰਖ 'ਤੇ
ਪਤਝੜ ਆਣ ਬੈਠੀ, ਫ਼ਿਜ਼ਾ ਸਿਸਕਣ ਲੱਗ ਪਈ।
19.
ਬਰਫ਼ ਨਾਲ ਲੱਦੇ, ਬਿਰਖ ਦੀ ਹੋਣੀ ਦੇਖ
ਅੰਦਰਲੀ ਅੱਗ, ਕਸੀਸ ਵੱਟ ਕੇ ਰਹਿ ਗਈ।
20.
ਘਰ ਦੀਆਂ ਬੰਮ੍ਹੀਆਂ, ਯਰਕਣ ਲੱਗੀਆਂ
ਛੱਤ, ਨੀਰੋ-ਨੀਰ ਹੋ ਗਈ।
21.
ਘਰ ਨੇ ਫੂਕ ਮਾਰੀ,
ਆਲ੍ਹੇ 'ਚ ਜਗਦਾ ਦੀਵਾ ਬੁੱਝ ਗਿਆ
ਵਿਹੜੇ 'ਚ ਕਾਲਖ਼ਾਂ ਉਤਰ ਆਈਆਂ।
22.
ਹਵਾ ਦਾ ਬੁੱਲਾ
ਜਗਦੀਆਂ ਮੋਮਬੱਤੀਆਂ ਨੂੰ ਨਿੱਘਲ ਗਿਆ
ਬਨੇਰਾ, ਰੁਆਂਸਿਆ ਗਿਆ
23.
ਪ੍ਰਦੇਸੀ ਪਤੀ ਦੀ ਯਾਦ 'ਚ
ਪਤਨੀ ਨੇ ਪਲੰਘ 'ਤੇ ਪਾਸਾ ਵੱਟਿਆ
ਬੇਧਿਆਨੇ 'ਚ, ਚੂੜੀ ਟੁੱਟੀ
ਤੇ ਬਾਂਹ 'ਚ ਖੁੱਭ ਗਈ
ਸੇਜ, ਸਿਸਕਣ ਲੱਗ ਪਈ।
24.
ਪਿਆਰ-ਭਿੱਜੀਆਂ ਰੂਹਾਂ ਦੀ ਖਾਮੋਸ਼ੀ ਨੂੰ
ਉਲਥਾਉਣ ਲਈ ਧਰਤ ਦਾ ਸਫ਼ਾ
ਤੇ ਸਮੁੰਦਰ ਦੀ ਸਿਆਹੀ ਵੀ ਨਾਕਾਫ਼ੀ ਹੁੰਦੀ।
25.
ਤਾਰੇ ਦੀ ਅੱਖ ਵਿਚ ਟੀਰ ਉਗਿਆ
ਅੰਬਰ ਦੀ ਚਾਦਰ ਲੀਰੋ-ਲੀਰ ਹੋ ਗਈ।

ਇਹ ਕਾਵਿ-ਪਰਤਾਂ ਹੀ ਸਾਨੂੰ ਜ਼ਿੰਦਗੀ ਨੂੰ ਚਾਨਣ-ਭੀਤ ਰਾਹੀਂ ਦੇਖਣ ਲਈ ਰਾਹ-ਦਸੇਰਾ ਬਣਦੀਆਂ ਅਤੇ ਜੀਵਨ ਦੀ ਨਵੀਂ ਅਰਥਕਾਰੀ ਕਰਦੀਆਂ।

ਚੀਸ ਜਦ ਬਾਹਰ ਤੋਂ ਅੰਦਰ ਨੂੰ ਤੁਰਦੀ ਤਾਂ ਅੰਦਰ ਪੈਦਾ ਹੋਏ ਧੂੰਏਂ ਵਿਚ ਬਹੁਤ ਕੁਝ ਧੁਖਣ ਲੱਗਦਾ। ਅੰਤਰੀਵ ਰਾਖ਼ ਦੀ ਢੇਰੀ ਬਣ ਸਾਰਾਂ ਦਾ ਸਿਤਮ ਬਣ ਜਾਂਦਾ। ਸਵਾਹ ਹੋਏ ਸੂਖਮ ਵਿਚਾਰ, ਕੋਮਲ ਭਾਵਨਾਵਾਂ ਕਾਰਨ ਕਰੂੰਬਲਾਂ ਵਰਗੀ ਚੇਤਨਾ ਵੀ ਸੁਸਰੀ ਵਾਂਗ ਸੌਂ ਜਾਂਦੀ। ਅੰਦਰ ਕਬਰ ਬਣ ਜਾਂਦਾ। ਕਬਰਾਂ ਕਦੇ ਬੋਲਦੀਆਂ ਨਹੀਂ ਪਰ ਚੁੱਪ ਰਹਿ ਕੇ ਬਹੁਤ ਕੁਝ ਕਹਿ ਜਾਂਦੀਆਂ।

ਜ਼ਰੂਰਤ ਹੈ ਕਿ ਚੀਸ ਨੂੰ ਹਮੇਸ਼ਾ ਅੰਦਰ ਤੋਂ ਬਾਹਰ ਦੇ ਸਫ਼ਰ 'ਤੇ ਤੋਰੋ। ਅੰਤਰੀਵ ਵਿਚ ਮੌਲਣਗੀਆਂ ਰਾਂਗਲੀਆਂ ਰੁੱਤਾਂ, ਸੁੱਚੇ ਵਿਚਾਰ ਤੇ ਸ਼ੁੱਭ-ਭਾਵਨਾਵਾਂ। ਬੰਦਿਆਈ ਅਤੇ ਚੰਗਿਆਈ ਦਾ ਬਿਰਖ਼ ਰੂਹ ਨੂੰ ਛਾਂ ਨਾਲ ਨਿਵਾਜੇਗਾ। ਚੀਸ ਨੂੰ ਅੰਦਰ ਤੋਂ ਬਾਹਰ ਦੇ ਰਾਹ ਤੋਰਨਾ, ਜ਼ਿੰਦਗੀ ਲਈ ਸੁਖਨ ਦਾ ਵਰਦਾਨ ਅਤੇ ਜੀਵਨ-ਜਾਚ ਦਾ ਮੂਲ-ਮੰਤਰ।

## ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ

**(ਸਫਾ 14 ਦਾ ਬਾਕੀ)**

ਪੰਜਾਬ ਪਹਿਲਾਂ ਸੰਤਾਲੀ ਵਿੱਚ ਵੰਡਿਆ ਗਿਆ, ਸਿਰਫ ਵੰਡਿਆ ਹੀ ਨਹੀਂ ਗਿਆ ਪੰਜਾਬੀਆਂ ਨੇ ਖੂਬ ਇੱਕ ਦੂਜੇ ਦੇ ਖੂਨ ਦੀ ਹੋਲੀ ਖੇਡੀ, ਆਪਣੀਆਂ ਧੀਆਂ-ਭੈਣਾਂ ਦੀ ਅਸਮਤ ਰੋਲੀ। ਸੌੜੀ, ਵੰਡ-ਪਾਊ, ਲਾਲਚੀ ਰਾਜਨੀਤੀ ਕਾਰਨ ਪੰਜਾਬੀ ਬੋਲੀ ਨੂੰ ਇੱਕ ਖਿੱਤੇ ਦੀ ਭਾਸ਼ਾ ਨਾ ਮੰਨ ਕੇ, ਇੱਕ ਭਾਈਚਾਰੇ ਨਾਲ ਜੋੜ ਕੇ ਪੰਜਾਬੀ ਸੂਬੇ ਦੀ ਮੰਗ ਨੇ ਇਸ ਨੂੰ ਦੂਸਰੀ ਵਾਰ ਵੰਡਿਆ ਜਿਸ ਨਾਲ ਇਸ ਦੇ ਤਿੰਨ ਟੋਟੇ ਹੋ ਗਏ। ਇੰਡਸਟਰੀ ਸਾਰੀ ਹਰਿਆਣੇ ਵਿਚ ਚਲੀ ਗਈ, ਸੈਰ-ਸਪਾਟਾ ਹਿਮਾਚਲ ਵਿਚ ਅਤੇ ਪੰਜਾਬੀ ਸੂਬੇ ਕੋਲ ਮਹਿਜ਼ ਖੇਤੀ-ਬਾੜੀ ਰਹਿ ਗਈ। ਪੰਜਾਬੀ ਬੋਲਦੇ ਇਲਾਕਿਆਂ ਦੇ ਨਾਲ ਨਾਲ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਲਾਹੌਰ ਦੀ ਥਾਂ ਰਾਜਧਾਨੀ ਲਈ ਵਸਾਇਆ ਚੰਡੀਗੜ੍ਹ, ਪੰਜਾਬ ਦੇ ਪਾਣੀ, ਭਾਈਚਾਰਕ ਸਾਂਝ ਸਭ ਕੁੱਝ ਵੰਡਿਆ ਗਿਆ।

ਹੁਣ ਖਾਲਿਸਤਾਨ ਦੇ ਨਾਂ 'ਤੇ ਇਸ ਨੂੰ ਤੀਜੀ ਵਾਰ ਵੰਡਣ ਲਈ ਨਿੱਤ ਕੋਈ ਨਵਾਂ ਸ਼ੋਸ਼ਾ ਛੱਡ ਦਿੱਤਾ ਜਾਂਦਾ ਹੈ। ਪੰਜਾਬੀਆਂ ਦੀ ਪੂਰੀ ਇੱਕ ਪੀੜ੍ਹੀ ਚੁਰਾਸੀ ਦੀ ਭੇਟ ਚੜ੍ਹ ਗਈ, ਉਸ ਤੋਂ ਅਗਲੀ ਨਸ਼ਿਆਂ ਦੀ ਭੇਟ ਹੋ ਗਈ ਅਤੇ ਤੀਸਰੀ ਪੀੜ੍ਹੀ ਪੰਜਾਬ ਵਿਚ ਆਪਣੇ ਭਵਿੱਖ ਤੋਂ ਫਿਕਰਮੰਦ ਵਿਦੇਸ਼ਾਂ ਵੱਲ ਤੁਰ ਪਈ ਹੈ ਜਾਂ 'ਖਾਲਿਸਤਾਨ' ਦੇ ਨਾਂ 'ਤੇ ਨੌਜੁਆਨਾਂ ਨੂੰ ਜੇਲ੍ਹੀਂ ਡੱਕਣ ਦਾ ਪ੍ਰਬੰਧ ਆਪ ਕੀਤਾ ਜਾ ਰਿਹਾ ਹੈ। ਜਦੋਂ ਨੌਜੁਆਨਾਂ ਨੂੰ ਧਰਮ ਦੇ ਨਾਂ 'ਤੇ ਭੜਕਾਇਆ ਗਿਆ, ਗੁਰਦੁਆਰੇ ਵਿਚ ਜੁੱਤੀ ਗੁਰੂ ਦੀ ਸੰਗਤ ਦੀ ਪਰਵਾਹ ਕੀਤੇ ਬਿਨਾ ਕੁਰਸੀਆਂ ਮੇਜ ਕੱਢ ਕੇ ਸਾੜ-ਫੂਕ ਕੀਤੀ ਗਈ ਕਿਸੇ ਜਥੇਦਾਰ ਨੇ ਨੋਟਿਸ ਕਿਉਂ ਨਹੀਂ ਲਿਆ? ਜਦੋਂ ਬੱਚੇ ਜੇਲ੍ਹੀਂ ਡੱਕ ਦਿੱਤੇ ਫਿਰ 24 ਘੰਟੇ ਦਾ ਅਲਟੀਮੇਟਮ ਦੇ ਦਿੱਤਾ? ਪਹਿਲੇ ਅੰਦਰ ਬੈਠੇ ਸਿੰਘਾਂ ਦਾ ਫਿਕਰ ਛੱਡ ਨਵਿਆਂ ਨੂੰ ਅੰਦਰ ਭੇਜਣ ਲਈ ਹਰ ਰੋਜ਼ ਪ੍ਰਬੰਧ ਕਰ ਰਹੇ ਹਾਂ। ਸਿੱਖਾਂ ਦੀ ਛਵੀ ਵਿਗਾੜਨ ਲਈ ਕੀ ਕੁੱਝ ਨਹੀਂ ਕਰ ਰਹੇ? ਕੀ ਸਿੱਖਾਂ ਦਾ ਕੰਮ ਸਿਰਫ ਖੜਦੁਲ ਮਚਾਉਣਾ ਹੀ ਰਹਿ ਗਿਆ ਹੈ? ਹੱਕਾਂ ਲਈ ਮੁਜ਼ਾਹਰਾ ਕਰਨਾ ਜਮਹੂਰੀ ਹੱਕ ਹੈ ਹਰ ਇੱਕ ਦਾ ਪਰ ਇਹ ਕਿਸ ਕਿਸਮ ਦੀ ਸਿੱਖੀ ਹੈ ਕਿ ਦੁਨੀਆ ਭਰ ਵਿਚ ਆਪਣੀ ਪੈਠ ਸਥਾਪਤ ਕਰ ਰਹੇ ਮੋਰਚੇ ਨੂੰ ਵਿਚਲਤ ਕਰਨ ਲਈ ਲਾਲ ਕਿਲੇ 'ਤੇ ਜਾ ਕੇ ਨਿਸ਼ਾਨ ਸਾਹਿਬ ਝੁਲਾਈਏ ਇਹ ਪ੍ਰਵਾਹ ਕੀਤੇ ਬਿਨਾਂ ਕਿ ਕੋਈ ਸ਼ਰਾਰਤੀ ਅਨਸਰ ਨਿਸ਼ਾਨ ਸਾਹਿਬ ਦੀ ਬੇਅਦਬੀ ਵੀ ਕਰ ਸਕਦਾ ਹੈ? ਭਾਰਤੀ ਅੰਬੈਸੀਆਂ ਅੱਗੇ ਜਾ ਕੇ ਆਪਣਾ ਰੋਸ ਜਤਾਉਣ ਦੀ ਥਾਂ ਉਥੇ ਖੜਦੁਲ ਮਚਾਈਏ, ਝੰਡੇ ਪਾੜੀਏ? ਸਾਥੀ ਜਿਸ 'ਤੇ ਦੋਸ਼ ਵੀ ਲੱਗੇ ਹੋਣ ਉਸ ਨੂੰ ਛੁਡਾਉਣ ਲਈ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋ ਜਾਣ ਦੀ ਸੰਭਾਵਨਾ ਨੂੰ ਅੱਖੋਂ-ਪਰੋਖੇ ਕਰਦਿਆਂ ਢਾਲ ਬਣਾ ਕੇ ਥਾਣੇ 'ਤੇ ਧਾਵਾ ਬੋਲੀਏ? ਇਹ ਕਿਸ ਕਿਸਮ ਦੀ ਸਿੱਖੀ ਹੈ?

ਬਦੇਸ਼ਾਂ ਵਿਚ ਗੁਰਦੁਆਰਿਆਂ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਦੀ ਪ੍ਰਵਾਹ ਨਾ ਕਰਦਿਆਂ ਰੋਜ਼ ਇੱਕ ਦੂਜੇ 'ਤੇ 'ਤਲਵਾਰਾਂ' ਕੱਢਦੇ ਹਾਂ (ਕ੍ਰਿਪਾਨ ਨੂੰ ਇਸ ਤਰ੍ਹਾਂ ਇੱਕ ਦੂਜੇ 'ਤੇ ਕੱਢਣ ਦੀ ਗੁਰੂ ਨੇ ਆਗਿਆ ਨਹੀਂ ਦਿੱਤੀ) ਅਤੇ ਪੁਲਿਸ ਨੂੰ ਗੁਰਦੁਆਰਿਆਂ ਅੰਦਰ ਆਪਣੀਆਂ ਕਰਤੂਤਾਂ ਸਦਕਾ ਵੜਨ ਦਾ ਮੌਕਾ ਦਿੰਦੇ ਹਾਂ? ਇਸਾਈ ਪ੍ਰਚਾਰਕਾਂ ਖ਼ਿਲਾਫ਼ ਰੋਜ਼ ਰੌਲਾ ਪਾਉਂਦੇ ਹਾਂ ਪਰ ਆਪ ਕਦੀ ਜਾ ਕੇ ਦੂਸਰੇ ਭਾਈਚਾਰਿਆਂ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਬਾਬੇ ਨਾਨਕ ਨੇ ਕੀ ਸੰਦੇਸ਼ ਦਿੱਤਾ ਹੈ? ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਨਾ ਸਿਰਫ ਪੰਜਾਬ ਵਿਚ ਬਲਕਿ ਦੂਸਰੇ ਦੇਸ਼ਾਂ ਵਿਚ ਵੀ ਮਾਹੌਲ ਖਰਾਬ ਕਰ ਰਹੇ ਹਾਂ? ਸਿੱਖ ਅਤੇ ਸਿੱਖੀ ਨੂੰ ਖਾਲਿਸਤਾਨ ਦੇ ਨਾਮ 'ਤੇ ਢਾਹ ਲਾ ਰਹੇ ਹਾਂ?

ਪੰਜਾਬ ਨੂੰ ਸ਼ਾਂਤ ਮਾਹੌਲ ਦੀ ਲੋੜ ਹੈ ਤਾਂ ਕਿ ਇਸ ਦੇ ਬੱਚੇ ਸਕੂਨ ਨਾਲ ਵਿੱਦਿਆ ਅਤੇ ਰੁਜ਼ਗਾਰ ਪ੍ਰਾਪਤ ਕਰ ਸਕਣ। ਖੇਤੀ ਲਾਹੇਵੰਦਾ ਧੰਦਾ ਨਹੀਂ ਰਹੀ, ਵਿਗੜੇ ਮਾਹੌਲ ਕਾਰਨ ਪੰਜਾਬ ਵਿਚ ਕੋਈ ਇੰਡਸਟਰੀ ਲਾਉਣ ਲਈ ਤਿਆਰ ਨਹੀਂ। ਰਾਜਨੀਤਕ ਪਾਰਟੀਆਂ ਨੇ ਆਪਣੇ ਸੌੜੇ ਹਿੱਤਾਂ ਲਈ ਪੰਜਾਬ ਨੂੰ ਗੈਂਗ-ਸਭਿਆਚਾਰ ਵੱਲ ਧੱਕ ਦਿੱਤਾ। ਪੰਜਾਬ ਦੀਆਂ ਲੋੜਾਂ ਦੀ ਸਚਾਈ ਨੂੰ ਘੋਖੇ ਬਿਨਾਂ ਕਦੇ ਕੋਈ ਪੰਜਾਬ ਦਾ ਵਾਰਸ ਬਣ ਤੁਰਦਾ ਹੈ ਤੇ ਕਦੇ ਕੋਈ।

ਇੱਕ ਬੀਬੀ ਦੀ ਤਸਵੀਰ ਯੂ ਟਿਊਬ 'ਤੇ ਨਸ਼ਰ ਹੋ ਰਹੀ ਹੈ ਜੋ ਹੁਣ ਤੱਕ ਰੰਗ-ਬਿਰੰਗੀਆਂ ਇੰਟਰਵਿਊਜ਼ ਦਿੰਦੀ ਸਿਰ 'ਤੇ ਰੰਗਦਾਰ ਦਸਤਾਰ ਸਜਾ ਕੇ, ਕੰਨਾਂ ਵਿਚ ਵੱਡੇ ਵੱਡੇ ਕਾਂਟੇ ਪਾਈ ਉਤੋਂ ਸੂਹਣੀ ਜਿਹੀ ਕਢਾਈ ਵਾਲੀ ਚੁੰਨੀ ਲੈ ਕੇ ਆਪਣੇ ਆਪ ਨੂੰ 'ਵਾਰਿਸ ਪੰਜਾਬ' ਦੀ ਅਗਲੀ ਲੀਡਰ ਐਲਾਨ ਰਹੀ ਹੈ। ਕੀ ਪੰਜਾਬੀ ਭੇਡਾਂ ਹਨ ਜਿਨ੍ਹਾਂ ਨੂੰ ਜਿੱਧਰ ਮਰਜ਼ੀ ਹੱਕਿਆ ਜਾ ਸਕਦਾ ਹੈ? ਦਾਨਿਸ਼ਵੰਦ ਪੰਜਾਬੀਆਂ ਨੂੰ ਇਕੱਠੇ ਹੋ ਕੇ ਤੁਰਨ ਦੀ ਲੋੜ ਹੈ ਤਾਂ ਕਿ ਪ੍ਰੋਫੈਸਰ ਪੂਰਨ ਸਿੰਘ ਦੇ ਸ਼ਬਦਾਂ ਵਿਚ 'ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਸਾਰਾ ਵਸਦਾ ਗੁਰੂ ਦੇ ਨਾਮ 'ਤੇ' ਦੀ ਦਿਖ ਬਹਾਲ ਕਰ ਸਕੀਏ। ਕਿਸੇ ਜ਼ਮਾਨੇ ਵਿਚ ਪੰਜਾਬ ਦਾ ਹਿੰਦੂ ਵੀ ਤੰਬਾਕੂ ਤੋਂ ਪ੍ਰਹੇਜ਼ ਕਰਦਾ ਸੀ ਪ੍ਰੰਤੂ ਇਨਕਲਾਬ ਨੂੰ ਗੋਲੀ ਦੇ ਮੂੰਹ ਵਿਚੋਂ ਕੱਢਣ ਵਾਲਿਆਂ ਨੇ ਸਿੱਖ ਬੱਚਿਆਂ ਨੂੰ ਪਹਿਲਾਂ ਕੇਸ ਕਤਲ ਕਰਾਉਣ ਵੱਲ ਪ੍ਰੇਰਿਆ ਅਤੇ ਫਿਰ ਸਿਗਰਟਾਂ ਪੀਣ ਦੀ ਲਤ ਲਾਈ ਕਿਉਂਕਿ ਉਨ੍ਹਾਂ ਨੂੰ ਲਗਦਾ ਸੀ ਕਿ ਧਰਮ ਤੋਂ ਦੂਰ ਕਰ ਕੇ ਹੀ ਕਿਸੇ ਇਨਕਲਾਬ ਦਾ ਮਹੂਰਤ ਕੀਤਾ ਜਾ ਸਕਦਾ ਹੈ? ਕਿੰਨੇ ਮੂਰਖ ਅਤੇ ਲਾਈਲੱਗ ਹਾਂ ਅਸੀਂ 'ਨਾਨਕ ਸੇ ਨਰ ਅਸਲ ਖਰ ਜੋ ਅਖਰ ਕਾ ਭਿਉ ਨ ਲਹੰਤ'। ਬਹੁਤ ਘਾਣ ਕਰ ਲਿਆ, ਆਪੂੰ ਬਣੇ ਸਿੱਖ ਇਤਿਹਾਸਕਾਰਾਂ/ ਪੱਤਰਕਾਰਾਂ ਨੂੰ ਹੁਣ ਪੰਜਾਬੀਆਂ ਨੂੰ ਮੌਤ ਦਾ ਖਾਜਾ ਬਣਾਉਣ ਵੱਲੋਂ ਪ੍ਰਹੇਜ਼ ਕਰ ਲੈਣਾ ਚਾਹੀਦਾ ਹੈ।

ਇਸ ਨਾਲ ਇਕ ਸਵਾਲ ਹੋਰ ਵੀ ਮਨ ਵਿਚ ਉਠਦਾ ਹੈ ਕਿ ਸਿੱਖ ਬੱਚਿਆਂ 'ਤੇ ਤਾਂ ਇੱਕ ਨਾਹਰਾ ਲਾਉਣ 'ਤੇ ਵੀ ਦੇਸ਼ ਧ੍ਰੋਹ ਦਾ ਪਰਚਾ ਹੋ ਜਾਂਦਾ ਹੈ ਪਰ ਆਹ ਜਿਹੜੇ 'ਸਿਟੀ ਬਿਊਟੀਫੁੱਲ' ਵਿਚ ਬੈਠੇ ਪੱਤਰਕਾਰ, ਇਤਿਹਾਸਕਾਰ ਰੋਜ਼ ਨੌਜੁਆਨਾਂ ਨੂੰ ਗੁਮਰਾਹ ਕਰ ਕੇ ਬਲਦੀ ਦੇ ਬੁੱਥੇ ਵੱਲ ਧੱਕਣ ਦੀ ਕੋਸ਼ਿਸ਼ ਕਰਦੇ ਹਨ, ਇਨ੍ਹਾਂ 'ਤੇ ਕੋਈ ਪਰਚਾ ਕਿਉਂ ਨਹੀਂ ਹੁੰਦਾ? ਇਸ ਗੱਲ 'ਤੇ ਗੌਰ ਜ਼ਰੂਰ ਕਰਿਉ।

ਸਮੁੱਚਾ ਸੰਸਾਰ ਸਿੱਖ ਦਾ ਘਰ ਹੈ ਕਿਉਂਕਿ ਸਾਡੇ ਲਈ ਗੁਰੂ ਨੇ ਯਹੂਦੀਆਂ ਵਾਂਗ ਨਾ ਹੀਂ ਕੋਈ ਚੁਣੀ ਹੋਈ ਧਰਤੀ ਮਖਸੂਸ ਕੀਤੀ ਹੈ ਅਤੇ ਨਾ ਹੀ ਅਸੀਂ ਉਸ ਧਰਤੀ 'ਤੇ ਪੈਦਾ ਹੋਣ ਕਰਕੇ ਜਨਮ ਤੋਂ ਕੋਈ 'ਚੁਣੇ ਹੋਏ ਲੋਕ' ਹਾਂ। ਬਾਬੇ ਨਾਨਕ ਦੀ ਤਾਂ ਚੰਗਿਆਂ ਲਈ 'ਉਜੜ ਜਾਓ' ਦੀ ਅਸੀਸ ਹੈ ਅਤੇ ਚੁਣੇ ਹੋਏ ਅਸੀਂ ਉਦੋਂ ਬਣਨਾ ਹੈ ਜਦੋਂ ਗੁਰੂ ਦੇ ਸਨਮੁੱਖ ਹੋ ਕੇ ਵਿਚਰਨਾ ਹੈ, 'ਦਾਗੇ ਹੋਏ ਸੁ ਰਣ ਮਹਿ ਜੂਝੈ'।

ਵਾਰ ਵਾਰ ਇਹ ਆਪੂੰ ਬਣੇ ਵਿਦਵਾਨ ਯਹੂਦੀਆਂ ਦੀ ਉਦਾਹਰਨ ਦਿੰਦੇ ਹਨ। ਯਹੂਦੀਆਂ ਨੇ ਤਾਂ ਇਜ਼ਰਾਈਲ ਜੋ ਰੇਗਿਸਤਾਨ ਸੀ, ਨੂੰ ਹਰਿਆ ਭਰਿਆ ਖੁਸ਼ਹਾਲ ਇਲਾਕਾ ਬਣਾ ਦਿੱਤਾ, ਅਮਰੀਕਾ ਨੂੰ ਯਹੂਦੀਆਂ ਨੇ ਵੱਡੇ ਵੱਡੇ ਬੁੱਧੀਜੀਵੀ, ਵਿਗਿਆਨੀ, ਅਰਥ-ਸ਼ਾਸਤਰੀ, ਇੰਜਨੀਅਰ ਅਤੇ ਹੋਰ ਵੱਡੀਆਂ ਵੱਡੀਆਂ ਹਸਤੀਆਂ ਦਿੱਤੀਆਂ ਹਨ ਅਤੇ ਅਸੀਂ ਆਪਣੇ ਬੱਚਿਆਂ ਨੂੰ ਖਾਲਿਸਤਾਨ ਦੇ ਨਾਮ 'ਤੇ ਭੜਕਾ ਕੇ ਉਨ੍ਹਾਂ ਲਈ ਭਵਿੱਖ ਦਾ ਹਰ ਦਰਵਾਜ਼ਾ ਬੰਦ ਕਰ ਰਹੇ ਹਾਂ। ਪੰਜਾਬ ਨੂੰ ਤਰੱਕੀ ਵੱਲ ਲਿਜਾਣ ਦੀ ਥਾਂ ਉਸ ਦਾ ਬੇੜਾ ਗਰਕ ਕਰਨ ਤੋਂ ਕੋਈ ਪ੍ਰਹੇਜ਼ ਨਹੀਂ ਕਰ ਰਹੇ। ਅਸੀਂ ਕਿਸ ਕਿਸਮ ਦੇ ਖੈਰਖੁਆਹ ਹਾਂ ਪੰਜਾਬ ਦੇ? ਇਹ ਪ੍ਰਸ਼ਨ ਹਰ ਪੰਜਾਬੀ ਦੇ ਜ਼ਿਹਨ ਵਿਚ ਹੋਣਾ ਚਾਹੀਦਾ ਹੈ।

# ਸਿੱਖ ਸੰਸਥਾਵਾਂ, ਸਰਬੱਤ ਖਾਲਸਾ ਅਤੇ ਅੱਜ ਦੇ ਸਿੱਖ

## ਪ੍ਰਤੀਕਰਮ

***ਪਿਛਲੇ ਅੰਕ (8 ਅਪਰੈਲ, 2023) ਵਿਚ ਪ੍ਰਭਸ਼ਰਨਦੀਪ ਸਿੰਘ ਦਾ ਲੇਖ 'ਸ੍ਰੀ ਅਕਾਲ ਤਖਤ ਸਾਹਿਬ, ਸਰਬੱਤ ਖਾਲਸਾ ਤੇ ਸਿੱਖਾਂ ਦੀ ਮੌਜੂਦਾ ਸਥਿਤੀ' ਛਾਪਿਆ ਗਿਆ ਸੀ ਜਿਸ ਵਿਚ ਉਨ੍ਹਾਂ ਅਕਾਲੀ ਸਿਆਸਤ ਅਤੇ ਸਿੱਖ ਸੰਸਥਾਵਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਸਨ। ਇਸ ਬਾਰੇ ਹੁਣ ਸਾਨੂੰ ਸ. ਗੋਬਿੰਦਰ ਸਿੰਘ ਸਮਰਾਓ ਦਾ ਇਹ ਲੇਖ ਹਾਸਲ ਹੋਇਆ ਹੈ ਜਿਸ ਵਿਚ ਉਨ੍ਹਾਂ ਨੇ ਪ੍ਰਭਸ਼ਰਨਦੀਪ ਸਿੰਘ ਦੇ ਕੁਝ ਨੁਕਤਿਆਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਹਨ। ਇਸ ਮਸਲੇ ਬਾਰੇ ਆਏ ਹੋਰ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ ਪਰ ਆਸ ਕਰਦੇ ਹਾਂ ਕਿ ਇਸ ਸੰਵਾਦ ਵਿਚ ਹਿੱਸਾ ਲੈਣ ਵਾਲੇ ਸੰਜਮ ਦਾ ਪੱਲਾ ਘੁੱਟ ਕੇ ਫੜੀ ਰੱਖਣਗੇ।***

'ਪੰਜਾਬ ਟਾਈਮਜ਼' ਦੇ 8 ਅਪਰੈਲ (2023) ਵਾਲੇ ਅੰਕ ਵਿਚ ਪ੍ਰਭਸ਼ਰਨਦੀਪ ਸਿੰਘ ਦਾ ਲੇਖ 'ਸ੍ਰੀ ਅਕਾਲ ਤਖਤ ਸਾਹਿਬ, ਸਰਬੱਤ ਖਾਲਸਾ ਤੇ ਸਿੱਖਾਂ ਦੀ ਮੌਜੂਦਾ ਸਥਿਤੀ' ਪੜ੍ਹਿਆ। ਇਹ ਲੇਖ ਕਈ ਭੂਤ-ਪੂਰਵ ਧਾਰਨਾਵਾਂ 'ਤੇ ਆਧਾਰਿਤ ਹੈ ਜੋ ਚੜ੍ਹਦੀ ਕਲਾ ਵਾਲੀ ਸੇਧ ਦੇਣ ਵਾਲੀਆਂ ਕਤਈ ਨਹੀਂ ਹਨ। ਇਸ ਲਈ ਇਹ ਲੇਖ ਸਿੱਖ ਇਤਿਹਾਸ ਨੂੰ ਪਿਛਲਖੁਰੀ ਮੋੜਨ ਵਾਲਾ ਹੈ। ਇਸ ਨੂੰ ਮੌਜੂਦਾ ਕਾਲ ਵਿਚ ਕਿਸੇ ਪੂਰਵ ਕਿਆਸੇ ਏਜੰਡੇ ਦੀ ਪੂਰਤੀ ਲਈ ਘੜਿਆ ਜਾਪਦਾ ਹੈ ਜਿਸ ਕਾਰਨ ਇਸ ਵਿਚ ਕਈ ਗੈਰ-ਇਤਿਹਾਸਕ ਤੇ ਆਤਮ-ਵਿਰੋਧੀ ਗੱਲਾਂ ਆ ਜੁੜੀਆਂ ਹਨ।

**ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਲੇਖ ਦੇ ਮੁੱਢ ਵਿਚ ਹੀ ਲੇਖਕ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ 'ਖਾਲਸਾਈ ਪ੍ਰਭੂਸੱਤਾ ਦਾ ਸਰਬਉੱਚ ਕੇਂਦਰ' ਦੱਸਦਾ ਹੈ ਪਰ ਇਤਿਹਾਸਕ ਤੌਰ 'ਤੇ ਪ੍ਰਮਾਣਿਤ ਗੱਲ ਇਹ ਹੈ ਕਿ ਜਦੋਂ 17ਵੀਂ ਸਦੀ ਦੇ ਮੁੱਢ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਦੀ ਸਥਾਪਨਾ ਕੀਤੀ ਸੀ, ਉਸ ਵੇਲੇ ਨਾ ਖਾਲਸੇ ਦੀ ਸਿਰਜਣਾ ਹੋਈ ਸੀ ਤੇ ਨਾ ਹੀ ਪ੍ਰਭੂਸੱਤਾ ਦਾ ਸੰਕਲਪ ਹੋਂਦ ਵਿਚ ਆਇਆ ਸੀ। ਗੁਰੂ ਸਾਹਿਬ ਦਾ ਮਨੋਰਥ ਆਤਮ-ਰੱਖਿਆ ਲਈ ਸਿੱਖਾਂ ਨੂੰ ਹਥਿਆਰਬੰਦ ਕਰਨਾ ਸੀ। ਰਾਜ ਜਾਂ ਪ੍ਰਭੂਸੱਤਾ ਉਸ ਵੇਲੇ ਮੁਗ਼ਲ ਸਮਰਾਟ ਜਹਾਂਗੀਰ ਦੀ ਹੀ ਸੀ ਜਿਸ ਨੇ ਗੁਰੂ ਸਾਹਿਬ ਨੂੰ ਬਗ਼ਾਵਤ ਦਾ ਦੋਸ਼ ਲਾ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਲਿਆ ਸੀ। ਕੁਝ ਸਮੇਂ ਬਾਅਦ, ਵੇਲੇ ਦੀ ਸਰਕਾਰ ਨੇ ਉਨ੍ਹਾਂ ਨੂੰ ਆਲ੍ਹਾ ਕਿਰਦਾਰ ਅਤੇ ਵਧੀਆ ਵਿਹਾਰ ਕਾਰਨ ਰਿਹਾਅ ਕਰ ਦਿੱਤਾ ਸੀ ਜਿਸ ਦੀ ਖੁਸ਼ੀ ਵਿਚ ਸਿੱਖ ਦੀਵਾਲੀ ਮਨਾਉਂਦੇ ਹਨ। ਅਗਲੇ ਤਿੰਨ ਗੁਰੂਆਂ ਨੇ ਹਥਿਆਰਬੰਦੀ ਦਾ ਰਸਤਾ ਨਹੀਂ ਅਪਣਾਇਆ ਤੇ ਉਹ ਕੇਵਲ ਧਾਰਮਿਕ ਆਗੂ ਰਹਿ ਕੇ ਸਿੱਖੀ ਦਾ ਵਿਸਥਾਰ ਕਰਦੇ ਰਹੇ। ਪ੍ਰਭੂਸੱਤਾ ਉਸ ਵੇਲੇ ਵੀ ਮੁਗ਼ਲ ਦਰਬਾਰ ਦੀ ਹੀ ਸੀ ਜਿਸ ਦੇ ਸੱਦੇ ਗੁਰੂ ਸਾਹਿਬਾਨ ਅਤੇ ਗੁਰੂ ਘਰ ਦੇ ਨੁਮਾਇੰਦੇ ਉਸ ਦਰਬਾਰ ਵਿਚ ਪੇਸ਼ ਹੁੰਦੇ ਸਨ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਵੀ ਬਾਦਸ਼ਾਹ ਔਰੰਗਜ਼ੇਬ ਦੇ ਸੱਦੇ 'ਤੇ ਦਿੱਲੀ ਗਏ ਸਨ ਜਿੱਥੇ ਉਨ੍ਹਾਂ ਨੇ ਧਾਰਮਿਕ ਅਕੀਦੇ ਅਤੇ ਵਿਚਾਰਾਂ ਦੀ ਸੁਤੰਤਰਤਾ ਦੇ ਹੱਕ ਵਿਚ ਸੀਸ ਦੇ ਕੇ ਅਦੁੱਤੀ ਕੁਰਬਾਨੀ ਦਿੱਤੀ। ਰਹੀ ਗੱਲ ਅਕਾਲ ਤਖ਼ਤ ਸਾਹਿਬ ਦੀ, ਉਹ ਤਾਂ ਗੁਰੂ ਹਰਿਗੋਬਿੰਦ ਸਾਹਿਬ ਦੇ ਆਪਣੇ ਕਾਰਜਕਾਲ ਦੌਰਾਨ ਹੀ ਮੀਣੇ ਵਿਰੋਧੀਆਂ ਦੇ ਕਬਜ਼ੇ ਹੇਠ ਚਲਾ ਗਿਆ ਸੀ। ਆਪਣੀ ਉਮਰ ਦੇ ਪਿਛਲੇ ਦਸ ਸਾਲ ਨਾ ਤਾਂ ਉਹ ਅੰਮ੍ਰਿਤਸਰ ਰਹੇ ਤੇ ਨਾ ਅਕਾਲ ਤਖ਼ਤ 'ਤੇ ਬੈਠੇ। ਉਨ੍ਹਾਂ ਤੋਂ ਬਾਅਦ ਕੋਈ ਹੋਰ ਗੁਰੂ ਵੀ ਉਥੇ ਫੇਰਾ ਪਾਉਣ ਨਹੀਂ ਗਿਆ। ਇੱਥੋਂ ਤੱਕ ਕਿ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜਿਨ੍ਹਾਂ ਨੇ ਖਾਲਸੇ ਦੀ ਸਿਰਜਣਾ ਕੀਤੀ, ਵੀ ਜੀਵਨ ਭਰ ਅੰਮ੍ਰਿਤਸਰ ਨਹੀਂ ਗਏ।

ਸਭ ਤੋਂ ਵੱਡੀ ਗੱਲ ਇਹ ਕਿ ਉਨ੍ਹਾਂ ਨੇ ਖਾਲਸੇ ਦੀ ਸਿਰਜਣਾ ਵੀ ਖੇਤਰੀ ਪ੍ਰਭੂਸੱਤਾ ਲਈ ਨਹੀਂ ਸੀ ਕੀਤੀ ਸਗੋਂ ਧਾਰਮਿਕ ਸੁਤੰਤਰਤਾ ਤੇ ਇਨਸਾਫ ਪ੍ਰਾਪਤੀ ਲਈ ਕੀਤੀ ਸੀ। ਉਨ੍ਹਾਂ ਨੇ ਸਾਰੀ ਉਮਰ ਧਰਮ ਲਈ ਸੰਘਰਸ਼ ਕੀਤਾ ਪਰ ਰਾਜ ਸਥਾਪਤ ਨਹੀਂ ਕੀਤਾ। ਇਥੋਂ ਤੱਕ ਕਿ ਅਨੰਦਪੁਰ ਸਾਹਿਬ ਦੀ ਧਰਤੀ ਵੀ ਜਿੱਥੇ ਉਹ ਬਹੁਤਾ ਸਮਾਂ ਕਾਰਜਸ਼ੀਲ ਰਹੇ, ਜਿੱਤ ਕੇ ਜਾਂ ਖੋਹ ਕੇ ਪ੍ਰਾਪਤ ਨਹੀਂ ਸੀ ਕੀਤੀ ਗਈ ਸਗੋਂ ਉਨ੍ਹਾਂ ਦੇ ਪਿਤਾ ਨੌਵੇਂ ਗੁਰੂ ਦੁਆਰਾ ਪਹਾੜੀ ਰਾਜੇ ਤੋਂ ਮੁੱਲ ਲਈ ਗਈ ਸੀ। ਸਾਰੀ ਉਮਰ ਦੇ ਜੱਦੋ-ਜਹਿਦ ਦੌਰਾਨ ਕਦੇ ਵੀ ਉਨ੍ਹਾਂ ਨੇ ਆਪਣੇ ਆਪ ਨੂੰ ਬਾਦਸ਼ਾਹ ਨਹੀਂ ਸੀ ਐਲਾਨਿਆ; ਸਿੱਖ ਭਾਵੇਂ ਉਨ੍ਹਾਂ ਨੂੰ ਬੇਤਾਜ ਬਾਦਸ਼ਾਹ ਮੰਨਦੇ ਸਨ। ਔਰੰਗਜ਼ੇਬ ਨੂੰ ਲਿਖੇ ਜ਼ਫਰਨਾਮੇ ਵਿਚ ਵੀ ਉਨ੍ਹਾਂ ਨੇ ਆਪਣੇ ਆਪ ਨੂੰ ਹੁਕਮਰਾਨ ਨਹੀਂ ਸੀ ਦੱਸਿਆ, ਕੇਵਲ ਪੁੱਤਰਾਂ ਦੇ ਕਾਤਲਾਂ ਦੀ ਹਵਾਲਗੀ ਮੰਗੀ ਸੀ। ਔਰੰਗਜ਼ੇਬ ਦੀ ਮੌਤ ਤੋਂ ਬਾਅਦ ਉਸ ਦੇ ਜਾਨਸ਼ੀਨ ਬਹਾਦਰ ਸ਼ਾਹ ਨਾਲ ਨੇੜਤਾ ਹੋਣ ਵੇਲੇ ਵੀ ਉਸ ਦਰਵੇਸ਼ ਪਾਤਸ਼ਾਹ ਨੇ ਉਸ ਤੋਂ ਰਾਜ ਭਾਗ ਜਾਂ ਸੂਬੇਦਾਰੀ ਨਹੀਂ ਸੀ ਮੰਗੀ ਸਗੋਂ ਪੁੱਤਰਾਂ 'ਤੇ ਜਬਰ ਦਾ ਇਨਸਾਫ ਚਾਹਿਆ ਸੀ। ਬੰਦਾ ਬਹਾਦਰ ਨੂੰ ਵੀ ਉਨ੍ਹਾਂ ਨੇ ਪੰਜਾਬ ਵਿਚ ਰਾਜ ਸਥਾਪਤ ਕਰਨ ਲਈ ਨਹੀਂ ਸੀ ਭੇਜਿਆ ਸਗੋਂ ਆਪਣੇ ਦੋ ਮਾਸੂਮ ਸਾਹਿਬਜ਼ਾਦਿਆਂ ਦੇ ਹਤਿਆਰੇ ਨੂੰ ਦੰਡ ਦੇਣ ਲਈ ਭੇਜਿਆ ਸੀ।

ਪਿੱਛੋਂ ਆ ਕੇ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਪ੍ਰਭੂਸੱਤਾਧਾਰੀ ਰਾਜ ਜ਼ਰੂਰ ਸਥਾਪਤ ਕੀਤਾ ਪਰ ਉਹ ਸਹੀ ਸ਼ਬਦਾਂ ਵਿਚ ਸਿੱਖ ਰਾਜ ਨਹੀਂ ਸੀ। ਉਹ ਆਪ ਸਿੱਖ ਜ਼ਰੂਰ ਸੀ ਪਰ ਉਸ ਦਾ ਕੋਈ ਧਾਰਮਿਕ ਏਜੰਡਾ ਨਹੀਂ ਸੀ। ਉਸ ਦੇ ਰਾਜ ਵਿਚ ਨਾ ਕਿਸੇ ਨੂੰ ਜਬਰੀ ਸਿੱਖ ਬਣਾਇਆ ਗਿਆ, ਨਾ ਸਿੱਖੀ ਦੀ ਧੌਂਸ ਦਿੱਤੀ ਗਈ ਤੇ ਨਾ ਹੀ ਕਿਸੇ ਦੂਜੇ ਫਿਰਕੇ ਦੇ ਲੋਕਾਂ ਨਾਲ ਧਾਰਮਿਕ ਪੱਖਪਾਤ ਕੀਤਾ ਗਿਆ। ਉਸ ਨੇ ਸਿੱਖਾਂ, ਮੁਗ਼ਲਾਂ, ਅਫਗਾਨਾਂ, ਸਭ ਦੇ ਖ਼ਿਲਾਫ ਜੰਗ ਲੜੀ ਅਤੇ ਸਭ ਖ਼ਿਲਾਫ ਕੂਟਨੀਤੀ ਵਰਤ ਕੇ ਆਪਣੇ ਬਲਬੂਤੇ ਰਾਜ ਖੜ੍ਹਾ ਕੀਤਾ। ਉਸ ਦਾ ਰਾਜ ਉਸ ਦੀ ਨਿੱਜੀ ਲਿਆਕਤ ਕਾਰਨ ਹੋਂਦ ਵਿਚ ਆਇਆ ਸੀ ਤੇ ਸ਼ਾਇਦ ਇਸੇ ਲਈ ਉਸ ਦੀ ਮੌਤ ਤੋਂ ਤੁਰੰਤ ਬਾਅਦ ਬਿਖਰ ਗਿਆ।

ਜੇ ਸਿੱਖੀ ਦੀ ਸਥਾਪਤੀ ਵਿਚ ਇੰਨਾ ਕੁਝ ਸਰਬੱਤ ਖਾਲਸਿਆਂ ਅਤੇ ਅਕਾਲ ਤਖ਼ਤ ਦੇ ਹੁਕਮਨਾਮਿਆਂ ਤੋਂ ਬਿਨਾ ਵਾਪਰ ਸਕਦਾ ਹੈ ਤਾਂ ਹੁਣ ਕਿਹੜੀ ਹੰਗਾਮੀ (ਐਮਰਜੈਂਸੀ ਵਾਲੀ) ਹਾਲਤ ਪੈਦਾ ਹੋ ਗਈ ਹੈ ਕਿ ਇਸ ਸਨਮਾਨਯੋਗ ਸੰਸਥਾ ਅਤੇ ਇਸ ਦੇ ਜਥੇਦਾਰ ਨੂੰ ਪੈਰ-ਪੈਰ 'ਤੇ ਦੁਨਿਆਵੀ ਗੱਲਾਂ ਵਿਚ ਘਸੀਟਿਆ ਜਾਵੇ। ਕਈ ਵਿਦਵਾਨ ਤਰਕ ਵਜੋਂ ਅਕਾਲ ਤਖ਼ਤ ਦੇ ਜਥੇਦਾਰ ਵਲੋਂ ਮਹਾਰਾਜਾ ਰਣਜੀਤ ਸਿੰਘ ਨੂੰ ਦਿੱਤੀ ਸਜ਼ਾ ਦੀ ਉਦਾਹਰਨ ਦੇ ਕੇ ਸਾਬਤ ਕਰਨਾ ਚਾਹੁੰਦੇ ਹੋਣਗੇ ਕਿ ਰਾਜੇ ਮਹਾਰਾਜੇ ਵੀ ਅਕਾਲ ਤਖ਼ਤ ਦੀ ਪ੍ਰਭੂਸੱਤਾ ਅਧੀਨ ਹਨ। ਇਹ ਗੱਲ ਅੱਧੀ ਹੀ ਠੀਕ ਹੈ ਕਿਉਂਕਿ ਉਹ ਇਹ ਨਹੀਂ ਦੱਸਦੇ ਕਿ ਉਹ ਸਜ਼ਾ ਮਹਾਰਾਜੇ ਦੀ ਰਾਜਨੀਤਕ ਕੁਤਾਹੀ ਦੀ ਨਹੀਂ ਸੀ ਸਗੋਂ ਨਿੱਜੀ ਗਲਤੀ ਦਾ ਧਾਰਮਿਕ ਦੰਡ ਸੀ ਜੋ ਉਸ ਨੇ ਨਿਮਾਣਾ ਸਿੱਖ ਹੋਣ ਦੇ ਨਾਤੇ ਸਵੀਕਾਰ ਕੀਤੀ। ਅਹਿਮ ਗੱਲ ਇਹ ਹੈ ਕਿ ਉਸ ਨੇ ਨਾ ਕਦੇ ਅਕਾਲ ਤਖ਼ਤ ਨੂੰ ਆਪਣੇ ਸਿਆਸੀ ਮਾਮਲਿਆਂ ਲਈ ਵਰਤਿਆ ਤੇ ਨਾ ਹੀ ਅਕਾਲ ਤਖ਼ਤ ਨੇ ਉਸ ਦੇ ਦਰਬਾਰ ਵਿਚ ਕੋਈ ਦਖਲ ਅੰਦਾਜ਼ੀ ਕੀਤੀ। ਉਸ ਦੀ ਮੌਤ ਤੋਂ ਪਿੱਛੋਂ ਅੰਗਰੇਜ਼ਾਂ ਨਾਲ ਲੜਾਈਆਂ ਵੇਲੇ ਵੀ ਉਸ ਦੇ ਉਤਰ-ਅਧਿਕਾਰੀਆਂ ਜਾਂ ਉਸ ਦੇ ਕਿਸੇ ਫੌਜੀ ਜਰਨੈਲ ਵਲੋਂ ਕਦੇ ਸਰਬੱਤ ਖਾਲਸਾ ਬੁਲਾਉਣ ਜਾਂ ਅਕਾਲ ਤਖ਼ਤ ਤੋਂ ਹੁਕਮਨਾਮਾ ਜਾਰੀ ਕਰਵਾਉਣ ਦੀ ਗੁਹਾਰ ਨਹੀਂ ਸੀ ਲਾਈ ਗਈ। ਇਤਿਹਾਸਕਾਰਾਂ ਦਾ ਮੱਤ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਹੀ ਸਰਬੱਤ ਖਾਲਸਾ ਅਤੇ ਰਾਜਨੀਤਕ ਗੁਰਮਤਿਆਂ ਦਾ ਭੋਗ ਪੈ ਗਿਆ ਸੀ। ਸ਼੍ਰੋਮਣੀ ਕਮੇਟੀ ਦੀ ਸਥਾਪਨਾ ਤੋਂ ਬਾਅਦ ਤਾਂ ਇਨ੍ਹਾਂ ਦੀ ਲੋੜ ਹੀ ਮੁੱਕ ਗਈ ਸੀ ਕਿਉਂਕਿ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਜਿਹਾ ਪੱਕਾ ਜਮਹੂਰੀ ਸੰਗਠਨ ਮਿਲ ਗਿਆ ਹੈ ਜੋ ਸਾਰਾ ਸਾਲ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਕੰਮ ਕਰਦਾ ਹੈ ਤੇ ਸਰਬੱਤ ਖਾਲਸੇ ਵਾਂਗ ਸਾਲ ਵਿਚ ਦੋ ਵਾਰ ਅੰਮ੍ਰਿਤਸਰ ਵਿਚ ਇਜਲਾਸ ਕਰ ਕੇ ਸਿੱਖਾਂ ਦੇ ਮਸਲੇ ਵੀ ਵਿਚਾਰਦਾ ਹੈ।

ਸਿੱਖ ਗੁਰਦੁਆਰਾ ਐਕਟ (1925) ਨੇ ਜਥੇਦਾਰਾਂ ਦੀ ਨਿਯੁਕਤੀ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਨੂੰ ਸੌਂਪ ਕੇ ਇਹ ਵੀ ਸਾਬਤ ਕਰ ਦਿੱਤਾ ਕਿ ਸਿੰਘ ਸਾਹਿਬ "ਖਾਲਸਾਈ ਪ੍ਰਭੂਸੱਤਾ ਦਾ ਸਰਬਉਚ ਕੇਂਦਰ" ਨਹੀਂ ਸਗੋਂ ਸਿੱਖਾਂ ਦੀ ਲੋਕਤੰਤਰੀ ਢੰਗ ਨਾਲ ਚੁਣੀ ਹੋਈ ਸੰਸਥਾ ਦਾ ਮੁਲਾਜ਼ਮ ਹੈ। ਇਸ ਅਨੁਸਾਰ ਇਹ ਵੀ ਸਪੱਸ਼ਟ ਹੋ ਗਿਆ ਕਿ ਉਸ ਦਾ ਮੁੱਖ ਕਾਰਜ ਸਰਬੱਤ ਖਾਲਸਾ ਬੁਲਾਉਣਾ ਅਤੇ ਰਾਜਨੀਤਕ ਹੁਕਮਨਾਮੇ ਜਾਰੀ ਕਰਨਾ ਨਹੀਂ ਸਗੋਂ ਅਕਾਲ ਤਖ਼ਤ 'ਤੇ ਸਥਾਪਤ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਨਿਭਾਉਣਾ ਹੈ। ਜੇ ਕੋਈ ਫਿਰ ਵੀ ਅਕਾਲ ਤਖ਼ਤ ਨੂੰ ਖਾਲਸਾਈ ਪ੍ਰਭੂਸੱਤਾ ਦਾ ਪ੍ਰਤੀਕ ਸਮਝਦਾ ਹੈ ਜਾਂ ਅਜਿਹਾ ਐਲਾਨਣ ਲਈ ਸਰਬੱਤ ਖਾਲਸੇ ਦੀ ਮੰਗ ਕਰਦਾ ਹੈ ਤਾਂ ਸਮਝੋ ਉਹ ਜਮਹੂਰੀਅਤ ਦੀਆਂ ਕਦਰਾਂ ਕੀਮਤਾਂ ਵਿਚ ਕੱਚਾ ਹੈ ਤੇ ਰੋਢੀ ਬਣ ਕੇ ਲੋਕਤੰਤਰੀ ਢਾਂਚੇ ਵਿਚੋਂ ਬਾਹਰ ਭੱਜਣ ਦਾ ਸੱਦਾ ਦਿੰਦਾ ਹੈ। ਚੜ੍ਹਦੀ ਕਲਾ ਦੀ ਦੌੜ ਵਿਚ ਪੱਛੜੇ ਸਿੱਖੀ ਦੇ ਅਜਿਹੇ ਆਪੂੰ ਬਣੇ ਅਲੰਬਰਦਾਰਾਂ ਲਈ ਪੱਛਮ ਵਿਚ ਲੋਕਤੰਤਰੀ ਸੰਕਲਪ ਦੇ ਮੁੱਦਈ ਤੇ ਸਿਧਾਂਤਕਾਰ ਜਾਨ ਲਾਕ ਨੇ ਜੋ ਲਿਖਿਆ ਹੈ, ਉਹ ਲੇਖਕ ਆਪ ਹੀ ਪੜ੍ਹਨ ਦੀ ਖੇਚਲ ਕਰ ਲਵੇ।

ਸਿੱਖ ਕੇਵਲ ਆਪਣੇ ਚੋਲੇ, ਬਾਣੇ ਅਤੇ ਧਾਰਮਿਕ ਚਿੰਨ੍ਹਾਂ ਕਾਰਨ ਹੀ ਸਿੱਖ ਨਹੀਂ ਹਨ ਸਗੋਂ ਉਹ ਸਿੱਖੀ ਵਿਚਾਰਧਾਰਾ ਨਾਲ ਜੁੜੇ ਹੋਣ ਕਾਰਨ ਵੀ ਸਿੱਖ ਹਨ। ਇਹ ਵਿਗਿਆਨਕ ਵਿਚਾਰਧਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੱਚੀ ਬਾਣੀ ਵਿਚ ਦਰਜ ਹੈ ਤੇ ਵਿਗਿਆਨਕ ਹੋਣ ਕਰ ਕੇ ਇਸ ਦਾ ਕੋਈ ਬਦਲ ਨਹੀਂ ਹੈ। ਇਹੀ ਕਾਰਨ ਹੈ ਕਿ ਕੋਈ ਇਸ ਤੋਂ ਮੁਨਕਰ ਨਹੀਂ ਹੋ ਸਕਦਾ ਤੇ ਇਸ ਦੇ ਸਿਧਾਂਤਾਂ ਬਾਰੇ ਕੋਈ ਸਮਝੌਤਾ ਨਹੀਂ ਕਰ ਸਕਦਾ। ਮੰਨ ਲਵੋ ਕਿ ਇਹ ਸੱਚੀ ਤੇ ਵਿਗਿਆਨਕ ਵਿਚਾਰਧਾਰਾ ਅੱਜ ਤਿੰਨ ਕਰੋੜ ਸਿੱਖਾਂ ਕੋਲ ਹੈ ਤੇ ਗੁਰੂ ਆਸੇ ਮੁਤਾਬਕ ਉਨ੍ਹਾਂ ਨੇ ਇਸ ਨੂੰ ਵੱਧ ਤੋਂ ਵੱਧ ਲੋਕਾਂ ਤੀਕਰ ਪਹੁੰਚਾਉਣਾ ਹੈ। ਇਸ ਕੰਮ ਲਈ ਉਨ੍ਹਾਂ ਨੂੰ ਕਿਸੇ ਭੂਮੀਤਲ ਰਾਜ ਦੀ ਲੋੜ ਨਹੀਂ ਸਗੋਂ ਦੂਰ ਦੁਰਾਡੇ ਵਸੇ ਲੋਕਾਂ ਵਿਚ ਜਾ ਕੇ ਕੰਮ ਕਰਨ ਦੀ ਲੋੜ ਹੈ। ਇਹ ਪ੍ਰਚਾਰ ਸ਼੍ਰੋਮਣੀ ਕਮੇਟੀ ਵੀ ਕਰ ਸਕਦੀ ਹੈ, ਪੰਥਕ ਧਿਰਾਂ ਵਾਲੇ ਸਿੱਖ ਵੀ ਕਰ ਸਕਦੇ ਹਨ ਤੇ ਸਿੱਖਾਂ ਸਮੇਤ ਲੇਖਕ ਖੁਦ ਵੀ ਕਰ ਸਕਦਾ ਹੈ। ਜਿੰਨੀ ਦੂਰ ਤੱਕ ਸਿੱਖ ਜਾਣਗੇ, ਓਨਾ ਹੀ ਇਸ ਦਾ ਸੰਦੇਸ਼ ਵਧੇਰੇ ਲੋਕਾਂ ਕੋਲ ਪਹੁੰਚੇਗਾ। ਗੁਰੂ ਨਾਨਕ ਦੇ ਸਮੇਂ ਤੋਂ ਹੀ ਸਿੱਖ ਬਿਨਾ ਰਾਜਸੀ ਪ੍ਰਭੂਸੱਤਾ ਹਿੰਦੁਸਤਾਨ ਸਮੇਤ ਬਹੁਤ ਸਾਰੇ ਹੋਰ ਦੇਸ਼ਾਂ ਵਿਚ ਜਾ ਕੇ ਪ੍ਰਚਾਰ ਕਰਦੇ ਰਹੇ ਹਨ। ਅਜੋਕੇ ਸਮੇਂ ਵਿਚ ਵੀ ਉਹ ਭਾਰਤ ਵਿਚ ਹੀ ਨਹੀਂ ਸਗੋਂ ਦੁਨੀਆਂ ਦੇ ਹਰ ਛੋਟੇ ਵੱਡੇ ਦੇਸ਼ ਵਿਚ ਵਸੇ ਹੋਏ ਹਨ। ਸਾਰਾ ਸੰਸਾਰ ਉਨ੍ਹਾਂ ਦੀਆਂ ਗਤੀਵਿਧੀਆਂ ਦਾ ਕੇਂਦਰ ਰਿਹਾ ਹੈ ਤੇ ਸਭ ਥਾਂ ਉਨ੍ਹਾਂ ਨੂੰ ਸਤਿਕਾਰ ਦੀ ਭਾਵਨਾ ਨਾਲ ਦੇਖਿਆ ਜਾਂਦਾ ਰਿਹਾ ਹੈ। ਸਿੱਖੀ ਦੀ ਵਿਗਿਆਨਕ ਵਿਚਾਰਧਾਰਾ ਦਾ ਸਬੰਧ ਚੰਗੇ ਅਮਲਾਂ ਨਾਲ ਹੈ ਜਿਨ੍ਹਾਂ ਦੇ ਸੁਧਾਰ ਲਈ ਪ੍ਰਭੂਸੱਤਾਧਾਰੀ ਹਕੂਮਤ ਦੀ ਲੋੜ ਨਹੀਂ ਅਕਲ, ਲਗਨ, ਹੁਨਰ ਤੇ ਉਤਸ਼ਾਹ ਦੀ ਲੋੜ ਹੈ। ਆਧੁਨਿਕ ਯੁਗ ਵਿਚ ਇਸ ਨੂੰ ਇਲੈਕਟ੍ਰਾਨਿਕ ਤੇ ਡਿਜੀਟਲ ਮਾਧਿਅਮ ਰਾਹੀਂ ਕਿਤੇ ਬੈਠ ਕੇ ਵੀ ਕੀਤਾ ਜਾ ਸਕਦਾ ਹੈ ਪਰ ਅਜਿਹਾ ਕੋਈ ਤਾਂ ਹੀ ਕਰੇਗਾ ਜੇ ਉਸ ਨੂੰ ਪਤਾ ਹੋਵੇਗਾ ਕਿ ਗੁਰਬਾਣੀ ਵਿਗਿਆਨਕ ਹੈ ਤੇ ਕਿਵੇਂ ਹੈ। ਇਸ ਸਮਝ ਦੇ ਅਭਾਵ ਵਿਚ ਬਹੁਤੇ ਸਿੱਖ ਮੋਹਰੀਆਂ ਅਤੇ ਵਿਦਵਾਨਾਂ ਕੋਲ ਸਾਧ ਸੁਭਾਵੀ ਸਿੱਖਾਂ ਨੂੰ ਗੁਮਰਾਹ ਕਰ ਕੇ ਭੜਕਾਉਣ ਦਾ ਕੰਮ ਹੀ ਰਹਿ ਗਿਆ ਜਾਪਦਾ ਹੈ ਤੇ ਉਹੀ ਉਹ ਕਰ ਰਹੇ ਹਨ।

ਲੇਖਕ ਅਕਾਲੀ ਧੜਿਆਂ ਅਤੇ ਪੰਥਕ ਧਿਰਾਂ ਦਾ ਜ਼ਿਕਰ ਵਾਰ-ਵਾਰ ਕਰਦਾ ਹੈ ਜਿਵੇਂ ਇਹ ਦੋ ਵੱਖ-ਵੱਖ ਪ੍ਰਕਾਰ ਦੇ ਸਿੱਖ ਹੋਣ ਪਰ ਉਹ ਇਨ੍ਹਾਂ ਵਿਚ ਫਰਕ ਵੀ ਨਹੀਂ ਦੱਸਦਾ। ਜੇ ਕੋਈ ਸਮਝੇ ਤਾਂ ਅਕਾਲੀ ਧੜਿਆਂ ਵਾਲੇ ਸਿੱਖ ਵੀ ਸਾਬਤ ਸਰੂਪ ਅੰਮ੍ਰਿਤਧਾਰੀ ਹਨ ਤੇ ਪੰਥਕ ਸਿੱਖ ਵੀ ਉਨ੍ਹਾਂ ਵਾਂਗ ਹੀ ਕਕਾਰਧਾਰੀ ਹਨ, ਫਿਰ ਉਹ ਪੰਥਕ ਸਿੱਖਾਂ ਨੂੰ ਅਕਾਲੀ ਧੜਿਆਂ ਵਾਲੇ ਸਿੱਖਾਂ ਤੋਂ ਘਟੀਆ ਤੇ ਨਿਕੰਮੇ ਸਿੱਖ ਕਿਉਂ ਸਮਝਦਾ ਹੈ? ਜੇ ਉਹ ਉਨ੍ਹਾਂ 'ਤੇ ਖ਼ੁਦਗਰਜ਼ ਹੋਣ ਦਾ ਦੋਸ਼ ਲਾਉਂਦਾ ਹੈ ਤਾਂ ਕੀ ਗਰੰਟੀ ਹੈ ਕਿ ਪੰਥਕ ਧਿਰ ਵਾਲੇ ਲੋਕ ਅਜਿਹੇ ਦੋਸ਼ ਤੋਂ ਮੁਕਤ ਹਨ? ਉਨ੍ਹਾਂ ਦੇ ਆਪਣੇ ਹਿੱਤ ਵੀ ਤਾਂ ਹੋ ਸਕਦੇ ਹਨ ਜੋ ਉਹ ਆਪਣੇ ਪੱਖ ਵਿਚ ਖੇਤਰੀ ਪ੍ਰਭੂਸੱਤਾ ਹਾਸਲ ਕਰਨ ਲਈ ਅਕਾਲ ਤਖ਼ਤ 'ਤੇ ਜ਼ੋਰ ਪਾ ਰਹੇ ਹਨ। ਜੇ ਉਨ੍ਹਾਂ ਦਾ ਦੂਜੇ ਸਿੱਖਾਂ ਨਾਲ ਕੋਈ ਮੱਤਭੇਦ ਹੈ ਵੀ ਤਾਂ ਉਹ ਸ਼੍ਰੋਮਣੀ ਕਮੇਟੀ ਦੀ ਚੋਣ ਵਿਚ ਸ਼ਾਮਲ ਹੋ ਕੇ ਉਸ ਨੂੰ ਜਮਹੂਰੀ ਢੰਗ ਨਾਲ ਦੂਰ ਕਰਨ। ਜੇ ਉਹ ਉਥੇ ਕਾਮਯਾਬ ਨਹੀਂ ਹੁੰਦੇ ਤਾਂ ਬਹੁਮਤ ਨੂੰ ਸਵੀਕਾਰ ਕਰਨ। ਸਭ ਸਿੱਖ ਸਿਆਸਤਦਾਨਾਂ ਨੇ ਬਹੁਮਤ ਦਾ ਹੀ ਰਾਹ ਅਪਣਾਇਆ ਹੈ। ਇੱਥੋਂ ਤੱਕ ਕਿ ਸੰਤ ਭਿੰਡਰਾਂਵਾਲੇ ਨੇ ਵੀ ਸ਼੍ਰੋਮਣੀ ਕਮੇਟੀ ਦੀ ਚੋਣ ਲੜੀ ਸੀ। ਫਿਰ ਇਹ "ਪੰਥਕ ਧਿਰਾਂ" ਵਾਲੇ ਸਿੱਖ ਆਪਣੇ ਆਪ ਨੂੰ ਬਹੁਮਤ ਤੋਂ ਉਪਰ ਕਿਉਂ ਸਮਝਦੇ ਹਨ?

ਲੇਖਕ ਦੀਆਂ ਅੱਡਰੀਆਂ ਅਤੇ ਭੜਕਾਊ ਗੱਲਾਂ ਪਿੱਛੇ ਪੂਰਵ-ਨਿਰਧਾਰਤ ਉਦੇਸ਼ ਛੁਪਿਆ ਲਗਦਾ ਹੈ। ਇਸ ਦਾ ਭੇਤ ਇਸ ਪ੍ਰਸ਼ਨ ਦੇ ਉਤਰ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤ ਕੋਲੋਂ ਮੁਕਤ ਹੋ ਕੇ "ਖਾਲਸਾਈ ਪ੍ਰਭੂਸੱਤਾ" ਜਾਵੇਗੀ ਕਿਸ ਕੋਲ? ਲੇਖਕ ਅਨੁਸਾਰ ਇਹ ਸਮੂਹ ਸਿੱਖਾਂ ਕੋਲ ਨਹੀਂ ਜਾਵੇਗੀ ਭਾਵੇਂ ਇਸ ਦੀ ਪ੍ਰਾਪਤੀ ਵਿਚ ਸਭ ਸਿੱਖਾਂ ਦਾ ਯੋਗਦਾਨ ਹੋਵੇਗਾ। ਉਸ ਅਨੁਸਾਰ ਇਹ ਚੋਣਵੇਂ ਮੋਹਰੀ ਸਿੱਖਾਂ ਕੋਲ ਜਾਵੇਗੀ। ਸਰਬੱਤ ਖਾਲਸਾ ਦੇ ਕਰਤੱਵਾਂ ਨੂੰ ਆਪਣੇ ਢੰਗ ਨਾਲ ਬਿਆਨ ਕਰਦਾ ਹੋਇਆ ਉਹ ਖੁੱਲ੍ਹੇ ਸ਼ਬਦਾਂ ਵਿਚ ਕਹਿੰਦਾ ਹੈ ਕਿ ਸਰਬੱਤ ਖਾਲਸਾ ਇਸ ਨੂੰ ਪ੍ਰਾਪਤ ਕਰ ਕੇ ਚੁਣਿੰਦਾ ਖਾਲਸਾਈ ਸਿੱਖਾਂ ਦੇ ਹਵਾਲੇ ਕਰ ਦੇਵੇਗਾ; ਅਰਥਾਤ ਸਰਬੱਤ ਖਾਲਸੇ ਦੇ ਘਰੋ-ਘਰੀ ਚਲੇ ਜਾਣ ਤੋਂ ਬਾਅਦ ਸਿੱਖ ਪ੍ਰਭੂਸੱਤਾ ਨੂੰ ਇਕ ਖਾਲਸਾ ਆਲੀਗਾਰਕੀ ਸੰਭਾਲੇਗੀ। ਆਲੀਗਾਰਕੀ ਤੋਂ ਉਸ ਦਾ ਭਾਵ ਉਹੀ "ਪੰਥਕ ਧਿਰਾਂ" ਦੇ ਮੋਹਰੀ ਲੀਡਰ ਹਨ ਜੋ ਜਮਹੂਰੀਅਤ ਤੋਂ ਪਾਸਾ ਵੱਟਦੇ ਹਨ। ਉਹ ਇਹ ਨਹੀਂ ਸੋਚਦਾ ਕਿ ਸਿੱਖ ਤਾਂ ਇਕ ਸਦੀ ਪਹਿਲਾਂ ਤੋਂ ਹੀ ਆਪਣੇ ਮਸਲੇ ਲੋਕਤੰਤਰੀ ਢੰਗ ਨਾਲ ਚੁਣੀ ਸ਼੍ਰੋਮਣੀ ਕਮੇਟੀ ਰਾਹੀਂ ਸੰਭਾਲ ਰਹੇ ਹਨ। ਉਹ ਉਸ ਦੇ ਕਹਿਣ 'ਤੇ ਮੁੜ ਐਲੋਗਾਰਕਿਕ ਵਿਵਸਥਾ (ਜੁੰਡਲੀ ਰਾਜ) ਵੱਲ ਕਿਉਂ ਮੁੜਨਗੇ? ਰਿਹਾ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦਾ ਮਸਲਾ, ਸਿੱਖ ਇਸ ਨੂੰ ਵੀ ਸੰਵਿਧਾਨਕ ਉਪਚਾਰਾਂ ਰਾਹੀਂ ਆਪ ਹੱਲ ਕਰ ਲੈਣਗੇ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਦੇ-ਕਦੇ ਲੇਟ ਜ਼ਰੂਰ ਹੋਈਆਂ ਹਨ ਪਰ ਇਸ ਕਮੇਟੀ ਨੂੰ ਕਦੇ ਕਿਸੇ ਨੇ ਭੰਗ ਤਾਂ ਨਹੀਂ ਕੀਤਾ। ਆਪਣੇ ਬਣਨ ਤੋਂ ਬਾਅਦ ਇਹ ਹਮੇਸ਼ਾ ਹੋਂਦ ਵਿਚ ਰਹੀ ਹੈ ਤੇ ਸਿੱਖ ਮਸਲਿਆਂ ਬਾਰੇ ਸਰਬਉਚ ਸ਼ਕਤੀ ਦਾ ਇਸਤੇਮਾਲ ਕਰਦੀ ਰਹੀ ਹੈ। ਇਸ ਤੋਂ ਤਾਂ ਇਹੀ ਸਮਝ ਵਿਚ ਆਉਂਦਾ ਹੈ ਕਿ ਜੇ ਇਰਾਦੇ ਸੰਕੁਚਿਤ ਨਾ ਹੋਣ ਤਾਂ ਸਿੱਖਾਂ ਦੀ ਇਸ ਪਾਰਲੀਮੈਂਟ ਦੇ ਦਾਇਰੇ ਤੋਂ ਬਾਹਰ ਕੋਈ ਪ੍ਰਭੂਸੱਤਾ ਨਹੀਂ ਰਹਿ ਜਾਂਦੀ।

ਇਸ ਲੇਖ ਵਿਚ ਇਸ ਸਮਝ ਦੀ ਘਾਟ ਹੈ ਕਿ 19ਵੀਂ ਸਦੀ ਦੀਆਂ ਗੱਲਾਂ ਇੱਕੀਵੀਂ ਸਦੀ ਵਿਚ ਨਹੀਂ ਚਲਦੀਆਂ। ਹੁਣ ਸਿਰਾਂ ਦਾ ਮੁੱਲ ਵੱਢ ਕੇ ਨਹੀਂ ਪਾਇਆ ਜਾਂਦਾ ਸਗੋਂ ਸਨਮਾਨ ਨਾਲ ਗਿਣ ਕੇ ਪਾਇਆ ਜਾਂਦਾ ਹੈ। ਲੋਕ ਰਾਇ ਨੂੰ ਪਾਲਿਆ ਜਾਂਦਾ ਹੈ ਤੇ ਮਤ-ਦਾਤਿਆਂ ਨੂੰ ਰਿਝਾਇਆ ਜਾਂਦਾ ਹੈ। ਇਹ ਸਿੱਖਿਆ ਅਤੇ ਗਿਆਨ ਦਾ ਜ਼ਮਾਨਾ ਹੈ ਜਿਸ ਵਿਚ ਤਰਕ ਤੇ ਦਲੀਲ ਤੋਂ ਕੰਮ ਲਿਆ ਜਾਂਦਾ ਹੈ। ਇਹ ਤੇਜ਼ ਤਰਾਰ ਮੀਡੀਆ ਤੇ ਪਾਰਦਰਸ਼ਤਾ ਦਾ ਜ਼ਮਾਨਾ ਹੈ ਜਿਸ ਵਿਚ ਕਿਸੇ ਨੂੰ ਵਧੇਰੇ ਦੇਰ ਤੱਕ ਹਨੇਰੇ ਵਿਚ ਨਹੀਂ ਰੱਖਿਆ ਜਾ ਸਕਦਾ। ਸਭ ਨੂੰ ਪਤਾ ਹੈ ਕਿ ਪੁਰਾਤਨ ਸਿੱਖ ਸੰਸਥਾਵਾਂ ਜਿਨ੍ਹਾਂ ਨੂੰ ਸਿੱਖ ਗੁਰੂਆਂ ਤੇ ਯੋਧਿਆਂ ਨੇ ਕੁਰਬਾਨੀਆਂ ਦੇ ਕੇ ਸਿਰਜਿਆ ਸੀ, ਹੁਣ ਸਿੱਖ ਇਤਿਹਾਸ ਦੇ ਮਾਣਮੱਤੇ ਵਿਰਸੇ ਦਾ ਭਾਗ ਹਨ। ਕਾਲ ਦੇ ਗੇੜ ਕਾਰਨ ਇਨ੍ਹਾਂ ਵਿਚੋਂ ਕਈ ਬਿਰਧ ਹੋ ਗਈਆਂ ਹਨ ਤੇ ਇਨ੍ਹਾਂ ਦੀ ਮਹਾਨਤਾ ਸੰਕੇਤਕ ਬਣ ਕੇ ਰਹਿ ਗਈ ਹੈ। ਇਹ ਕੇਵਲ ਸਨਮਾਨ ਦੀਆਂ ਪਾਤਰ ਹਨ ਕਿਉਂਕਿ ਇਨ੍ਹਾਂ ਨੂੰ ਉਸੇ ਹਾਲਤ ਵਿਚ ਮੁੜ ਕਾਰਜਸ਼ੀਲ ਨਹੀਂ ਕੀਤਾ ਜਾ ਸਕਦਾ ਤੇ ਕਰਨਾ ਵਾਜਿਬ ਵੀ ਨਹੀਂ। ਸਮੇਂ ਕਾਲ ਤੋਂ ਬਾਹਰ ਜਾ ਕੇ ਕਿਸੇ ਮਾਣਮੱਤੀ ਸੰਸਥਾ ਦੀ ਸ਼ਕਤੀ ਪਰਖਣਾ ਉਸ ਦਾ ਅਪਮਾਨ ਕਰਨ ਬਰਾਬਰ ਹੈ। ਉਸ ਦਾ ਤਾਂ ਹਰ ਹਾਲਤ ਵਿਚ ਸਨਮਾਨ ਹੀ ਕਰਨਾ ਬਣਦਾ ਹੈ ਜਿਵੇਂ ਬਹੁਤੇ ਸਿੱਖ ਸ਼ਰਧਾਪੂਰਵਕ ਕਰਦੇ ਰਹੇ ਹਨ। ਇਹ ਅਜਿਹਾ ਕਰੜਾ ਨਿਯਮ ਹੈ ਜੋ ਵਿਸ਼ੇਸ਼ ਸੰਸਥਾਵਾਂ 'ਤੇ ਹੀ ਨਹੀਂ, ਕੁਦਰਤ ਦੀ ਹਰ ਸ਼ੈਅ 'ਤੇ ਲਾਗੂ ਹੁੰਦਾ ਹੈ।

ਇਹ ਸਮੇਂ ਦਾ ਹੀ ਫਰਕ ਹੈ ਕਿ ਅੱਜ ਸਿੱਖਾਂ ਦੀ ਸਥਿਤੀ ਤਿੰਨ ਸਦੀਆਂ ਪਹਿਲਾਂ ਵਾਲੀ ਨਹੀਂ ਰਹਿ ਗਈ। ਅੱਜ ਸਿੱਖ ਵੱਖ-ਵੱਖ ਰਾਜਨੀਤਕ ਦਲਾਂ ਵਿਚ ਵੰਡੇ ਹੋਏ ਹਨ। ਕੁਝ ਅਕਾਲੀ, ਕੁਝ ਕਾਂਗਰਸੀ ਤੇ ਕੁਝ ਆਮ ਆਦਮੀ ਪਾਰਟੀ ਦੇ ਸਿੱਖ ਹਨ। ਕਈ ਸਿੱਖ ਤਾਂ ਭਾਰਤੀ ਜਨਤਾ ਪਾਰਟੀ ਵਿਚ ਵੀ ਹਨ ਜਿਸ ਨੂੰ ਅਖੌਤੀ ਤੌਰ 'ਤੇ ਹਿੰਦੂਆਂ ਦੀ ਪਾਰਟੀ ਕਿਹਾ ਜਾਂਦਾ ਹੈ। ਇੱਥੋਂ ਤੱਕ ਕਿ ਇਕ ਹੀ ਰਾਜਨੀਤਕ ਪਾਰਟੀ ਵਾਲੇ ਸਿੱਖਾਂ ਦੇ ਹਿੱਤ ਵੀ ਇਕ ਦੂਜੇ ਨਾਲ ਨਹੀਂ ਮਿਲਦੇ। ਲੇਖਕ ਖੁਦ ਵੀ ਸਿੱਖਾਂ ਦੇ ਇਸ ਵਖਰੇਵੇਂ ਨੂੰ ਮੰਨਦਾ ਹੈ। ਇਸ ਲਈ ਸਮੂਹ ਸਿੱਖਾਂ ਲਈ ਅਕਾਲ ਤਖ਼ਤ ਦਾ ਕੋਈ ਸਾਂਝਾ ਰਾਜਨੀਤਕ ਪ੍ਰੋਗਰਾਮ ਜਾਂ ਸੇਧ ਸੰਭਵ ਹੀ ਨਹੀਂ ਹੋ ਸਕਦਾ। ਕੇਵਲ ਧਰਮ ਦੀ ਸਾਂਝ ਕਾਰਨ ਉਨ੍ਹਾਂ ਨੂੰ ਅਕਾਲ ਤਖ਼ਤ ਰਾਹੀਂ ਰਾਜਨੀਤਕ ਤੌਰ 'ਤੇ ਪ੍ਰਭਾਵਿਤ ਕਰਨ ਦਾ ਰੁਝਾਨ ਅਨੈਤਿਕ ਹੈ। ਜੋ ਲੋਕ ਅਕਾਲ ਤਖ਼ਤ ਤੋਂ ਰਾਜਨੀਤਕ ਹੁਕਮਨਾਮੇ ਜਾਰੀ ਕਰਾਉਣ ਦੀ ਸਲਾਹ ਦਿੰਦੇ ਹਨ, ਉਹ ਅਕਾਲ ਤਖ਼ਤ ਦੀ ਮਰਿਆਦਾ ਨੂੰ ਨਮੋਸ਼ੀ ਦੇ ਰਾਹ ਪਾਉਣ ਦਾ ਕੰਮ ਕਰਦੇ ਹਨ।

ਸ਼ਾਇਦ ਇਸੇ ਕਾਰਨ ਹੀ ਇਹ ਲੇਖ ਸਿੱਖਾਂ ਲਈ ਗੁਮਰਾਹਕੁਨ ਸਮੱਗਰੀ ਪੇਸ਼ ਕਰਦਾ ਹੈ। ਇਸ ਅਨੁਸਾਰ ਸਿੱਖਾਂ ਦੀ ਦੁਸ਼ਮਣ ਹਿੰਦੁਸਤਾਨੀ ਹਕੂਮਤ ਅਕਾਲ ਤਖ਼ਤ ਨੂੰ "ਢਾਹ ਲਾਉਣ" 'ਤੇ ਤੁਲੀ ਹੋਈ ਹੈ; ਅਸਲੀਅਤ ਇਸ ਦੇ ਉਲਟ ਹੈ। ਇਸੇ ਹਿੰਦੁਸਤਾਨੀ ਸਰਕਾਰ ਦੇ ਆਲ੍ਹਾ ਮੰਤਰੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨਾਲ ਸਹਿਚਾਰ ਭਰੀਆਂ ਬੰਦ ਕਮਰਾ ਮੀਟਿੰਗਾਂ ਕਰ-ਕਰ ਜਾਂਦੇ ਹਨ। ਪਿਛਲੇ ਇਕ-ਡੇਢ ਸਾਲ ਵਿਚ ਬਹੁਤ ਸਾਰੇ ਸਿੱਖ ਲੀਡਰ ਆਪੋ-ਆਪਣੀਆਂ ਪਾਰਟੀਆਂ ਛੱਡ ਕੇ ਉਸੇ ਹਿੰਦੁਸਤਾਨੀ ਹਕੂਮਤ ਵਾਲੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ ਤੇ ਉਸ ਦੇ ਸੋਹਲੇ ਗਾ ਰਹੇ ਹਨ। ਉਨ੍ਹਾਂ ਬਾਰੇ ਤਾਂ ਲੇਖਕ ਨੇ ਕਦੇ ਨਹੀਂ ਕਿਹਾ ਕਿ ਜਥੇਦਾਰ ਜੀ ਇਨ੍ਹਾਂ ਸਿੱਖ ਲੀਡਰਾਂ ਖ਼ਿਲਾਫ ਹੁਕਮਨਾਮਾ ਜਾਰੀ ਕਰੋ ਤਾਂ ਜੋ ਇਹ ਵਾਪਸ ਆ ਕੇ ਪੰਥਕ ਪਾਰਟੀ ਨਾਲ ਖੜ੍ਹਨ ਤੇ ਹਿੰਦੁਸਤਾਨ 'ਤੇ ਰਾਜ ਕਰਦੀ "ਸਿੱਖਾਂ ਦੀ ਦੁਸ਼ਮਣ" ਪਾਰਟੀ ਵਿਰੁੱਧ ਲੜਨ। ਹਾਲ ਹੀ ਵਿਚ ਢਾਈ ਦਹਾਕੇ ਤੱਕ ਸ਼੍ਰੋਮਣੀ ਕਮੇਟੀ 'ਤੇ ਕਬਜ਼ੇ ਵਾਲਾ ਅਕਾਲੀ ਦਲ ਇਸੇ ਅਖੌਤੀ "ਸਿੱਖਾਂ ਦੀ ਦੁਸ਼ਮਣ ਪਾਰਟੀ" ਦੀ ਭਾਈਵਾਲੀ ਨਾਲ ਰਾਜ ਕਰਦਾ ਰਿਹਾ ਹੈ। ਉਸ ਵੇਲੇ ਤਾਂ ਲੇਖਕ ਨੇ ਨਹੀਂ ਕਿਹਾ ਕਿ ਜਥੇਦਾਰ ਜੀ ਸਰਬੱਤ ਖਾਲਸਾ ਸੱਦੋ ਅਤੇ ਪੰਥਕ ਪਾਰਟੀ ਦੀ ਰਾਜ ਤੇ ਕੇਂਦਰ ਸਰਕਾਰ ਵਿਚੋਂ ਭਾਈਵਾਲੀ ਖਤਮ ਕਰਨ ਦਾ ਹੁਕਮ ਦਿਓ।

ਫਿਰ ਹੁਣ ਕੀ ਹੋ ਗਿਆ ਹੈ ਕਿ ਉਹ ਰਾਜਨੀਤਕ ਸਰਬੱਤ ਖਾਲਸਾ ਸੱਦਣ ਲਈ ਪੱਬਾਂ ਭਾਰ ਹੋ ਰਿਹਾ ਹੈ? ਸਭ ਨੂੰ ਪਤਾ ਹੈ ਕਿ ਅਕਾਲ ਤਖ਼ਤ 'ਤੇ ਜਥੇਦਾਰ ਨਹੀਂ, ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਹਨ। ਅਕਾਲ ਤਖ਼ਤ ਦਾ ਜਥੇਦਾਰ ਤਾਂ ਉਨ੍ਹਾਂ ਦਾ ਸੇਵਾਦਾਰ ਹੈ ਜਿਸ ਦਾ ਕੰਮ ਪੇਸ਼ ਹੋਏ ਮਸਲੇ 'ਤੇ ਸ਼ਬਦ ਗੁਰੂ ਵਿਚੋਂ ਹੁਕਮਨਾਮਾ ਲੈ ਕੇ ਇਸ ਦਾ ਭਾਵ ਦੂਜੇ ਸਿੰਘ ਸਾਹਿਬਾਨ ਦੀ ਮਦਦ ਨਾਲ ਪ੍ਰਤਿਆਸ਼ੀ ਨੂੰ ਸਮਝਾ ਦੇਣਾ ਹੈ। ਸਭ ਕੁਝ ਜਾਣਦਾ ਹੋਇਆ ਵੀ ਲੇਖਕ ਅਜਿਹੇ ਕਾਰਜ ਲਈ ਅਕਾਲ ਤਖ਼ਤ ਦੇ ਜਥੇਦਾਰ ਦੇ ਪਿੱਛੇ ਕਿਉਂ ਪੈ ਰਿਹਾ ਹੈ ਜੋ ਉਸ ਦੇ ਅਧਿਕਾਰ ਖੇਤਰ ਵਿਚ ਹੈ ਹੀ ਨਹੀਂ? ਚੰਗਾ ਹੋਵੇ ਕਿ ਲੇਖਕ ਇਨ੍ਹਾਂ ਗੱਲਾਂ ਦਾ ਕਾਰਨ ਆਪ ਹੀ ਸਪੱਸ਼ਟ ਕਰੇ।

# ਕਿੰਨਾ ਕੁ ਪ੍ਰਸੰਗਿਕ ਹੈ ਅਜੋਕੇ ਸਮਿਆਂ 'ਚ ਸਰਬੱਤ ਖਾਲਸਾ

## ਭਾਈਚਾਰੇ ਨੂੰ ਅੰਤਰਝਾਤ ਮਾਰਨ ਦੀ ਲੋੜ

"ਅਕਾਲ ਤਖ਼ਤ ਸਰਵਉੱਚ ਹੈ।" ਇਹ ਨਾ ਕੋਈ ਸਿਧਾਂਤ ਹੈ ਅਤੇ ਨਾ ਇਸ ਪ੍ਰਚਵਚਨ ਦਾ ਕੋਈ ਸਿਧਾਂਤਕ ਆਧਾਰ। ਇਸ ਪ੍ਰਵਚਨ ਨੂੰ ਪ੍ਰਚਲਿਤ ਕਰਨ ਪਿੱਛੇ ਨਿਰੋਲ ਨਿੱਜੀ ਅਤੇ ਧੜੇਬੰਦਕ ਰਾਜਨੀਤਕ ਕਪਟ ਸੀ। ਚਾਲ ਕੇਵਲ ਇੰਨੀ ਹੀ ਸੀ ਕੇ ਕਿਸੇ ਨਾ ਕਿਸੇ ਤਰ੍ਹਾਂ ਅਕਾਲ ਤਖ਼ਤ ਨੂੰ ਸਾਧਨ ਵਜੋਂ ਵਰਤ ਕੇ ਪੰਥਕ ਰਾਜਨੀਤੀ 'ਤੇ ਕਬਜ਼ਾ ਜਮਾ ਲਿਆ ਜਾਏ। 1984 ਤੋਂ ਬਾਅਦ ਅਕਾਲ ਤਖ਼ਤ ਨੂੰ ਸਰਵਉੱਚ ਕਹਿਣ ਦੀ ਜ਼ੋਰਦਾਰ ਆਵਾਜ਼ ਗੂੰਜੀ। ਇਹ ਗੂੰਜ ਪਾਉਣ ਵਾਲੇ ਲੋਕ ਰਵਾਇਤੀ ਅਕਾਲੀ ਸਿਆਸਤ ਨੂੰ ਪੈਰੋਂ ਕੱਢ ਕੇ ਉਸਦੀ ਥਾਂ ਲੈਣ ਦੀ ਤਾਕ ਵਿਚ ਸਨ। ਇਨ੍ਹਾਂ ਅਕਾਲੀ ਸਿਆਸਤ ਨੂੰ ਬੰਦੂ ਕਰ ਕੇ ਕਮਜ਼ੋਰ ਜ਼ਰੂਰ ਕੀਤਾ ਪਰ ਪੰਥਕ ਸਿਆਸਤ 'ਤੇ ਕਾਠੀ

ਹਜ਼ਾਰਾ ਸਿੰਘ ਮਿਸੀਸਾਗਾ
ਫੋਨ: 647 685- 5997

ਨਾ ਪਾ ਸਕੇ। 1992 ਤੋਂ ਬਾਅਦ ਅਕਾਲ ਤਖ਼ਤ ਦੀ ਸਰਵਉੱਚਤਾ ਦੇ ਪ੍ਰਵਚਨ ਆਸਰੇ ਪ੍ਰਕਾਸ਼ ਸਿੰਘ ਬਾਦਲ ਨੂੰ ਸਿਆਸੀ ਮੈਦਾਨੋਂ ਕੱਢਣ ਦੀ ਸਿਰ ਤੋੜ ਕੋਸ਼ਿਸ਼ ਕੀਤੀ ਗਈ, ਪਰ ਕਾਮਯਾਬੀ ਨਾ ਮਿਲੀ। ਜਿਵੇਂ-ਕਿਵੇਂ ਪ੍ਰਕਾਸ਼ ਸਿੰਘ ਬਾਦਲ ਆਪਣੀ ਸਿਆਸੀ ਹੋਂਦ ਬਚਾ ਗਿਆ ਪਰ ਉਸਨੂੰ ਅਕਾਲ ਤਖ਼ਤ ਦੇ 'ਸਰਵਉੱਚ' ਹੋਣ ਵਾਲੇ ਡੰਡੇ ਨਾਲ ਡਰਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਰਿਹਾ। ਹੁਣ 1999 ਆ ਗਿਆ। ਬਾਜ਼ੀ ਪੁੱਠੀ ਪੈ ਗਈ। ਅਕਾਲ ਤਖ਼ਤ ਵਾਲਾ 'ਡੰਡਾ' ਹੁਣ ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਆ ਗਿਆ। ਉਸਨੇ ਫਿਰ 'ਅਕਾਲ ਤਖ਼ਤ ਸਰਵਉੱਚ' ਦਾ ਪ੍ਰਵਚਨ ਘੜਨ ਵਾਲਿਆਂ ਦੀਆਂ ਇਸੇ ਡੰਡੇ ਨਾਲ ਹੀ ਚਾਂਗਰਾਂ ਕਢਵਾ ਦਿੱਤੀਆਂ। ਕਿਸੇ ਨੂੰ ਕੁਸਕਣ ਤੱਕ ਨਹੀਂ ਦਿੱਤਾ। ਹੁਣ ਬਾਦਲ ਵਿਰੋਧੀਆਂ ਦੀ ਹਾਲਤ 'ਆਪੇ ਫਾਥੜੀਏ, ਤੈਨੂੰ ਕੌਣ ਛੁਡਾਵੇ' ਵਾਲੀ ਹੋ ਗਈ। ਹੱਥਾਂ ਦੀਆਂ ਦਿੱਤੀਆਂ ਦੰਦਾਂ ਨਾਲ ਵੀ ਨਾ ਖੁੱਲ੍ਹੀਆਂ। ਫਿਰ ਘਰਾਟ ਰਾਗ ਸ਼ੁਰੂ ਹੋ ਗਿਆ ਕਿ ਬਾਦਲ ਨੇ ਕਬਜ਼ਾ ਕਰ ਰੱਖਿਆ ਹੈ, ਅਕਾਲ ਤਖ਼ਤ ਦਾ ਜਥੇਦਾਰ ਨੌਕਰ ਬਣਾ ਰੱਖਿਆ ਹੈ, ਅਕਾਲ ਤਖ਼ਤ ਦੀ ਸੰਸਥਾ ਤਬਾਹ ਕਰ ਦਿੱਤੀ ਹੈ, ਅਕਾਲ ਤਖ਼ਤ ਨੂੰ ਬਾਦਲਾਂ ਦੇ ਚੁੰਗਲ ਤੋਂ ਆਜ਼ਾਦ ਕਰਾਉਣ ਦੀ ਲੋੜ ਹੈ, ਵਗੈਰਾ ਵਗੈਰਾ। ਸੱਚ ਇਹ ਹੈ ਕਿ ਅਕਾਲ ਤਖ਼ਤ ਨੂੰ 'ਸਰਵਉੱਚ' ਕਹਿ ਕੇ ਦੂਸਰੇ ਜਿਹੜੀ ਦੁਰਵਰਤੋਂ ਬਾਦਲ ਖ਼ਿਲਾਫ ਕਰਨਾ ਚਾਹੁੰਦੇ ਸਨ, ਬਾਦਲ ਨੇ ਉਸੇ ਹਥਿਆਰ ਨਾਲ ਹੀ 'ਪੰਥ' ਵਿਚਲੇ ਆਪਣੇ ਵਿਰੋਧੀਆਂ ਨੂੰ ਚਿੱਤ ਕਰ ਦਿੱਤਾ। ਫਰਕ ਸਿਰਫ ਇਹ ਸੀ ਕਿ ਅਕਾਲ ਤਖ਼ਤ ਸਰਵਉੱਚ ਵਾਲਾ ਜਿਹੜਾ ਡੰਡਾ ਬਾਦਲ ਨੂੰ ਸਿਆਸੀ ਤੌਰ 'ਤੇ ਮਾਰਨ ਲਈ ਘੜਿਆ ਗਿਆ ਸੀ ਉਹੋ ਘੜਿਆ-ਘੜਾਇਆ ਡੰਡਾ ਬਾਦਲ ਦੇ ਹੱਥ ਲੱਗ ਜਾਣ ਕਾਰਨ ਘੜਨ ਵਾਲਿਆਂ 'ਤੇ ਵਰ੍ਹ ਗਿਆ।

ਜੋ ਬੁੱਧੀਜੀਵੀ ਅਜੇ ਵੀ ਅਕਾਲ ਤਖ਼ਤ ਦੇ ਸਰਵਉੱਚ ਹੋਣ ਦਾ ਰਾਗ ਅਲਾਪਦੇ ਹਨ, ਲਗਦੈ ਉਨ੍ਹਾਂ ਇਸ ਗਲਤੀ ਦਾ ਅਹਿਸਾਸ ਹੀ ਨਹੀਂ ਕੀਤਾ। ਸ਼ਾਇਦ ਕੁੱਝ ਲੋਕ ਅਜੇ ਵੀ ਅਕਾਲ ਤਖ਼ਤ ਵਾਲੇ ਇਸ ਹਥਿਆਰ ਨਾਲ ਸਮੁੱਚੀ ਕੌਮ ਨੂੰ ਭੇਡਾਂ ਵਾਂਗ ਹੱਕਣ ਦੇ ਸੁਪਨੇ ਲੈ ਰਹੇ ਹੋਣ। ਇਹ ਸੋਚ ਗੈਰ ਲੋਕਤੰਤਰੀ ਤਾਂ ਹੈ ਹੀ, ਨਾਲ ਦੀ ਨਾਲ ਗੁਰਮਤਿ ਦੀ ਕਸੌਟੀ ਤੇ ਵੀ ਖਰੀ ਉੱਤਰਨ ਵਾਲੀ ਨਹੀਂ ਹੈ। ਅਕਾਲ ਤਖ਼ਤ ਸਰਵਉੱਚ ਦੇ ਬਿਰਤਾਂਤ ਵਿਚੋਂ ਕੁੱਝ ਵੀ ਸਾਰਥਕ ਨਹੀਂ ਨਿਕਲਿਆ। ਇਸ ਆਸਰੇ ਪੰਥ ਉੱਪਰ ਕਾਠੀ ਪਾਉਣ ਦੀ ਸੋਚ ਨੁਕਸਾਨਦੇਹ ਹੈ। ਸੋ, ਜੋ ਲੋਕ ਇਹ ਸੋਚ ਰਹੇ ਹਨ ਕਿ ਅਕਾਲ ਤਖ਼ਤ ਨੂੰ ਆਜ਼ਾਦ ਕਰਵਾ ਕੇ ਇਸਦੀ ਆਜ਼ਾਦ ਹਸਤੀ ਬਹਾਲ ਕਰਵਾਉਣ ਲਈ ਯਤਨ ਕਰਨੇ ਚਾਹੀਦੇ ਹਨ, ਇਹ ਉਨ੍ਹਾਂ ਦੀ ਖਾਮ-ਖਿਆਲੀ ਹੈ। ਐਸਾ ਹੋ ਨਹੀਂ ਸਕਣਾ। ਵੱਖਰਾ ਸਿੱਖ ਰਾਜ ਬਣਨ 'ਤੇ ਵੀ ਐਸਾ ਨਹੀਂ ਹੋ ਸਕਣਾ। ਵੱਖਰੇ ਰਾਜ ਵਿਚ ਵੀ ਜਾਂ ਤਾਂ ਸਮੁੱਚਾ ਰਾਜ ਹੀ ਅਕਾਲ ਤਖ਼ਤ ਅਧੀਨ ਹੋਵੇਗਾ ਜਾਂ ਫਿਰ ਅਕਾਲ ਤਖ਼ਤ ਸਿੱਖ ਰਾਜ ਦੇ ਕਾਨੂੰਨ ਅਧੀਨ ਹੋਵੇਗਾ। ਮਹਾਰਾਜਾ ਰਣਜੀਤ ਸਿੰਘ ਵੇਲੇ ਵੀ ਰਾਜ ਪ੍ਰਬੰਧ ਅਕਾਲ ਤਖ਼ਤ ਅਧੀਨ ਨਹੀਂ ਸੀ। ਕਿਸੇ ਵੀ ਰਾਜ ਵਿਚ ਸੱਤਾ ਦੇ ਦੋ ਕੇਂਦਰ ਨਹੀਂ ਹੋ ਸਕਦੇ। ਸੱਤਾ ਦੇ ਇਸ ਬੁਨਿਆਦੀ ਅਸੂਲ ਨੂੰ ਜੇ ਕੋਈ ਨਹੀਂ ਸਮਝੇਗਾ ਤਾਂ ਖੁਆਰੀ ਅਟੱਲ ਹੈ। ਸਿੱਖਾਂ ਦੀ ਹੁਣ ਤੱਕ ਦੀ ਖੁਆਰੀ ਦਾ ਇੱਕ ਕਾਰਨ ਗੈਰ-ਸਿਧਾਂਤਕ ਤੌਰ 'ਤੇ ਉਸਾਰਿਆ ਪ੍ਰਵਚਨ ਕਿ 'ਅਕਾਲ ਤਖ਼ਤ ਸਰਵਉੱਚ ਹੈ', ਵੀ ਹੈ। ਹੁਣ ਇਸ ਤੋਂ ਗੁਰੇਜ਼ ਕਰਨਾ ਯੋਗ ਹੋਏਗਾ।

ਅਕਾਲ ਤਖ਼ਤ ਦੇ ਨਾਲ ਹੀ ਜੁੜੀ ਇੱਕ ਹੋਰ ਧਾਰਨਾ ਹੈ, ਸਰਬੱਤ ਖਾਲਸੇ ਦੀ। ਸਰਬੱਤ ਖਾਲਸੇ ਵਿਚੋਂ ਕੁੱਝ ਸਾਰਥਕ ਕੱਢ ਸਕਣ ਦੀ ਗੱਲ ਵੀ ਵੇਲਾ ਵਿਹਾ ਚੁੱਕੀ ਹੈ। ਵਿਚਲੀ ਗੱਲ ਇਹ ਹੈ ਕਿ ਸਭਰਾਵਾਂ ਦੀ ਲੜਾਈ ਹਾਰਨ ਤੋਂ ਬਾਅਦ ਸਿੱਖਾਂ ਦੇ ਮਨਾਂ ਅੰਦਰ ਉਸ ਹਾਰ ਦੀ ਚਸਕ ਅਜੇ ਬਾਕੀ ਹੈ। ਇਸ ਪੀੜ ਦੀ ਨਵਿਰਤੀ ਲਈ ਕਈ ਸੋਚ ਵਿਚਾਰਾਂ ਚਲਦੀਆਂ ਰਹਿੰਦੀਆਂ ਹਨ, ਪਰ ਸਪੱਸ਼ਟ ਸੇਧ ਦੀ ਅਣਹੋਂਦ ਰਹੀ ਹੈ। ਇਨ੍ਹਾਂ ਸੋਚਾਂ ਦੇ ਘੜਮੱਸ ਵਿਚ ਹਥਿਆਰਬੰਦ ਲੜਾਈ ਦਾ ਵਲਵਲਾ ਵੀ ਉਛਾਲੇ ਮਾਰਦਾ ਰਿਹਾ। ਸਿੱਖ ਪੰਥ ਦਾ ਇੱਕ ਹਿੱਸਾ ਹਥਿਆਰਬੰਦ ਲੜਾਈ ਦਾ ਰਾਹ ਅਜ਼ਮਾ ਕੇ ਵੇਖਣਾ ਚਾਹੁੰਦਾ ਸੀ। 1984 ਵਿਚ ਉਨ੍ਹਾਂ ਇਹ ਲੜਾਈ ਲੜ ਕੇ ਦੇਖ ਲਈ। 6 ਜੂਨ 1984 ਨੂੰ ਸਿੱਖ ਹਥਿਆਰਬੰਦ ਲੜਾਈ ਹਾਰ ਗਏ।

ਇਸ ਲੜਾਈ ਤੋਂ ਬਾਅਦ ਭਾਈ ਮੋਹਕਮ ਸਿੰਘ ਅਤੇ ਉਨ੍ਹਾਂ ਦੇ ਹੋਰ ਟਕਸਾਲੀ ਸਾਥੀਆਂ ਨੇ ਅਕਾਲੀਆਂ ਦੀਆਂ ਕਮਜ਼ੋਰੀਆਂ ਦੇ ਭੇਤੀ ਪੱਤਰਕਾਰ ਦਲਬੀਰ ਸਿੰਘ ਨਾਂ ਦੇ ਇਕ ਪੁਰਾਣੇ ਖੱਬੇ ਕਾਮਰੇਡ ਦੀਆਂ ਲੁਕਵੀਆਂ ਸੇਵਾਵਾਂ ਲੈਂਦਿਆਂ ਪੁਰਾਤਨ ਪਰੰਪਰਾ ਵਿਚਲੀਆਂ ਸੰਸਥਾਵਾਂ ਦੇ ਨਕਸ਼ ਉਘੇੜ ਕੇ ਮਜ਼ਬੂਤੀ ਹਾਸਲ ਕਰਨ ਦੀ ਸੋਚ ਨਾਲ ਸਰਬੱਤ ਖਾਲਸੇ ਦੀ ਸੰਸਥਾ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਜਨਵਰੀ 1986 ਵਿਚ ਸਰਬੱਤ ਖਾਲਸਾ ਦੇ ਨਾਂ ਹੇਠ ਸੱਦੇ ਇਕੱਠ ਨੇ ਇੱਕ ਧਿਰ ਨੂੰ ਮਜ਼ਬੂਤੀ ਦਿੱਤੀ। ਪਰ ਇਹ ਧਿਰ ਟਿਕਾਊ ਸਾਬਿਤ ਨਾਂ ਹੋ ਸਕੀ। ਕਈ ਹੋਰ ਸਰਬੱਤ ਖਾਲਸੇ ਕਰਕੇ ਇਸ ਧਿਰ ਨੂੰ ਪੈਰਾਂ ਸਿਰ ਕਰਨ ਦੀਆਂ ਕੋਸ਼ਿਸ਼ਾਂ ਵੀ ਸਫਲ ਨਾ ਹੋਈਆਂ। ਹਥਿਆਰਬਹਾਲ ਯੁੱਧ ਲੜ ਕੇ ਵੇਖ ਲੈਣ ਵਾਂਗ ਸਰਬੱਤ ਖਾਲਸਾ ਵਿਚੋਂ ਵੀ ਜੋ ਨਿਕਲ ਸਕਦਾ ਸੀ, ਕੱਢ ਕੇ ਵੇਖ ਲਿਆ ਗਿਆ। ਇਸ ਸਭ ਕੁੱਝ ਦੀ ਰੌਸ਼ਨੀ ਵਿਚ ਹਥਿਆਰਬੰਦ ਲੜਾਈ ਜਾਂ ਸਰਬੱਤ ਖਾਲਸੇ ਵਿਚੋਂ ਕੁੱਝ ਹਾਸਲ ਕਰਨ ਦੀ ਝਾਕ ਰੱਖਣਾ ਅਣਜਾਣਪੁਣਾ ਹੈ। ਪਰਖੇ ਹੋਏ ਹਥਿਆਰਾਂ ਨੂੰ ਮੁੜ ਪਰਖਣਾਂ ਨਦਾਨੀ ਹੈ। 2015 ਵਿਚ ਚੱਬੇ ਕੀਤਾ ਗਿਆ ਸਰਬੱਤ ਖਾਲਸਾ ਵੀ ਪਰਖੇ ਹੋਏ ਨੂੰ ਮੁੜ ਪਰਖਣ ਦੀ ਕਾਰਵਾਈ ਤੋਂ ਵੱਧ ਨਹੀਂ ਸੀ। ਇਹ ਜਣਕੇ ਤਰੀਕੇ ਪੰਥ ਨੂੰ ਭੁਚਲਾ ਕੇ ਆਪਣੇ-ਆਪ ਨੂੰ ਪੰਥਕ ਸਿਆਸਤ ਵਿਚ ਮੁੜ ਸਥਾਪਤ ਕਰਨ ਦੀ ਚਤੁਰਾਈ ਸੀ; ਜੋ ਸਫਲ ਨਾ ਹੋਈ। ਅੱਜ ਦੇ ਬਦਲੇ ਰਾਜਨੀਤਕ ਅਤੇ ਸਮਾਜਿਕ ਹਾਲਾਤਾਂ ਵਿਚ ਸਰਬੱਤ ਖਾਲਸਾ ਪ੍ਰਸੰਗਿਕ ਨਹੀਂ ਰਿਹਾ।

ਅੱਜ ਵੀ ਕਈ ਕਾਰਕੁਨ ਅਤੇ ਬੁੱਧੀਜੀਵੀ ਸਰਬੱਤ ਖਾਲਸੇ ਰਾਹੀਂ ਅਕਾਲ ਤਖ਼ਤ ਦੀ ਸਰਵਉੱਚਤਾ ਵਾਲੀ ਪੌੜੀ ਵਰਤ ਕੇ ਆਪਣੀ ਖ਼ੁਸੀ ਸਾਖ ਬਹਾਲ ਕਰਨ ਦੀ ਸੋਚ ਰਹੇ ਹਨ। ਇਹ ਗੈਰਸਿਧਾਂਤਕ ਪਹੁੰਚ ਸਿੱਖ ਸਿਸਟਮ ਵਿਚ ਤਾਨਾਸ਼ਾਹੀ ਰੁਚੀਆਂ ਨੂੰ ਪਨਪਣ ਦਾ ਮੌਕਾ ਦਿੰਦੀ ਹੈ। ਇਸਦਾ ਸੰਤਾਪ ਸਿੱਖ ਹੰਢਾਅ ਵੀ ਚੁੱਕੇ ਹਨ ਅਤੇ ਹੰਢਾਅ ਵੀ ਰਹੇ ਹਨ। ਯਾਦ ਕਰੋ ਜਦ ਚੰਡੀਗੜ੍ਹ ਵਾਲੇ ਡਾ. ਦਰਸ਼ਨ ਸਿੰਘ ਜੀ ਦੀ 'ਸਰਵਉੱਚਤਾ' ਦੀ ਆੜ ਵਿਚ ਸਰਵ ਸਮਰੱਥ ਜਥੇਦਾਰ ਵੱਲੋਂ ਬਾਂਹ ਮਰੋੜੀ ਗਈ ਸੀ ਤਾਂ ਇਹ 'ਸਰਵਉੱਚਤਾ' ਕਿਹੜੇ ਗੁਰਮਤਿ ਸਿਧਾਂਤ ਦੀ ਬਾਤ ਪਾ ਰਹੀ ਸੀ? ਵਿਦੇਸ਼ਾਂ ਵਿਚ ਲੰਗਰ ਵਿਚਲੀਆਂ ਕੁਰਸੀਆਂ ਚੁਕਾਉਣ ਦੇ ਮੁੱਦੇ ਤੇ ਹੁੜਦੁੰਗ ਮਚਾਉਣ ਨੂੰ ਸ਼ਹਿ ਵੀ ਇਸੇ 'ਸਰਵਉੱਚਤਾ' ਦੀ ਹੀ ਦੇਣ ਸੀ। ਗ੍ਰੰਥ ਸਾਹਿਬ ਦੇ ਸਤਿਕਾਰ ਬਾਰੇ ਅਸਪੱਸ਼ਟ ਲਿਖਤ ਨੂੰ ਆਪੂੰ ਬਣੀਆਂ ਸਤਿਕਾਰ ਕਮੇਟੀਆਂ ਨੇ ਖੌਰੂ ਪਾਉਣ ਦਾ ਲਾਇਸੈਂਸ ਜਾਣ ਕੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਹਟਾਉਣ ਅਤੇ ਨਿਸ਼ਾਨ ਸਾਹਿਬ ਪੁੱਟਣ ਦੀ ਹਨੇਰੀ ਝੁਲਾ ਛੱਡੀ। ਉਹ ਇਸ ਲਿਖਤ ਨੂੰ ਅਕਾਲ ਤਖ਼ਤ ਦਾ ਹੁਕਮਨਾਮਾ ਕਹਿ ਕੇ, ਹੁਕਮਨਾਮਾ ਲਾਗੂ ਕਰਾਉਣ ਵਾਲੀ ਪੁਲੀਸ ਬਣ ਬੈਠੇ। ਸਤਿਕਾਰ ਕਮੇਟੀਆਂ ਜਦ ਆਮ ਲੋਕਾਂ ਦੀ ਧੌਤੀ ਲਾਹ ਰਹੀਆਂ ਸਨ ਤਾਂ 'ਸਰਵਉੱਚ' ਜਥੇਦਾਰ ਖਾਮੋਸ਼ ਰਹੇ। ਜਦ ਇਹੋ ਸਤਿਕਾਰ ਕਮੇਟੀਆਂ ਸ਼੍ਰੋਮਣੀ ਕਮੇਟੀ ਦੇ ਗਲ਼ ਜਾ ਪਈਆਂ ਤਾਂ ਜਥੇਦਾਰਾਂ ਨੇ ਮਸਲਾ ਨਜਿੱਠਣ ਲਈ ਟਾਸਕ ਫੋਰਸ ਅੱਗੇ ਕਰ ਦਿੱਤੀ। ਕੀ ਲਾਭ ਹੋਇਆ ਅਕਾਲ ਤਖ਼ਤ ਦੇ ਜਥੇਦਾਰ ਦਾ?



ਤਰਨਤਾਰਨ ਜ਼ਿਲ੍ਹੇ ਦੇ ਚੱਬਾ ਪਿੰਡ ਵਿਚ ਸਾਲ 2015 'ਚ ਹੋਏ ਸਰਬੱਤ ਖਾਲਸਾ ਦੌਰਾਨ ਹਾਜ਼ਰ ਸੰਗਤ।

ਕਿਸੇ ਸਮੇਂ ਬਰਨਾਲੇ ਨੂੰ ਬਮਲੇ ਨਾਲ ਬੰਨ੍ਹ ਕੇ ਅਕਾਲੀ ਫੂਲਾ ਸਿੰਘ ਦਾ ਇਤਿਹਾਸ ਦੁਹਰਾਉਣ ਵਾਲੇ ਵਿਦਵਾਨ ਜਥੇਦਾਰ ਰਾਗੀ ਦਰਸ਼ਨ ਸਿੰਘ ਨੂੰ ਇਸੇ ਤਖ਼ਤ ਤੋਂ ਤਨਖਾਹੀਆ ਕਰਾਰ ਦੇ ਕੇ ਪੰਥ ਵਿਚੋਂ ਛੇਕ ਦੇਣ ਦੀ ਕਾਰਵਾਈ ਵੀ ਇਸੇ 'ਸਰਵਉੱਚਤਾ' ਖਾਤੇ ਹੀ ਪੈਂਦੀ ਹੈ। ਅੱਜ ਦਾ ਜਥੇਦਾਰ ਮੀਡੀਏ ਦੀ ਜ਼ੁਬਾਨਬੰਦੀ ਬਾਰੇ ਤਾਂ ਗੱਲ ਕਰ ਰਿਹਾ ਹੈ ਪਰ ਢੱਡਰੀਆਂਵਾਲੇ ਦੇ ਦੀਵਾਨ 'ਸਰਵਉੱਚਤਾ' ਦੀ ਧੌਂਸ ਆਸਰੇ ਬੰਦ ਕਰਵਾਏ ਹੋਏ ਹਨ। ਸਮਝਣ ਵਾਲੀ ਗੱਲ ਕੇਵਲ ਇਹ ਹੈ ਕਿ ਅਸੀਂ ਐਸੀ ਤਾਨਾਸ਼ਾਹੀ ਪਿਰਤ ਨੂੰ ਹਵਾ ਦੇਣ ਦੇ ਆਹਰ ਵਿਚ ਕਿਉਂ ਲੱਗੇ ਹੋਏ ਹਾਂ? ਇਸ 'ਸਰਵਉੱਚਤਾ' ਦੇ ਪ੍ਰਪੰਚ ਕਾਰਨ ਸਿਆਸੀ ਲੋਕਾਂ ਨੇ ਆਪਣੇ-ਆਪ ਨੂੰ 'ਧਾਰਮਿਕ ਦੋਸ਼ੀ' ਬਣਾਉਣ ਦਾ ਪੁਆੜਾ ਵੀ ਸਹੇੜਿਆ ਹੋਇਆ ਹੈ। ਵੋਟਾਂ ਦੀ ਰਾਜਨੀਤੀ ਵਿਚ ਉਮੀਦਵਾਰਾਂ ਨੂੰ ਵੋਟ ਲੈਣ ਲਈ ਹਰ ਕਿਸੇ ਕੋਲ ਜਾਣਾ ਪੈਂਦਾ ਹੈ। ਪਰ ਅਸੀਂ ਹੁਕਮਨਾਮੇ ਜਾਰੀ ਕਰੀ ਬੈਠੇ ਹਾਂ-ਨਿਰੰਕਾਰੀਆਂ ਕੋਲ ਨਹੀਂ ਜਾਣਾ, ਪ੍ਰੇਮੀਆਂ ਕੋਲ ਨਹੀਂ ਜਾਣਾ। ਭਲਾ ਵੋਟਾਂ ਦੀ ਸਿਆਸਤ ਵਿਚ ਇਹ ਕਿਵੇਂ ਸੰਭਵ ਹੈ? ਸੋ, ਸਾਰੇ ਪੰਥਕ ਉਮੀਦਵਾਰ ਐਸੇ ਵੋਟਰਾਂ ਕੋਲ ਚੋਰੀਂ ਜਾਂਦੇ ਹਨ। ਪਰ ਕੋਈ ਇਸ ਜੂੜ ਤੋਂ ਖਹਿੜਾ ਛੁਡਾਉਣ ਦੀ ਗੱਲ ਨਹੀਂ ਕਰਦਾ। ਵੈਸੇ, 'ਸ਼ਾਨਦਾਰ ਨੂੰ ਕਰੇ ਨਾਂ ਕੋਈ ਝੂਠਾ, ਝੂਠਾ ਮਾੜੇ ਨੂੰ ਕਰਕੇ ਟੋਰਦੇ ਨੇ', ਵਾਂਗ ਇਹ 'ਸਰਵਉੱਚਤਾ' ਇਸ ਮਾਮਲੇ ਵਿਚ ਵੀ ਕਮਜ਼ੋਰ ਧਿਰਾਂ ਨੂੰ ਹੀ 'ਹੁਕਮਨਾਮਾ' ਉਲੰਘਣ ਕਾਰਨ ਤਲਬ ਕਰਦੀ ਹੈ ਤਕੜਿਆਂ ਨੂੰ ਨਹੀਂ। ਇੱਕ ਵਾਰ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਕੋਲੋਂ ਭਾਂਡੇ ਮੰਜਵਾਏ ਸਨ। ਵੈਸੇ ਨਿਰੰਕਾਰੀ ਭਵਨ ਜਾਣ 'ਤੇ ਫਤੇ ਜਾਣ ਕਾਰਨ ਇੱਕ ਵਾਰ ਟੌਹੜਾ ਸਾਹਿਬ ਨੂੰ ਵੀ ਚੰਗਾ ਖੱਜਲ ਹੋਣਾ ਪਿਆ ਸੀ।

ਭਾਈ ਕਾਹਨ ਸਿੰਘ ਨਾਭਾ ਨੇ ਕੋਈ 125 ਸਾਲ ਪਹਿਲਾਂ ਲਿਖਿਆ ਸੀ ਕਿ ਜੋ ਕੌਮਾਂ ਆਪਣੇ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਮਸਲਿਆਂ ਦੀ ਖਿਚੜੀ ਬਣਾ ਕੇ ਲੜਦੀਆਂ-ਝਗੜਦੀਆਂ ਰਹਿੰਦੀਆਂ ਹਨ ਉਹ ਆਪ ਵੀ ਦੁਖੀ ਹੁੰਦੀਆਂ ਅਤੇ ਦੂਸਰਿਆਂ ਨੂੰ ਵੀ ਦੁਖੀ ਕਰੀ ਰੱਖਦੀਆਂ ਹਨ। ਕਾਫੀ ਸਮੇਂ ਤੋਂ ਸਿੱਖ ਪੰਥ ਆਪਣੇ ਅੰਦਰੂਨੀ ਮਸਲਿਆਂ ਦੀ ਵੀ ਐਸੀ ਖਿਚੜੀ ਬਣਾ ਕੇ ਪ੍ਰੇਸ਼ਾਨ ਹੋਇਆ ਬੈਠਾ ਹੈ ਅਤੇ ਸਭ ਦੇ ਹੱਲ ਦੀ ਉਮੀਦ ਅਕਾਲ ਤਖ਼ਤ ਦੀ ਸਰਵਉੱਚਤਾ 'ਚੋਂ ਹੀ ਕੱਢਣ ਦੀ ਉਮੀਦ ਲਾਈ ਬੈਠਾ ਹੈ। ਪਰ ਇਹ ਸਭ ਕੁੱਝ ਮਿਰਗ ਤ੍ਰਿਸ਼ਨਾ ਸਾਬਿਤ ਹੋਇਆ। ਇਸ ਸਰਵਉੱਚਤਾ ਨੇ ਮਸਲੇ ਹੱਲ ਕਰਨ ਦੀ ਥਾਂ ਹੋਰ ਉਲਝਾ ਦਿੱਤੇ। ਲੋਕਾਂ ਨੂੰ ਸਿੱਖੀ 'ਚੋਂ ਛੇਕਣ ਦਾ ਭੈਅ ਫੈਲਾ ਦਿੱਤਾ। ਜਦ ਕਿ ਸਿੱਖੀ ਸਿਧਾਂਤ ਨਿਰਭਉ ਦਾ ਹੈ।


ਕਿਸੇ ਵੱਲੋਂ ਵੀ ਅਕਾਲ ਤਖ਼ਤ ਨੂੰ ਲਿਖੀ ਚਿੱਠੀ ਦਾ ਨਾ ਕੋਈ ਜਵਾਬ ਆਉਂਦਾ ਹੈ, ਨਾ ਕੋਈ ਮੰਗੀ ਗਈ ਸੇਧ ਦਿੱਤੀ ਜਾਂਦੀ ਹੈ। ਹੁਣ ਅਜਨਾਲੇ ਵਾਲੀ ਘਟਨਾ ਬਾਰੇ ਵੀ ਰਿਪੋਰਟ ਬੰਦ ਲਿਫਾਫੇ ਵਿਚ ਪ੍ਰਾਪਤ ਕੀਤੀ ਗਈ। ਐਨਾ ਕੁਝ ਹੋ ਜਾਣ ਤੋਂ ਬਾਅਦ ਵੀ ਜੋ ਬੁੱਧੀਜੀਵੀ ਅਕਾਲ ਤਖ਼ਤ ਵੱਲੋਂ ਕਿਸੇ ਠੋਸ ਸੇਧ ਦੀ ਆਸ ਰੱਖ ਰਹੇ ਹਨ; ਉਹ ਕੇਵਲ ਭਰਮ ਸਿਰਜ ਰਹੇ ਹਨ। ਵਿਦੇਸ਼ੀ ਸਿੱਖਾਂ ਦੀਆਂ ਕਈ ਜਥੇਬੰਦੀਆਂ ਅਕਾਲ ਤਖ਼ਤ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਭਾਵ ਤੋਂ ਮੁਕਤ ਕਰਵਾ ਕੇ ਆਪਣੇ ਪ੍ਰਭਾਵ ਹੇਠ ਲੈਣ ਲਈ ਕੋਈ ਨਾ ਕੋਈ ਅਜੀਬੋ ਗਰੀਬ ਫਾਰਮੂਲਾ ਪੇਸ਼ ਕਰਦੀਆਂ ਰਹਿੰਦੀਆਂ ਹਨ। ਅੰਤਿਮ ਨਿਸ਼ਾਨਾ ਸਭ ਦਾ ਪੰਥ ਨੂੰ ਆਪਣੇ ਪ੍ਰਭਾਵ ਅਧੀਨ ਲਿਆ ਕੇ ਆਪਣੇ ਤਰੀਕੇ ਚਲਾਉਣ ਦਾ ਹੈ। ਇਸ ਸਾਰੇ ਵਿਹਾਰ ਵਿਚ ਨਾ ਤਾਂ ਲੋਕਤੰਤਰੀ ਭਾਵਨਾ ਸ਼ਾਮਿਲ ਹੈ ਅਤੇ ਨਾ ਹੀ ਨਿੱਜੀ ਆਜ਼ਾਦੀਆਂ ਦੀ ਮਾਨਤਾ।

ਸਰਬੱਤ ਖਾਲਸਾ ਬਾਬਤ ਵਿਦਵਾਨ 18ਵੀਂ ਸਦੀ ਦੇ ਹਵਾਲੇ ਨਾਲ ਜਿਵੇਂ ਹੁਣ ਬਹੁਤ ਕੁੱਝ ਕਹਿ ਰਹੇ ਹਨ, ਇਸੇ ਤਰ੍ਹਾਂ 1984 ਤੋਂ ਬਾਅਦ ਵੀ ਬੜਾ ਕੁੱਝ ਲਿਖਿਆ ਜਾ ਰਿਹਾ ਸੀ। 1994, ਜਦ ਤੱਕ ਕਾਫੀ ਸਰਬੱਤ ਖਾਲਸੇ ਹੋ ਚੁੱਕੇ ਸਨ, ਵਿਚ ਜਥੇਦਾਰ ਭਾਈ ਮਨਜੀਤ ਸਿੰਘ ਨੂੰ ਟੋਰਾਂਟੋ ਹੋਈ ਪ੍ਰੈਸ ਕਾਨਫਰੰਸ ਵਿਚ ਪੁੱਛਿਆ ਗਿਆ ਕਿ ਪਿਛਲੇ 10 ਸਾਲਾਂ ਦੌਰਾਨ ਜੋ ਸਰਬੱਤ ਖਾਲਸੇ ਹੋਏ ਹਨ; ਉਨ੍ਹਾਂ ਵਿਚੋਂ ਅਸਲੀ ਕਿੰਨੇ ਸਨ? ਜਥੇਦਾਰ ਦਾ ਜਵਾਬ ਸੀ ਕਿ ਮੈਂ ਇਸ ਬਾਰੇ ਕੁੱਝ ਨਹੀਂ ਕਹਿਣਾ ਕਿਉਂਕਿ ਮੇਰੇ ਕੁੱਝ ਕਹਿਣ ਨਾਲ ਦੁਬਿਧਾ ਵਧ ਸਕਦੀ ਹੈ। ਅਜੀਬ ਗੱਲ ਹੈ ਕਿ ਦੁਬਿਧਾ ਵਧਣ ਦੇ ਡਰੋਂ ਕਿਸੇ ਗੱਲ ਨੂੰ ਵੀ ਸਪੱਸ਼ਟ ਨਾਂ ਕਰਨ ਦੀ ਰੀਤ ਤੋਰ ਦਿਓ। ਵੈਸੇ ਅੱਜ ਕੱਲ੍ਹ ਕਾਫੀ ਵਿਦਵਾਨ ਇਹ ਕਹਿ ਰਹੇ ਹਨ ਕਿ 1986 ਤੋਂ 2015 ਤੱਕ ਹੋਏ ਸਰਬੱਤ ਖਾਲਸੇ ਅਸਲੀ ਸਰਬੱਤ ਖਾਲਸੇ ਨਹੀਂ ਸਨ। ਪਰ ਉਹ ਅਜੇ ਵੀ ਇਹ ਸੋਚ ਰਹੇ ਹਨ ਕਿ ਕਿਸੇ ਨਾ ਕਿਸੇ ਤਰ੍ਹਾਂ 18ਵੀਂ ਸਦੀ ਵਾਲਾ ਸਰਬੱਤ ਖਾਲਸਾ ਸਿਸਟਮ ਮੁੜ ਸੁਰਜੀਤ ਹੋ ਜਾਵੇ। ਹੁਣ 21ਵੀਂ ਸਦੀ ਵਿਚ ਰਾਜਨੀਤਕ, ਸਮਾਜਿਕ ਢਾਂਚਾ ਬਦਲ ਚੁੱਕਿਆ ਹੋਣ ਕਾਰਨ ਐਸਾ ਸੰਭਵ ਨਹੀਂ। 18ਵੀਂ ਸਦੀ ਵਾਲੀਆਂ ਪ੍ਰੰਪਰਾਵਾਂ ਹੁਣ ਪ੍ਰਸੰਗਿਕ ਨਹੀਂ ਰਹੀਆਂ। ਹੁਣ ਗੁਰੂ ਆਸ਼ੇ ਅਨੁਸਾਰ ਐਸੀ ਲੋਕਤੰਤਰੀ ਜਥੇਬੰਦੀ ਉਸਾਰਨ ਦੀ ਲੋੜ ਹੈ ਜਿਸ 'ਤੇ ਸਿੱਖਾਂ ਸਮੇਤ ਗੈਰ ਸਿੱਖ ਵੀ ਭਰੋਸਾ ਕਰ ਸਕਣ।

ਨੌਜਵਾਨ ਅਤਿ ਨਿਰਾਸ਼ਤਾ ਵਸ ਭਟਕੇ ਹੋਏ ਹਨ, ਦਲਿਤ ਦੁਖੀ ਹਨ, ਪੰਜਾਬ ਦਾ ਕਿਸਾਨ ਘੋਰ ਸੰਕਟ ਵਿਚ ਹੈ, ਧਰਤੀ ਹੇਠਲਾ ਪਾਣੀ ਮੁਕਦਾ ਜਾ ਰਿਹਾ ਹੈ, ਹੁਣ ਭਾਈਚਾਰੇ ਨੂੰ ਅਜਿਹੀਆਂ ਖੇਡਾਂ ਤੋਂ ਕਿਨਾਰਾ ਕਰਕੇ ਅਜਿਹੇ ਮਸਲਿਆਂ ਦੇ ਹੱਲ ਲਈ ਅੰਤਰਝਾਤ ਮਾਰਨ ਵਲ ਤੁਰਨਾ ਚਾਹੀਦਾ ਹੈ।

# ਵਾਰਿਸ ਪੰਜਾਬ ਦੇ

ਪੰਜਾਬ ਫੇਰੀ ਦੌਰਾਨ ਮਹੀਨਾ ਕੁ ਬੜੀ ਠੰਢ ਰਹੀ। 7 ਵਜੇ ਤੱਕ ਮਸਾਂ ਮਾੜਾ ਜਿਹਾ ਚਾਨਣ ਹੁੰਦਾ ਪਰ ਧੁੰਦ ਲਗਭਗ ਸਾਰਾ ਦਿਨ ਛਾਈ ਰਹਿੰਦੀ। ਕਦੇ ਇਕ ਦੋ ਵਜੇ ਸੂਰਜ ਦੇਵਤਾ ਦੇ ਦਰਸ਼ਨ ਹੁੰਦੇ ਕਦੇ ਉਹ ਵੀ ਨਹੀਂ। ਪਰ ਉਹ ਠੀਕ ਨੌਂ ਵਜੇ ਆ ਬੈੱਲ ਵਜਾਉਂਦੀ। ਪਹਿਲਾਂ ਸਾਰੇ ਕਮਰਿਆਂ ਵਿਚ ਝਾੜੂ ਲਾਉਂਦੀ ਫੇਰ ਪੋਚਾ। ਇਸ ਉਪਰੰਤ ਜਾ ਭਾਂਡਿਆਂ ਦੁਆਲੇ ਹੁੰਦੀ। ਸਭ ਤੋਂ ਮਗਰੋਂ ਕੱਪੜੇ ਧੋਣ ਦੀ ਵਾਰੀ ਆਉਂਦੀ। ਤਦ ਤੱਕ ਅਸੀਂ ਵੀ ਆਪਣੀ ਚਾਹ ਬਣਾ ਲੈਂਦੇ। ਸਾਡੇ ਨਾਲ ਇੱਕ ਕੱਪ ਚਾਹ ਦਾ ਪੀ ਉਹ ਸਾਹਮਣੇ ਵਾਲੇ ਘਰ ਜਾ ਹਾਜ਼ਰ ਹੁੰਦੀ। ਕਈ ਵੇਰਾਂ ਨੌਵੀਂ 'ਚ ਪੜ੍ਹਦੀ



ਹਰਜੀਤ ਦਿਓਲ

ਉਸ ਦੀ ਕੁੜੀ ਛੁੱਟੀ ਵਾਲੇ ਦਿਨ ਉਸ ਦਾ ਹੱਥ ਵਟਾਉਣ ਨਾਲ ਆ ਜਾਂਦੀ। ਇਹ ਲੋਕ ਕਾਫੀ ਸਮਾਂ ਪਹਿਲਾਂ ਰੋਜ਼ੀ ਰੋਟੀ ਦੀ ਭਾਲ ਵਿਚ ਪੰਜਾਬ ਆਏ ਸਨ ਅਤੇ ਹੁਣ ਪੰਜਾਬ ਦੇ ਹੀ ਹੋ ਕੇ ਰਹਿ ਗਏ ਸਨ। ਪੰਜਾਬ ਸਰਕਾਰ ਵੱਲੋਂ ਗਰੀਬਾਂ ਨੂੰ ਘਰ ਬਣਾਉਣ ਲਈ ਦਿੱਤੀ ਜਾ ਰਹੀ ਮਾਲੀ ਸਹਾਇਤਾ ਨਾਲ ਆਪਣਾ ਮਕਾਨ ਵੀ ਬਣਾ ਰਹੇ ਸਨ।

11 ਕੁ ਵਜੇ 'ਆਲੂ ਪਿਆਜ ਭਿੰਡੀ ਮੇਥੀ ਪਾਲਕ ਗੋਭੀ ਲੈ ਲਉ ਜੀ' ਦਾ ਹੋਕਾ ਸੁਣਾਈ ਦਿੰਦਾ। ਇਹ ਵੀ ਕੇਸਰੀ ਦਸਤਾਰ ਬੰਨ੍ਹਦਾ ਰਾਮਖਿਲਾਵਨ ਨਾਂਅ ਦਾ ਇਕ ਭਈਆ ਹੀ ਸੀ ਜੋ ਹਿੰਦੀ ਮਿਸ਼ਰਤ ਪੰਜਾਬੀ ਬੋਲਣ ਤੋਂ ਪਛਾਣਿਆ ਜਾਂਦਾ। ਇਸ ਦੀ ਨਵੀਂ ਤਕਨੀਕ ਨਾਲ ਬਣੀ ਰੇਹੜੀ ਅੱਧੋ ਮੋਟਰਸਾਈਕਲ ਨਾਲ ਬਣਿਆ ਜੁਗਾੜ ਸੀ ਜਿਸ 'ਤੇ ਹੋਕਾ ਦੇਣ ਲਈ ਵੀ ਸਪੀਕਰ ਲੱਗਾ ਸੀ। ਇਹ ਵੀ ਹਜ਼ਾਰ ਬਾਰਾਂ ਸੌ ਰੋਜ਼ ਦਾ ਸੌਖਿਆਂ ਹੀ ਬਣਾ ਲੈਂਦਾ ਸੀ। ਸਾਡੇ ਘਰ ਦਾ ਪੇਂਟ ਬਾਹਰੋਂ ਬਾਰਸ਼ਾਂ ਕਾਰਨ ਖਰਾਬ ਹੋ ਗਿਆ ਸੀ ਭਾਵੇਂ ਅੰਦਰੋਂ ਠੀਕ ਹੀ ਸੀ। ਉਹ ਦੋਵੇਂ ਜਣੇ ਵੀ ਜਿਨ੍ਹਾਂ ਨਾਲ ਸਾਡਾ ਬਾਹਰੋਂ ਬਾਹਰੋਂ ਘਰ ਪੇਂਟ ਕਰਨਾ ਤੈਅ ਹੋਇਆ ਪੁਰਾਣੇ ਯੂ ਪੀ ਤੋਂ ਆਏ ਹੋਏ ਸਨ। ਸੋਹਣੀ ਪੰਜਾਬੀ ਬੋਲਦੇ ਸਨ ਅਤੇ ਰੱਜ ਕੇ ਮੇਹਨਤੀ ਵੀ। ਤਿੰਨ ਦਿਨਾਂ ਵਿਚ ਕੰਮ ਮੁਕਾ 15000 ਲੈ ਗਏ ਭਾਵ ਢਾਈ ਹਜ਼ਾਰ ਦਿਹਾੜੀ ਦਾ ਕਮਾ ਲਿਆ। ਉਂਝ ਮਿਸਤਰੀ ਦੀ ਦਿਹਾੜੀ 700 ਦੀ ਸੀ ਤੇ ਉਸ ਹਿਸਾਬ ਨਾਲ ਕੰਮ ਕਰਾਇਆਂ 10 ਕੁ ਦਿਨ ਲੱਗਣੇ ਸਨ। ਇਕ ਬਲਬ ਦਾ ਕੁਨੈਕਸ਼ਨ ਲੁਆਉਣਾ ਸੀ। ਬਿਜਲੀ ਮਕੈਨਿਕ ਬਹੁਤੇ ਕੋਠੀਆਂ ਦੇ ਠੇਕੇ ਲੈ ਵੱਡੇ ਕੰਮਾਂ 'ਚ ਮਸਰੂਫ ਸਨ ਸੋ ਇਸ ਛੋਟੇ ਜਿਹੇ ਕੰਮ ਲਈ ਬੰਦਾ ਲੱਭਦਾ ਨਹੀਂ ਸੀ। ਆਖਰ ਕਈ ਗੇੜੇ ਲੁਆ ਬਿਜਲੀ ਮਿਸਤਰੀ ਨੇ ਇਕ ਬੰਦਾ ਭੇਜ ਦਿੱਤਾ ਜਿਸ ਨੇ 15/20 ਮਿੰਟ ਵਿਚ ਬਲਬ ਲਾ 150 ਰੁਪਏ ਬਣਾ ਲਏ। ਇਹ ਵੀ ਅੱਧ-ਪਚੱਧੀ ਪੰਜਾਬੀ ਬੋਲਦਾ ਬਿਹਾਰੀ ਸੀ। ਉਸ ਦੱਸਿਆ ਕਿ ਉਹ 8/10 ਸਾਲ ਪਹਿਲਾਂ ਰੋਜ਼ੀ ਰੋਟੀ ਦੀ ਭਾਲ ਵਿਚ ਪੰਜਾਬ ਆਇਆ ਸੀ। ਪਹਿਲਾਂ ਕੁਝ ਦਿਨ ਰਿਕਸ਼ਾ ਚਲਾਇਆ ਅਤੇ ਆਪਣੇ ਪਿੰਡ ਦੇ ਜਾਣੂ ਰਾਮ ਲੁਭਾਇਆ ਕੋਲ ਰਿਹਾ ਜੋ ਸਬਜ਼ੀ ਮੰਡੀ ਦਾ ਕਾਮਯਾਬ ਕਮਿਸ਼ਨ ਏਜੰਟ ਬਣ ਚੁੱਕਿਆ ਸੀ ਅਤੇ ਹੁਣ ਪੰਜਾਹ ਸੱਠ ਹਜ਼ਾਰ ਮਹੀਨੇ ਦਾ ਬਣਾ ਰਿਹਾ ਸੀ। ਫਿਰ ਉਸ ਇੱਕ ਬਿਜਲੀ ਮਕੈਨਿਕ ਸਰਦਾਰ ਕੋਲ ਕੰਮ ਸਿੱਖਣ ਲਈ ਰਖਵਾ ਦਿੱਤਾ। ਹੁਣ ਉਹ ਖੁਸ਼ ਹੈ ਅਤੇ ਭਵਿਖ 'ਚ ਚੰਗੇ ਪੈਸੇ ਕਮਾਉਣ ਦੇ ਰਾਹ ਤੁਰ ਪਿਆ ਹੈ। ਪੁੱਛਣ 'ਤੇ ਹੱਸਦਿਆਂ ਕਹਿੰਦਾ 'ਸਰਦਾਰ ਜੀ ਜਲਦੀ ਹੀ ਮੈਂ ਭੀ ਬੜੀ ਕੋਠੀਓਂ ਕੇ ਠੇਕੇ ਲੇਨੇ ਲਗੂੰਗਾ ਔਰ ਕਿਰਾਏ ਕੀ ਕੋਠਰੀ ਛੋੜ ਅਪਨਾ ਮਕਾਨ ਬਨਾਊਂਗਾ।' ਮੈਂ ਵੀ ਹੱਸਦਿਆਂ ਕਿਹਾ 'ਭਈਆ ਤੁਮ ਬਿਜਲੀ ਠੇਕੇਦਾਰ ਬਨ ਜਾਉਗੇ ਤੋ ਜਿਸ ਸਰਦਾਰ ਜੀ ਨੇ ਤੁਮਹੇਂ ਕਾਮ ਸਿਖਾਇਆ ਵੋਹ ਕਿਆ ਕਰੇਂਗੇ'। ਉਸ ਦਾ ਜਵਾਬ ਤਿਆਰ ਸੀ, 'ਵੋਹ ਆਪਕੀ ਤਰਾਹ ਕਨੇਡਾ ਚਲੇ ਜਾਏਂਗੇ ਜੀ'। ਉਹ ਸੱਚ ਬੋਲ ਰਿਹਾ ਸੀ। ਸਾਡੇ ਮੂਰਖ ਪੰਜਾਬ ਦੀ ਵਾਰਿਸੀ ਲਈ ਕਟਾਵੱਢੀ ਹੋਈ ਜਾ ਰਹੇ ਹਨ ਅਤੇ ਪੰਜਾਬ ਦੇ ਅਸਲ ਵਾਰਸ ਆਪਣੀ ਕਿਰਤ ਰਾਹੀਂ ਚੁੱਪ ਚੁਪੀਤੇ ਇਸ ਕਾਰਜ ਵਿਚ ਜੁਟੇ ਹੋਏ ਹਨ।

# ਗੁਰਬਾਣੀ, ਮਾਰਕਸਵਾਦ ਅਤੇ ਸਾਡੇ ਨਵ-ਸਿਖ ਚਿੰਤਕ

ਸ. ਗੁਰਬਚਨ ਸਿੰਘ ਪਿਛਲੇ ਲੰਮੇ ਸਮੇਂ ਤੋਂ ਗੁਰਬਾਣੀ ਅਤੇ ਮਾਰਕਸਵਾਦੀ ਵਿਚਾਰਧਾਰਾਵਾਂ ਦਾ ਸੁਮੇਲ ਕਰਦਿਆਂ ਪੰਜਾਬ ਟਾਈਮਜ਼ 'ਚ ਲਿਖਦੇ ਆ ਰਹੇ ਹਨ। ਉਹ ਪੰਜਾਬ ਸਮੇਤ ਦੁਨੀਆ ਭਰ ਵਿਚ ਇਕ ਅਜਿਹਾ' ਬੇਗਮਪੁਰਾ' ਅਤੇ' ਹਲੇਮੀ ਰਾਜ' ਦੇਖਣ ਦੀ ਤਾਂਘ ਵਿਚ ਹਨ ਜਿੱਥੇ' ਸਭੇ ਸਾਂਝੀਵਾਲ ਦਸਾਇਨੁ ਕੋਇ ਨ ਦੀਸੈ ਬਾਹਰਾ ਜੀਉ।' ਵਰਗਾ ਆਦਰਸ਼ਕ ਸਮਾਜ ਹੋਵੇ। ਉਨ੍ਹਾਂ ਦੀ ਇਸ ਖ਼ਾਹਸ਼ ਨੂੰ ਪ੍ਰਣਾਮ ਵੀ ਹੈ ਅਤੇ ਸਾਡੇ ਵੱਲੋਂ ਸ਼ੁਭ ਇੱਛਾ ਵੀ ਹੈ ਕਿ ਉਨ੍ਹਾਂ ਦਾ ਇਹ ਸੁਪਨਾ ਜਲਦੀ ਤੋਂ ਜਲਦੀ ਪੂਰਾ ਹੋਵੇ। ਉਨ੍ਹਾਂ ਦੇ ਕਈ ਲੇਖ ਜਿਵੇਂ - 'ਆਤਮਿਕ ਆਜ਼ਾਦੀ ਦਾ ਪੈਰੋਕਾਰ ਕਾਰਲ ਮਾਰਕਸ', 'ਪੰਜਾਬ ਦੀ ਸਿੱਖ ਅਤੇ ਕਮਿਊਨਿਸਟ ਧਿਰਾਂ ਦੀ ਸਾਂਝ' ਅਤੇ 'ਸਾਮਰਾਜ ਪੂੰਜੀਵਾਦ ਅਤੇ ਗੁਰਮਤਿ ਅਨੁਸਾਰ ਮਨੁੱਖੀ ਸ਼ਕਤੀ' 'ਗੁਰਬਾਣੀ ਅੰਦਰ ਨਿਹਿਤ ਹੈ ਸਾਂਝੀ ਪੰਜਾਬੀ ਕੌਮ ਦਾ ਸਿਰਜਣ ਦਾ ਆਧਾਰ'



**ਕਰਮ ਬਰਸਟ**
**ਫੋਨ: +91-94170-73831**

ਪੜ੍ਹਨਯੋਗ ਹਨ। ਇਸੇ ਕਰਕੇ ਮੈਨੂੰ ਲੱਗਿਆ ਸੀ ਕਿ ਉਨ੍ਹਾਂ ਨਾਲ ਬੁਨਿਆਦੀ ਮੁੱਦਿਆਂ 'ਤੇ ਸੰਵਾਦ ਰਚਾਉਣ ਦੀ ਲੋੜ ਹੈ। ਇਸੇ ਮਨਸ਼ਾ ਵਿਚੋਂ ਹੀ ਮੇਰੇ ਵੱਲੋਂ ਲਿਖਿਆ ਇਕ ਲੇਖ' ਅਜੋਕਾ ਪੰਜਾਬ, ਸਿੱਖ ਭਾਈਚਾਰਾ, ਗੁਰਬਾਣੀ ਅਤੇ ਮਾਰਕਸਵਾਦ' ਪੰਜਾਬ ਟਾਈਮਜ਼ ਦੇ 11 ਮਾਰਚ 2023 ਵਾਲੇ ਅੰਕ ਵਿਚ ਛਪਿਆ ਸੀ। ਇਸਦੇ ਜਵਾਬ ਵਿਚ ਉਨ੍ਹਾਂ ਦਾ ਇਕ ਪ੍ਰਤੀਕਰਮ' ਗੁਰਮਤਿ ਪੰਜਾਬੀ ਕੌਮ ਅਤੇ ਵੈਦਿਕ ਫ਼ਿਲਾਸਫ਼ੀ' ਨਾਮ ਹੇਠ (8 ਅਪਰੈਲ 2023) ਦੇ ਅੰਕ ਵਿਚ ਛਪਿਆ ਹੈ।

ਸੰਖੇਪ ਵਿਚ ਕਹਿਣਾ ਹੋਵੇ ਤਾਂ ਸੰਵਾਦ ਦੇ ਮੁੱਖ ਮੁੱਦੇ - ਗੁਰਬਾਣੀ ਵਿਚ ਰੱਬ ਦਾ ਸੰਕਲਪ, ਮਨੁੱਖ ਵੱਲੋਂ ਰੱਬ ਦੀ ਪ੍ਰਾਪਤੀ ਲਈ ਕੀ ਯਤਨ ਕੀਤੇ ਜਾਣ, ਜਨਮ ਮਰਨ ਭਾਵ ਚੌਰਾਸੀ ਲੱਖ ਜੂਨਾਂ ਤੋਂ ਛੁਟਕਾਰਾ ਪਾ ਕੇ ਕਿਵੇਂ ਪੁਨਰ ਜਨਮ ਅਤੇ ਸਵਰਗ ਨਰਕ ਦੇ ਚੱਕਰ ਵਿਚੋਂ ਨਿਕਲਿਆ ਜਾਵੇ ਵਗੈਰਾ ਸਨ। ਇਸਦੇ ਨਾਲ ਹੀ ਪੁਰਾਤਨ ਧਰਮ ਦਰਸ਼ਨਾਂ ਜਿਵੇਂ ਕਿ ਸਨਾਤਨੀ ਧਰਮਾਂ ਵਿਚੋਂ ਨਿਕਲੇ ਜੈਨ, ਬੁੱਧ ਅਤੇ ਸਿੱਖ ਧਰਮਾਂ, ਅਬਰਾਹਿਮਿਕ ਧਰਮਾਂ ਵਿਚੋਂ ਨਿਕਲੇ ਯਹੂਦੀ, ਇਸਾਈਅਤ ਅਤੇ ਇਸਲਾਮਕ ਧਰਮਾਂ ਨਾਲ ਸਿੱਖੀ ਦਾ ਕੀ ਸੰਬੰਧ ਹੈ, ਵਰਗੇ ਮੁੱਦੇ ਬਣਨੇ ਚਾਹੀਦੇ ਸਨ। ਪਰੰਤੂ ਪਿਛਲੇ ਅੰਕ ਵਿਚ ਛਪੇ ਉਨ੍ਹਾਂ ਦੇ ਪ੍ਰਤੀਕਰਮ' ਗੁਰਮਤਿ, ਪੰਜਾਬੀ ਕੌਮ ਅਤੇ ਵੈਦਿਕ ਫ਼ਿਲਾਸਫ਼ੀ' ਨੇ ਕਾਫ਼ੀ ਨਿਰਾਸ਼ ਕੀਤਾ ਹੈ।

ਉਨ੍ਹਾਂ ਨੇ ਬੁਨਿਆਦੀ ਮੁੱਦਿਆਂ ਨੂੰ ਛੱਡਦੇ ਹੋਏ ਸਾਰਾ ਜ਼ੋਰ ਇਸ ਗੱਲ 'ਤੇ ਲਗਾ ਦਿੱਤਾ ਹੈ ਕਿ ਗੁਰਬਾਣੀ ਵਿਚ ਵਾਰ ਵਾਰ ਆਉਂਦੇ ਸ਼ਬਦ' ਰਾਮ' ਦਾ ਦਸ਼ਰਥ ਪੁੱਤਰ ਰਾਮ ਚੰਦਰ ਨਾਲ ਕੋਈ ਸੰਬੰਧ ਨਹੀਂ ਹੈ। ਉਹ ਮੇਰੇ ਖ਼ਿਲਾਫ ਫ਼ਤਵਾ ਜਾਰੀ ਕਰਦੇ ਹੋਏ ਲਿਖਦੇ ਹਨ,' ਜਾਪਦਾ ਹੈ ਕਿ ਗੁਰਮਤਿ ਬਾਰੇ ਸ. ਕਰਮ ਬਰਸਟ ਦੀਆਂ ਧਾਰਨਾਵਾਂ ਗੁਰਬਾਣੀ ਪੜ੍ਹ ਕੇ ਨਹੀਂ ਬਲਕਿ ਬਚਪਨ ਵਿਚ ਕਿਸੇ ਪਾਖੰਡੀ ਸਾਧ ਦੀ ਕਥਾ ਸੁਣ ਕੇ ਬਣੀਆਂ ਹਨ।'

ਗੁਰਬਚਨ ਜੀ ਤੁਹਾਡੀ ਇਹ ਪ੍ਰਤੀਕਿਰਿਆ ਮੇਰੇ ਲਈ ਜਾਂ ਤੁਹਾਡੇ ਸਮੇਤ ਕਿਸੇ ਲਈ ਵੀ ਮਿਹਣਾ ਨਹੀਂ ਬਣਨੀ ਚਾਹੀਦੀ। ਕੋਈ ਵੀ ਮਨੁੱਖ' ਅਭਿਮੰਨਿਊ' ਵਾਂਗ ਮਾਤ ਗਰਭ ਵਿਚੋਂ ਸਿੱਖਿਆ ਪ੍ਰਾਪਤ ਕਰ ਕੇ ਪੈਦਾ ਨਹੀਂ ਹੁੰਦਾ। ਇਹ ਤੁਹਾਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਮਨੁੱਖ ਇਕ ਮਾਦਾ ਹੈ ਅਤੇ ਮਾਦੇ ਦਾ ਵਿਕਾਸ ਕੁਦਰਤੀ ਪ੍ਰਕਿਰਿਆ ਵਿਚ ਹੀ ਸੰਭਵ ਹੈ। ਮਾਦੇ' ਚ ਉਚੇਰੀ ਪੁਲਾਂਘ ਉਦੋਂ ਹੀ ਵੱਜਦੀ ਹੈ ਜਦੋਂ ਅੰਦਰੂਨੀ ਤੇ ਬਾਹਰੀ ਹਕੀਕਤਾਂ ਇਕਸੁਰ ਹੁੰਦੀਆਂ ਹਨ। ਹਰੇਕ ਮਨੁੱਖ ਦੀ ਗਿਆਨ ਗ੍ਰਹਿਣ ਕਰਨ ਦੀ ਪ੍ਰਕਿਰਿਆ ਉਪਰ ਵੀ ਇਹੀ ਨਿਯਮ ਲਾਗੂ ਹੁੰਦਾ ਹੈ। ਇਹ ਵੱਖਰੀ ਗੱਲ ਹੈ ਕਿ ਤੁਹਾਡੇ ਵਰਗੇ ਲੋਕ ਸ਼ਹੀਦ ਭਗਤ ਸਿੰਘ ਦੇ ਭਾਸ਼ਾ ਬਾਰੇ ਲਿਖੇ ਸਕੂਲੀ ਲੇਖ ਦੇ ਆਧਾਰ ਉਪਰ ਉਸਨੂੰ ਹਿੰਦੀ ਪੱਖੀ ਅਤੇ ਪੰਜਾਬੀ ਵਿਰੋਧੀ ਜਾਂ ਆਰੀਆ ਸਮਾਜੀ ਸਿੱਧ ਕਰਨ ਵਿਚ ਲੱਗੇ ਹੋਏ ਹਨ। ਇਵੇਂ ਹੀ ਤੁਸੀਂ ਕਾਰਲ ਮਾਰਕਸ ਦੀਆਂ ਸਕੂਲੀ ਲਿਖਤਾਂ ਵਿਚੋਂ ਰੂਹਾਨੀਅਤ ਲੱਭ ਰਹੇ ਹੋ।' (ਆਤਮਿਕ ਆਜ਼ਾਦੀ ਦਾ ਪੈਰੋਕਾਰ ਕਾਰਲ ਮਾਰਕਸ)'

ਅਸਲ ਵਿਚ ਸ. ਗੁਰਬਚਨ ਸਿੰਘ ਅਤੇ ਉਸ ਦੇ ਦੋਸਤਾਂ ਦੀ ਸਮੱਸਿਆ ਇਹ ਹੈ ਕਿ ਉਹ ਪਹਿਲਾਂ ਸਿੱਟਾ ਕੱਢ ਲੈਂਦੇ ਹਨ ਅਤੇ ਫਿਰ ਉਸਦੀ ਵਾਜਬੀਅਤ ਸਿੱਧ ਕਰਨ ਲਈ ਤੱਥ ਇਕੱਠੇ ਕਰਦੇ ਹਨ। ਰਾਮਚੰਦਰ ਬਾਰੇ ਵੀ ਉਨ੍ਹਾਂ ਨੇ ਇਵੇਂ ਹੀ ਕੀਤਾ ਹੈ।

ਰੋਵੈ ਰਾਮੁ ਨਿਕਾਲਾ ਭਇਆ।
ਸੀਤਾ ਲਖਮਣੁ ਵਿਛੁੜਿ ਗਇਆ ॥ (954)

ਉਹ ਇੱਥੇ ਵਰਤੇ ਗਏ' ਭਇਆ' ਨੂੰ ਭਈਆ (ਭਰਾ) ਨਾਲ ਰਲਗੱਡ ਕਰ ਦਿੰਦੇ ਹਨ।

ਕੀ ਇਸ ਤੁਕ ਦਾ ਅਰਥ ਇਹ ਨਿਕਲਦਾ ਹੈ ਕਿ ਰਾਮ ਚੰਦਰ ਇਸ ਕਰਕੇ ਰੋ ਰਿਹਾ ਹੈ ਕਿ ਉਸਦੇ ਭਰਾ ਨੂੰ ਦੇਸ ਨਿਕਾਲਾ ਮਿਲ ਗਿਆ ਹੈ? ਜਾਂ ਉਹ ਇਸ ਕਰਕੇ ਰੋ ਰਿਹਾ ਹੈ ਕਿ ਖੁਦ ਉਸਨੂੰ ਦੇਸ ਨਿਕਾਲਾ ਮਿਲ ਗਿਆ ਹੈ? ਇੱਥੇ ਭਇਆ ਦੇ ਅਰਥ ਕਿਰਿਆ ਭਾਵ ਰਾਮ ਨੂੰ ਦੇਸ ਨਿਕਾਲੇ ਦੀ ਘਟਨਾ ਵਾਪਰ ਜਾਣ ਨਾਲ ਸਬੰਧਤ ਹਨ। ਸਰਦਾਰ ਸਾਹਿਬ ਅਜੀਬ ਕਹਿਰ ਵਰਤਾਉਂਦੇ ਹਨ ਜਦੋਂ ਉਹ ਕਹਿੰਦੇ ਹਨ ਕਿ ਦੇਖੋ ਭਾਈ ਗੁਰੂ ਸਾਹਿਬ ਦੇ ਬਚਨ ਕਿੰਨੇ ਕੀਮਤੀ ਹਨ ਕਿ ਉਹ ਭਇਆ ਨੂੰ ਭਈਆ ਕਹਿ ਕੇ ਸੰਬੋਧਨ ਕਰ ਰਹੇ ਹਨ। ਗੁਰਬਚਨ ਜੀ ਇਸ ਵਿਆਖਿਆ ਜ਼ਰੀਏ ਪੰਜਾਬ ਦੀ ਧਨੀ ਕਿਸਾਨੀ ਉਪਰ ਹਮਲਾ ਕਰਦੇ ਹੋਏ ਫ਼ੁਰਮਾਉਂਦੇ ਹਨ ਕਿ ਇਸਨੇ ਭਈਆ ਸ਼ਬਦ ਨੂੰ ਨਫ਼ਰਤ ਦਾ ਪਾਤਰ ਬਣਾਇਆ ਹੋਇਆ ਹੈ ਜਦਕਿ ਗੁਰੂ ਸਾਹਿਬ ਯੂਪੀ ਤੇ ਬਿਹਾਰ ਤੋਂ ਆਉਂਦੀ ਪਰਵਾਸੀ ਲੇਬਰ ਨੂੰ ਸਤਿਕਾਰ ਨਾਲ' ਭਈਆ' ਬੁਲਾ ਰਹੇ ਹਨ। ਹੁਣ ਇਹ ਕਿਸ ਨੂੰ ਨਹੀਂ ਪਤਾ ਕਿ ਯੂਪੀ ਬਿਹਾਰ ਦੀ ਲੇਬਰ ਦਾ ਵਰਤਾਰਾ ਕੁਝ ਕੁ ਦਹਾਕਿਆਂ ਭਾਵ ਹਰੇ ਇਨਕਲਾਬ ਤੋਂ ਬਾਅਦ ਦੀ ਦੇਣ ਹੈ। ਗੁਰੂ ਸਾਹਿਬ ਵੇਲੇ ਤਾਂ ਇਹ ਮਸਲਾ ਹੀ ਨਹੀਂ ਸੀ।

ਕੌਮ ਦੇ ਮਸਲੇ 'ਤੇ ਉਹ ਸੰਤ ਭਿੰਡਰਾਂਵਾਲੇ ਦੀ ਸਿਫ਼ਤ ਕਰਦੇ ਹੋਏ ਲਿਖਦੇ ਹਨ ਕਿ ਉਨ੍ਹਾਂ ਲਈ' ਖਾਲਿਸਤਾਨ' ਦਾ ਸ਼ਬਦ ਨਹਿਰੂਕਿਆਂ ਵਾਂਗ ਕਿਸੇ ਹਿੰਦੁਸਤਾਨ ਜਾਂ ਪਾਕਿਸਤਾਨ ਵਰਗੀ ਕੋਈ ਹੋਰ' ਨੇਸ਼ਨ ਸਟੇਟ' ਨਹੀਂ ਸੀ, ਸਗੋਂ ਅਕਾਲ ਪੁਰਖ ਦੀ ਸਿੱਧੀ ਸਰਪ੍ਰਸਤੀ ਅਧੀਨ' ਸਿੱਖ ਪਾਤਸ਼ਾਹੀ' ਸੀ। ਦੂਜੇ ਪਾਸੇ ਉਹ ਇਸੇ ਹੀ ਲੇਖ ਵਿਚ ਨਵੇਂ ਉੱਭਰੇ ਸਿੱਖ ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ,' ਖਾਲਿਸਤਾਨ ਧਰਤੀ ਦੇ ਕਿਸੇ ਟੁਕੜੇ ਉਪਰ ਹੀ ਬਣੇਗਾ ਅਤੇ ਸ਼ੁਰੂਆਤ ਕਰਨ ਲਈ ਇਸ ਵਾਸਤੇ ਗੁਰੂਆਂ ਦੀ ਵਰੋਸਾਈ ਹੋਈ ਧਰਤੀ ਪੰਜਾਬ ਹੀ ਸਭ ਤੋਂ ਵਧੀਆ ਥਾਂ ਹੈ।' ਨਾਲ ਹੀ ਲਿਖ ਦਿੰਦੇ ਹਨ ਕਿ ਖਾਲਿਸਤਾਨ ਦੀ ਵਿਆਖਿਆ ਕਿਸੇ ਵੀ ਤਰ੍ਹਾਂ' ਨੇਸ਼ਨ ਸਟੇਟ' ਦੇ ਚੌਖਟੇ ਵਿਚ ਰਹਿ ਕੇ ਨਹੀਂ ਕੀਤੀ ਜਾਣੀ ਚਾਹੀਦੀ।'

ਗੁਰਬਚਨ ਜੀ ਕਿਸ ਆਧਾਰ ਅਤੇ ਅਧਿਕਾਰ ਨਾਲ ਸੰਤ ਭਿੰਡਰਾਂਵਾਲੇ ਦੀ 'ਸਮਝ' ਦੀ ਵਿਆਖਿਆ ਕਰ ਰਹੇ ਹਨ? ਕੀ ਉਹ ਦਮਦਮੀ ਟਕਸਾਲ ਜਾਂ ਕਿਸੇ ਸਿੱਖ ਖਾੜਕੂ ਜਥੇਬੰਦੀ ਜਾਂ ਪੰਥਕ ਕਮੇਟੀ ਦੇ ਮੈਂਬਰ ਰਹੇ ਹਨ? ਫੇਰ ਉਹ ਕਿਸਦੀ ਬੋਲੀ ਬੋਲ ਰਹੇ ਹਨ, ਸਾਨੂੰ ਤਾਂ ਸਮਝ ਨਹੀਂ ਲੱਗੀ? ਸ਼ਾਇਦ ਕੋਈ ਪਾਠਕ ਇਸਦੇ ਅਰਥ ਸਮਝਾ ਦੇਵੇ। ਸਗੋਂ ਇਸਦੇ ਬਿਲਕੁਲ ਉਲਟ ਕੁਝ ਲੋਕਾਂ ਵੱਲੋਂ ਸਿੱਖ ਮਾਨਸਿਕਤਾ ਵਿਚ ਇਹ ਕੁੱਟ ਕੁੱਟ ਕੇ ਭਰਿਆ ਹੋਇਆ ਹੈ ਕਿ ਸਿੱਖਾਂ ਨੂੰ ਕੌਮ ਮੰਨ ਕੇ ਵੱਖਰਾ ਰਾਜ ਕਿਉਂ ਨਹੀਂ ਦਿੱਤਾ ਗਿਆ? ਜੇ ਖਾਲਿਸਤਾਨ ਦੀ ਮੁੱਢਲੀ ਭੋਇੰ ਵੱਢਿਆ ਟੁੱਕਿਆ 'ਪੰਜਾਬੀ ਸੂਬਾ' ਹੀ ਬਣਨਾ ਹੈ ਤਾਂ ਇਹ ਵੀ ਦੱਸਣਾ ਚਾਹੀਦਾ ਹੈ ਕਿ ਇਹ ਨਿੱਕਾ ਜਿਹਾ ਟੋਟਾ ਹੀ ਗੁਰੂ ਸਾਹਿਬਾਨ ਵੱਲੋਂ ਕਿਉਂ ਵਰੋਸਾਇਆ ਹੋਇਆ ਹੈ, ਪੂਰਾ ਜਗਤ ਕਿਉਂ ਨਹੀਂ? ਕੀ ਇਸ ਖ਼ਿੱਤੇ ਅੰਦਰ ਉਹ ਇਲਾਕੇ ਵੀ ਸ਼ਾਮਲ ਹਨ ਜਿਨ੍ਹਾਂ ਦੇ ਦਰਸ਼ਨ ਦੀਦਾਰਿਆਂ ਦੀ ਤਾਂਘ ਸਿੱਖਾਂ ਦੀ ਰੋਜ਼ਾਨਾ ਦੀ ਅਰਦਾਸ ਵਿਚ ਸ਼ਾਮਲ ਹੈ? ਗੁਰੂਆਂ ਵੱਲੋਂ ਨਨਕਾਣਾ ਸਾਹਿਬ (ਪਾਕਿਸਤਾਨ), ਪਟਨਾ ਸਾਹਿਬ (ਬਿਹਾਰ) ਅਤੇ ਹਜ਼ੂਰ ਸਾਹਿਬ (ਮਹਾਰਾਸ਼ਟਰ) ਆਦਿ ਵਰਗੇ ਵਰੋਸਾਏ ਹੋਏ ਇਲਾਕੇ ਖਾਲਿਸਤਾਨ ਵਿਚ ਕੌਣ ਅਤੇ ਕਿਵੇਂ ਸ਼ਾਮਲ ਕਰੇਗਾ?


ਕੁੱਝ ਦਿਨ ਪਹਿਲਾਂ ਹੀ ਉਨ੍ਹਾਂ ਨੇ ਫੇਸਬੁਕ 'ਤੇ ਪਾਈ ਪੋਸਟ 'ਰਾਜ ਕਰੇਗਾ ਖਾਲਸਾ' ਰਾਹੀਂ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ 'ਸਤਿਗੁਰੂ ਨਾਨਕ ਪਾਤਸ਼ਾਹ ਦੇ ਆਤਮਿਕ ਇਨਕਲਾਬ ਦਾ ਸਾਰ ਤੱਤ' ਪਾਤਿਸ਼ਾਹੀ ਬਨਾਮ ਬਾਦਸ਼ਾਹੀ' ਹੈ:

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥ (ਪੰਨਾ 966)

ਕੀ ਸੱਤੇ ਬਲਵੰਡ ਵੱਲੋਂ ਗੁਰੂ ਨਾਨਕ ਦੀ ਸਿਫ਼ਤ ਵਿਚ ਗਾਈ ਇਸ ਪਉੜੀ ਦਾ ਇਹ ਮਤਲਬ ਨਿਕਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕੋਈ ਦੁਨਿਆਵੀ ਹਕੂਮਤ ਕਾਇਮ ਕਰ ਦਿੱਤੀ ਹੈ। ਦੁਨਿਆਵੀ ਹਕੂਮਤ ਕਦੇ ਵੀ ਖਲਾਅ ਵਿਚ ਨਹੀਂ ਖੜ੍ਹੀ ਹੁੰਦੀ। ਇਸਦਾ ਇਕ ਨਿਸ਼ਚਤ ਖੇਤਰਫਲ ਅਤੇ ਸੀਮਾਵਾਂ ਹੁੰਦੀਆਂ ਹਨ। ਪਰ ਫੇਰ ਵੀ ਜੇ ਗੁਰਬਚਨ ਸਿੰਘ ਦੀ ਧਾਰਨਾ ਨੂੰ ਸਵੀਕਾਰ ਕਰ ਲਿਆ ਜਾਵੇ ਤਾਂ ਉਨ੍ਹਾਂ ਨੂੰ ਇਹ ਦੱਸਣਾ ਵੀ ਬਣਦਾ ਹੈ ਕਿ ਗੁਰੂ ਸਾਹਿਬਾਨ ਦੇ ਰੂਹਾਨੀ ਸੰਕਲਪ ਨੂੰ 'ਆਰਥਿਕ ਖੇਤਰ' ਵਿਚ ਕਿਵੇਂ ਸਾਕਾਰ ਕੀਤਾ ਗਿਆ ਸੀ ਜਾਂ ਭਵਿੱਖ ਵਿਚ ਕਿਵੇਂ ਕੀਤਾ ਜਾਵੇਗਾ? ਇਸ ਲਿਖਤ ਵਿਚ ਵਰਣਨ ਕੀਤੇ ਗਏ 'ਖ਼ਾਲਸਾ ਰਾਜ' ਦੇ ਤਸੱਵਰ ਨਾਲ ਭਲਾ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ। ਅਸੀਂ ਤਾਂ ਚਾਹੁੰਦੇ ਹਾਂ ਕਿ ਸਮਾਜ ਵਿਚ ਸੱਚੀਂ-ਮੁੱਚੀਂ ਦਾ ਹਲੇਮੀ ਰਾਜ ਤੇ ਬੇਗਮਪੁਰਾ ਹੋਵੇ। ਪਰ ਗੁਰਬਾਣੀ ਸੰਸਾਰਕ ਰਾਜ ਦੀ ਗੱਲ ਕਰਨ ਦੀ ਬਜਾਇ ਇਕ ਅਗੰਮੀ 'ਸੱਚੀ ਪਾਤਸ਼ਾਹੀ' ਦਾ ਤਸੱਵਰ ਕਰਦੀ ਹੈ ਜੋ ਕਿ ਮਰਨ ਉਪਰੰਤ ਦੂਜੇ ਸੰਸਾਰ ਵਿਚ ਹੀ ਸੰਭਵ ਹੈ।

ਸ. ਹਾਕਮ ਸਿੰਘ ਜੀ ਆਪਣੇ ਲੇਖ 'ਗੁਰੂ ਗ੍ਰੰਥ ਸਾਹਿਬ ਦੇ ਗਿਆਨ ਨੂੰ ਸਮਝਣ ਦਾ ਸੁਝਾਅ' (ਪੰਜਾਬ ਟਾਈਮਜ਼- 6 ਜੁਲਾਈ 2019) ਵਿਚ ਬਹੁਤ ਵਧੀਆ ਤਰੀਕੇ ਨਾਲ ਵਿਆਖਿਆ ਕਰਦੇ ਹਨ, 'ਗੁਰਬਾਣੀ ਤਾਂ ਸਮਾਜ, ਕੁਦਰਤ ਅਤੇ ਰਾਜ ਨੂੰ ਸੰਬੋਧਿਤ ਹੀ ਨਹੀਂ ਹੈ। ਇਸਦਾ ਸੰਬੰਧ ਤਾਂ ਨਿਰੋਲ ਮਨੁੱਖ ਨਾਲ ਹੈ। ਗੁਰਬਾਣੀ ਤਾਂ ਮਨੁੱਖ ਨੂੰ ਪ੍ਰਭੂ ਦੀ ਰਜ਼ਾ ਵਿਚ ਰਹਿਣ, ਉਸਦਾ ਭਾਣਾ ਮੰਨਣ ਅਤੇ ਜੋ ਕੁਝ ਹੋ ਰਿਹਾ ਹੈ, ਉਸਨੂੰ ਪ੍ਰਵਾਨ ਕਰਨ ਲਈ ਆਖਦੀ ਹੈ ਨਾ ਕਿ ਸਮਾਜ ਨੂੰ ਸੁਧਾਰਨ ਲਈ। ਇਹ ਮਨੁੱਖਾ ਜੀਵਨ ਦੀ ਇਕ ਵੱਖਰੀ ਅਤੇ ਅਕਲਪਿਤ ਸਚਾਈ ਬਿਆਨ ਕਰਦੀ ਹੈ ਤੇ ਮਨੁਖ ਨੂੰ ਪ੍ਰਭੂ ਮਿਲਾਪ ਲਈ ਉੱਦਮ ਕਰਨ ਲਈ ਪ੍ਰੇਰਦੀ ਹੈ।' ਬੇਸ਼ੱਕ ਸਾਡੇ ਵੱਲੋਂ ਹਾਕਮ ਸਿੰਘ ਜੀ ਦੀ ਸਮੁੱਚੀ ਵਿਆਖਿਆ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ਪਰ ਉਨ੍ਹਾਂ ਦੀਆਂ ਦਲੀਲਾਂ ਕਾਫ਼ੀ ਵਜ਼ਨਦਾਰ ਹਨ।

ਉਹ ਲਿਖਦੇ ਹਨ, ਇਹ ਵਿਚਾਰ ਵੀ ਕਿ 'ਇਸ ਦ੍ਰਿਸ਼ਟੀਗੋਚਰ ਹੁੰਦੇ ਸੰਸਾਰ ਵਿਚ ਵਸਦੀ ਸਮੂਹ ਜੀਵਾਂ ਦੀ ਜ਼ਿੰਦਗੀ ਇਸ ਸੱਚ ਦਾ ਪ੍ਰਗਟ ਰੂਪ ਹੈ' ਗੁਰਮਤਿ ਅਨੁਸਾਰੀ ਨਹੀਂ ਹੈ। ਮਾਨਵਤਾ ਪ੍ਰਭੂ ਦੇ ਹੁਕਮ ਨਾਲ ਹੋਂਦ ਵਿਚ ਆਇਆ ਅਸਤਿੱਤਵ ਹੈ, ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥ (ਪੰਨਾ 2) ਉਸ ਨੂੰ ਪ੍ਰਭੂ ਦਾ ਪ੍ਰਗਟ ਸਰੂਪ ਆਖਣਾ ਸਹੀ ਨਹੀਂ ਜਾਪਦਾ। ਲੇਖਕ ਅਨੁਸਾਰ 'ਧਰਮ ਦੇ ਤਿੰਨ ਪੱਖ ਹਨ: ਮਨੁੱਖ ਦਾ ਕੁਦਰਤ ਨਾਲ ਰਿਸ਼ਤਾ ਭਾਵ ਫਿਲਾਸਫੀ, ਮਨੁੱਖੀ ਸਦਾਚਾਰ ਅਤੇ ਕਰਮਕਾਂਡ।' ਧਰਮ ਦੇ ਇਨ੍ਹਾਂ ਤਿੰਨਾਂ ਪੱਖਾਂ ਦੀ ਗੁਰਬਾਣੀ ਵਿਚ ਦਿੱਤੀ ਧਰਮ ਦੀ ਪਰਿਭਾਸ਼ਾ ਨਾਲ ਕੋਈ ਸਾਂਝ ਨਹੀਂ ਹੈ। ਗੁਰਬਾਣੀ ਧਾਰਮਿਕ ਕਰਮ ਕਾਂਡਾਂ ਦਾ ਖੰਡਨ ਕਰਦੀ ਹੈ ਅਤੇ ਸਦਾਚਾਰ ਨੂੰ ਤ੍ਰੈਗੁਣੀ ਸੰਸਾਰਕ ਜੀਵਨ ਦਾ ਵਿਹਾਰ ਹੋਣ ਕਾਰਨ




***ਫਰੈਡਰਿਕ ਏਂਗਲਜ਼ ਦੀਆਂ ਕਿਤਾਬਾਂ 'ਸੋਸ਼ਲਿਜ਼ਮ: ਯੂਟੋਪੀਅਨ ਐਂਡ ਸਾਇੰਟੇਫਿਕ' ਅਤੇ 'ਐਂਟੀ-ਡੂਹਰਿੰਗ' ਦੇ ਮੁਖੜੇ***

## ਪ੍ਰਤੀਕਰਮ

ਇਸ ਨੂੰ ਅਧਿਆਤਮਕ ਗਿਆਨ ਦੀ ਪ੍ਰਾਪਤੀ ਦੇ ਮਾਰਗ ਵਿਚ ਰੁਕਾਵਟ ਦੱਸਦੀ ਹੈ। ਫਿਲਾਸਫੀ ਦਾ ਸਰੋਕਾਰ ਮਨੁੱਖ ਅਤੇ ਕੁਦਰਤ ਦੇ ਰਿਸ਼ਤੇ ਨਾਲ ਹੈ, ਪਰ ਗੁਰਬਾਣੀ ਮਨੁੱਖ ਦੇ ਕੁਦਰਤ ਨਾਲ ਰਿਸ਼ਤੇ ਨੂੰ ਨਹੀਂ, ਪ੍ਰਭੂ ਨਾਲ ਮਿਲਾਪ ਨੂੰ ਮਨੁੱਖੀ ਜੀਵਨ ਦਾ ਮਨੋਰਥ ਦੱਸਦੀ ਹੈ,

"ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ (ਪੰਨਾ 12)

ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥ (ਪੰਨਾ 176)

'ਗੁਰਮਤਿ ਸੰਪ੍ਰਦਾਇਕ ਜਾਂ ਸੰਗਠਤ ਧਰਮ ਨਹੀਂ ਹੈ, ਪਰ ਗੁਰਬਾਣੀ ਸੰਪ੍ਰਦਾਇਕ ਅਤੇ ਸੰਗਠਤ ਧਰਮਾਂ ਦਾ ਵਿਰੋਧ ਵੀ ਨਹੀਂ ਕਰਦੀ ਤੇ ਨਾ ਹੀ ਕਿਸੇ ਧਰਮ ਨੂੰ ਬੁਰਾ ਆਖਦੀ ਹੈ। ਕੇਵਲ ਉਨ੍ਹਾਂ ਵਿਚ ਬੇਅਰਥ ਕਰਮ ਕਾਂਡਾਂ ਦਾ ਖੰਡਨ ਅਤੇ ਕਥਨੀ ਤੇ ਕਰਨੀ ਦੇ ਭੇਦ ਅਤੇ ਭਰਮਾਂ ਦੀ ਆਲੋਚਨਾ ਕਰਦੀ ਹੈ। ਉਹ ਹਿੰਦੂ ਨੂੰ ਅੱਛਾ ਹਿੰਦੂ ਅਤੇ ਮੁਸਲਮਾਨ ਨੂੰ ਅੱਛਾ ਮੁਸਲਮਾਨ ਬਣਨ ਲਈ ਪ੍ਰੇਰਦੀ ਹੈ। ਉਹ ਧਰਮ ਦੇ ਸੰਗਠਨ ਸਥਾਪਤ ਕਰਨ ਦਾ ਉਪਦੇਸ਼ ਨਹੀਂ ਕਰਦੀ, ਸਗੋਂ ਪੁੱਛਦੀ ਹੈ,

ਹਿੰਦੂ ਤੁਰਕ ਕਹਾ ਤੇ ਆਏ ਕਿਨਿ ਇਹ ਰਾਹ ਚਲਾਈ॥ (ਪੰਨਾ 477)'

'ਗੁਰਬਾਣੀ ਸਮਾਜਿਕ ਜਾਂ ਸੰਪ੍ਰਦਾਇਕ ਧਾਰਮਿਕ ਵਿਚਾਰਧਾਰਾ ਨਹੀਂ ਹੈ, ਅਧਿਆਤਮਕ ਗਿਆਨ ਹੈ। ਇਹ ਪ੍ਰਭੂ, ਸ੍ਰਿਸ਼ਟੀ, ਸੰਸਾਰ, ਮਨੁੱਖਤਾ ਅਤੇ ਮਨੁੱਖ ਬਾਰੇ ਪ੍ਰਚਲਿਤ ਫਿਲਾਸਫੀਕਲ, ਵਿਗਿਆਨਕ ਤੇ ਲੋਕ ਰਾਏ ਤੋਂ ਵੱਖਰੇ ਵਿਚਾਰ ਪੇਸ਼ ਕਰਦੀ ਹੈ। ਇਹ ਮਨੁੱਖਾ ਜੀਵਨ ਦੀ ਵੱਖਰੀ ਅਤੇ ਅਕਲਪਿਤ ਸੱਚਾਈ ਬਿਆਨ ਕਰਦੀ ਹੈ ਤੇ ਮਨੁੱਖ ਨੂੰ ਪ੍ਰਭੂ ਮਿਲਾਪ ਲਈ ਉਦਮ ਕਰਨ ਲਈ ਪ੍ਰੇਰਦੀ ਹੈ। ਇਸ ਪੱਖੋਂ ਗੁਰਮਤਿ ਅਤੇ ਫਿਲਾਸਫੀਕਲ ਧਰਮ ਦੋ ਅਸੰਗਤ ਸੰਕਲਪ ਹਨ। ਗੁਰਬਾਣੀ ਦਾ ਮੂਲ ਉਪਦੇਸ਼ ਤਿੰਨ ਮੁੱਖ ਵਿਸ਼ਿਆਂ-ਪ੍ਰਭੂ, ਸੰਸਾਰਕ ਮਾਇਆ ਅਤੇ ਮਨੁੱਖੀ ਮਨ ਨਾਲ ਸਬੰਧਤ ਹੈ। ਪ੍ਰਭੂ ਇੱਕ ਹੈ। ਉਸ ਦੀ ਸਦੀਵੀ ਹੋਂਦ ਹੈ, ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ (ਪੰਨਾ 1) ਹੋਂਦ ਕੇਵਲ ਉਸੇ ਦੀ ਹੈ, ਹੋਰ ਕਿਸੇ ਦੀ ਹੋਂਦ ਨਹੀਂ ਹੈ, ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪ ਕਾਇਆ ਤੇਰੀ॥ ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ॥1॥ ਸਾਹਿਬ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ (ਪੰਨਾ 350)

ਉਹ ਸਾਰੀ ਕਾਇਨਾਤ ਦਾ ਕਰਤਾ ਹੈ ਅਤੇ ਆਪ ਉਸ ਵਿਚ ਵਿਦਮਾਨ ਹੈ।'

ਕੀ ਭਗਤ ਰਵਿਦਾਸ ਜੀ ਦਾ 'ਬੇਗਮਪੁਰਾ' ਇਸ ਜਗਤ ਦੀ ਗੱਲ ਕਰ ਰਿਹਾ ਹੈ? ਕੀ ਇਹ ਕਹਿਣਾ ਵੱਧ ਠੀਕ ਨਹੀ ਕਿ ਉਹ ਤਾਂ ਮਨੁੱਖ ਨੂੰ ਮਰਨ ਉਪਰੰਤ ਦੂਸਰੇ ਜਗਤ ਦਾ ਵਿਵਰਣ ਦੱਸ ਰਹੇ ਹਨ ਕਿ ਭਾਈ ਸੱਚੇ ਸਤਿਗੁਰੂ ਦੇ ਲੜ ਲੱਗੋ ਤਦ ਹੀ ਤੁਹਾਨੂੰ ਦੂਸਰੇ ਜਗਤ ਭਾਵ ਸਵਰਗ ਵਿਚ ਸੁੱਖ ਅਰਾਮ ਦੀ ਜ਼ਿੰਦਗੀ ਪ੍ਰਾਪਤ ਹੋਵੇਗੀ।

ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥ ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥੧॥ ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥੧॥ ਰਹਾਉ॥ ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥ ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ ॥੨॥ ਤਿਉ ਤਿਉ ਸੈਲਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥ ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੋ ਮੀਤ ਹਮਾਰਾ॥੩॥੨॥ (ਪੰਨਾ 345)

ਭਗਤ ਰਵਿਦਾਸ ਜੀ ਜਿਸ ਜਾਤ-ਪਾਤੀ ਸਮਾਜ ਦਾ ਸ਼ਿਕਾਰ ਰਹੇ ਹਨ, ਸੁਭਾਵਿਕ ਹੈ ਕਿ ਉਹ ਅਜਿਹੇ ਸੰਸਾਰ ਦੀ ਕਲਪਨਾ ਕਰ ਰਹੇ ਹਨ ਜਿੱਥੇ ਜਾਤੀ ਭੇਦ-ਭਾਵ ਨਾ ਹੋਵੇ, ਨਾ ਦੁੱਖ ਹੋਵੇ, ਨਾ ਟੈਕਸ ਹੋਵੇ, ਘੁੰਮਣ ਫਿਰਨ ਦੀ ਖੁੱਲ੍ਹ ਹੋਵੇ, ਪਾਪ ਕਰਮ ਨਾ ਹੋਵੇ, ਸਾਰੇ ਲੋਕ ਸੁਖੀ ਵੱਸਣ ਆਦਿ। ਇਹੀ ਤਾਂ ਉਹ ਸੁਪਨਈ ਸਮਾਜ ( utopia) ਹੈ ਜਿਸ ਦੀ ਮਾਰਕਸ ਪੜਚੋਲ ਕਰਦੇ ਹਨ।

ਗੁਰਬਚਨ ਸਿੰਘ ਮਾਰਕਸਵਾਦ ਦੇ ਪ੍ਰਬੁੱਧ ਪੈਰੋਕਾਰ ਰਹੇ ਹਨ। ਕੀ ਉਹ ਨਹੀਂ ਜਾਣਦੇ ਕਿ ਸੁਪਨਈ ਸਮਾਜ ਬਾਰੇ ਮਾਰਕਸ ਅਤੇ ਐਂਗਲਜ਼ ਦੇ ਕੀ ਵਿਚਾਰ ਸਨ? ਜਮਾਤੀ ਘੋਲ਼ ਦੀ ਅਵਿਕਸਿਤ ਹਾਲਤ ਵਿਚ ਅਤੇ ਉਸ ਦੁਆਲੇ ਉਸਰਿਆ ਮਾਹੌਲ, ਇਸ ਕਿਸਮ ਦੇ ਸੁਪਨਸਾਜ਼ ਸਮਾਜਵਾਦੀਆਂ ਨੂੰ ਆਪਣੇ ਆਪ ਨੂੰ ਸਾਰੇ ਜਮਾਤੀ ਵਿਰੋਧੀਆਂ ਨਾਲੋਂ ਕਿਤੇ ਵੱਧ ਉੱਚਾ ਸਮਝਣ ਦਾ ਕਾਰਨ ਬਣਦਾ ਹੈ। ਉਹ ਆਪਣੇ ਸਭ ਤੋਂ ਵੱਧ ਪਸੰਦੀਦਾ ਵਿਅਕਤੀਆਂ ਸਮੇਤ ਸਮਾਜ ਦੇ ਹਰ ਮੈਂਬਰ ਦੀ ਹਾਲਤ ਸੁਧਾਰਨਾ ਚਾਹੁੰਦੇ ਹਨ। ਇਸ ਲਈ, ਉਹ ਆਮ ਤੌਰ 'ਤੇ ਵਰਗ ਦੇ ਭੇਦ-ਭਾਵ ਤੋਂ ਬਿਨਾਂ, ਵੱਡੇ ਪੱਧਰ 'ਤੇ ਸਮਾਜ ਨੂੰ ਅਤੇ ਤਰਜੀਹੀ ਤੌਰ 'ਤੇ, ਹਾਕਮ ਜਮਾਤ ਨੂੰ ਅਪੀਲ ਕਰਦੇ ਹਨ, ਕਿਉਂਕਿ ਲੋਕ, ਜਦੋਂ ਇੱਕ ਵਾਰ ਉਹ ਆਪਣੀ ਪ੍ਰਣਾਲੀ ਨੂੰ ਸਮਝ ਲੈਂਦੇ ਹਨ, ਤਾਂ ਇਸ ਨੂੰ ਸਮਾਜ ਦੇ ਸਰਵੋਤਮ

# ਦਾਦਾ ਸਾਹਿਬ ਫਾਲਕੇ ਫੈਸਟੀਵਲ ਲਈ ਚੁਣੀ ਗਈ ਪਹਿਲੀ ਪੰਜਾਬੀ ਲਘੂ ਫ਼ਿਲਮ 'ਮੁਲਾਕਾਤ'

ਪੰਜਾਬੀ ਸਿਨੇ ਸੰਸਾਰ ਲਈ ਇਹ ਮਾਣ ਵਾਲੀ ਗੱਲ ਹੈ ਕਿ ਨੌਜਵਾਨ ਨਿਰਦੇਸ਼ਕ ਮਨਜੋਤ ਸਿੰਘ ਦੀ ਲਘੂ ਫ਼ਿਲਮ 'ਮੁਲਾਕਾਤ' ਮੁੰਬਈ ਵਿਖੇ ਹੋਏ ਦਾਦਾ ਸਾਹਿਬ ਫਾਲਕੇ ਫ਼ਿਲਮ ਸਮਾਰੋਹ ਵਿਚ ਸ਼ਾਮਿਲ ਹੋਈਆਂ ਸੰਸਾਰ ਪੱਧਰ ਦੀਆਂ 21 ਟਾਪ ਫ਼ਿਲਮਾਂ ਵਿਚੋਂ 12ਵੇਂ ਸਥਾਨ 'ਤੇ ਚੁਣੀ ਗਈ ਪਹਿਲੀ ਪੰਜਾਬੀ ਫ਼ਿਲਮ ਹੈ।

ਇਸ ਤੋਂ ਇਲਾਵਾ ਬੀਤੇ ਦਿਨੀਂ ਮੋਹਾਲੀ ਵਿਖੇ ਹੋਏ ਪੰਜਾਬੀ ਫ਼ਿਲਮ ਐਵਾਰਡ ਸ਼ੋਅ ਵਿਚ ਵੀ ਇਸ ਫ਼ਿਲਮ ਨੇ ਚਾਰ ਐਵਾਰਡ ਹਾਸਿਲ ਕੀਤੇ ਹਨ। 22 ਮਿੰਟਾਂ ਦੀ ਇਹ ਫ਼ਿਲਮ ਸਮਾਜ ਵਿਚ ਫੈਲੇ ਨਸ਼ਿਆਂ ਦੇ ਕਾਰੋਬਾਰ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਜੁੜੇ ਸਮਾਜ ਲਈ ਵੱਡਾ ਮੈਸੇਜ ਦਿੰਦੀ ਕਹਾਣੀ 'ਤੇ ਆਧਾਰਤ ਹੈ। ਇਸ ਵਿਚ ਦਰਸਾਇਆ ਗਿਆ ਹੈ ਕਿ ਛੋਟੀ ਉਮਰ ਦੀ ਬੱਚੀ ਵੀ ਸਮਾਜ ਵਿਚਲੇ ਭੈੜ ਨੂੰ ਬਦਲਣ ਦੀ ਤਾਕਤ ਰੱਖਦੀ ਹੈ, ਪੱਥਰਾਂ ਨੂੰ ਵੀ ਮੋਮ ਕਰਨ ਦੀ ਤਾਕਤ। ਇਸ ਫ਼ਿਲਮ ਨੂੰ ਨੌਜਵਾਨ ਨਿਰਦੇਸ਼ਕ ਮਨਜੋਤ ਸਿੰਘ ਨੇ ਬੜੀ ਹੀ ਖ਼ੂਬਸੂਰਤੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਪਰਦੇ 'ਤੇ ਪੇਸ਼ ਕੀਤਾ ਹੈ।

ਮਨਜੋਤ ਨੇ ਦੱਸਿਆ ਕਿ ਫ਼ਿਲਮ 'ਮੁਲਾਕਾਤ' ਅਜੋਕੇ



ਸਮਾਜ ਦੀ ਤਸਵੀਰ ਪੇਸ਼ ਕਰਦੀ ਇੱਕ ਸਾਰਥਕ ਫ਼ਿਲਮ ਹੈ ਜੋ ਇਕ ਕੈਦੀ ਦੇ ਪਰਿਵਾਰ ਦੀ ਮਾਨਸਿਕਤਾ, ਬੱਚਿਆਂ ਦੀਆਂ ਕੋਮਲ ਭਾਵਨਾਵਾਂ ਤੇ ਸਮਾਜ ਦੇ ਦੋਗਲੇ ਚਿਹਰੇ ਨੂੰ ਬਾਖ਼ੂਬੀ ਪੇਸ਼ ਕਰਦੀ ਹੈ। ਫ਼ਿਲਮ ਵਿਚ ਪਰਮਵੀਰ ਨੇ ਭਿੰਦੇ ਬਦਮਾਸ਼ ਦਾ ਕਿਰਦਾਰ ਨਿਭਾਇਆ ਹੈ ਜਿਸਨੂੰ ਬੈਸਟ ਸਪੋਰਟਿੰਗ ਐਕਟਰ ਦਾ ਐਵਾਰਡ ਮਿਲਿਆ ਹੈ। ਬਾਲ ਕਲਾਕਾਰ ਏਕਨੂਰ ਸ਼ਰਮਾ ਨੂੰ ਸਰਵੋਤਮ ਬਾਲ ਕਲਾਕਾਰ ਦਾ ਐਵਾਰਡ ਮਿਲਿਆ ਹੈ। ਬੈਸਟ ਡਾਇਰੈਕਟਰ ਦਾ ਐਵਾਰਡ ਮਨਜੋਤ ਸਿੰਘ ਨੂੰ ਤੇ ਬੈਕ ਗਰਾਊਂਡ ਮਿਊਜ਼ਿਕ ਦਾ ਐਵਾਰਡ ਐਪਸੀ ਸਿੰਘ ਨੂੰ ਮਿਲਿਆ ਹੈ। ਭਿੰਦਾ ਨਸ਼ਿਆਂ ਦਾ ਸੌਦਾਗਰ ਹੈ ਜੋ ਬਿਗਾਨੇ ਪੁੱਤਾਂ ਨੂੰ ਨਸ਼ੇ ਵੰਡਦਾ-ਵੰਡਦਾ ਆਪਣਾ ਹੱਸਦਾ ਵੱਸਦਾ ਘਰ ਵੀ ਤਬਾਹ ਕਰ ਬਹਿੰਦਾ ਹੈ। ਭਿੰਦੇ ਦੀਆਂ ਭੈੜੀਆਂ ਕਰਤੂਤਾਂ ਕਰਕੇ ਉਸਦਾ ਪਰਿਵਾਰ ਸਮਾਜ ਵਿਚ ਨੀਵਾਂ ਹੋ ਕੇ ਰਹਿ ਜਾਂਦਾ ਹੈ। ਜੇਲ੍ਹ ਵਿਚ ਬੰਦ ਭਿੰਦੇ ਨਾਲ ਮੁਲਾਕਾਤ ਕਰਨ ਜਦ ਉਸਦੀ ਮਾਂ ਤੇ ਪਤਨੀ ਨਾਲ ਉਸਦੀ ਮਾਸੂਮ ਧੀ ਜਾਂਦੀ ਹੈ ਤਾਂ ਅਕ੍ਰਭ ਸੁਭਾਅ ਵਾਲਾ ਭਿੰਦਾ ਮੋਮ ਬਣ ਕੇ ਵਹਿ ਜਾਂਦਾ ਹੈ ਤੇ ਆਪਣੇ ਕੀਤੇ ਗੁਨਾਹਾਂ ਦਾ ਪਛਤਾਵਾ ਕਰਦਾ ਸਮਾਜ ਦਾ ਇੱਕ ਚੰਗਾ ਨਾਗਰਿਕ ਬਣਨ ਦਾ ਪ੍ਰਣ ਕਰਦਾ ਹੈ।

ਐਮ ਐਮ ਮੂਵੀਜ਼ ਅਤੇ ਪੰਜਾਬੀ ਸਕਰੀਨ ਐਂਟਰਟੇਨਰਜ਼ ਦੇ ਬੈਨਰ ਹੇਠ ਬਣੀ ਨਿਰਮਾਤਾ ਮਨਮੋਹਨ ਸਿੰਘ ਦੀ ਇਸ ਫ਼ਿਲਮ ਵਿਚ ਪਰਮਵੀਰ, ਰਾਜ ਧਾਲੀਵਾਲ, ਮਲਕੀਤ ਸਿੰਘ ਰੌਣੀ, ਗੁਰਪ੍ਰੀਤ ਕੌਰ ਭੰਗੂ, ਏਕਨੂਰ ਸ਼ਰਮਾ, ਰਤਨ ਔਲਖ, ਹਰਿੰਦਰ ਸੋਹਲ, ਸੁਖਦੇਵ ਬਰਨਾਲਾ, ਅਮਰਪਾਲ ਤੇ ਗੁਰ ਰੰਧਾਵਾ ਆਦਿ ਨੇ ਅਹਿਮ ਕਿਰਦਾਰ ਨਿਭਾਏ ਹਨ। ਦਲਜੀਤ ਸਿੰਘ ਅਰੋੜਾ ਦੀ ਫ਼ਿਲਮ ਦਾ ਸਕਰੀਨ ਪਲੇਅ ਤੇ ਡਾਇਲਾਗ ਪਾਲੀ ਭੁਪਿੰਦਰ ਨੇ ਲਿਖੇ ਹਨ। ਦਲਜੀਤ ਸਿੰਘ ਅਰੋੜਾ ਦਾ ਲਿਖਿਆ ਪਿੱਠਵਰਤੀ ਗੀਤ ਹਰਿੰਦਰ ਸੋਹਲ ਦੇ ਸੰਗੀਤ ਵਿਚ ਮਨਪ੍ਰੀਤ ਸੋਹਲ ਨੇ ਗਾਇਆ ਹੈ ਅਤੇ ਐਪਸੀ ਸਿੰਘ ਨੇ ਫ਼ਿਲਮ ਦਾ ਬੈਕਗਰਾਊਂਡ ਸੰਗੀਤ ਦਿੱਤਾ ਹੈ।

*-ਸੁਰਜੀਤ ਜੱਸਲ*
*ਫੋਨ: 9814607737*

---

ਸੰਭਵ ਰਾਜ ਦੀ ਸਭ ਤੋਂ ਵਧੀਆ ਸੰਭਵ ਯੋਜਨਾ ਵਿਚ ਕਿਵੇਂ ਵੇਖਣ ਵਿਚ ਅਸਫਲ ਹੋ ਸਕਦੇ ਹਨ? ਇਸ ਲਈ, ਉਹ ਸਾਰੇ ਰਾਜਨੀਤਿਕ ਕੰਮਾਂ ਅਤੇ ਖਾਸ ਕਰਕੇ ਸਾਰੀਆਂ ਇਨਕਲਾਬੀ, ਕਾਰਵਾਈਆਂ ਨੂੰ ਰੱਦ ਕਰਦੇ ਹਨ; ਉਹ ਸ਼ਾਂਤਮਈ ਢੰਗਾਂ ਨਾਲ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ, ਅਤੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਲਾਜ਼ਮੀ ਹੀ ਅਸਫਲ ਰਹਿਣ ਲਈ ਬੱਝੀਆਂ ਹੁੰਦੀਆਂ ਹਨ। 'ਸੱਭੇ ਸਾਂਝੀਵਾਲ ਸਦਾਇਨ' ਗੁਰਬਾਣੀ ਦਾ ਕੇਂਦਰੀ ਸੰਦੇਸ਼ ਹੈ ਅਤੇ ਮਾਰਕਸਵਾਦੀ ਦਰਸ਼ਨ ਦੇ ਤਹਿਤ ਵੀ ਅਜਿਹੇ ਆਦਰਸ਼ ਸਮਾਜ ਨਿਰਮਾਣ ਦੀ ਹੀ ਬੜੇ ਜ਼ੋਰਦਾਰ ਤਰੀਕੇ ਨਾਲ ਕਾਮਨਾ ਕੀਤੀ ਗਈ ਹੈ। ਰੌਲਾ ਤਾਂ ਇਤਨਾ ਹੀ ਹੈ ਕਿ ਇਸ ਆਦਰਸ਼ ਨੂੰ ਹਕੀਕੀ ਸੰਸਾਰ ਵਿਚ ਅਮਲੀ ਤੌਰ 'ਤੇ ਉਤਾਰਿਆ ਕਿਵੇਂ ਜਾਵੇ? ਕੀ ਉਨ੍ਹਾਂ ਨੇ ਫ੍ਰੈਡਰਿਕ ਏਂਗਲਜ਼ ਦੀਆਂ 'ਸੋਸ਼ਲਿਜ਼ਮ: ਯੂਟੋਪੀਅਨ ਐਂਡ ਸਾਇੰਟਿਫਿਕ' ਅਤੇ 'ਐਂਟੀ- ਡੂਹਰਿੰਗ' ਨਾਂ ਦੀਆਂ ਬੁਨਿਆਦੀ ਪੁਸਤਕਾਂ ਪੜ੍ਹੀਆਂ ਨਹੀਂ ਹਨ? ਅਤੇ ਜੇ ਪੜ੍ਹੀਆਂ ਹਨ ਤਾਂ ਉਹ ਦੱਸਣ ਤਾਂ ਸਹੀ ਕਿ ਏਂਗਲਜ਼ ਨੂੰ ਆਖਰ ਉਹ ਕਿਉਂ ਲਿਖਣੀਆਂ ਪਈਆਂ ਸਨ?

ਇਹ ਸਵੀਕਾਰ ਕਰਨ ਵਿਚ ਕੋਈ ਝਿਜਕ ਨਹੀਂ ਹੈ ਕਿ ਭਾਰਤ ਅੰਦਰ ਬੰਗਾਲ, ਕੇਰਲ ਅਤੇ ਤ੍ਰਿਪੁਰਾ ਅੰਦਰ ਕਮਿਊਨਿਸਟ ਆਪਣੇ ਨਿਸ਼ਾਨੇ ਨੂੰ ਹਾਸਲ ਕਰਨ ਵਿਚ ਕਾਮਯਾਬ ਨਹੀਂ ਹੋਏ। ਸੰਸਾਰ ਪੱਧਰ 'ਤੇ ਮੰਨ ਲਈਏ ਕਿ ਉਹ ਰੂਸ, ਚੀਨ ਅਤੇ ਕਿਊਬਾ ਅੰਦਰ ਵੀ ਅਸਫਲ ਰਹੇ ਹਨ। ਪਰ ਕੀ ਕੋਈ ਵਿਅਕਤੀ ਪੂੰਜੀਵਾਦ ਦਾ ਸਮਾਜਵਾਦ ਤੋਂ ਬਿਨਾ ਹੋਰ ਕੋਈ ਵਧੀਆ ਬਦਲ ਦੱਸ ਸਕਦਾ ਹੈ? ਮੈਂ ਪਹਿਲਾਂ ਵੀ ਜ਼ਿਕਰ ਕੀਤਾ ਸੀ ਕਿ ਵੀਹਵੀਂ ਸਦੀ ਦੇ ਧੁਰੰਤਰ ਬੁੱਧੀਜੀਵੀਆਂ ਤੋਂ ਇਲਾਵਾ ਪਾਲ ਸਵੀਜ਼ੀ, ਚਾਰਲਸ ਬੈਥਲਹਾਈਮ ਅਤੇ ਆਪਣੇ ਪ੍ਰੋ. ਰਣਧੀਰ ਸਿੰਘ ਵਰਗੇ ਅਤਿ ਸੁਹਿਰਦ ਮਾਰਕਸਵਾਦੀਆਂ ਨੇ ਇਨ੍ਹਾਂ ਸਮੱਸਿਆਵਾਂ ਦਾ ਤੋੜ ਲੱਭਣ ਲਈ ਆਪਣੀ ਸਾਰੀ ਜ਼ਿੰਦਗੀ ਝੋਕ ਰੱਖੀ ਸੀ। ਕੀ ਇਹ ਗੱਲਾਂ ਗੁਰਬਚਨ ਸਿੰਘ ਜੀ ਤੋਂ ਲੁਕੀਆਂ ਹੋਈਆਂ ਹਨ? ਫੇਰ ਉਹ ਕਿਉਂ ਵਾਰ ਵਾਰ ਅਮੂਰਤ ਧਾਰਮਿਕ ਪ੍ਰਵਚਨਾਂ ਨੂੰ ਦੁਹਰਾਉਣ ਵਿਚ ਲੱਗੇ ਹੋਏ ਹਨ? ਸਾਡੇ ਤੋਂ ਵੀ ਪਹਿਲਾਂ ਸੈਂਕੜੇ ਵਿਦਵਾਨਾਂ ਨੇ ਮਸੀਹੀ ਸਮਾਜਵਾਦ ਅਤੇ ਇਸਲਾਮੀ ਸਮਾਜਵਾਦ ਉਸਾਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹੋਈਆਂ ਹਨ। ਅਰਬ ਜਗਤ ਅਤੇ ਅਫ਼ਰੀਕੀ ਮਹਾਂਦੀਪ ਦੇ ਦੇਸ਼ਾਂ ਅੰਦਰ ਇਸਲਾਮੀ ਅਤੇ ਈਸਾਈ ਧਰਮ ਸ਼ਾਸਤਰਾਂ ਨੂੰ ਲਾਗੂ ਕਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਸਾਬਤ ਹੋਈਆਂ ਹਨ।

ਇਕ ਹੋਰ ਗੱਲ, ਗੈਰ-ਧਰਮੀ ਆਲੋਚਨਾ ਦੀ ਬੁਨਿਆਦ ਹੀ ਇਹ ਹੈ ਕਿ ਧਰਮ ਮਨੁੱਖ ਨੂੰ ਨਹੀਂ ਬਣਾਉਂਦਾ, ਸਗੋਂ ਇਹ ਮਨੁੱਖ ਹੈ ਜੋ ਧਰਮ ਦੀ ਸਿਰਜਣਾ ਕਰਦਾ ਹੈ। ਧਰਮ, ਅਸਲ ਵਿਚ, ਮਨੁੱਖ ਦੀ ਸਵੈ-ਚੇਤਨਾ ਅਤੇ ਆਪਾ ਸਨਮਾਨ ਹੈ ਜੋ ਜਾਂ ਤਾਂ ਅਜੇ ਤੱਕ ਆਪਣੇ ਆਪ ਵਿਚ ਜਿੱਤਿਆ ਨਹੀਂ ਹੈ, ਜਾਂ ਪਹਿਲਾਂ ਹੀ ਆਪਣੇ ਆਪ ਨੂੰ ਕਿਸੇ ਤੋਂ ਦੁਬਾਰਾ ਹਾਰ ਗਿਆ ਹੈ। ਪਰ ਮਨੁੱਖ ਸੰਸਾਰ ਤੋਂ ਬਾਹਰ ਬੈਠਾ ਕੋਈ ਅਮੂਰਤ ਜੀਵ ਨਹੀਂ ਹੈ। ਮਨੁੱਖ ਹੀ ਮਨੁੱਖ ਦਾ ਸੰਸਾਰ ਹੈ ਜਿਸ ਵਿਚ ਰਾਜ ਤੇ ਸਮਾਜ ਸ਼ਾਮਲ ਹਨ। ਇਹ ਰਾਜ ਅਤੇ ਸਮਾਜ ਹੀ ਧਰਮ ਪੈਦਾ ਕਰਦਾ ਹੈ, ਜੋ ਸੰਸਾਰ ਦੀ ਇੱਕ ਪੁਠ ਪੈਰੀਂ ਚੇਤਨਾ ਹੈ, ਕਿਉਂਕਿ ਇਹ ਸੰਸਾਰ ਸਿਰ ਪਰਨੇ ਖੜ੍ਹਾ ਹੋਇਆ ਹੋਇਆ ਹੈ। ਧਰਮ ਇਸ ਸੰਸਾਰ ਦਾ ਸਾਧਾਰਨ ਸਿਧਾਂਤ ਹੈ, ਇਸਦਾ ਵਿਸ਼ਵਕੋਸ਼ੀ ਸੰਗ੍ਰਹਿ ਹੈ। ਇਸਦਾ ਨੈਤਿਕ ਤਰਕ, ਅਧਿਆਤਮਿਕ ਮਾਨ ਸਨਮਾਨ, ਉਤਸ਼ਾਹ, ਇਸਦੀ ਨੈਤਿਕ ਪ੍ਰਵਾਨਗੀ ਹੈ। ਧਰਮ ਇਸਦਾ ਸੰਪੂਰਨ ਪੂਰਕ, ਅਤੇ ਧਰਵਾਸ ਅਤੇ ਜਾਇਜ਼ਤਾ ਦਾ ਸਰਵ ਵਿਆਪਕ ਆਧਾਰ ਹੈ। ਇਹ ਮਨੁੱਖੀ ਤੱਤ ਦਾ ਸੁਪਨਈ ਅਨੁਭਵ ਹੈ ਕਿਉਂਕਿ ਮਨੁੱਖੀ ਤੱਤ ਨੇ ਕੋਈ ਸੱਚੀ ਹਕੀਕਤ ਪ੍ਰਾਪਤ ਨਹੀਂ ਕੀਤੀ ਹੈ ਇਸ ਲਈ ਧਰਮ ਦੇ ਵਿਰੁੱਧ ਸੰਘਰਸ਼ ਅਸਿੱਧੇ ਤੌਰ 'ਤੇ ਉਸ ਦੂਸਰੇ ਸੰਸਾਰ (ਸਵਰਗ) ਵਿਰੁੱਧ ਸੰਘਰਸ਼ ਹੈ ਜਿਸਦੀ ਆਤਮਿਕ ਸੁਗੰਧੀ ਧਰਮ ਹੈ। ਇਸ ਦੁਨੀਆ, ਕੁਦਰਤ ਅਤੇ ਬ੍ਰਹਿਮੰਡ ਦੀ ਵਿਆਖਿਆ ਕਰਨ ਲਈ ਦਾਰਸ਼ਨਿਕਾਂ ਦੀਆਂ ਹਜ਼ਾਰਾਂ ਪੀੜ੍ਹੀਆਂ ਖਤਮ ਹੋ ਚੁੱਕੀਆਂ ਹਨ। ਖ਼ੁਦ ਮਾਰਕਸ ਨੇ ਫਿਊਰਬਾਖ ਦੀ ਆਲੋਚਨਾ ਵਾਲੇ ਲੇਖ ਦੀਆਂ ਅੰਤਮ ਸਤਰਾਂ ਵਿਚ ਸਭਨਾਂ ਧਰਮ ਗੁਰੂਆਂ ਅਤੇ ਦਾਰਸ਼ਨਿਕਾਂ ਨੂੰ ਇਹ ਕਹਿ ਕੇ ਨਿਰ-ਉਤਰ ਕੀਤਾ ਹੋਇਆ ਹੈ ਕਿ "ਸਭਨਾ ਦਾਰਸ਼ਨਿਕਾਂ ਨੇ ਇਸ ਸੰਸਾਰ ਦੀ ਵੱਖ ਵੱਖ ਢੰਗਾਂ ਨਾਲ ਵਿਆਖਿਆ ਕੀਤੀ ਹੈ, ਪਰ ਅਸਲ ਸਵਾਲ ਤਾਂ ਇਸਨੂੰ ਬਦਲਣ ਦਾ ਹੈ।"

ਗੁਰਬਚਨ ਜੀ ਗੁਰਬਾਣੀ ਦੀ ਰੋਸ਼ਨੀ ਵਿਚ ਇਸ ਸੰਸਾਰ ਦੀ ਵਿਆਖਿਆ ਕਰਨ ਵਿਚ ਲੱਗੇ ਹੋਏ ਹਨ ਪਰ ਕੀ ਉਹ ਦੱਸ ਸਕਦੇ ਹਨ ਕਿ ਉਹ ਇਸ ਸੰਸਾਰ ਨੂੰ ਬਦਲਣ ਲਈ ਅਮਲ ਵਿਚ ਕੀ ਕਰ ਰਹੇ ਹਨ? ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰਬਾਣੀ ਸਾਰੇ ਧਰਮਾਂ ਵਿਚੋਂ ਨਵੀਂ ਹੈ। ਇਹ ਸ੍ਰਿਸ਼ਟੀ ਨੂੰ ਨਵੇਂ ਸਿਰਿਉਂ ਵਖਿਆਉਣ ਦੀ ਕੋਸ਼ਿਸ਼ ਕਰਦੀ ਹੈ। ਇਸ ਲਈ ਸਮੇਂ ਦੀਆਂ ਲੋੜਾਂ ਅਨੁਸਾਰ ਇਸ ਵਿਚ ਪੁਰਾਣੇ ਧਰਮਾਂ ਦੇ ਕਰਮ ਕਾਂਡਾਂ, ਜਾਤ ਪਾਤ, ਉਚ ਨੀਚ, ਰਾਜੇ ਰੰਕ ਆਦਿ ਵਰਗੀਆਂ ਵੰਡਾਂ ਦਾ ਖੰਡਨ ਕੀਤਾ ਗਿਆ ਹੈ। ਇਸੇ ਲਈ ਇਹ ਬਾਕੀਆਂ ਨਾਲੋਂ ਨਿਵੇਕਲਾ ਜਾਪਦਾ ਹੈ।

ਕੀ ਸ. ਗੁਰਬਚਨ ਸਿੰਘ ਜੀ ਦੱਸ ਸਕਦੇ ਹਨ ਕਿ ਗੁਰਬਾਣੀ ਜਾਂ ਕਿਸੇ ਹੋਰ ਧਾਰਮਿਕ ਪੋਥੀ ਦੀ ਕਲਪਨਾ ਮੁਤਾਬਕ ਤਸੱਵਰ ਕੀਤਾ ਕੋਈ ਸਮਾਜ ਕਿਸੇ ਯੁੱਗ ਅੰਦਰ ਹੋਂਦ ਵਿਚ ਆਇਆ ਹੈ? ਜੇ ਨਹੀਂ ਆਇਆ ਤਾਂ ਕਿਉਂ ਨਹੀਂ? ਕਿਉਂਕਿ ਕਿਸੇ ਵੀ ਧਾਰਮਿਕ ਗ੍ਰੰਥ ਵਿਚ ਸਮਾਜ ਨੂੰ ਬਦਲਣ ਦਾ ਨਾ ਹੀ ਸੰਕਲਪ ਹੈ ਨਾ ਵਿਉਂਤਬੰਦੀ। ਸੱਯਦ ਕੁਤਬ ਅਤੇ ਮੌਲਾਨਾ ਮੌਦੂਦੀ ਵਰਗੇ ਇਸਲਾਮੀ ਚਿੰਤਕਾਂ ਨੇ ਕੁਰਾਨ ਸ਼ਰੀਫ਼ ਦੀ ਵਿਆਖਿਆ ਕਰਨ ਲਈ ਅਨੇਕਾਂ ਗ੍ਰੰਥ ਰਚ ਦਿੱਤੇ ਹਨ। ਸੱਯਦ ਕੁਤਬ ਨੇ ਤਾਂ ਅਮਲੀ ਤੌਰ 'ਤੇ ਮਿਸਰ ਵਿਚ ਜੀਅ ਤੋੜ ਕੰਮ ਕੀਤਾ ਹੋਇਆ ਹੈ। ਪਰ ਉਨ੍ਹਾਂ ਦੇਸ਼ਾਂ ਵਿਚ "ਇਸਲਾਮੀ ਸਮਾਜਵਾਦ" ਦੀ ਸਥਾਪਨਾ ਕਰਨ ਲਈ ਜਿਹੜੀਆਂ ਕੋਸ਼ਿਸ਼ਾਂ ਹੋਈਆਂ ਹਨ, ਉਨ੍ਹਾਂ ਦਾ ਹਸ਼ਰ ਸਭ ਦੇ ਸਾਹਮਣੇ ਹੈ।

ਧਾਰਮਿਕ ਲੋਕਾਂ ਨੂੰ ਸੰਸਾਰ ਭਰ ਦੀਆਂ ਕਮਿਊਨਿਸਟ ਪਾਰਟੀਆਂ ਵਿਚ ਹਮੇਸ਼ਾ ਹੀ ਸ਼ਾਮਲ ਕੀਤਾ ਜਾਂਦਾ ਰਿਹਾ ਕਿਉਂਕਿ ਕਮਿਊਨਿਸਟਾਂ ਦੀ ਸਮਝ ਸੀ ਕਿ ਧਰਮ ਦੀ ਖਾਲੀ ਆਲੋਚਨਾ ਕਰਨ ਨਾਲ ਕੁਝ ਵੀ ਨਹੀਂ ਹੋਣ ਵਾਲਾ। ਗਦਰੀ ਬਾਬਿਆਂ ਦਾ ਕਿਰਤੀ, ਲਾਲ ਪਾਰਟੀ ਅਤੇ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋਣਾ ਸਾਡੇ ਸਾਹਮਣੇ ਸੱਜਰੀਆਂ ਮਿਸਾਲਾਂ ਹਨ। ਸ. ਗੁਰਬਚਨ ਸਿੰਘ ਨੇ ਰਾਮ ਚੰਦਰ ਨੂੰ ਨਕਾਰਨ ਲਈ ਬਹੁਤ ਜ਼ਿਆਦਾ ਮਹੱਤਤਾ ਦਿੱਤੀ ਹੈ। ਉਹ ਕਿਸ ਮੁੱਦੇ ਨੂੰ ਕਿੰਨੀ ਮਹੱਤਤਾ ਦਿੰਦੇ ਹਨ, ਇਹ ਉਨ੍ਹਾਂ ਦਾ ਮੌਲਿਕ ਜਮਹੂਰੀ ਹੱਕ ਹੈ। ਹਾਲਾਂਕਿ ਉਹ ਖ਼ੁਦ ਹੀ ਰਾਮ ਚੰਦਰ ਨੂੰ ਹਿੰਦੂਆਂ ਦਾ ਅਵਤਾਰੀ ਪੁਰਸ਼ ਮੰਨਦੇ ਹਨ। ਵੈਸੇ ਵੀ ਮੇਰੀ ਲਿਖਤ ਦਾ ਇਹ ਗੌਣ ਮੁੱਦਾ ਸੀ। ਪਰ ਸਾਨੂੰ ਇਹ ਜ਼ਰੂਰ ਸੋਚਣਾ ਚਾਹੀਦਾ ਹੈ, ਕਿ ਕਿਸੇ ਵੀ ਗ੍ਰੰਥ ਜਾਂ ਲਿਖਤ ਵਿਚ ਜੇਕਰ ਕੋਈ ਸ਼ਬਦ ਹਜ਼ਾਰਾਂ ਵਾਰੀ ਵਰਤਿਆ ਜਾਂਦਾ ਹੈ ਤਾਂ ਉਸਦਾ ਕੋਈ ਨਾ ਕੋਈ ਕਾਰਨ ਹੁੰਦਾ ਹੈ ਕਿਉਂਕਿ ਉਹ ਸ਼ਬਦ ਪਾਪੂਲਰ ਕਲਚਰ ਭਾਵ ਜਨ ਮਾਨਸ ਦੀ ਮਾਨਸਿਕਤਾ ਵਿਚ ਗੂੜੀ ਤਰ੍ਹਾਂ ਉਕਰਿਆ ਹੁੰਦਾ ਹੈ। ਸਾਡੇ ਸਮਾਜ ਵਿਚ ਰਮਾਇਣ ਦੀਆਂ ਤਿੰਨ ਸੌ ਤੋਂ ਉਪਰ ਲਿਖਤੀ ਵਿਆਖਿਆਵਾਂ ਪ੍ਰਚੱਲਤ ਹਨ। ਸਾਡੇ ਗੁਰੂ ਸਾਹਿਬਾਨ ਵੀ ਕਿਸੇ ਓਪਰੇ ਗ੍ਰਹਿ ਦੇ ਵਸਨੀਕ ਨਹੀਂ ਸਨ। ਕੋਈ ਵੀ ਪੈਗੰਬਰ ਜਿੰਨਾ ਮਰਜ਼ੀ ਵੱਡਾ ਹੋਵੇ, ਉਹ ਆਪਣੇ ਪ੍ਰਵਚਨਾਂ ਲਈ ਸਥਾਨਕ ਸਮਾਜ ਵਿਚੋਂ ਹੀ ਬੋਲੀ, ਸ਼ਬਦ, ਰੂਪਕ ਅਤੇ ਅਲੰਕਾਰ ਵਰਤਦਾ ਹੈ। ਜਿਹੜੀ ਵਸਤੂ ਹਾਸਲ ਸਮਾਜ ਵਿਚ ਨਹੀਂ ਹੁੰਦੀ, ਉਹ ਕਿਸੇ ਲਿਖਤ ਜਾਂ ਗ੍ਰੰਥ ਵਿਚ ਆ ਹੀ ਨਹੀਂ ਸਕਦੀ। ਆਪਾਂ ਇਕ ਵਾਰ ਫੇਰ ਦਸ਼ਰਥ ਪੁੱਤਰ ਰਾਮ ਵੱਲ ਮੁੜਦੇ ਹਾਂ। ਗੁਰਬਾਣੀ ਵਿਚ ਚਾਰ ਯੁੱਗਾਂ ਅਤੇ ਚਾਰੇ ਯੁੱਗਾਂ ਦੇ ਪਰਮਾਤਮਾਵਾਂ ਦਾ ਜ਼ਿਕਰ ਆਉਂਦਾ ਹੈ। ਚਾਰ ਵੇਦਾਂ ਨੂੰ (ਸਾਮਵੇਦ, ਯਜੁਰਵੇਦ, ਰਿਗਵੇਦ ਅਤੇ ਅਥਰਵ ਵੇਦ) ਚਾਰ ਯੁੱਗਾਂ (ਸਤਯੁੱਗ, ਦੁਆਪਰ, ਤਰੇਤਾ ਅਤੇ ਕਲਯੁੱਗ) ਨੂੰ ਚਾਰ ਅਵਤਾਰਾਂ (ਬਾਮਨ/ ਨਰਸਿੰਘ, ਰਾਮ ਚੰਦਰ, ਕ੍ਰਿਸ਼ਨ ਅਤੇ ਮੁਹੰਮਦ) ਵਿਚ ਵੰਡਿਆ ਹੋਇਆ ਹੈ। ਇਹ ਬੰਸਾਵਲੀ ਸਿਰਫ ਗੁਰੂ ਸਾਹਿਬਾਨ ਦੀ ਬਾਣੀ ਵਿਚ ਹੀ ਨਹੀਂ ਬਲਕਿ ਭਾਈ ਗੁਰਦਾਸ ਅਤੇ ਭੱਟਾਂ ਦੀ ਰਚਨਾ ਵਿਚ ਵੀ ਮਿਲਦੀ ਹੈ। ਭੱਟਾਂ ਨੇ ਤਾਂ ਗੁਰੂ ਸਾਹਿਬਾਨ ਦੀ ਸਿਫ਼ਤ ਕਰਦਿਆਂ ਉਨ੍ਹਾਂ ਨੂੰ ਰਾਜੇ ਜਨਕ, ਵਿਸ਼ਨੂੰ, ਬ੍ਰਾਹਮਣ, ਕ੍ਰਿਸ਼ਨ ਅਤੇ ਰਾਮ ਚੰਦਰ ਦਾ ਅਵਤਾਰ ਮੰਨਿਆ ਹੈ। ਸ. ਗੁਰਬਚਨ ਸਿੰਘ ਜੀ ਨੇ ਜੇ ਆਸਾ ਦੀ ਵਾਰ ਅਤੇ ਭੱਟਾਂ ਦੇ ਸਵੱਈਏ ਪੜ੍ਹੇ ਹੁੰਦੇ ਤਾਂ ਉਨ੍ਹਾਂ ਕੋਲੋਂ ਦਸ਼ਰਥ ਪੁੱਤਰ ਰਾਮ ਦੀ ਅਣਦੇਖੀ ਨਹੀਂ ਹੋਣੀ ਸੀ। ਪਾਠਕਾਂ ਦੀ ਜਾਣਕਾਰੀ ਲਈ ਕੁਝ ਮਿਸਾਲਾਂ ਦੇਣੀਆਂ ਜ਼ਰੂਰੀ ਹਨ:

ਰਿਗੁ ਕਹੈ ਰਹਿਆ ਭਰਪੂਰਿ॥ ਰਾਮ ਨਾਮੁ ਦੇਵਾ ਮਹਿ ਸੂਰੁ॥ (470)

ਗੁਰੂ ਗ੍ਰੰਥ ਸਾਹਿਬ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਸਿਫ਼ਤ ਸਲਾਹ ਕਰਦੇ ਹੋਏ ਭੱਟ ਲਿਖਦੇ ਹਨ:

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥ ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥ ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥ ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥ ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥ (1390)

ਉਪਰੋਕਤ ਉਦਾਹਰਨਾਂ ਤੋਂ ਬਿਲਕੁਲ ਸਪੱਸ਼ਟ ਹੈ ਕਿ ਗੁਰਬਾਣੀ ਸਨਾਤਨ ਧਰਮ ਵਾਂਗ ਹੀ ਸ੍ਰਿਸ਼ਟੀ ਦੀ ਰਚਨਾ ਨੂੰ ਚਾਰ ਯੁੱਗ, ਚਾਰ ਵੇਦ ਅਤੇ ਚਾਰ ਅਵਤਾਰਾਂ ਵਿਚ ਵੰਡ ਕੇ ਦੇਖਦੀ ਹੈ। ਗੁਰਬਾਣੀ 'ਚੋਂ ਲਈਆਂ ਇਨ੍ਹਾਂ ਸਾਰੀਆਂ ਹੀ ਮਿਸਾਲਾਂ ਵਿਚ ਤਰੇਤਾ ਯੁੱਗ ਦਾ ਭਗਵਾਨ ਰਾਮ ਚੰਦਰ ਨੂੰ ਮੰਨਿਆ ਗਿਆ ਹੈ। ਸ. ਗੁਰਬਚਨ ਸਿੰਘ ਜੀ ਇਕ ਓਅੰਕਾਰ ਦੀ ਵਿਆਖਿਆ ਕਰਦੇ ਹੋਏ ਇਸਨੂੰ ਅੰਕ ਗਣਿਤ ਦੇ ਇਕ ਹਿੰਦਸੇ ਦਾ ਵਿਸਥਾਰ ਦੱਸਦੇ ਹਨ। ਅਸੀਂ ਵੈਦਿਕ ਗ੍ਰੰਥਾਂ ਦੇ ਹਵਾਲੇ ਨਾਲ ਇਸ ਮਸਲੇ ਉਪਰ ਚਰਚਾ ਕਰਨ ਦੀ ਕੋਸ਼ਿਸ਼ ਕਰਾਂਗੇ। ਵੈਦਿਕ ਦਰਸ਼ਨ ਵਿਚ ਅਥਰਵ ਵੇਦ ਨਾਲ ਜੁੜੇ ਹੋਏ ਮਾਂਡੂਕਿਆ ਉਪਨਿਸ਼ਦ ਵਿਚ ਓਮ ਬਾਰੇ ਸੰਖੇਪ ਪਰ ਭਾਵਪੂਰਨ ਚਰਚਾ ਕੀਤੀ ਮਿਲਦੀ ਹੈ। ਇਸ ਉਪਨਿਸ਼ਦ ਅਨੁਸਾਰ 'ਇਹ ਸਾਰਾ ਸੰਸਾਰ ਓਮ ਦਾ ਹੀ ਪਾਸਾਰ ਹੈ। ਇਹ ਸ਼ਬਦ ਹੀ ਸਮੁੱਚੀ ਕਾਇਨਾਤ ਹੈ ਇਹ ਸਾਰਾ ਸੰਸਾਰ ਹੈ'। ਅ+ੳ+ਮ+ ਗਹਿਰੀ ਖਾਮੋਸ਼ੀ ਜਾਂ ਸੁੰਨ (ਕਿਸੇ ਵੀ ਤੱਤ ਦੀ ਅਣਹੋਂਦ) ਭਾਵ 'ਚਾਰ ਗੁਣਾ' ਦੇ ਢਾਂਚੇ 'ਤੇ ਬਣਾਇਆ ਗਿਆ ਹੈ। ਸਮੇਂ ਦੀਆਂ ਸਾਰੀਆਂ ਅਵਸਥਾਵਾਂ-ਭੂਤਕਾਲ, ਵਰਤਮਾਨ ਅਤੇ ਭਵਿੱਖ ਵਿਚ ਸਿਰਫ ਇਹ ਤਿੰਨ 'ਓਮ' ਹਨ। ਸਮੇਂ ਦਾ ਚੌਥਾ ਓਮ ਉਹ ਹੁੰਦਾ ਹੈ ਜੋ ਸਮੇਂ ਤੋਂ ਵੀ ਵੱਧ ਜਾਂਦਾ ਹੈ ਅਤੇ ਉਹ ਵੀ 'ਓਮ' ਦੇ ਰੂਪ ਵਿਚ ਪਰਗਟ ਹੁੰਦਾ ਹੈ। ਆਤਮਾ ਦੀਆਂ ਸਾਰੀਆਂ ਅਵਸਥਾਵਾਂ ਦੇ ਰੂਪ ਵਿਚ ਇਹ ਓਮ ਹੀ ਇਕ ਸੰਪੂਰਨ ਬ੍ਰਹਮ ਹੈ। ਇਹ ਸਵੈ ਆਤਮ ਹੈ। ਇਹ ਉਪਨਿਸ਼ਦ ਉਤਪਤੀ ਦੇ ਚਾਰ ਮੂਲ ਸਰੋਤਾਂ ਨੂੰ ਗਿਣਦਾ ਹੈ। ਗੁਰਬਾਣੀ ਇਸਨੂੰ ਅੰਡਜ, ਜੇਰਜ, ਸੇਤਜ ਅਤੇ ਉਤਭੁਜ ਵਜੋਂ ਬਿਆਨਦੀ ਹੈ। ਇਹ ਸਭ ਦਾ ਪ੍ਰਭੂ (ਸਰਵ-ਈਸ਼ਵਰ), ਸਭ ਦਾ ਜਾਣਨ ਵਾਲਾ (ਸਰਵ-ਜੰਨਿਆ), ਅੰਦਰੂਨੀ ਕੰਟਰੋਲ ਕਰਨ ਵਾਲਾ (ਅੰਤਰ-ਯਾਮੀ), ਸਭਨਾਂ ਜੂਨਾਂ ਦਾ ਸਰੋਤ, ਰਚੀਆਂ ਗਈਆਂ ਚੀਜ਼ਾਂ ਦੀ ਉਤਪੱਤੀ ਕਰਨ ਵਾਲਾ ਅਤੇ ਵਿਨਾਸ਼ ਕਰਨ ਵਾਲਾ ਹੈ। ਇਹ ਕਾਰਣ-ਕਰਨ (casual) ਸਰੀਰ ਹੈ ਜੋ ਉਚਤਮ ਅਤੇ ਧੁਰ ਆਤਮਾ ਦਾ ਲਖਾਇਕ ਹੈ। ਇਕ ਕਾਰਕ ਤੁਰੀਆ ਅਵਸਥਾ ਭਾਵ ਸ਼ੁੱਧ ਚੇਤਨਾ ਹੈ। ਇਸ ਚੇਤਨਾ ਵਿਚ ਸੰਪੂਰਨ ਅਤੇ ਸਾਪੇਖਿਕ, ਸਰਗੁਣ ਅਤੇ ਨਿਰਗੁਣ ਬ੍ਰਹਮ ਦੋਵੇਂ ਵਿਆਪਤ ਹੁੰਦੇ ਹਨ। ਇਹ ਅਨੰਤ ਹੈ, ਅਦਵੈਤ/ਅਭੇਦ ਦੇ ਅਨੁਭਵ ਦੀ ਸੱਚੀ ਅਵਸਥਾ ਹੈ, ਜੋ ਕਿ ਦਵੈਤਵਾਦੀ ਅਨੁਭਵ ਤੋਂ ਮੁਕਤ ਹੈ। ਸਵਾਲ ਪੈਦਾ ਹੁੰਦਾ ਹੈ ਕਿ ਗੁਰਬਾਣੀ ਦਾ ਇਕ ਓਅੰਕਾਰ ਮਾਂਡੂਕਿਆ ਉਪਨਿਸ਼ਦ ਦੇ ਓਮ ਨਾਲੋਂ ਕਿਵੇਂ ਵੱਖਰਾ ਹੈ?

ਸਾਨੂੰ ਗੁਰੂ ਨਾਨਕ ਜੀ ਦੇ ਸ੍ਰਿਸ਼ਟੀ ਦੀ ਉਤਪੱਤੀ ਬਾਰੇ ਇਕ ਅਤਿ ਮਹੱਤਵਪੂਰਨ ਸਲੋਕ:

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥੧॥
ਖਾਣੀ ਨ ਬਾਣੀ ਪਉਣ ਨ ਪਾਣੀ॥
ਓਪਤਿ ਖਪਤਿ ਨ ਆਵਣ ਜਾਣੀ॥
ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥
ਨਾ ਤਦਿ ਸੁਰਗੁ ਮਛੁ ਪਇਆਲਾ॥
ਦੋਜਕੁ ਭਿਸਤੁ ਨਹੀ ਖੈ ਕਾਲਾ॥
ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥੩॥ (1035)

ਨੂੰ ਰਿਗਵੇਦ ਦੇ ਨਾਸਦੀਆ ਸੂਕਤ ਨਾਲ ਮੇਲ ਕੇ ਵਿਸ਼ਲੇਸ਼ਣ ਕਰੀਏ ਤਾਂ ਅਦਭੁੱਤ ਸਮਾਨਤਾਵਾਂ ਸਾਹਮਣੇ ਆਉਂਦੀਆਂ ਹਨ। ਇਸ ਸੂਤਕ ਦੇ ਸੱਤ ਨੁਕਤੇ ਹਨ:

1. ਉਦੋਂ ਵੀ ਕਿਸੇ ਵਸਤੂ ਦੀ ਨਾ ਹੋਂਦ ਸੀ, ਨਾ ਅਣਹੋਂਦ ਸੀ, ਉਦੋਂ ਨਾ ਹਵਾ ਸੀ, ਨਾ ਉਸ ਤੋਂ ਪਰ੍ਹੇ ਸਪੇਸ ਸੀ। ਇਹ ਬ੍ਰਹਿਮੰਡ ਕਿੱਥੇ ਸੀ? ਇਸ ਦੀ ਰਖਵਾਲੀ ਕੌਣ ਕਰ ਰਿਹਾ ਸੀ? ਕੀ ਉਦੋਂ ਬ੍ਰਹਿਮੰਡੀ ਤਰਲ ਅਤੇ ਇਸਦੀ ਡੂੰਘਾਈ ਵਿਚ ਅਨੰਤ-ਅਥਾਹ ਪਾਸਾਰ ਸੀ?

2. ਨਾ ਉਥੇ ਮੌਤ ਸੀ, ਨਾ ਅਮਰਤਾ ਸੀ, ਨਾ ਰਾਤ ਦਿਨ ਦੀ ਰੌਸ਼ਨ ਮਸ਼ਾਲ ਸੀ। ਉਹ ਹਵਾ ਤੋਂ ਬਗੈਰ ਅਤੇ ਸਵੈ-ਨਿਰਭਰਤਾ ਵਿਚ ਸਾਹ ਲੈ ਰਿਹਾ ਸੀ। ਉਦੋਂ ਸਿਰਫ ਉਹ ਹੀ ਇਕੱਲਾ ਸੀ, ਅਤੇ ਹੋਰ ਕੋਈ ਨਹੀਂ ਸੀ।

3. ਸਭ ਤੋਂ ਪਹਿਲਾਂ ਸਾਰਾ ਕੁਝ ਹੀ ਘੁੱਪ ਹਨੇਰਾ, ਧੁੰਦੂਕਾਰਾ ਸੀ। ਇਥੇ ਕੇਵਲ ਗੈਰ ਪ੍ਰਕਾਸ਼ਮਾਨ ਬ੍ਰਹਿਮੰਡੀ ਪਾਣੀ, ਤਰਲ ਪਦਾਰਥ ਸੀ। ਉਹ ਜੋ ਪਹਿਲਾਂ ਕਿਸੇ ਵੀ ਰੂਪ ਵਿਚ ਹਾਜ਼ਰ ਨਹੀਂ ਪਰ ਅੰਤ ਵਿਚ ਗਿਆਨ ਦੀ ਸ਼ਕਤੀ ਤੋਂ ਪੈਦਾ ਹੋਇਆ ਸੀ।

4. ਸ਼ੁਰੂ ਵਿਚ ਬ੍ਰਹਮ ਦੇ ਮਨ ਵਿਚ ਜਗਤ ਦੀ ਉਤਪੱਤੀ ਕਰਨ ਦੀ ਇੱਛਾ ਪੈਦਾ ਹੋਈ। ਇਹ ਇੱਛਾ ਹੀ ਮੂਲ ਬੀਜ ਸੀ, ਜੋ ਮਨ ਤੋਂ ਪੈਦਾ ਹੋਇਆ ਸੀ। ਜਿਨ੍ਹਾਂ ਰਿਸ਼ੀਆਂ ਮੁਨੀਆਂ ਨੇ ਬੁੱਧੀ ਨਾਲ ਆਪਣੇ ਮਨਾਂ ਦੀ ਖੋਜ ਕੀਤੀ ਹੈ, ਉਹ ਜਾਣਦੇ ਹਨ ਕਿ ਜੋ ਵੀ ਹੈ, ਉਹ ਉਸਦਾ ਅੰਸ਼ ਹੈ ਪਰ ਉਸਦੀ ਹੋਂਦ ਵੀ ਨਹੀਂ ਅਤੇ ਅਣਹੋਂਦ ਵੀ ਨਹੀਂ ਹੈ।

5. ਉਨ੍ਹਾਂ ਨੇ ਆਪਣੀ ਰੱਸੀ ਨੂੰ ਖਾਲੀ ਪਾਸਾਰ ਦੇ ਪਾਰ ਤੱਕ ਫੈਲਾਇਆ ਹੋਇਆ ਹੈ ਅਤੇ ਜਾਣਦੇ ਹਨ ਕਿ ਉੱਪਰ ਕੀ ਸੀ, ਅਤੇ ਹੇਠਾਂ ਕੀ ਸੀ? ਦੈਵੀ ਸ਼ਕਤੀਆਂ ਨੇ ਕਾਰਕ ਸ਼ਕਤੀਆਂ ਬਣਾਈਆਂ ਹਨ, ਜਿਨ੍ਹਾਂ ਦੇ ਹੇਠਾਂ ਸ਼ਕਤੀ ਸੀ ਅਤੇ ਇਸ ਦੇ ਉੱਪਰ ਚੇਤਨਾ ਸੀ।

6. ਪਰ ਆਖ਼ਰਕਾਰ, ਕੌਣ ਜਾਣਦਾ ਹੈ, ਅਤੇ ਕੌਣ ਕਹਿ ਸਕਦਾ ਹੈ ਕਿ ਇਹ ਸਭ ਕਿੱਥੋਂ ਆਇਆ ਅਤੇ ਰਚਨਾ ਕਿਵੇਂ ਹੋਈ? ਦੇਵਤੇ ਤਾਂ ਖ਼ੁਦ ਸ੍ਰਿਸ਼ਟੀ ਤੋਂ ਬਾਅਦ ਪੈਦਾ ਹੋਏ ਹਨ, ਇਸ ਲਈ ਉਹ ਵੀ ਨਹੀਂ ਦੱਸ ਸਕਦੇ ਕਿ ਕੌਣ ਕਿੱਥੋਂ ਪੈਦਾ ਹੋਇਆ ਹੈ?

7. ਇਸ ਸਾਰੀ ਸ੍ਰਿਸ਼ਟੀ ਦੀ ਸ਼ੁਰੂਆਤ ਕਿੱਥੋਂ ਹੋਈ, ਜੜ੍ਹ ਕਿੱਥੇ ਹੈ? ਸਿਰਜਣਹਾਰ ਨੇ ਇਸ ਨੂੰ ਬਣਾਇਆ ਵੀ ਹੈ ਜਾਂ ਨਹੀਂ। ਇਹ ਸਿਰਜਣਹਾਰ, ਜੋ ਸਭ ਤੋਂ ਉੱਚੇ ਸਵਰਗ ਵਿਚ ਬੈਠਾ ਇਸ ਦਾ ਸਰਵੇਖਣ ਕਰਦਾ ਹੈ, ਉਹ ਹੀ ਇਸ ਜਗਤ ਦੀ ਰਚਨਾ ਬਾਰੇ ਜਾਣਦਾ ਹੈ - ਜਾਂ ਸ਼ਾਇਦ ਉਹ ਵੀ ਨਹੀਂ ਜਾਣਦਾ।

ਸਾਡੀ ਸ. ਗੁਰਬਚਨ ਸਿੰਘ ਸਮੇਤ ਕਿਸੇ ਨਾਲ ਵੀ ਦਰਸ਼ਨ- ਦਿਗ ਦਰਸ਼ਨ ਵਰਗੀ ਮਹਾਂਗੋਸ਼ਟ ਰਚਾਉਣ ਦਾ ਕੋਈ ਏਜੰਡਾ ਨਹੀਂ ਹੈ ਕਿਉਂਕਿ ਅਰਬਾਂ ਸਾਲਾਂ ਤੋਂ ਰਿਸ਼ੀ ਮੁਨੀ, ਪੀਰ ਪੈਗੰਬਰ ਇਸ ਜਗਤ ਦੀਆਂ ਗੁੰਝਲਾਂ ਖੋਲ੍ਹਣ ਵਿਚ ਲੱਗੇ ਰਹੇ ਹਨ। ਸਾਡਾ ਮੰਤਵ ਤਾਂ ਸਿਰਫ ਇਹ ਜਾਣਨਾ ਹੈ ਕਿ ਜਿਹੜੇ ਸਿੱਖ ਚਿੰਤਕ ਵਿਸਮਾਦ ਦੀ, ਵਿਸਮਾਦੀ ਸਮਾਜ ਅਤੇ ਪੂੰਜੀ ਦੀ ਕਲਪਨਾ ਕਰਨ ਵਿਚ ਲੱਗੇ ਹੋਏ ਹਨ ਅਤੇ ਬਾਕੀਆਂ ਨੂੰ ਮਨਾਉਣ ਲਈ ਸਿਰਤੋੜ ਯਤਨ ਕਰ ਰਹੇ ਹਨ, ਕੀ ਉਹ ਠੋਸ ਅਮਲੀ ਸਰਗਰਮੀ ਕਰਕੇ ਦੱਸਣਗੇ ਕਿ ਵਿਸਮਾਦੀ ਸਮਾਜ, ਬੇਗਮਪੁਰਾ ਅਤੇ ਹਲੇਮੀ ਰਾਜ ਨੂੰ ਅਮਲ ਵਿਚ ਕਿਵੇਂ ਉਤਾਰਿਆ ਜਾਵੇਗਾ? ਇਸ ਇਲਾਹੀ ਸੰਸਾਰ ਦੀ ਰਚਨਾ ਕੌਣ ਅਤੇ ਕਿਵੇਂ ਕਰੇਗਾ?

ਜਿਸ ਤਰ੍ਹਾਂ ਪਿਛਲੇ ਕੁਝ ਸਮੇਂ ਦੌਰਾਨ ਭਾਈ ਅੰਮ੍ਰਿਤਪਾਲ ਸਿੰਘ ਦੇ ਮੁੱਦੇ ਨੂੰ ਲੈ ਕੇ ਸਿੱਖ ਚਿੰਤਕ ਸ. ਅਜਮੇਰ ਸਿੰਘ ਅਤੇ ਗੁਰਬਚਨ ਸਿੰਘ ਜੀ ਚਿੰਤਾਗ੍ਰਸਤ ਹੋਏ ਰਹੇ ਹਨ ਅਤੇ ਉਸ ਵੱਲੋਂ ਕੀਤੀਆਂ ਗਈਆਂ ਕਾਰਵਾਈਆਂ ਦੀ ਸਰਾਹਨਾ ਕਰਨ ਵਿਚ ਉਨ੍ਹਾਂ ਨੇ ਕੋਈ ਕਸਰ ਨਹੀਂ ਛੱਡੀ, ਕੀ ਇਸ ਨਾਲ ਸਿੱਖ ਅਤੇ ਪੰਜਾਬੀ ਸਮਾਜ ਦਾ ਕਿੰਨਾ ਕੁ ਭਲਾ ਹੋਵੇਗਾ? ਸਾਡੇ ਸਮਾਜ ਵਿਚ ਨਸ਼ੇ, ਵਾਤਾਵਰਨ ਦੇ ਵਿਗਾੜ, ਪ੍ਰਵਾਸ, ਬੇਕਾਰੀ, ਸਮਾਜਿਕ ਅਫਰਾ-ਤਫਰੀ ਨੂੰ ਹੱਲ ਕਰਨ ਲਈ ਕਿਹੜੀ ਸਮਾਜਿਕ ਜਥੇਬੰਦੀ ਅਤੇ ਵਿਚਾਰ ਚੌਖਟਾ ਹੈ? ਉਮੀਦ ਹੈ ਕਿ ਇਹ ਚਿੰਤਕ ਯੂ-ਟਿਊਬ ਅਤੇ ਫੇਸਬੁਕ 'ਤੇ ਪ੍ਰਵਚਨ ਕਰਨ ਦੀ ਬਜਾਏ, ਮੂਹਰੇ ਹੋ ਕੇ ਸਮਾਜ ਦੀ ਅਗਵਾਈ ਕਰਨਗੇ।

# ਅੰਦਰਲੀ ਖ਼ਾਹਿਸ਼

ਕਹਾਣੀ

**ਅਮਰੀਕਾ ਵੱਸਦੇ ਲੇਖਕ ਚਰਨਜੀਤ ਸਿੰਘ ਪੰਨੂ ਦੀ ਕਹਾਣੀ 'ਅੰਦਰਲੀ ਖ਼ਾਹਿਸ਼'ਦੀਆਂ ਪਰਤਾਂ ਜਿਉਂ-ਜਿਉਂ ਖੁੱਲ੍ਹਦੀਆਂ ਜਾਂਦੀਆਂ ਹਨ, ਜ਼ਿੰਦਗੀ ਦੀਆਂ ਪੇਚੀਦਗੀਆਂ ਅੱਗਿਓਂ ਹੋ ਕੇ ਟੱਕਰਦੀਆਂ ਜਾਪਦੀਆਂ ਹਨ। ਇਸ ਵਿਚ ਰਿਸ਼ਤਿਆਂ ਦੀਆਂ ਤੰਦਾਂ ਅਤੇ ਬੇਵਸੀ ਦੇ ਹਾਲਾਤ ਬਹੁਤ ਡੂੰਘੇ ਜੁੜੇ ਹੋਏ ਪ੍ਰਤੀਤ ਹੁੰਦੇ ਹਨ। ਫਿਰ ਵੀ ਬੰਦਾ ਆਸ ਦਾ ਪੱਲਾ ਘੁੱਟ ਕੇ ਫੜੀ ਰੱਖਣ ਦਾ ਯਤਨ ਕਰਦਾ ਹੈ।**

ਕੁਝ'ਅੱਖਾਂ ਵਿਚ ਵਾਲਾਂ ਨੇ ਇਨਫੈਕਸ਼ਨ ਕਰ ਦਿੱਤੀ ਹੈ। ਮਾਹਿਰ ਦੇਖ ਕੇ ਦੱਸੇਗਾ। ਹੋ ਸਕਦਾ ਹੈ ਚੀਰ ਫਾੜ ਕਰਨੀ ਪਵੇ।' ਮੁੱਢਲੇ ਡਾਕਟਰ ਨੇ ਪੱਲਾ ਝਾੜ ਦਿੱਤਾ।

'ਨੀਂ ਇਹਨੂੰ ਬੁਨ੍ਹੇ ਨੂੰ ਕਹਿ ਮੇਰੀਆਂ ਝਿੰਮਣੀਆਂ ਦੇ ਵਾਲ ਜਿਹੜੇ ਅੰਦਰ ਵੱਲ ਮੁੜੇ ਵਿੰਗੇ ਹੋਏ ਡੇਲੇ ਨੂੰ ਪੱਛ ਰਹੇ ਨੇ, ਉਹ ਮੋਚਨੇ ਨਾਲ ਖਿੱਚ ਦੇਵੇ।' ਡਾਕਟਰ ਨੇ ਕੁਛ ਨਾ ਸੁਣੀ ਜਾਂ ਉਹ ਸਮਝ ਨਹੀਂ ਸਕਿਆ। ਬਿਨਾਂ ਕੁਛ ਹੱਥ ਪੱਲੇ ਪਏ ਘਰ ਵਾਪਸ ਮੁੜ ਆਈਆਂ। ਮਰਜ਼ ਠੀਕ ਨਾ ਹੋਈ।

'ਇਹ ਇਨ੍ਹਾਂ ਦੇ ਵੱਸ ਦਾ ਰੋਗ ਨਹੀਂ। ਇਹ ਤਾਂ ਪੜਵਾਲ ਹੋਊ... ਤੂੰ ਵੇਖ ਮੇਰਾ ਪੁੱਤ! ਨੀਝ ਲਾ ਕੇ।' ਮਾਤਾ ਨੇ ਆਪਣੇ ਪਹਿਲੇ ਤਜਰਬੇ ਨਾਲ ਆਪਣੀ ਬਿਮਾਰੀ ਦੀ ਸੂਹ ਲਾ ਲਈ।



'ਪਹਿਲਾਂ ਵੀ ਮੈਨੂੰ ਇਕ ਵੇਰਾਂ ਏਦਾਂ ਹੋਇਆ ਸੀ। ਉਹ ਭਜਨੀ ਹੁਸ਼ਿਆਰਪੁਰ ਵਾਲੀ! ਉਸ ਦਾ ਹੱਥ ਬੜਾ ਸਾਫ ਸੀ,

**ਚਰਨਜੀਤ ਸਿੰਘ ਪੰਨੂ**
**ਫੋਨ: 408-608-4961**

ਇਸ ਔਹਰ ਦੀ ਬੜੀ ਸਚਿਆਰੀ ਸੀ ਉਹ। ਉਸ ਨੇ ਛੂ-ਮੰਤਰ ਵਾਂਗ ਮੇਰੇ ਡੇਲੇ 'ਚ ਵੱਜਦੇ ਮੁੜੇ ਵਾਲ ਬਾਹਰ ਖਿੱਚ ਮਾਰੇ ਸਨ। ਦੂਰ ਨੇੜੇ ਤੱਕ ਉਸ ਦੀ ਇਹ ਮੁਹਾਰਤ ਮਸ਼ਹੂਰ ਹੋ ਗਈ ਸੀ। ਉਸ ਦੇ ਘਰ ਅਜੇਹੇ ਮਰੀਜ਼ਾਂ ਦਾ ਤਾਂਤਾ ਲੱਗਾ ਰਹਿੰਦਾ ਸੀ। ਰੱਬ ਦੀ ਦਿੱਤੀ ਬਖ਼ਸ਼ ਸੀ ਉਸ ਨੂੰ। ਹਸਪਤਾਲਾਂ ਦੇ ਖ਼ਰਾਬ ਕੀਤੇ ਕੇਸ ਉਹ ਸਹਿਜ ਸੁਭਾਅ ਠੀਕ ਕਰ ਕੇ ਅਗਲੇ ਦੇ ਠੰਢ ਪਾ ਦਿੰਦੀ। ਅੰਦਰ ਨੂੰ ਮੁੜੇ ਹੋਏ ਵਾਲ ਉਹ ਮੋਚਨੇ ਨਾਲ ਇਉਂ ਖਿੱਚ ਲੈਂਦੀ ਜਿਵੇਂ ਖੀਰ 'ਚੋਂ ਮੱਛਰ।' ਮਾਤਾ ਭਜਨੀ ਨੂੰ ਯਾਦ ਕਰਦੀ ਪਿਛਲੇ ਪੋਤੜੇ ਫੋਲਣ ਲੱਗੀ।

'ਪਰ ਬੀਜੀ! ਭਜਨੀ ਮਾਤਾ ਵਰਗੀਆਂ ਸਚਿਆਰੀਆਂ ਇੱਥੇ ਨਹੀਂ ਮਿਲਦੀਆਂ। ਇੱਥੇ ਉਹ ਦੇਸੀ ਓਹੜ ਪੋਹੜ ਨਹੀਂ ਚੱਲਦੇ। ਮੈਂ ਆਪ ਨਹੀਂ ਇਹੋ ਜਿਹਾ ਕੰਮ ਕਰ ਸਕਦੀ। ਕਿਤੇ ਹੱਥ ਥਿੜਕ ਗਿਆ ਤਾਂ ਹੋਰ ਵਧਾਣ ਵਧ ਜਾਊ... ਇੱਥੇ ਤਾਂ ਲੋਕੀਂ ਸੂਅ ਵੀ ਬੜੀ ਛੇਤੀ ਕਰ ਦਿੰਦੇ ਨੇ ਤੇ ਫੇਰ ਪਤਾ ਨਹੀਂ ਕਿੰਨੀ ਵੀਹੀਂ ਸੌ ਹੋਊ?' ਬਰੇਸੀ ਨੇ ਆਪਣੀ ਚਿੰਤਾ ਭਰੀ ਮਜਬੂਰੀ ਪ੍ਰਗਟਾਅ ਦਿੱਤੀ।

'ਸਾਡੀ ਗਵਾਂਢਣ ਮਾਈ ਕਰਮੀ ਕਈ ਦਿਨ ਵੱਡੇ ਹਸਪਤਾਲ ਰਹਿ ਕੇ ਅੱਖਾਂ ਦਾ ਅਪਰੇਸ਼ਨ ਕਰਵਾ ਕੇ ਆਈ ਸੀ। ਪਤਾ ਨਹੀਂ ਉਨ੍ਹਾਂ ਕੀ ਕੀਤਾ... ਕੁੱਕਰੇ ਛਿੱਲੇ ਜਾਂ ਮੋਤੀਆ ਕੱਟਿਆ ਪਰ ਉਸ ਦੀ ਹਾਲਤ ਹੋਰ ਨਿੱਘਰਦੀ ਗਈ। ਮੈਂ ਦੱਸ ਪਾਈ ਉਹ ਉੱਥੇ ਲੈ ਗਏ ਭਜਨੀ ਕੋਲ।'

'ਖੂਹ 'ਚ ਪੈਣ ਇਹੋ ਜਿਹੇ ਡਾਕਟਰ! ਬੀਬੀ ਦੇ ਤਾਂ ਵਾਲ ਅੰਦਰ ਨੂੰ ਮੁੜੇ ਹੋਏ ਜ਼ਖ਼ਮ ਕਰੀ ਜਾ ਰਹੇ ਨੇ। ਉਨ੍ਹਾਂ ਬੁੰਨ੍ਹਿਆਂ ਨੇ ਕੀ ਕਰਨਾ!' ਭਜਨੀ ਨੇ ਮੋਚਨਾ ਫੜਿਆ ਤੇ ਅੱਖ 'ਚ ਮੁੜੇ ਲਟਕਦੇ ਵਾਲ ਖਿੱਚ ਕੇ ਮਰੀਜ਼ ਦੇ ਹੱਥ 'ਤੇ ਧਰ ਦਿੱਤੇ। ਉਸ ਨੂੰ ਇਕਦਮ ਠੰਢ ਪੈ ਗਈ ਤੇ ਅਸੀਸਾਂ ਦੇਂਦੀ ਪੰਜ ਰੁਪਏ ਕੱਢ ਕੇ ਫੜਾਵੇ। ਉਹਨੇ ਕਿਹਾ ਜਾਹ ਬੀਬੀ ਕਿਸੇ ਮੰਦਰ ਗੁਰਦੁਆਰੇ ਚੜ੍ਹਾ ਦੇਵੀਂ।'

ਘਰ ਵਿਚ'ਇਹ ਅੱਖਾਂ 'ਚ ਪੜਵਾਲ ਕਹਿੰਦੇ ਨੇ। ਉੱਧਰ ਹੁਸ਼ਿਆਰਪੁਰ ਭਜਨੀ ਠੀਕ ਕਰ ਦਿੰਦੀ ਸੀ ਪਰ ਹੁਣ ਕਿੱਥੋਂ ਲੱਭੀਏ ਭਜਨੀ ਨੂੰ?' ਬਰੇਸੀ ਨੇ ਹੋਰ ਸੋਟ ਜਿਹੀ ਮਾਰਦੇ ਆਪਣਾ ਗੁੱਝਾ ਹਾਸਾ ਰੋਕਣ ਦੀ ਕੋਸ਼ਿਸ਼ ਕੀਤੀ।

'ਕਿਹੜੀ ਭਜਨੀ ਮਾਤਾ? ਤੂੰ ਮੈਨੂੰ ਦੱਸ।' ਜੇ ਕੋਈ ਤੈਨੂੰ ਠੀਕ ਕਰ ਸਕਦਾ ਹੈ ਤਾਂ ਆਪਣੀ ਮਾਤਾ ਵਾਸਤੇ ਮੈਂ ਜਿੱਥੋਂ ਕਹੇਂ ਪੈਦਾ ਕਰ ਦੇਊਂ ਭਾਵੇਂ ਮੈਨੂੰ ਜਹਾਜ਼ ਦੀ ਟਿਕਟ ਲੈ ਕੇ ਹੁਸ਼ਿਆਰਪੁਰ ਨਾ ਜਾਣਾ ਪਵੇ।' ਸਰੂਰ 'ਚ ਮਸਤ ਪੀਤੇ ਦੀ ਫਲਾਉਣੀ ਨੇ ਮਾਤਾ ਦਾ ਅੱਧਾ ਦੁੱਖ ਘੱਟ ਕਰ ਦਿੱਤਾ।

'ਤੇਰੀ ਮਾਸੀ!... ਭਜਨੀ... ਉਹ ਚਿੰਤੋ ਮਾਸੀ।' ਮਾਤਾ ਨੇ ਆਸ਼ਾ ਭਰੀਆਂ ਅੱਖਾਂ ਝਮਕੀਆਂ।

'ਮੈਨੂੰ ਯਾਦ ਆਇਆ... ਉਹ ਅਰਜੂ ਦੀ ਮਾਂ? ਉਹ ਵੀ ਤਾਂ ਏਥੇ ਹੀ ਹੈ, ਤੈਨੂੰ ਕੱਲ੍ਹ ਹੀ ਮਿਲਾ ਦਿਆਂਗੇ... ਭਾਵੇਂ ਹੁਣੇ ਚਲੀ ਚੱਲ। ਨੋ ਪ੍ਰਾਬਲਮ! ਇਹ ਵੀ ਕੀ ਗੱਲ ਹੋਈ? ਪੁੱਟਿਆ ਪਹਾੜ ਨਿਕਲੀ ਚੂਹੀ। ਲੈ ਹੁਣੇ ਲੈ...।'

ਦੂਜੇ ਪੈੱਗ ਦੀ ਗਲਾਸੀ ਖਾਲੀ ਕਰਦਾ ਮੋਮੋ-ਠੱਗਣੀਆਂ ਸ਼ੇਖ਼ਲੀਆਂ ਮਾਰਦਾ ਉਹ ਫ਼ੋਨ ਵੱਲ ਹੋ ਗਿਆ। ਡਾਇਰੀ 'ਚੋਂ ਅਰਜੂ ਦਾ ਫ਼ੋਨ ਲੱਭ ਕੇ ਮਿਲਾਇਆ। ਪਤਾ ਲੱਗਾ ਕਿ ਭਜਨੀ ਅੱਜ ਕੱਲ੍ਹ ਬਿਰਧ ਆਸ਼ਰਮ ਵਿਚ ਦਾਖ਼ਲ ਬਿਮਾਰ ਹੈ।

ਇਹ ਸੁਣ ਕੇ ਮਾਤਾ ਦੇ ਦੁੱਖ ਉਡਾਰੀ ਮਾਰ ਉੱਡਣ ਲੱਗੇ। ਉਹ ਮਿਲਣ ਲਈ ਜ਼ਿੱਦ ਕਰਨ ਲੱਗੀ ਖ਼ਾਸ ਕਰਕੇ ਜਦ ਉਸ ਨੂੰ ਭਜਨੀ ਦੀ ਬਿਮਾਰੀ ਦੀ ਸੂੰਘ ਲੱਗੀ ਤਾਂ ਸਵੇਰੇ ਸੋਫ਼ੀ ਪੀਤੇ ਦੇ ਤਰਲੇ ਕੱਢ ਕੇ ਉਸ ਨੂੰ ਕੰਮ ਤੋਂ ਇਤਫ਼ਾਕੀਆ ਛੁੱਟੀ ਕਰਵਾ ਲਈ।

'ਅਮਰੀਕਾ ਵਿਚ ਵਡਾਰੂਆਂ ਲੋੜਵੰਦ ਬਜ਼ੁਰਗਾਂ ਵਾਸਤੇ ਬਹੁਤ ਵਧੀਆਂ ਸਿਹਤ ਸੰਭਾਲ ਸਹੂਲਤਾਂ ਹਨ। ਵੇਖ ਕੇ ਮਾਤਾ ਬਹੁਤ ਖ਼ੁਸ਼ ਹੋਵੇਗੀ ਤੇ ਤਾਰੀਫ਼ ਕਰੇਗੀ।' ਇਹੀ ਪ੍ਰਭਾਵ ਪਾਉਣ ਲਈ ਪੀਤੇ ਨੇ ਪਹਿਲੇ ਹੀ ਸੋਚ ਰੱਖਿਆ ਸੀ ਪਰ ਅੱਜ ਪੜਵਾਲਾਂ ਦਾ ਬਹਾਨਾ ਵੀ ਇਸ 'ਤੇ ਭਾਰੂ ਹੋ ਗਿਆ ਸੀ।

'ਇਹ ਤਾਂ ਪੁੱਤ! ਬੜੀ ਸੁਡੌਲ ਮੁਟਿਆਰ ਜਦ ਗਲੀ 'ਚੋਂ ਲੰਘਦੀ ਧਰਤੀ ਧਮਕ ਜਾਂਦੀ ਸੀ। ਹੱਥਾਂ ਦੀ ਏਨੀ ਸਚਿਆਰੀ ਸੀ ਕਿ ਸੂਈ ਕਸੀਦਾ ਬਾਗ ਫੁਲਕਾਰੀ ਆਪ ਵੀ ਕੱਢਦੀ ਤੇ ਪਿੰਡ ਦੀਆਂ ਕਈ ਹੋਰ ਕਈ ਕੁੜੀਆਂ ਨੂੰ ਵੀ ਸਿਖਾ ਕੇ ਬੰਨੇ ਲਾ ਦਿੰਦੀ ਸੀ। ਚੌਂਕੇ ਚੁੱਲ੍ਹੇ ਦੀ ਲਿੰਬਾ ਪੋਚੀ ਲਈ ਮਾਕੋਵਾਲ ਦਾ ਪੋਚਾ ਮੰਗਵਾ ਕੇ ਮੋਰ ਘੁੱਗੀਆਂ ਵੇਲ ਬੂਟੇ ਪਾ ਕੇ ਸਜਾ ਦਿੰਦੀ ਤੇ ਬੜੇ ਵੱਡੇ ਦਸਤਕਾਰਾਂ ਨੂੰ ਮਾਤ ਪਾ ਦਿੰਦੀ ਸੀ।'

ਭਜਨੀ ਨਾਨਕਿਆਂ ਵੱਲੋਂ ਸਾਡੀ ਦੂਰੋਂ ਨੇੜਿਓਂ ਸਕੀਰੀ 'ਚੋਂ ਸੀ। ਪੰਜ ਪੁੱਤਰਾਂ ਦੀ ਮਾਂ... ਜਿਹਨੂੰ ਲੋਕ ਕਹਿੰਦੇ, ਮਾਂ ਨੇ ਪੰਜ ਸ਼ੇਰ ਜੰਮੇ ਨੇ ਜੜ੍ਹ ਲਾਉਣ ਲਈ ਤੇ ਕੁਣਬਾ ਤੋਰਨ ਲਈ, ਉਹ ਆਪਣੇ ਆਪਣੇ ਬੰਗਲਿਆਂ ਵਿਚ ਆਪਣੇ ਹੀ ਭਾਰ ਥੱਲੇ ਲਿਤੜੇ ਗਏ ਨੇ। ਹੁਣ ਇੱਕ ਦੂਸਰੇ ਦੇ ਖ਼ੂਨ ਦੇ ਤਿਹਾਏ ਮੂੰਹ ਮੱਥੇ ਲੱਗਣੋਂ ਵੀ ਗਏ। ਛੇ ਕੁ ਮਹੀਨੇ ਪਹਿਲਾਂ ਉਸ ਦਾ ਜੀਵਨ ਸਾਥੀ ਜਿਉਂਦਾ ਸੀ ਤਾਂ ਪੰਜਾਂ ਪੁੱਤਾਂ ਨੇ ਇਕ-ਇਕ ਮਹੀਨਾ ਬਾਂਧ ਬੰਨ੍ਹੀ ਰੱਖੀ ਸੀ। ਪਹਿਲੀ ਤਰੀਕ ਤੋਂ ਤੀਹ ਤਰੀਕ ਤਰਤੀਬ ਵਾਰ ਨੰਬਰ ਆ ਜਾਂਦਾ ਤੇ ਅਗਲੀ ਤਰੀਕ ਨੂੰ ਜੇ ਕਿਸੇ ਦੇ ਮਨ ਮਿਹਰ ਪੈ ਜਾਂਦੀ ਤਾਂ ਅਗਲੇ ਦੇ ਬੂਹੇ ਛੱਡ ਆਉਂਦੇ ਨਹੀਂ ਤਾਂ ਦੋਵੇਂ ਇਕ ਦੂਸਰੇ ਦੀ ਡੰਗੋਰੀ ਫੜ ਕੇ ਆਪੇ ਅਗਲੇ ਘਰ ਦੇ ਰਸਤੇ ਪੈ ਜਾਂਦੇ। ਇਕੱਤੀ ਵਾਲਾ ਮਹੀਨਾ ਉਹ ਮੁਫ਼ਤ ਦੀ ਸਰਕਾਰੀ ਬੱਸ 'ਚ ਬੈਠ ਕੇ ਗੁਰਦੁਆਰੇ ਪਹੁੰਚ ਜਾਂਦੇ। ਸੋਸ਼ਲ ਸਿਕਿਉਰਿਟੀ ਦੇ ਮਿਲੇ ਡਾਲਰਾਂ ਵਿਚੋਂ ਆਪਣੇ ਕੋੜਮੇ ਦੀ ਸਲਾਮਤੀ ਦੀ ਤੇ ਆਪਣੀ ਜੂਨ ਖ਼ਲਾਸੀ ਵਾਸਤੇ ਦੁਆ ਕਰਦੇ ਨੱਕ ਰਗੜਦੇ। ਇਸ ਚੱਕਰਵਿਊ ਵਿਚ ਪੰਜ ਮਹੀਨੇ ਦਾ ਇੱਕ ਦੌਰ ਨਿਕਲ ਜਾਂਦਾ।

'ਇਹ ਆਪਣੇ ਜੀਵਨ ਸਾਥੀ ਨੂੰ ਸ਼ਮਸ਼ਾਨਘਾਟ ਛੱਡਣ ਸਮੇਂ ਗਸ਼ੀ ਖਾ ਕੇ ਡਿਗ ਪਈ ਤੇ ਚੂਲਾ ਤੁੜਾ ਬੈਠੀ ਸੀ। ਬੇਟੀ ਨੇ ਚੁੱਕ ਕੇ ਡਾਕਟਰ ਕੋਲ ਪਹੁੰਚਾਇਆ। ਡਾਕਟਰ ਨੇ ਭਾਰੀ ਖਰਚਾ ਸੁਣਾ ਦਿੱਤਾ। ਸਾਰੇ ਵਾਰਿਸ ਇੱਕ ਦੂਸਰੇ ਤੋਂ ਅੱਖ ਚੁਰਾਉਂਦੇ, ਇੱਕ ਦੂਜੇ ਦੀਆਂ ਉਂਗਲਾਂ... ਉਜਾਂ ਤੋਂ ਡਰਦੇ ਕੰਨੀਂ ਕਤਰਾ ਗਏ। ਬੇਟੀ ਆਪਣੇ ਘਰ ਲੈ ਗਈ। ਥੋੜ੍ਹੇ ਸਮੇਂ ਬਾਅਦ ਬੇਟੀ ਛੋਟੇ ਘਰ ਦੀ ਮਜਬੂਰੀ ਜਾਂ ਮਾਤਾ ਨੂੰ ਸੰਭਾਲਣ ਵਾਲੀ ਕੇਅਰ-ਟੇਕਰ ਦਾ ਖਰਚਾ ਤੇ ਝਾਲ!... ਮਾਤਾ ਸਿੱਧੀ ਬਿਰਧ-ਘਰ ਪਹੁੰਚ ਗਈ ਜਾਂ ਪਹੁੰਚਾ ਦਿੱਤਾ ਗਿਆ। ਹੁਣ ਵੀ ਹਰ ਮਹੀਨੇ ਮੁਲਾਕਾਤ ਵਾਸਤੇ ਇਕ ਦੀ ਵਾਰੀ ਹੁੰਦੀ ਹੈ। ਇਸ ਤਰ੍ਹਾਂ ਪੰਜ ਮਹੀਨੇ ਉਡੀਕਦੇ ਲੰਘ ਜਾਂਦੇ ਨੇ। ਲੜਕੀ ਦੀ ਵਾਰੀ ਛੇਵੇਂ ਮਹੀਨੇ ਦੀ ਹੈ ਪਰ ਉਹ ਵਿਚ ਵਿਚਾਲੇ ਭਰਾਵਾਂ ਭਰਜਾਈਆਂ ਨਾਲ ਵੀ ਦਾਅ ਲਗਾ ਕੇ ਮਾਤਾ ਦਾ ਦੁੱਖ ਵੰਡਾ ਜਾਂਦੀ ਹੈ ਤੇ ਆਪਣਾ ਦੁੱਖ ਫੋਲ ਜਾਂਦੀ ਹੈ।' ਪੀਤੇ ਨੇ ਲੋਕਾਂ ਕੋਲੋਂ ਸੁਣੀ ਸੁਣਾਈ ਭਜਨੀ ਦੀ ਕਹਾਣੀ ਮਾਤਾ ਨੂੰ ਸੁਣਾ ਦਿੱਤੀ।

'ਤੇ ਚੰਨ ਮੱਖਣਾ! ਸਾਡੇ ਪਿੰਡਾਂ ਵਿਚ ਤਾਂ ਪੁਰਾਣੇ ਪਸ਼ੂਆਂ ਨੂੰ ਵੀ ਬੜੀ ਸ਼ਾਨ ਸ਼ੌਕਤ ਨਾਲ ਸਤਿਕਾਰ ਦਿੰਦੇ ਨਜਿੱਠਦੇ ਹਨ। ਏਦਾਂ ਘਰੋਂ ਕੱਢ ਕੇ ਬੁੱਚੜਖਾਨੇ ਤਾਂ ਨਹੀਂ ਵਾੜ ਦਿੰਦੇ।' ਮਾਤਾ ਕੁੱਝ ਯਾਦ ਕਰ ਕੇ ਹਿਰਖ ਜਿਹੀ ਨਾਲ ਅੱਖਾਂ ਭਰ ਆਈ।

'ਤੂੰ ਛੋਟਾ ਸੀ। ਸਾਡਾ ਇੱਕ ਮੀਣਾ ਬਲਦ ਫਾਲ੍ਹਾ ਵੱਜਣ ਕਰਕੇ ਮੁਤਾੜਿਆ ਗਿਆ, ਕੰਮ ਕਰਨ ਦੇ ਯੋਗ ਨਹੀਂ ਰਿਹਾ ਸੀ। ਉਸ ਨੂੰ ਅਸੀਂ ਹੀ ਨਹੀਂ ਬਲਕਿ ਸਾਰਾ ਪਿੰਡ ਵਡੇਰਿਆਂ ਵਾਂਗ ਪੂਜਦਾ ਰਿਹਾ ਸੀ ਤੇ ਉਸ ਦੇ ਮਰਨ 'ਤੇ ਵੀ ਪਿੰਡ ਦੀਆਂ ਸਭ ਨੂੰਹਾਂ ਧੀਆਂ ਨੇ ਮੱਥਾ ਟੇਕ ਕੇ ਸ਼ਰਧਾਂਜਲੀ ਭੇਟ ਕੀਤੀ ਸੀ। ਇਹ ਵਿਚਾਰੀ ਰੱਬ



ਦੇ ਨਾਮ ਵਾਲੀ ਗਊ ਵਰਗੀ ਜਨਾਨੀ ਕਦੇ ਕਿਸੇ ਦੇ ਸਿਰੇ ਨਹੀਂ ਆਈ। ਉਹਦੇ ਨਿਆਣਿਆਂ ਵੱਲੋਂ ਇਹੋ ਜਿਹਾ ਦੁਰ-ਵਿਹਾਰ! ਕੀ ਪਾਪ ਕੀਤੇ ਉਸ ਨੇ? ਮੇਰੀ ਸਮਝ ਤੋਂ ਬਾਹਰ ਹੈ।' ਮਾਤਾ ਹੋਰ ਚਿੰਤਾ ਵਿਚ ਉਲਝ ਗਈ।

'ਅਮਰੀਕਾ ਵਿਚ ਪੱਥਰਾਂ ਨਾਲ ਪੱਥਰ ਹੋ ਜਾਂਦੇ ਨੇ ਲੋਕ! ਰਿਸ਼ਤੇ ਤਿੜਕ ਜਾਂਦੇ ਨੇ ਤੇ ਡਾਲਰਾਂ ਘੰਟਿਆਂ ਦੀ ਬਲੀ ਚੜ੍ਹ ਜਾਂਦੇ ਨੇ।' ਪੀਤੇ ਨੇ ਉਸ ਦੀ ਹਾਮੀ ਭਰਨ ਦੀ ਕੋਸ਼ਿਸ਼ ਕੀਤੀ।

'ਪਿਛਲੇ ਦੇਸ਼ ਵਿਚ ਕਈ ਧਰਮੀ ਲੋਕ ਗਊ ਮਾਤਾ ਦੀ ਬੜੀ ਸੇਵਾ ਕਰਦੇ ਨੇ। ਗਊ ਮਾਤਾ ਵੀ ਆਪਣੇ ਕੁਨਬੇ ਦਾ ਬਹੁਤ ਵਫ਼ਾਦਾਰੀ ਨਾਲ ਪਿੱਛਾ ਕਰਦੀ ਸਾਥ ਨਿਭਾਉਂਦੀ ਹੈ। ਸ਼ਹਿਰਾਂ ਦੀਆਂ ਕਈ ਤੋਕੜ ਗਊਆਂ ਜਿਨ੍ਹਾਂ ਨੂੰ ਗਊਸ਼ਾਲਾ 'ਚ ਢੋਈ ਨਹੀਂ ਮਿਲਦੀ, ਸਾਰਾ ਦਿਨ ਸੜਕਾਂ ਤੇ ਚੌਰਾਹਿਆਂ ਦਾ ਘਾਹ ਫੂਸ, ਸੁੱਟੇ ਫ਼ਾਲਤੂ ਫਲ ਫਰੂਟ ਖਾਂਦੀਆਂ ਗੁਜ਼ਾਰਾ ਕਰ ਲੈਂਦੀਆਂ ਹਨ। ਸ਼ਾਮ ਨੂੰ ਹਵਾਨਾ ਭਰ ਕੇ ਘਰ ਸਾਹਮਣੇ ਆ ਖੜ੍ਹੀਆਂ ਹੁੰਦੀਆਂ ਨੇ। ਸੁਆਣੀਆਂ ਦੁੱਧ ਦੀ ਬਾਲਟੀ ਭਰ ਕੇ ਕੰਡ 'ਤੇ ਥਾਪੀ ਮਾਰਦੀਆਂ ਮੁੜ ਉਨ੍ਹਾਂ ਨੂੰ ਉਸੇ ਰਸਤੇ ਤੋਰ ਦਿੰਦੀਆਂ ਹਨ।' ਮਾਤਾ ਬਿਨ ਦੇਖਿਆਂ ਭਜਨੀ ਦੇ ਅਣਕਹੇ ਜਜ਼ਬਾਤਾਂ ਦੀ ਤਰਜਮਾਨੀ ਕਰਦੀ ਰਹੀ।

ਦੂਰ ਤੱਕ ਫੈਲੇ ਬਿਰਧ ਆਸ਼ਰਮ ਵਿਚ ਪਤਝੜ ਦੇ ਪੱਤਿਆਂ ਵਾਂਗ ਖਿੱਲਰੇ ਬਿਰਧ ਸਰੀਰ ਵੇਖ ਕੇ ਉਹ ਸੁੰਨ ਜਿਹੀ ਹੋ ਗਈ। ਮੰਜਿਆਂ 'ਤੇ ਟੇਢੇ ਹੋਏ, ਪਹੀਏ ਵਾਲੀਆਂ ਕੁਰਸੀਆਂ ਉੱਤੇ ਰਿੜ੍ਹਦੇ, ਖੂੰਡੀਆਂ ਫੜੀ ਫੁੱਲਾਂ ਦੀ ਕਿਆਰੀ ਵਿਚ ਘਾਹ ਤੇ, ਕਈ ਰੰਗਾਂ ਨਸਲਾਂ ਦੇ ਕਾਲੇ ਗੋਰੇ ਚਿੱਟੇ ਧਾਰੀਦਾਰ ਲਿਬਾਸ ਵਿਚ ਨਿਰਜਿੰਦ ਲਾਸ਼ਾਂ, ਬਾਵਿਆਂ ਵਾਂਗ ਸਜੇ ਬੁੱਤ ਬਣੇ ਪਏ ਸਨ। ਨਰਸ ਕਿਸੇ ਨੂੰ ਨੁਹਾ ਰਹੀ ਸੀ, ਸਿਰ ਵਾਹ ਰਹੀ ਸੀ, ਮਾਲਸ਼ ਕਰ ਰਹੀ ਸੀ, ਮੋਢੇ ਦਾ ਸਹਾਰਾ ਦੇ ਕੇ ਛੋਟੇ ਬੱਚੇ ਵਾਂਗ ਤੁਰਨਾ ਸਿਖਾ ਰਹੀ ਸੀ। ਕੁੱਝ ਅਖ਼ਬਾਰ ਰਸਾਲੇ ਅੱਖਾਂ ਨੂੰ ਲਗਾਈ ਪੜ੍ਹਨ 'ਚ ਮਸਰੂਫ਼ ਸਨ। ਕੁਛ ਗੁਲੂਕੋਸ ਲੱਗੀਆਂ ਬੋਤਲਾਂ ਜਾਂ ਪਿਸ਼ਾਬ ਵਾਲੀਆਂ ਨਾਲੀਆਂ ਹੱਥ 'ਚ ਫੜੀ ਇੱਧਰ ਉੱਧਰ ਟਹਿਲ ਕਦਮੀ ਕਰ ਰਹੇ ਸਨ।

ਦਵਾਈਆਂ ਦੀ ਗੰਧ ਮਾਤਾ ਦੇ ਸਿਰ ਦਿਮਾਗ ਨੂੰ ਚੜ੍ਹਨ ਲੱਗੀ।

'ਇਹਨੂੰ ਮੁਹਰਲਾ ਸੱਚਾ ਘਰ ਕਹਿੰਦੇ ਨੇ ਇੱਥੇ 'ਮਰੀਕਾ ਵਿਚ?' ਭੋਲੇ ਭਾ ਮਾਤਾ ਦੇ ਬੁੱਲ੍ਹ ਹਿੱਲੇ।

'ਨਹੀਂ ਬੀ ਜੀ... ਇਹ ਆਰਾਮ ਘਰ ਹੈ ਪੁਰਾਣੇ ਬੇਸਹਾਰਾ ਬਜ਼ੁਰਗਾਂ ਵਾਸਤੇ। ਜਿਨ੍ਹਾਂ ਨੂੰ ਕੋਈ ਸੰਭਾਲਣ ਵਾਲਾ ਵਾਲੀ ਵਾਰਿਸ ਨਹੀਂ, ਉਨ੍ਹਾਂ ਨੂੰ ਸਰਕਾਰ ਸਾਂਭਦੀ ਹੈ।'

ਇੱਕ ਵੱਡੇ ਕਮਰੇ ਦੀ ਖਿੜਕੀ ਵਿਚੋਂ ਮੁਲਾਕਾਤੀਆਂ ਦੀ ਇੰਤਜ਼ਾਰ ਵਿਚ ਅੱਖਾਂ ਵਿਛਾਈ ਕੈਦੀਆਂ ਵਾਂਗ ਚਿੰਤ ਕੌਰ ਉਰਫ ਭਜਨੀ ਨੇ ਭੀਲ ਵਰਗੀਆਂ ਖੁੱਲ੍ਹੀਆਂ ਅੱਖਾਂ ਅੱਡਦੇ ਦੂਰੋਂ ਹੀ ਤਾੜ ਲਿਆ। ਕੰਨਾਂ 'ਚ ਲੱਗਾ ਗੁਰਬਾਣੀ ਸੁਣਨ ਵਾਲਾ ਯੰਤਰ ਉਸ ਨੇ ਲਾਹ ਕੇ ਪਾਸੇ ਰੱਖ ਦਿੱਤਾ।

'ਮੇਰਾ ਲਾਡੀ ਆਇਆ... ਮੇਰਾ ਪੁੱਤ ਆਇਆ।' ਦਰਵਾਜ਼ੇ ਅੰਦਰ ਲੰਘਦੇ ਹੀ ਮਾਤਾ ਨੇ ਅੱਖਾਂ ਅੱਡੀਆਂ। ਉਸ ਦੀਆਂ ਜਿਵੇਂ ਚੰਘਿਆੜਾਂ ਹੀ ਨਿਕਲ ਗਈਆਂ।

'ਲਾਡੀ ਨਹੀਂ ਮੈਂ ਪੀਤਾ ਹਾਂ ਮਾਸੀ।' ਪੀਤੇ ਦੇ ਦੱਸਣ 'ਤੇ ਉਸ ਨੇ ਮਾਤਾ ਨੂੰ ਪਛਾਣ ਲਿਆ।

ਉਹ ਦੋਵੇਂ ਗਲੇ ਲੱਗ ਕੇ ਕਿੰਨੀ ਦੇਰ ਰੋਂਦੀਆਂ ਰਹੀਆਂ। ਨੁੱਕਰ 'ਚ ਪਏ ਕਿਸੇ ਮਰੀਜ਼ ਦਾ ਘੋਰੜੂ ਵੱਜਦਾ ਸੁਣ ਕੇ ਮਾਤਾ ਬਹੁਤ ਡੂੰਘੀ ਨਿਰਾਸ਼ਾ ਵਿਚ ਡੁੱਬ ਗਈ। ਚਿੰਤ ਕੌਰ ਆਪਣੇ ਮਹਿਮਾਨ ਦੇ ਚਿਹਰੇ 'ਤੇ ਨਜ਼ਰਾਂ ਗੱਡੀ ਬਹੁਤ ਦੇਰ ਨਿਹਾਰਦੀ ਰਹੀ... ਕਹਿਣ ਲੱਗੀ,

'ਆ ਜਾਹ ਇੱਥੇ ਬੜੀ ਮੌਜ ਹੈ, ਰਲ ਕੇ ਦੋਵੇਂ ਭੈਣਾਂ ਦਿਨ ਕੱਟੀ ਕਰ ਲਵਾਂਗੀਆਂ। ਵੇਖ ਲਾ! ਸ਼ੇਰ ਪੁੱਤਾਂ ਨੇ ਸਵਰਗ ਵਿਚ ਪਹੁੰਚਾ ਦਿੱਤਾ ਹੈ... ਤੇਰਾ ਵੀ ਨੰਬਰ ਆ ਜਾਊ ਛੇਤੀ ਜਦ ਗੂੰਹ ਮੂਤ ਪੂੰਝਾਉਣ ਵਾਲੇ ਨਿਆਣੇ ਛਤਰੀ ਥੱਲਿਓਂ ਨਿਕਲ ਗਏ।' ਉਸ ਨੇ ਜਿਵੇਂ ਸਰਾਪ ਦੇ ਦਿੱਤਾ ਹੋਵੇ! ਮਾਤਾ ਨੇ ਮੂੰਹ ਮਰੋੜ ਕੇ ਨਾ ਮਨਜ਼ੂਰ ਕਰ ਦਿੱਤਾ।

'ਤੇਰੇ ਸਵਰਗ ਦੀ ਮੌਜ ਤਾਂ ਮੈਨੂੰ ਮਜਬੂਰੀ ਦਾ ਨਾਮ ਮਹਾਤਮਾ ਗਾਂਧੀ ਵਾਂਗ ਅੱਖੜਦੀ ਹੈ।' ਅੱਖਾਂ ਦੀ ਗਿੱਬ ਸਾਫ਼ ਕਰਦੇ ਮਾਤਾ ਨੇ ਚਿੰਤੀ ਤੇ ਉਸ ਦੀਆਂ ਗਵਾਂਢਣਾਂ ਨੂੰ ਹਸਾ ਦਿੱਤਾ।

'ਗਰੈਮਾਂ! ਗੈਟ ਵੈੱਲ ਸੂਨ.... ਮੈਥਨੀ ਗਿੱਲ।'

'ਆਹ ਵੇਖ ਮੇਰੀ ਪੋਤੀ ਰੱਖ ਗਈ। ਮਦਰ ਡੇਅ ਨੂੰ ਆਪਣੇ ਦੋਸਤਾਂ ਨਾਲ ਆਈ ਸੀ।' ਮਰੀਜ਼ ਨੇ ਮੋਢੇ ਉੱਚੇ ਕਰ ਕੇ ਕਾਰਡ ਨੂੰ ਹੱਥ ਪਾਇਆ।

'ਹਾ... ਆ... ਅ.. ਨੀ ਅੜੀਏ ਤੇਰੇ ਤਾਂ ਵਾਲ ਮੁੜੇ ਪਏ ਨੇ। ਮੇਰੇ ਨੇੜੇ ਹੋ! ਮੈਂ ਵੇਖਾਂ ਚੰਗੀ ਤਰ੍ਹਾਂ।' ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ ਗਾਉਣ ਵਾਲੇ ਦਾ ਮੂੰਹ। ਮੰਜੇ 'ਤੇ ਪਏ ਭਲਵਾਨ ਕੋਲ ਭਲਵਾਨੀ ਦੀ ਗੱਲ ਚੱਲ ਪਏ ਤਾਂ ਉਹ ਉਸਤਾਦ ਪਹਿਲਵਾਨ ਬਣ ਜਾਂਦਾ ਹੈ। ਭਜਨੀ ਆਪਣਾ ਕਸ਼ਟ ਭੁੱਲ ਕੇ ਉਸ ਦੀਆਂ ਅੱਖਾਂ 'ਚ ਫੂਕਾਂ ਮਾਰਨ ਲੱਗੀ। ਵੱਡੇ ਸਰਜਨ ਵਾਂਗ ਉਸ ਦਾ ਵਾਰ ਵਾਰ ਮੁਆਇਨਾ ਕਰਦੀ ਵੇਖ ਕੇ ਗਵਾਂਢੀ ਬਿਸਤਰਿਆਂ ਵਾਲੇ ਹਮਸਫ਼ਰ ਤੇ ਨਰਸਾਂ ਵੇਖ ਕੇ ਹੱਸਣ ਲੱਗੀਆਂ।

'ਧੈਂਗੜੀਏ ਇਹ ਹਾਲ ਤੇਰਾ! ਪਹਿਲਾਂ ਆ ਜਾਂਦੀ... ਮੋਚਨਾ ਲੈ ਆਉਂਦੀ। ਮੈਂ ਹੁਣੇ ਖਿੱਚ ਦਿੰਦੀ ਪਰ ਮੋਚਨਾ ਕਿੱਥੋਂ ਮਿਲੂ ਏਥੇ? ਉਹ ਸੋਚਣ ਲੱਗੀ।

ਪੀਤੂ ਨੇ ਨਰਸ ਦੇ ਖਾਨੇ ਵਿਚੋਂ ਚਿਮਟੀ ਜਿਹੀ ਫੜ ਲਈ ਤੇ ਇਸ਼ਾਰਾ ਕਰ ਕੇ ਬਾਹਰ ਵੱਲ ਤੁਰ ਪਿਆ। ਉਹ ਭੌਂਤੀਆਂ ਫੜੀ ਮਾਤਾ ਦਾ ਹੱਥ ਫੜ ਕੇ ਬਾਹਰਲੀਆਂ ਕੁਰਸੀਆਂ 'ਤੇ ਆ ਬੈਠੀਆਂ। ਭਜਨੀ ਨੇ ਵਿੰਗੇ ਹੋਏ ਟੇਢੇ ਵਾਲ ਚਿਮਟੀ ਨਾਲ ਖਿੱਚ ਕੇ ਪੀਤੂ ਦੇ ਹੱਥ 'ਤੇ ਧਰ ਦਿੱਤੇ। ਮਾਤਾ ਕੁੱਝ ਤਾਰੀਫ਼ ਸ਼ੁਕਰੀਆ ਕਹਿਣ ਲਈ ਤਿਆਰੀ ਹੀ ਕਰ ਰਹੀ ਸੀ।

'ਲੈ ਲੈ... ਪਰ ਮੈਨੂੰ ਅਸੀਸ ਨਾ ਕੋਈ ਦੇਵੀਂ, ਮੇਰੇ ਜਲਦੀ ਮਰਨ ਦੀ ਅਰਦਾਸ ਕਰ।' ਉਹ ਹੜ੍ਹ ਵਾਂਗ ਵਗ ਪਈ।

'ਆਹ ਵੇਖ! ਗਊਸ਼ਾਲਾ ਦੇ ਅਹਾਤੇ ਵਾਂਗ ਬਾਂ ਬਾਂ ਕਰਦੇ ਉਬਾਸੀਆਂ ਲੈਂਦੇ, ਉਂਘਦੇ, ਆਇਆਂ ਗਇਆਂ ਦੀ ਵੱਤ ਲੈਂਦੇ, ਪੁਰਾਣੇ ਸਰੀਰ ਬਣਾਏ ਸਵਾਰੇ ਆਪਣੀ ਔਲਾਦ ਦੀਆਂ ਰੀਝਾਂ ਚਾਵਾਂ ਨੂੰ ਤਰਸਦੇ ਵਕਤ ਨੂੰ ਧੱਕਾ ਦੇ ਰਹੇ ਨੇ ਸਾਰੇ ਮੇਰੇ ਵਰਗੇ। ਇਨ੍ਹਾਂ ਨੂੰ ਸਭ ਸਹੂਲਤਾਂ ਪ੍ਰਾਪਤ ਹਨ। ਨਰਸਾਂ ਨਹਾਉਂਦੀਆਂ ਹਨ, ਸਿਰ ਵਾਹੁੰਦੀਆਂ ਹਨ, ਸਫ਼ਾਈ ਕਰਦੀਆਂ ਹਨ, ਪਰ ਨੂੰਹਾਂ ਪੁੱਤਾਂ ਪੋਤਿਆਂ ਦੀਆਂ ਉਂਗਲਾਂ ਦਾ ਸਪਰਸ਼ ਜੋ ਇਸ ਪਤਝੜ ਦੀ ਉਮਰੇ ਸਕੂਨ ਦਿੰਦਾ ਹੈ ਕਿਸੇ ਕੀਮਤ 'ਤੇ ਨਹੀਂ ਮਿਲਦਾ। ਪੋਤੇ ਦੋਹਤੇ ਜੋ ਢਿੱਡ 'ਤੇ ਚੜ੍ਹ ਕੇ ਕਿਲਕਾਰੀਆਂ ਮਾਰਦੇ ਨੱਚਦੇ ਟੱਪਦੇ, ਵਾਲਾਂ 'ਚ ਹੱਥ ਫੇਰਦੇ ਸਵਰਗੀ ਸੁਪਨੇ ਵਾਂਗ ਅੱਖਾਂ ਸਾਹਮਣੇ ਲੰਘ ਜਾਂਦੇ ਨੇ। ਤੋਤਲੀਆਂ ਤੋਤਲੀਆਂ ਗੱਲਾਂ ਕਰਦੇ ਬਾਤਾਂ ਸੁਣਨ ਦੀ ਜ਼ਿੱਦ ਕਰਦੇ ਹੁਣ ਸਕੂਲ ਕਾਲਜ ਚਲੇ ਗਏ। ਨਵੇਂ ਨਵੇਂ ਦੋਸਤ ਬਣਾ ਕੇ ਉਡਾਰੀ ਮਾਰ ਗਏ। ਵੱਟੀ ਨਹੀਂ ਵਾਹੁੰਦੇ। ਬੁੱਢਿਆਂ ਨੂੰ ਕੋਈ ਨਹੀਂ ਪੁੱਛਦਾ। ਏਨੇ ਰੁਝੇਵਿਆਂ ਵਿਚ ਉਨ੍ਹਾਂ ਕੋਲ ਸਮਾਂ ਹੀ ਨਹੀਂ, ਕੀ ਕਰਨ ਵਿਚਾਰੇ!'

ਪੀਤਾ ਮਾਤਾ ਨੂੰ ਛੱਡ ਕੇ ਆਪਣੇ ਹੋਰ ਕੰਮ ਭੁਗਤਾਉਣ ਚਲਾ ਗਿਆ। ਚਾਰ ਘੰਟਿਆਂ ਵਿਚ ਦੋਹਾਂ ਧਰਮ ਭੈਣਾਂ ਨੇ ਅਗਲੀਆਂ ਪਿਛਲੀਆਂ ਸਾਰੀਆਂ ਦੁੱਖ-ਸੁੱਖ ਦੀਆਂ ਹੱਡ ਬੀਤੀਆਂ ਤੇ ਜੱਗ ਬੀਤੀਆਂ ਫੋਲ ਮਾਰੀਆਂ। ਉਸ ਦੇ ਵਾਪਸ ਮੁੜਨ ਤੱਕ ਹੌਲੀਆਂ ਫੁੱਲ ਖਿੜਦੀਆਂ ਟਹਿਕ ਰਹੀਆਂ ਸਨ।

'ਦੁੱਖ ਵੰਡਾਉਣ ਨਾਲ ਘਟਦਾ ਹੈ ਤੇ ਖ਼ੁਸ਼ੀ ਵੰਡਾਉਣ ਨਾਲ ਵਧਦੀ ਹੈ... ਆ ਜਾਇਆ ਕਰ ਕਦੇ... ਤੇਰਾ ਭਲਾ ਹੋਵੇ। ਮੇਰੀ ਰਹਿੰਦੀ ਉਮਰ ਤੈਨੂੰ ਲੱਗ ਜਾਏ। ਆਪਣੇ ਪੁੱਤ ਪੋਤਿਆਂ ਦੇ ਹੱਥਾਂ 'ਚ ਹੱਸਦੀ ਖੇਲ੍ਹਦੀ ਅੱਖਾਂ ਮੀਟ ਜਾਏਂ।' ਭਜਨੀ ਨੇ ਮਹਿਮਾਨ ਨੂੰ ਅਸੀਸ ਦਿੰਦਿਆਂ ਦਾਅਵਤ ਦਿੱਤੀ।

'ਦਾਤਰੀ ਨੂੰ ਇਕ ਪਾਸੇ ਦੰਦੇ ਹੁੰਦੇ ਨੇ ਪਰ ਦੁਨੀਆਂ ਨੂੰ ਦੋਹੀਂ ਪਾਸੀਂ। ਉਨ੍ਹਾਂ ਨੂੰ ਵੀ ਦੁਨੀਆਂ ਥੁੱਕਦੀ ਹੋਊ... ਤੂੰ ਬੁਰਾ ਨਾ ਮੰਨੇ ਤਾਂ ਮੇਰੇ ਘਰ ਚਲੀ ਚੱਲ। ਮੇਰੀ ਤਾਂ ਠੀਕ ਹੀ ਲੰਘਦੀ ਹੈ ਅਜੇ।' ਮਾਤਾ ਝੂਠੀ ਸੱਚੀ ਸੁਲਾਹ ਮਾਰਦੀ ਅੰਦਰੋਂ ਥਿੜਕ ਉੱਠੀ।

'ਇਹ ਭੁਲੇਖਾ ਵੀ ਨਿਕਲ ਜਾਊ ਤੇਰਾ। ਘਰ ਤਾਂ ਇੱਥੇ ਨੂੰਹਾਂ ਦੇ ਹੀ ਹੁੰਦੇ ਨੇ ਸੱਸਾਂ ਦੇ ਤਾਂ ਪੰਜਾਬ ਵਿਚ ਹੀ ਰਹਿ ਜਾਂਦੇ ਨੇ... ਤੇ ਜਾਂ ਫਿਰ ਇੱਥੇ... ਇਹ ਘਰ। ਨਾਲੇ ਘਰ ਰਹਿ ਕੇ ਵੀ ਜਦ ਤੁਹਾਡੇ ਵਾਸਤੇ ਕਿਸੇ ਕੋਲ ਟਾਈਮ ਹੀ ਨਹੀਂ ਜਾਂ ਹਰ ਵੇਲੇ ਸੜੂੰ-ਭੁਜੂੰ ਹੁੰਦੀ ਰਹਿਣੀ ਹੈ ਤਾਂ ਈਦੋਂ ਤਾਂ ਇਹ ਬਿਗਾਨੇ ਸੇਵਾਦਾਰ ਲੱਖ ਦਰਜੇ ਚੰਗੇ ਨੇ। ਚਲੋ ਚੰਗਾ! ਸੁਖੀ ਰਹਿਣ ਆਪਣੇ ਹੀ ਪੇਟੋਂ ਜੰਮੇ ਨੇ।' ਭਜਨੀ ਦੇ ਅੰਦਰੋਂ ਗਰਮ ਲਾਵੇ ਵਰਗਾ ਸਾਰੀ ਕਾਇਨਾਤ ਨੂੰ ਝੁਲਸਣ ਯੋਗ ਹਉਕਾ ਨਿਕਲਿਆ।

'ਸਾਰੀਆਂ ਉਂਗਲਾਂ ਬਰਾਬਰ ਨਹੀਂ ਹੁੰਦੀਆਂ! ਭੈਣੇ ਰੱਬ ਨਾ ਕਿਸੇ 'ਤੇ ਕਹਿਰਵਾਨ ਹੋਵੇ... ਉਹਨੂੰ ਸਭ ਦਾ ਫ਼ਿਕਰ ਹੈ।' ਮਾਤਾ ਨੇ ਤਸੱਲੀ ਦੇਣ ਦੀ ਗੱਲ ਕੀਤੀ।

'ਬਹੁਤੇ ਘਰਾਂ ਦੇ ਪ੍ਰਾਹੁਣੇ ਭੁੱਖੇ ਰਹਿ ਜਾਂਦੇ ਨੇ ਪਰ ਤੂੰ ਤੌਖਲਾ ਨਾ ਕਰੀਂ, ਤੇਰੇ ਕਿਹੜੇ ਪੰਜ ਨੇ।... ਲੈ ਨੀਂ ਭੈਣੇ! ਆ ਗਿਆ ਤੇਰਾ ਸਰਵਣ ਪੁੱਤਰ!' ਬਾਹਰੋਂ ਪੀਤਾ ਮੁੜਦਾ ਵੇਖ ਕੇ ਚਿੰਤੋ ਨੇ ਨਕਲੀ ਜਿਹਾ ਮੁਸਕਰਾਉਣ ਦੀ ਕੋਸ਼ਿਸ਼ ਕੀਤੀ।

ਭੈਣਾਂ ਦਾ ਆਖਰੀ ਸੰਵਾਦ ਪੀਤੇ ਨੇ ਬੜੀ ਗੰਭੀਰਤਾ ਨਾਲ ਸੁਣਿਆ। ਉਹ ਵੀ ਉਸਤਤ ਤੇ ਵਡਿਆਈਆਂ ਦੇ ਪਰਾਗੇ ਝੋਲੀ ਪੁਆ ਕੇ ਆਪਣੇ ਆਪ ਨੂੰ ਬੜਾ ਸਨਮਾਨਿਤ ਹੋਇਆ ਮਹਿਸੂਸ ਕਰਦਾ ਫੁੱਲ ਵਾਂਗ ਖਿੜ ਰਿਹਾ ਸੀ। ਉਸ ਨੇ ਮਨ ਵਿਚ ਪੱਕੀ ਧਾਰ ਲਈ ਕਿ ਉਹ ਆਪਣੀ ਮਾਂ ਨੂੰ ਕਦੇ ਵੀ ਬਿਗਾਨਿਆਂ ਦੇ ਹੱਥੀਂ ਰੁਲਣ ਲਈ ਜਾਂ ਸਾਂਭਣ ਲਈ ਇੱਥੇ ਆਉਣ ਦੀ ਨੌਬਤ ਪੈਦਾ ਨਹੀਂ ਹੋਣ ਦੇਵੇਗਾ।

ਨਮਾਜ਼ ਬਖ਼ਸ਼ਾਉਣ ਗਏ ਰੋਜ਼ੇ ਗਲ ਪੁਆ ਕੇ ਮਾਂ ਪੁੱਤ ਵਾਪਸ ਮੁੜ ਪਏ। ਕਾਰ ਵਿਚ ਬੈਠਦੀ ਹਉਕਾ ਭਰਦੀ ਮਾਤਾ ਘੋਰ ਉਦਾਸੀ ਦੇ ਸਮੁੰਦਰ ਵਿਚ ਡੁੱਬ ਗਈ ਜਿਵੇਂ ਚਿੰਤ ਕੌਰ ਨੇ ਆਪਣੀ ਸਾਰੀ ਚਿੰਤਾ ਮਾਤਾ ਦੀ ਝੋਲੀ ਪਾ ਦਿੱਤੀ ਹੋਵੇ। ਉਹ ਉਸ ਨਾਲ ਹੋਈ ਬੀਤੀ ਸੁਣੀ ਕਹਾਣੀ ਦੀ ਆਪਣੀ ਹੱਡ-ਬੀਤੀ ਨਾਲ ਤੁਲਨਾ ਕਰਨ ਲੱਗੀ।

'ਜੜ੍ਹਾਂ ਨਾਲੋਂ ਤੋੜ ਕੇ... ਪੁੱਟ ਕੇ ਬੂਟਾ ਜਿੰਨੇ ਮਰਜ਼ੀ ਸੁੰਦਰ ਗਮਲੇ ਵਿਚ ਲਗਾ ਲਓ, ਉਸ ਨੂੰ ਪਾਣੀ ਪਾਓ, ਚੰਗੀ ਖਾਦ ਪਾਓ, ਉਸ ਨੇ ਤਾਂ ਸੁੱਕਣਾ ਹੀ ਹੈ। ਆਖਰ ਹਰਨਾ ਹੈ। ਨਦੀ ਕੰਢੇ ਰੁੱਖੜਾ ਕਿਚਰ ਬੰਨ੍ਹੇ ਧੀਰ, ਕੱਚੇ ਭਾਂਡੇ ਰੱਖੀਏ ਕਿੰਚਰ ਤਾਈਂ ਨੀਰ। ਸਰੀਰ ਤਾਂ ਕੱਚਾ ਭਾਂਡਾ ਹੈ, ਅੱਜ ਵੀ ਗਿਆ ਤੇ ਕੱਲ੍ਹ ਵੀ ਗਿਆ।' ਉਹ ਹਿਚਕੀਆਂ ਲੈਣ ਲੱਗੀ।

'ਪੁੱਤ ਪੀਤੇ ਤੈਨੂੰ ਪਤਾ! ਇਸ ਦਾ ਸਹੁਰਾ ਤਕੜਾ ਜਗੀਰਦਾਰ ਸੀ ਤੇ ਇਸ ਦੇ ਘਰਵਾਲਾ ਬਰੂਵਾਲਾ ਪਿੰਡ ਦਾ ਇਕੱਲਾ ਆਧੀ ਸੀ। ਇੱਕ ਵੇਲੇ ਦੋ ਟਰੈਕਟਰ ਤੇ ਚਾਰ ਬੰਬੀਆਂ ਧਰਤੀ ਦੀ ਹਿੱਕ ਚੁੰਘਦੀਆਂ ਸਨ। ਪੰਜ ਦਸ ਬੰਦੇ ਜਨਾਨੀਆਂ ਨੌਕਰ ਚਾਕਰ ਹਰ ਵੇਲੇ ਉਨ੍ਹਾਂ ਦੇ ਖੇਤਾਂ ਵਿਚ ਕੰਮ ਕਰਦੇ ਸਨ ਤੇ ਹੱਥ ਔਂਡ ਕੇ ਰੋਟੀ ਫੜਦੇ ਸਨ। ਹਰ ਰੋਜ਼ ਉਸ ਦੇ ਚੁੱਲ੍ਹੇ ਦੋ ਚਾਰ ਮਹਿਮਾਨ ਚੜ੍ਹੇ ਰਹਿੰਦੇ ਸਨ। ਉਸ ਨੇ ਕਦੇ ਮੱਥੇ ਵੱਟ ਨਹੀਂ ਸੀ ਪਾਇਆ। ਹੇਠਲਾ ਪਾਣੀ ਕੁਦਰਤੀ ਆਫ਼ਤ! ਖੇਤਾਂ 'ਚ ਕੱਲਰ ਪੈ ਕੇ ਧਰਤੀ ਨੂੰ ਉਜਾੜ ਬਣਾ ਕੇ ਮੰਦਹਾਲੀ 'ਚ ਸੁੱਟ ਗਿਆ। ਉੱਥੇ ਇਹ ਵਾਰ ਵਾਰ ਕਹਿੰਦੀ ਹੁੰਦੀ ਸੀ ਕਿ ਮੇਰੀ ਮੜ੍ਹੀ ਇਸੇ ਪਿੰਡ ਦੀ ਜੂਹ ਵਿਚ ਹੀ ਬਣੇਗੀ ਪਰ ਹੁਣ ਰੋਜ਼ੀ ਰੋਟੀ ਦੀ ਤਲਾਸ਼ ਵਿਚ ਸਾਰਾ ਕੁਣਬਾ ਵਿਦੇਸ਼ ਚਲਾ ਗਿਆ। ਪਿੰਡ ਨਾਲੋਂ ਇਸ ਦੀ ਸਾਂਝ ਟੁੱਟ ਗਈ। ਬੜੀ ਅਸਾਧ ਬਿਮਾਰੀ ਹੈ ਇਸ ਨੂੰ... ਕੈਂਸਰ ਦੀ ਪੀੜਤ ਹੈ ਇਹ। ਪਿਛਲੇ ਚਾਰ ਸਾਲ ਤੋਂ ਡਾਕਟਰ ਹੈਰਾਨ ਹਨ ਕਿ ਇਹ ਕਿਵੇਂ ਸਿਰੜ ਨਾਲ ਮੌਤ ਨੂੰ ਮਖੌਲ ਕਰੀ ਜਾ ਰਹੀ ਹੈ। ਦੀਦੇ ਤੇ ਦੰਦ ਨਵੇਂ ਨਰੋਏ ਅਜੇ ਕੈਮ ਹਨ। ਅੰਦਰੋਂ ਸਾਰੀ ਖਾਧੀ ਖੋਖਲੀ ਹੋ ਚੁੱਕੀ ਹੈ ਇਸ ਦੀ ਦੇਹ। ਇਸ ਦੀ ਬਿਮਾਰੀ ਦੌਰਾਨ ਇਸ ਦੇ ਚਾਰ ਰਿਸ਼ਤੇਦਾਰ ਇਸ ਨੂੰ ਮਿਲਣ ਦੇ ਬਹਾਨੇ ਇੱਧਰ ਲੰਘ ਚੁੱਕੇ ਹਨ ਤੇ ਪਨਾਹਗੀਰਾਂ ਦੀ ਕਤਾਰ ਵਿਚ ਲੱਗ ਗਏ ਹਨ। ਉਹ ਵੀ ਕਦੇ ਰੱਬ-ਤਰਸੀ ਮੂੰਹ-ਦਿਖਾਈ ਕਰ ਜਾਂਦੇ ਹਨ।'

ਭਜਨੋ ਦੀ ਕਹਾਣੀ ਦੁਹਰਾਉਂਦੀ ਚਿੱਥਦੀ ਦੰਦ ਕਰੀਚਦੀ ਮਾਤਾ ਪੁੱਤ ਨੂੰ ਸਮਝਾਉਤੀਆਂ ਦੇਣ ਲੱਗੀ। ਘਰ ਪਹੁੰਚਣ ਤੱਕ ਆਪਣੇ ਸਾਨ-ਫਰਾਂਸਿਸਕੋ ਹਵਾਈ ਅੱਡੇ 'ਤੇ ਉੱਤਰਨ ਤੋਂ ਲੈ ਕੇ ਹੁਣ ਤੱਕ ਦੀ ਸਾਰੀ ਫਿਰਕੀ ਉਸ ਸਾਹਮਣੇ ਘੁੰਮ ਗਈ। ਉਹ ਆਪਣੀ ਗਠੜੀ ਖੋਲ੍ਹ ਬੈਠੀ। ਭਜਨੀ ਦੀ ਕਹਾਣੀ ਨਾਲ ਆਪਣਾ ਮੁਕਾਬਲਾ ਕਰਦੀ ਆਪਣੇ ਭਵਿੱਖ ਦੀਆਂ ਬੁਢੇਪੇ ਭਰੀਆਂ ਠੋਕਰਾਂ ਬਾਰੇ ਕਿਆਸਅਰਾਈਆਂ ਉਸ ਦੇ ਮਨ 'ਚ ਘੁੰਮਦੀਆਂ ਖੱਲਤ ਮਚਾਉਣ ਲੱਗੀਆਂ।

ਜਿਸ ਦਿਨ ਉਸ ਨੇ ਅਮਰੀਕਾ ਦੀ ਧਰਤੀ 'ਤੇ ਪੈਰ ਰੱਖਿਆ, ਉਹ ਇਤਨੀ ਖੁਸ਼ ਹੋਈ ਜਿਤਨੀ ਉਹ ਪਹਿਲਾਂ ਕਦੇ ਨਹੀਂ ਹੋਈ। ਲੁਸ਼ ਲੁਸ਼ ਕਰਦੀ ਗੋਰਿਆਂ ਨੂੰ ਮਾਤ ਪਾਉਂਦੀ ਸੁੰਦਰੀ ਸਵਰਗਾਂ ਦੀ ਮੁਸਕਾਨ ਕੇਰਦੀ ਹਵਾਈ ਅੱਡੇ ਤੋਂ ਬਾਹਰ ਗੇਟ 'ਤੇ ਸੁਰਮਈ ਜੀਨ ਪੈਂਟ ਤੇ ਜੈਂਪਰ ਪਾਈ ਖੜੀ ਸੀ। ਉਹ ਲਾਲ ਸੁਰਖ਼ ਹੋਠਾਂ ਵਿਚੋਂ ਮੁਸਕਾਨ ਬਿਖੇਰਦੀ ਸੁੰਦਰ ਸੁਨੱਖੀ ਮੁਟਿਆਰ ਬਾਂਹਾਂ ਫੈਲਾਉਂਦੀ ਉਸ ਵੱਲ ਵਧੀ। ਉਸ ਨੇ ਝੁਕ ਕੇ ਪੈਰੀਂ ਹੱਥ ਲਾਇਆ ਤੇ ਬੜੇ ਨਿੱਘੇ ਸਲੀਕੇ ਨਾਲ ਮਾਤਾ ਨੂੰ ਲਿਪਟ ਗਈ। ਚੌਵੀ ਘੰਟਿਆਂ ਦੇ ਜਹਾਜ਼ ਦੇ ਸਫ਼ਰ ਦੀ ਭੰਨੀ ਔਕੀ ਥੱਕੀ ਹੋਈ ਉਹ ਬੌਂਦਲੀ ਪਈ ਸੀ। ਮਿੰਟ ਦੀ ਮਿੰਟ ਉਹ ਸ਼ਸ਼ੋਪੰਜ ਵਿਚ ਪੈ ਗਈ ਪਰ ਜਲਦੀ ਹੀ ਉਸ ਦੀਆਂ ਆਂਦਰਾਂ ਦੇ ਨਿੰਘ ਤੋਂ ਉਹ ਸਮਝ ਗਈ ਕਿ ਇਹ ਉਸ ਦੀ ਨੂੰਹ ਬਰੇਸੀ ਹੀ ਸੀ। ਮਾਤਾ ਨੇ ਇੱਕ ਵੇਰਾਂ ਫਿਰ ਘੁੱਟ ਕੇ ਗਲ ਨਾਲ ਲਾ ਲਿਆ। ਪ੍ਰੀਤੂ ਨੂੰ ਨਾ ਦੇਖ ਕੇ ਮਾਂ ਦਾ ਕਾਲਜਾ ਡੁੱਬਣ ਲੱਗਾ ਪਰ ਉਹ ਛੇਤੀ ਹੀ ਸੰਭਲ ਗਈ।

'ਪੀਤਾ ਕੰਮ 'ਤੇ ਹੈ ਬੀ ਜੀ! ਉਹ ਸ਼ਾਮ ਨੂੰ ਆਏਗਾ।' ਨੂੰਹ ਨੇ ਮਾਤਾ ਦੀਆਂ ਤਲਾਸ਼ ਕਰਦੀਆਂ ਨਜ਼ਰਾਂ ਦਾ ਹੁੰਗਾਰਾ ਦਿੱਤਾ।

'ਫਿੱਟ ਨੀ ਨਿੰਜ-ਹੋਣੀਏ ਤੇਰਾ ਵੀ ਪੀਤਾ ਹੀ ਹੈ ਉਹ? ਮੈਂ ਤਾਂ ਅੱਜ ਤੱਕ ਉਹਦੇ ਪਿਉ ਦਾ ਨਾਮ ਕਦੇ ਬੁੱਲ੍ਹਾਂ 'ਤੇ ਨਹੀਂ ਲਿਆਂਦਾ।' ਬੜੇ ਮੋਹ ਨਾਲ ਮਨ ਹੀ ਮਨ ਵਿਚ ਉਸ ਪਿਆਰਾਂ ਭਰੀ ਤਲਖ਼ੀ ਜਿਹੀ ਮਹਿਸੂਸ ਕੀਤੀ।

'ਪਰ ਛੋਟੇ ਨਿਆਣੇ ਵੀ ਨਹੀਂ ਲਿਆਈ। ਖ਼ਾਲੀ ਹੱਥੀਂ ਆ ਗੀ ਬਾਂਹਾਂ ਲਟਕਾਈ।' ਹਕੀਕੀ ਸੋਚ ਨਾਲ ਮਾਤਾ ਨੂੰ ਓਪਰਾ ਜਿਹਾ ਝਟਕਾ ਲੱਗਾ।

ਚਾਰ ਚੁਫੇਰਾ ਅਸਮਾਨੀਂ ਹੱਥ ਲਾਉਂਦੀਆਂ ਉੱਚੀਆਂ ਉੱਚੀਆਂ ਸੁੰਦਰ ਇਮਾਰਤਾਂ, ਖੁੱਲ੍ਹੀਆਂ ਖੁੱਲ੍ਹੀਆਂ ਸੜਕਾਂ, ਤੇ ਕਾਰ ਚਲਾਉਂਦੀ ਬਰੇਸੀ ਵੇਖ ਕੇ ਸੱਤੇ ਅਸਮਾਨ ਮਾਤਾ ਦੀ ਝੋਲੀ ਆਣ ਡਿੱਗੇ। ਉਹ ਆਪਣੀ ਕਿਸਮਤ 'ਤੇ ਅਸ਼ ਅਸ਼ ਕਰ ਉੱਠੀ। ਮਹਿਲ ਵਰਗੀ ਵੱਡੀ ਸਾਰੀ ਕੋਠੀ ਦੇ ਸਾਹਮਣੇ ਆ ਕੇ ਕਾਰ ਰੁਕ ਗਈ। ਬਰੇਸੀ ਅੰਦਰ ਗਈ। ਵਾਪਸੀ 'ਤੇ ਉਸ ਦੇ ਹੱਥੀਂ ਤੇਲ ਦੀ ਸ਼ੀਸ਼ੀ ਸੀ। ਦਹਿਲੀਜ਼ 'ਤੇ ਦੋਨੋਂ ਪਾਸੇ ਨੈਪਕਿਨ ਪੇਪਰ ਰੱਖ ਕੇ ਤੇਲ ਚੋਅ ਕੇ ਮਾਤਾ ਦੇ ਪੈਰੀਂ ਹੱਥ ਲਾ ਕੇ ਮਾਤਾ ਦੇ ਨਾਲ ਘੁੱਟ ਕੇ ਚਿੰਬੜ ਗਈ।

'ਜੀ ਆਇਆਂ ਨੂੰ... ਵੈਲ ਕਮ, ਵੈਲ ਕਮ।' ਦੇਹਲੀ ਦੇ ਅੰਦਰ ਪੈਰ ਧਰਦੇ ਹੀ ਅੰਦਰ ਲਟਕਦੇ ਪਿੰਜਰੇ 'ਚ ਛੋਟੀ ਜਿਹੀ ਤੋਤੀ ਮਿੱਠੋ ਨੇ ਮਾਤਾ ਦਾ ਸਵਾਗਤ ਕੀਤਾ। ਵਿਦੇਸ਼ੀ ਨੂੰਹਾਂ ਬਾਰੇ ਲੋਕਾਂ ਦਾ ਦੱਸਿਆ ਮਾਤਾ ਦਾ ਤੌਖਲਾ ਉਸ ਨੂੰ ਝੂਠਾ ਝੂਠਾ ਜਾਪਿਆ। ਬੜੇ ਵੱਡੇ ਸਾਰੇ ਪੋਲੇ ਪੋਲੇ ਰੇਸ਼ਮੀ ਗੱਦਿਆਂ ਵਾਲੇ ਸੋਫ਼ੇ ਵਿਚ ਧੈੜ ਕਰਦੀ ਬੈਠਦੀ ਉਹ ਵਿੱਚੇ ਹੀ ਖੁੱਭ ਗਈ। ਪਿਛਲੇ ਟੱਬਰ ਟੀਹਰ ਦਾ ਖੈਰ ਸੁੱਖ ਪੁੱਛਦੇ ਨੂੰਹ ਨੇ ਟੀ.ਵੀ. ਲਗਾ ਦਿੱਤਾ। ਦਰਬਾਰ ਸਾਹਿਬ ਤੋਂ ਮੁੱਖ ਵਾਕ ਆ ਰਿਹਾ ਸੀ:- 'ਸੰਤਾਂ ਕੇ ਕਾਰਜ ਆਪ ਖਲੋਆ ਹਰ ਕੰਮ ਕਰਾਵਣ ਆਇਆ ਰਾਮ।'

ਰੱਬੀ ਰਹਿਮਤਾਂ ਵੰਡਦੀ ਤੇ ਸ਼ਗਨਾਂ ਭਰਿਆ ਸੰਦੇਸ਼ ਦਿੰਦੀ ਧੁਰ ਕੀ ਬਾਣੀ ਨੇ ਮਾਤਾ ਦਾ ਸ਼ੁੱਭ ਆਗਮਨ ਕੀਤਾ। ਮਾਤਾ ਨੇ ਸਿਰ ਢੱਕ ਕੇ ਖੜੇ ਹੋ ਕੇ ਦੋਵੇਂ ਹੱਥ ਜੋੜ ਕੇ ਸਰਵਣ ਕੀਤਾ ਤੇ ਗੋਡੇ ਟੇਕ ਕੇ ਮੱਥਾ ਟੇਕਿਆ।

'ਧੰਨ ਮਾਲਕਾ ਤੇਰੀਆਂ ਕੁਜਰਤਾਂ! ਠੀਕ ਹੀ ਕਹਿੰਦੇ ਨੇ, ਉਹ ਹਰ ਘਰ... ਹਰ ਥਾਂ ਵੱਸਦਾ ਹੈ। ਦੇਖ ਲੈ! ਕਿੰਨੇ ਦਰਿਆ ਸਮੁੰਦਰ ਪਾਰ ਕਰ ਕੇ ਮੈਂ ਜਹਾਜ਼ ਚੜ੍ਹ ਕੇ ਪੰਜੀ ਘੰਟਿਆਂ ਵਿਚ ਆਈ ਹਾਂ ਤੇ ਇਹ ਵਿਚਾਰਾ! ਇੱਥੇ ਵੀ ਆਣ ਪਹੁੰਚਾ ਮੇਰੇ ਅੱਗੇ ਪਿੱਛੇ ਮੇਰੇ ਨਾਲ।' ਮਾਤਾ ਨੇ ਇਹ ਬੜਾ ਸ਼ੁੱਭ ਸਗਨ ਸਮਝਿਆ ਤੇ ਹੱਥ ਜੋੜ ਕੇ ਝੋਲੀ ਅੱਡੀ ਜਿਵੇਂ ਵਾਕ ਝੋਲੀ ਵਿਚ ਪਵਾਉਂਦੀ ਹੋਵੇ।

'ਮੈਂ ਦੋ ਮਿੰਟ 'ਚ ਆਈ! ਬੱਚਿਆਂ ਨੂੰ ਲੈ ਆਵਾਂ।' ਮਾਤਾ ਨੂੰ ਜੂਸ ਦਾ ਗਿਲਾਸ ਫੜਾਉਂਦੀ ਬਰੇਸੀ ਚਾਬੀਆਂ ਛਣਕਾਉਂਦੀ ਬਾਹਰ ਨਿਕਲ ਗਈ।

ਪੰਜਾਬੀ ਪ੍ਰੋਗਰਾਮ, ਪੰਜਾਬੀ ਗਾਣੇ ਵੇਖ ਕੇ ਮਾਤਾ ਮੁੜ ਪੰਜਾਬ ਪਹੁੰਚ ਗਈ। ਕਿਨ੍ਹਾਂ ਹਾਲਤਾਂ ਵਿਚ ਇੱਕੋ ਇੱਕ ਮੁੰਡਾ ਅੱਖਾਂ ਦਾ ਤਾਰਾ ਅੱਖਾਂ ਤੋਂ ਦੂਰ ਕਰਨਾ ਪਿਆ। ਪੰਜਾਬ ਦੀਆਂ ਮੁੰਡੇ-ਖਾਣੀਆਂ ਗਰਮ ਹਵਾਵਾਂ ਤੋਂ ਬਚਾਉਣ ਲਈ ਸੋਨਾ ਉਗਾਉਣ ਵਾਲਾ ਇੱਕ ਕਿੱਲਾ ਵੇਚ ਦਿੱਤਾ। ਇਹ ਰਕਮ ਝੋਲੇ 'ਚ ਪਾ ਕੇ ਉਸ ਦਾ ਹੱਥ ਦਲਾਲ ਦੇ ਹੱਥ ਫੜਾ ਕੇ ਉਨ੍ਹਾਂ ਸੁੱਖ ਦਾ ਸਾਹ ਲਿਆ। ਸਰਬੱਤ ਦਾ ਭਲਾ ਮੰਗਣ ਵਾਲੀ ਮਾਤਾ ਪਹਿਲਾਂ ਜਿੱਥੇ ਸਰਬੱਤ ਦੇ ਭਲੇ ਨਾਲ ਨਗਰ ਖੇੜੇ ਦੀ ਸੁੱਖ ਠੰਢ ਮੰਗਦੀ ਉੱਥੇ ਹੁਣ ਨਾਲ ਨਗਰ ਖੇੜਾ ਤੇ ਦੇਸ਼ੀ ਪਰਦੇਸੀ ਆਕਾਸ਼ੀ ਪਾਤਾਲੀ ਸੁੱਖ ਠੰਢ ਦੀ ਕਾਮਨਾ ਕਰਦੀ ਦੋਵੇਂ ਸਮੇਂ ਅਰਦਾਸਾਂ ਕਰਦੀ ਰਹਿੰਦੀ। ਯਾਦਾਂ ਦੇ ਪਿਛਵਾੜੇ ਝਾਤੀ ਮਾਰਦੀ ਉਹ ਬੀਤੇ ਦੀ ਬੁੱਕਲ ਵਿਚ ਜਾ ਵੜੀ।

ਥੋੜ੍ਹੀ ਦੇਰ ਵਿਚ ਫੁੱਲਾਂ ਵਾਂਗ ਖਿੜੇ ਸੋਨੂੰ ਤੇ ਕਿੱਟੀ ਆ ਕੇ ਮਾਂ ਨਾਲ ਚਿੰਬੜ ਗਏ। ਪੀਤੂ ਦੇ ਆਉਣ ਨਾਲ ਸਾਰਾ ਘਰ ਖਿੜੀ ਕਪਾਹ ਦੀਆਂ ਫੁੱਟੀਆਂ ਵਾਂਗ ਖਿੜ ਉੱਠਿਆ। ਮਾਂ ਦਾ ਕਾਲਜਾ ਠੰਢਾ ਠਾਰ ਹੋ ਗਿਆ।

ਇੱਕ ਹਫ਼ਤੇ ਵਿਚ ਹੀ ਕੰਮ ਤੋਂ ਛੁੱਟੀ ਕਰ ਕੇ ਉਨ੍ਹਾਂ ਨੇ ਚਾਵਾਂ ਨਾਲ ਮਾਤਾ ਨੂੰ ਵੱਡੇ ਵੱਡੇ ਸਟੋਰ, ਦੁਕਾਨਾਂ, ਪਾਰਕ, ਝੀਲਾਂ, ਸਮੁੰਦਰ ਕੰਢੇ, ਉੱਚੇ ਉੱਚੇ ਪੰਘੂੜੇ ਦਿਖਾ ਕੇ ਅਮਰੀਕਾ ਦੇ ਬਾਹਰੀ ਦਰਸ਼ਨ ਕਰਵਾ ਦਿੱਤੇ।

ਮਾਂ ਨੂੰ ਕਲਾਵੇ ਵਿਚ ਲੈ ਕੇ ਪੀਤੇ ਨੇ ਸਾਰੇ ਕਮਰਿਆਂ ਵਿਚ ਘੁੰਮਦੇ ਬਾਂਹਾਂ ਫੈਲਾ-ਫੈਲਾ ਕੇ ਆਟਾ ਗੁੰਨ੍ਹਣ ਵਾਲੀ ਮਸ਼ੀਨ, ਭਾਂਡੇ ਧੋਣ ਵਾਲੀ, ਸਾਗ ਸਬਜ਼ੀ ਚੀਰਨ ਕੱਟਣ ਵਾਲੀ ਮਸ਼ੀਨ, ਸਲਾਈਸ ਬੇਕਿੰਗ ਵਾਲੀ, ਸਾਗ ਨੂੰ ਘੋਟਾ ਲਾਉਣ ਵਾਲੀ, ਕੱਪੜੇ ਧੋਣ ਸੁਕਾਉਣ ਵਾਲੀ ਮਸ਼ੀਨ, ਮਾਲਸ਼ ਵਾਲੀ... ਕਸਰਤ ਵਾਲੀ ਮਸ਼ੀਨ, ਬਿਜਲੀ, ਪਾਣੀ, ਗੈਸ, ਏ. ਸੀ. ਆਦਿ ਦੀ ਜਾਣਕਾਰੀ ਦੇ ਕੇ ਮਾਂ ਨੂੰ ਕਿਸੇ ਅਣਕਿਆਸੀ ਦੁਨੀਆ ਵਿਚ ਪਹੁੰਚਾ ਦਿੱਤਾ।

ਬਰੇਸੀ ਤੇ ਪੀਤਾ ਹਰ ਰੋਜ਼ ਸਾਝਰੇ ਚਾਹ ਵਾਲੇ ਗਲਾਸ ਹੱਥ 'ਚ ਫੜੀ, ਮੂੰਹ 'ਚ ਰੋਟੀ, ਬਰੈੱਡ ਪਰਾਉਂਠੇ ਦੇ ਪੀਸ ਚਬਾਉਂਦੇ ਸੁੱਤੇ ਬੱਚਿਆਂ ਨੂੰ ਮਾਂ ਹਵਾਲੇ ਛੱਡ ਕੇ ਟਾਹ-ਟਾਹ ਕਰਦੇ ਆਪੋ ਆਪਣੀਆਂ ਕਾਰਾਂ 'ਚ ਦੌੜ ਜਾਂਦੇ।

ਸਵੇਰੇ ਚਾਹ ਨਾਸ਼ਤਾ ਤਿਆਰ ਕਰ ਕੇ ਮਾਤਾ ਨੂੰਹ ਤੇ ਪੁੱਤ ਨੂੰ ਕਾਰ ਤੱਕ ਛੱਡਦੀ ਹੱਸਦੀ ਹੱਸਦੀ ਸ਼ੁੱਭ ਕਾਮਨਾ ਕਹਿੰਦੀ ਉਨ੍ਹਾਂ ਨੂੰ ਵਿਦਾ ਕਰਦੀ। ਸਾਰਾ ਦਿਨ ਸਾਰੇ ਜਹਾਨ ਦੀਆਂ ਸੜਕਾਂ ਦੀ ਤੇ ਹਰੇਕ ਦੀ ਖੈਰ ਸੁੱਖ ਮੰਗਦੀ ਟੀ. ਵੀ. 'ਤੇ ਆਉਂਦੇ ਬਾਬਿਆਂ ਸੰਤਾਂ ਮਹੰਤਾਂ ਤੋਂ ਸਾਰੀ ਖਲਕਤ ਦਾ ਭਲਾ ਮੰਗਦੀ ਹੱਥ ਜੋੜਦੀ ਨਮਸਕਾਰ ਕਰਦੀ ਰਹਿੰਦੀ। ਉਨ੍ਹਾਂ ਦੇ ਵਾਪਸ ਮੁੜਨ 'ਤੇ ਉਨ੍ਹਾਂ ਦੇ ਚਿਹਰੇ ਪੜ੍ਹਦੀ ਸਾਰੇ ਦਿਨ ਦਾ ਲੇਖਾ ਜੋਖਾ ਕਰ ਲੈਂਦੀ।

ਦਾਦੀ ਮਾਂ ਬੱਚਿਆਂ ਨੂੰ ਬੜੇ ਪ੍ਰੇਮ ਨਾਲ ਜਗਾਉਂਦੀ। ਧੁੱਪੇ ਬਿਠਾ ਕੇ ਦੋਹਾਂ ਨੂੰ ਮਾਲਸ਼ ਕਰਦੀ, ਬਾਥਰੂਮ ਵਿਚ ਨਹਾਉਂਦੀ, ਤੜਾਗੀਆਂ ਨਿਹਾਰਦੀ, ਲੋਰੀਆਂ ਦਿੰਦੀ, ਗੀਤ ਸੁਣਾਉਂਦੀ, ਬਾਤਾਂ ਪਾਉਂਦੀ ਤੇ ਉਨ੍ਹਾਂ ਨੂੰ ਕੱਪੜੇ ਪਾ ਕੇ ਤਿਆਰ ਕਰ ਦਿੰਦੀ।

'ਜਾਓ ਮੇਰੇ ਲਾਲ! ਤੁਸੀਂ ਵੀ ਜਾਓ ਹੁਣ ਸਕੂਲੇ, ਪੜ੍ਹ ਲਿਖ ਕੇ ਆਪਣੇ ਪਿਉ ਦਾਦੇ ਦਾ ਨਾਮ ਰੋਸ਼ਨ ਕਰਿਓ। ਪਿੱਛੇ ਆਪਣਾ ਵਿਰਸਾ ਨਾ ਭੁੱਲਿਓ। ਗੋਰਿਆਂ ਦੀ ਸੁਹਬਤ ਤੋਂ ਤੁਹਾਨੂੰ ਰੱਬ ਬਚਾਈ ਰੱਖੇ।' ਛੋਟੇ ਜਿਹੇ ਬਸਤੇ ਉਨ੍ਹਾਂ ਦੇ ਮੋਢੇ ਪਾ ਕੇ ਬਾਹਰ ਨੂੰ ਇਸ਼ਾਰਾ ਕਰਦੀ।

ਗੋਡੇ ਮੁੱਢ ਬਿਠਾ ਕੇ ਉਨ੍ਹਾਂ ਦੇ ਮੂੰਹੀਂ ਚੋਗਾ ਪਾਉਂਦੀ ਛੋਟੀਆਂ ਛੋਟੀਆਂ ਗੱਲਾਂ ਕਰਦੀ ਰਹਿੰਦੀ। ਥੋੜ੍ਹੇ ਦਿਨਾਂ ਵਿਚ ਕਿੱਟੀ ਦੀ ਦੁੱਧ ਵਾਲੀ ਬੋਤਲ ਤੇ ਡਾਈਪਰ ਵੀ ਛੁਡਾ ਕੇ ਆਪਣੀ ਨੂੰਹ ਦਾ ਮਨ ਜਿੱਤ ਲਿਆ। ਬੱਚਿਆਂ ਦੇ ਖਾਣ ਤੋਂ ਕਤਰਾਉਣ ਦੀ ਸ਼ਿਕਾਇਤ ਜੋ ਡਾਕਟਰਾਂ ਦੀ ਦਵਾਈ ਵੀ ਠੀਕ ਨਹੀਂ ਸੀ ਕਰ ਸਕੀ, ਵੀ ਜਲਦੀ ਹੀ ਖ਼ਤਮ ਹੋ ਗਈ। ਦੋਵੇਂ ਬੱਚੇ ਜ਼ਿਦੋ ਜ਼ਿਦੀ ਇੱਕ ਦੂਸਰੇ ਤੋਂ ਮੂਹਰੇ ਹੋ ਕੇ ਬੁਰਕੀ ਮੂੰਹ ਵਿਚ ਪੁਆ ਲੈਂਦੇ। ਸੋਨੂੰ ਦੀਆਂ ਨਜ਼ਾਕਤਾਂ, ਨੈਣ ਨਕਸ਼ ਤੇ ਖਾਣ ਪੀਣ ਦਾ ਢੰਗ ਤਰੀਕਾ ਬਿਲਕੁਲ ਆਪਣੇ ਪਿਓ ਵਰਗਾ ਹੀ ਸੀ। ਉਹ ਚਾਂਭਲੇ ਚਾਂਭਲੇ ਦਾਦੀ ਮਾਂ ਦੇ ਪਿਆਰ ਨਾਲ ਸ਼ਰਾਰਤਾਂ ਕਰਨ ਲੱਗਦੇ। ਖਾਂਦਾ ਖਾਂਦਾ ਸੋਨੂੰ ਮੂੰਹ ਅੱਡਦਾ, ਮਾਂ ਮਿੱਠੀ ਜਿਹੀ ਝਿੜਕ ਮਾਰਦੀ ਤੇ ਫਿਰ ਕਿੱਟੀ ਵੀ ਮੂੰਹ ਅੱਡ ਕੇ ਬੁਰਕੀ ਬਾਹਰ ਕੱਢ ਦਿੰਦੀ। ਮਾਤਾ ਹੱਥ ਨਾਲ ਬੁਰਕੀ ਬੋਚਦੀ ਤੇ ਸੁੱਟਣ ਦੀ ਥਾਂ ਆਪਣੇ ਮੂੰਹ ਵਿਚ ਪਾ ਲੈਂਦੀ। ਖਾਦ ਪਦਾਰਥਾਂ ਦੇ ਥੱਲੇ ਡਿੱਗੇ ਭੋਰੇ ਟੁਕੜੇ ਚੁਣ ਕੇ ਉਨ੍ਹਾਂ ਨੂੰ ਮਿੱਠੀ ਜਿਹੀ ਘੁਰਕੀ ਮਾਰਦੀ ਆਪਣੇ ਮੂੰਹ 'ਚ ਜਜ਼ਬ ਕਰ ਲੈਂਦੀ। ਨਿਆਣੇ ਦਾਦੀ ਮਾਂ ਦੇ ਨਿੰਘ ਨਾਲ ਦੂਣੀ ਚੌਣੀ ਖਾ ਕੇ ਵੀ ਨਾ ਰੱਜਦੇ। ਕੇਲਾ, ਸੇਬ, ਸੰਤਰਾ ਤੇ ਹੋਰ ਫਲ ਅੱਧੇ ਅੱਧੇ ਖਾ ਕੇ ਸੁੱਟ ਮਾਰਦੇ। ਹੋਰ ਦੀ ਹੋਰ ਮੰਗੀ ਜਾਂਦੇ। ਮਾਤਾ ਇਨ੍ਹਾਂ ਦੇ ਛਿੱਲੜ ਤੇ ਬਚਿਆ-ਖੁਚਿਆ ਖਾ ਕੇ ਹੀ ਅੱਧੀ ਪਚੱਧੀ ਰੱਜ ਜਾਂਦੀ। ਬੱਚਿਆਂ ਦਾ ਗੂੰਹ ਮੂਤ ਪੂੰਝਣਾ, ਸਾਫ਼ ਕਰਨਾ ਤੇ ਉਨ੍ਹਾਂ ਦੀ ਜੂਠ ਪਚਾ ਕੇ ਮਾਰ ਮਾਰ ਸਵਾਦ ਲੈਣਾ ਉਸ ਨੂੰ ਦੁਨੀਆ ਦੀ ਕਿਸੇ ਵੀ ਵੱਡੀ ਤੋਂ ਵੱਡੀ ਨਿਆਮਤ ਨਾਲੋਂ ਮਿੱਠੀ ਤੇ ਗੁਣਕਾਰੀ ਮਹਿਸੂਸ ਹੁੰਦੀ। ਉਹ ਇਹ ਫ਼ਰਜ਼ ਨਿਭਾ ਕੇ ਖੁਸ਼ ਹੁੰਦੀ ਕੱਪੜਿਆਂ ਤੋਂ ਬਾਹਰ ਡਿੰਗ ਡਿੰਗ ਜਾਂਦੀ।

'ਬੀ ਜੀ! ਗ਼ੁੱਸਾ ਨਾ ਕਰਿਓ। ਬੱਚਿਆਂ ਦੇ ਸਾਹਮਣੇ ਥੱਲਿਓਂ ਚੁੱਕ ਕੇ ਭੋਰੇ ਕਿਣਕੇ ਖਾਂਦੇ ਵੇਖ ਕੇ ਇਹ ਵੀ ਤੁਹਾਡੀ ਰੀਸ ਕਰਨਗੇ।'

ਬਰੇਸੀ ਚਾਤਰੋ ਨੇ ਧੰਨਵਾਦ ਸ਼ਾਬਾਸ਼ ਕਹਿਣ ਦੀ ਥਾਂ ਉਸ ਨੂੰ ਨਵੀਂ ਪੱਟੀ ਪੜ੍ਹਾ ਦਿੱਤੀ। ਉਹ ਸਾਰਾ ਦਿਨ ਚੌਕੇ ਚੁੱਲ੍ਹੇ ਦੀ ਸੇਵਾ ਸੰਭਾਲ ਕਰਦੀ, ਪਿੰਜਰੇ ਪਈ ਤੋਤੀ ਨਾਲ ਗੱਲਾਂ ਕਰਦੀ, ਉੱਪਰੋਂ ਲੰਘਦੇ ਕਬੂਤਰਾਂ ਵਾਂਗ ਉਡਾਰੀਆਂ ਭਰਦੇ ਜਹਾਜ਼ਾਂ ਦੀ ਗਿਣਤੀ ਕਰਦੀ ਰਹਿੰਦੀ ਤੇ ਵਿਹਲੀ ਹੋ ਕੇ ਗੁਟਕਾ ਫੜ ਬੈਠਦੀ। ਟੀ. ਵੀ. ਸਾਰਾ ਦਿਨ ਉਸ ਦੇ ਮਨ ਭਾਉਂਦੇ ਰੰਗ ਬਿਰੰਗੇ ਪੰਜਾਬੀ ਪ੍ਰੋਗਰਾਮਾਂ ਨਾਲ ਉਸ ਨੂੰ ਬਹਿਲਾਉਂਦਾ ਰਹਿੰਦਾ। ਘਰ ਦੀ ਸਫ਼ਾਈ ਵੱਲ ਉਹ ਖ਼ਾਸ ਧਿਆਨ ਦਿੰਦੀ। ਪਿਛਲੇ ਪਿੰਡ ਉਹ ਪੁਰਾਣੀਆਂ ਰੱਦੀ ਵਾਲੀਆਂ ਕਿਤਾਬਾਂ, ਕਾਪੀਆਂ, ਅਖ਼ਬਾਰਾਂ, ਛਾਣ ਬੂਰਾ ਸੂੜ੍ਹਾ ਤੇ ਇਨ੍ਹਾਂ ਦੇ ਖਾਲੀ ਪਊਏ, ਅੱਧੀਏ ਬੋਤਲਾਂ ਇਕੱਠੀਆਂ ਕਰ ਕੇ ਸਾਂਭ ਸਾਂਭ ਰੱਖਦੀ ਫੇਰੀ ਵਾਲੇ ਕਬਾੜੀਏ ਨੂੰ ਉਡੀਕਦੀ ਰਹਿੰਦੀ। ਜਦੋਂ ਆ ਕੇ ਹੋਕਾ ਲਾਉਂਦਾ ਉਹ ਸਾਰੇ ਕੰਮ ਛੱਡ ਕੇ ਦੌੜੀ ਦੌੜੀ ਉਸ ਨਾਲ ਸੌਦੇਬਾਜ਼ੀ ਕਰਦੀ ਕੁੱਝ ਪੈਸੇ ਨਕਦ ਜਾਂ ਇਸ ਦੇ ਵੱਟੇ ਸੱਟੇ ਚਾਹ-ਪੱਤੀ, ਕੱਪ ਪਲੇਟਾਂ ਬਿੰਦੀਆਂ ਜਾਂ ਮਰੁੰਡਾ ਲੈ ਕੇ ਜ਼ਿੰਦ ਕਰਦੇ ਰੋਂਦੇ ਪੀਤੇ ਨੂੰ ਵਰਚਾ ਲੈਂਦੀ ਸੀ। ਪਿਛਲੀ ਗਿੱਝੀ ਹੋਈ ਉਹ ਉਨ੍ਹਾਂ ਦੀ ਤਾੜ ਰੱਖਦੀ ਪਰ ਉਹ ਕਦੇ ਨਾ ਦਿਸੇ।

ਬਰੇਸੀ ਨੇ ਸਾਰੇ ਕਮਰਿਆਂ ਵਿਚੋਂ ਕੂੜਾ-ਦਾਨ ਖਾਲੀ ਕਰ ਕੇ ਤੇ ਮਾਤਾ ਦੇ ਇਕੱਠੇ ਕੀਤੇ ਕਬਾੜ ਚੁੱਕ ਕੇ ਢੋਲ ਵਿਚ ਸੁੱਟ ਮਾਰੇ। ਸਿਟੀ ਕਮੇਟੀ ਦੀ ਮੋਟਰ ਗੱਡੀ ਢੋਲ ਖਾਲੀ ਕਰ ਕੇ ਰਾਹ ਪਈ ਵੇਖ ਕੇ ਮਾਤਾ ਦਾ ਮਨ ਘਾਊਂ ਮਾਊਂ ਕਰਨ ਲੱਗਾ।

'ਭੁੱਖੇ ਦੀ ਧੀ ਰੱਜੀ ਤੇ ਖੇਹ ਉਡਾਉਣ ਲੱਗੀ। ਇਨ੍ਹਾਂ ਟੁਕੜਿਆਂ ਦੀ ਖ਼ਾਤਰ ਅਸੀਂ ਕਿਵੇਂ ਟੋਟੇ ਟੋਟੇ ਹੋ ਕੇ ਦੇਸੀਂ ਪਰਦੇਸੀਂ ਟੱਕਰਾਂ ਮਾਰਦੇ ਫਿਰਦੇ ਹਾਂ ਤੇ ਇਹ ਵੇਖ ਲਾ ਕਿੱਦਾਂ ਆਫਰੀ ਫਿਰਦੀ ਆ। ਭੁੱਖੀ ਮਰੇ ਉੱਖਲੀ ਝੁਝੱਕੇ ਲਵੇ ਛੱਜ। ਮੇਰੇ ਤਾਂ ਹੱਥਾਂ 'ਚੋਂ ਅਜੇ ਗੋਹੇ ਦਾ ਰੰਗ ਵੀ ਨਹੀਂ ਲੱਥਾ ਤੇ ਇਹ ਕੀਮਤੀ ਚੀਜ਼ਾਂ ਐਵੇਂ ਸੁੱਟ ਮਾਰਦੇ ਨੇ। ਦਸ-ਦਸ ਡਾਲਰ ਟਿੱਪ ਦੇ ਛੱਡਦੇ ਨੇ।'

ਟੀ. ਵੀ. 'ਤੇ ਅਰਦਾਸ ਸਮੇਂ ਮਾਤਾ ਸਿਰ 'ਤੇ ਦੁਪੱਟਾ ਲੈ ਕੇ ਹੱਥ ਜੋੜਦੀ ਉੱਠ ਖਲੋਂਦੀ ਤੇ ਬੱਚਿਆਂ ਨੂੰ ਵੀ ਇਸੇ ਹਾਲਤ ਵਿਚ ਹੱਥ ਜੋੜਨ ਲਈ ਸਿੱਖਿਆ ਦਿੰਦੀ। ਬੱਚੇ ਮਾਤਾ ਤੋਂ ਜਲਦੀ ਹੀ ਅਕਲਕਾਂਦ ਆ ਗਏ। ਉਸ ਦੀਆਂ ਕਠੋਰ ਸਖ਼ਤ ਹਦਾਇਤਾਂ ਦਾ ਮੂੰਹ ਚਿੜ੍ਹਾਉਣ ਲੱਗੇ। ਅਰਦਾਸ ਦਾ ਸਮਾਂ ਆਉਣ 'ਤੇ ਇਸ ਸਜ਼ਾ ਤੋਂ ਡਰਦੇ ਪਾਸੇ ਖਿਸਕ ਜਾਂਦੇ। ਮਾਤਾ ਦਾ ਗੁਰਬਾਣੀ ਚੈਨਲ ਕੱਟ ਕੇ ਕਾਰਟੂਨ ਲਗਾ ਲੈਂਦੇ। ਜਦ ਕਦੇ ਉਹ ਗੁੱਸੇ ਵਿਚ ਝਿੜਕਦੀ ਤਾਂ ਉਹ ਵੀ ਅੱਗੋਂ ਉਸ ਦੀ ਨਕਲ ਸਾਂਗ ਲਗਾ ਕੇ ਚੇੜ ਨਾਲ ਹੱਸਦੇ। ਗੇਂਦ ਖੇਲ੍ਹਦੇ ਖੇਲ੍ਹਦੇ ਜਦ ਗੇਂਦ ਮਾਤਾ ਦੇ ਵੱਜੀ ਤਾਂ ਉਸ ਦਾ ਸਬਰ ਟੁੱਟ ਗਿਆ। ਉਸ ਦੇ ਝਿੜਕਣ 'ਤੇ ਬੱਚੇ ਹੋਰ ਚਿੜ ਕੇ ਉਸ ਦੇ ਗੇਂਦਾਂ ਮਾਰ-ਮਾਰ ਦੂਰ ਦੌੜ ਜਾਂਦੇ ਉਸ ਨੂੰ ਚਿੜਾਉਣ ਲੱਗੇ। ਉਸ ਦੀ ਐਨਕ ਫੜ ਕੇ ਲੁਕਾ ਲੈਂਦੇ। ਗੁਸਲਖ਼ਾਨੇ 'ਚੋਂ ਉਸ ਦੇ ਦੰਦਾਂ ਦਾ ਪੀੜ੍ਹ ਚੁੱਕ ਕੇ ਓਹਲੇ ਕਰ ਦਿੰਦੇ ਜਾਂ ਕੂੜੇ-ਕਰਕਟ ਦੇ ਢੋਲ ਵਿਚ ਸੁੱਟ ਮਾਰਦੇ। ਉਸ ਨੂੰ ਈਡੂ ਈਡੂ ਕਰਦੇ ਭਕਾਈ ਕਰਾਉਣ ਲੱਗਦੇ। ਉਹ ਮਨ ਹੀ ਮਨ ਵਿਚ ਖਿਝਦੀ ਕੁੜ੍ਹਨ ਲੱਗਦੀ।

ਇਕ ਦਿਨ ਆਪਣੇ ਬੇਟੇ ਨੂੰ ਮਿੱਥੇ ਸਮੇਂ ਤੋਂ ਬਹੁਤ ਦੇਰ ਪਹਿਲਾਂ ਦਰਵਾਜ਼ੇ 'ਤੇ ਵੇਖ ਕੇ ਹੈਰਾਨ ਰਹਿ ਗਈ। ਉਹ ਡਿਗਦਾ ਢਹਿੰਦਾ ਦਾਰੂ ਦਾ ਰੱਜਿਆ ਹੋਇਆ ਅੰਦਰ ਵੜ ਕੇ ਬਰੇਸੀ ਨੂੰ ਢੂੰਡਦਾ ਗਾਲ ਮੰਦਾ ਬੋਲਣ ਲੱਗਾ। ਮਾਤਾ ਸੁਣ ਕੇ ਘਬਰਾ ਗਈ। ਜਿਸ ਗੱਲ ਤੋਂ ਉਹ ਡਰਦੀ ਸੀ ਪੀਤੇ ਦਾ ਉਹੀ ਰੂਪ ਅੱਜ ਉਸ ਦੇ ਸਾਹਮਣੇ ਪ੍ਰਤੱਖ ਦਿਸ ਰਿਹਾ ਸੀ। ਇਸ ਛਿੱਟ ਦੀ ਦਾਰੂ ਦੀ ਲੱਤ ਨੇ ਉਸ ਨੂੰ ਬੱਜ ਲਗਾ ਦਿੱਤੀ ਸੀ।

'ਕਿੱਥੇ ਹਰਾਮਖੋਰ! ਸਾਲੀ ਮੇਰੀ ਬੋਤਲ ਪਤਾ ਨਹੀਂ ਕਿੱਥੇ ਸੁੱਟ ਗਈ।'

ਮਾਤਾ ਨੇ ਪਿਆਰ ਪੁਚਕਾਰ ਕੇ ਪੀਤੇ ਨੂੰ ਚੁੱਪ ਕਰਾਇਆ ਪਰ ਕਾਰਨ ਪੁੱਛਣ ਦੀ ਉਸ ਦੀ ਹਿੰਮਤ ਨਾ ਪਈ। ਉੱਠ ਕੇ ਗੁਰਬਾਣੀ ਚੈਨਲ ਲਾ ਦਿੱਤਾ ਤੇ ਵਾਗੁਰੂ ਵਾਗੁਰੂ ਕਰਨ ਲੱਗੀ।

ਉਹਲੇ ਉਹਲੇ ਬਰੇਸੀ ਤੇ ਪੀਤੇ ਦੀ ਕੁੜ-ਕੁੜ ਸ਼ੁਰੂ ਹੋ ਗਈ ਸੀ। ਝਈਆਂ ਲੈ ਲੈ ਇਕ ਦੂਜੇ ਨੂੰ ਪੈਂਦੇ ਮਾਤਾ ਵੱਲ ਇਸ਼ਾਰੇ ਕਰਦੇ ਮਾਤਾ ਨੇ ਵੇਖ ਲਏ। ਖੋਰੇ ਕਹਿੰਦੇ ਹੋਣ ਚੁੱਪ ਕਰ! ਬੀਬੀ ਵੇਖ ਸੁਣ ਰਹੀ ਹੈ। ਮਾਤਾ ਅੰਦਰੋਂ ਡਰਨ ਲੱਗੀ ਸੀ ਕਿ ਕਿਤੇ ਇਨ੍ਹਾਂ ਦਾ ਝਗੜਾ ਮੇਰੇ ਨਾਮ ਨਾ ਲੱਗ ਜਾਏ।

'ਰੱਬਾ! ਸ਼ਾਂਤੀ ਦਾ ਦਾਨ ਦੇਹ ਇਨ੍ਹਾਂ ਨੂੰ... ਸੁਮੱਤ ਬਖ਼ਸ਼।'

ਉੱਠ ਕੇ ਚਾਹ ਬਣਾਉਣ ਲੱਗੀ ਪਰ ਵਾਪਸ ਮੁੜ ਆਈ। ਇਹਨੇ ਅੰਨ੍ਹੇ ਹੋਏ ਨੇ ਚਾਹ ਕੀ ਪੀਣੀ? ਉਹ ਹਉਕੇ ਭਰਦੀ ਉਸ ਦਾ ਮੋਢਾ ਫੜ ਬੈਠੀ। ਕੁੱਝ ਕਹਿਣਾ ਸਮਝਾਉਣਾ ਚਾਹੁੰਦੀ ਸੀ ਪਰ ਕਹਿਣ ਵਾਲੇ ਬੋਲ ਉਸ ਦੀ ਸੰਘੀ ਅੰਦਰ ਹੀ ਨਪੀੜੇ ਗਏ। ਪੀਤਾ ਫਿਰ ਲਾਲੋ ਲਾਲ ਹੋਇਆ ਬਰੇਸੀ ਦੇ ਨਾਮ 'ਤੇ ਬਕੜਵਾਹ ਕਰਨ ਲੱਗਾ। ਬਾਹਰ ਨਿਕਲ ਕੇ ਕਾਰ ਦੀ ਡਿੱਗੀ 'ਚੋਂ ਬੋਤਲ ਕੱਢ ਲਿਆਇਆ ਟੀ. ਵੀ. ਸਾਹਮਣੇ ਬੈਠ ਗਿਆ। ਗਲਾਸੀ ਭਰ ਕੇ ਟੀ. ਵੀ. ਵਾਲੇ ਵਾਧਰੇ 'ਤੇ ਟਿਕਾ ਦਿੱਤੀ। ਪੈਰ ਟੀ. ਵੀ. ਦੀ ਸਕਰੀਨ ਨਾਲ ਅਟਕਾ ਲਏ ਵੇਖ ਕੇ ਮਾਤਾ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ।

'ਵੇ ਪੁੱਤਰ! ਏਨਾ ਪਾਪ ਨਾ ਚੜ੍ਹਾ। ਇਹ ਤਾਂ ਬੜੀ ਕਰੋਪੀ ਹੁੰਦੀ ਆ। ਲੋਕ ਇਹਨੂੰ ਮੱਥਾ ਟੇਕਦੇ, ਸਿਰ ਨਿਵਾਉਂਦੇ ਨੇ ਤੇ ਤੂੰ ਉਹਨੂੰ ਪੈਰ ਛੁਹਾ ਰਿਹੈਂ! ਜੀਹਦੇ ਵਿਚੋਂ ਬਾਬਾ ਦਰਸ਼ਨ ਦਿੰਦਾ ਹੈ।'

'ਓਹੋ! ਸੋਰੀ।' ਪੀਤੇ ਨੇ ਮੁਆਫ਼ੀ ਮੰਗ ਕੇ ਮਾਤਾ ਦੀ ਸ਼ਰਧਾ ਦਾ ਸਤਿਕਾਰ ਕਰਦੇ ਪੈਰ ਥੱਲੇ ਉਤਾਰ ਲਏ।

ਇਕ ਦਿਨ ਆਪਣਾ ਦੰਦਾਂ ਵਾਲਾ ਬੁਰਸ਼ ਕੂੜੇ ਵਾਲੇ ਢੋਲ ਵਿਚ ਵੇਖ ਕੇ ਮਾਤਾ ਸੁੰਡੀ ਵਾਂਗ ਤੜਫ਼ ਉੱਠੀ। ਨੂੰਹ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ।

'ਮਾਤਾ ਜੀ! ਇਹ ਬੁਰਸ਼ ਪੁਰਾਣਾ ਹੋ ਗਿਆ ਸੀ, ਮੈਂ ਤੁਹਾਨੂੰ ਨਵਾਂ ਦੇ ਦਿੱਤਾ ਹੈ... ਤੁਹਾਡੇ ਮੂੰਹ 'ਚੋਂ ਬਦਬੂ ਆਉਣ ਲੱਗੀ ਸੀ।'

'ਤੇ ਪੁੱਤ! ਪੁਰਾਣੇ ਏਦਾਂ ਕੂੜੇ ਕਰਕਟ ਵਿਚ ਸੁੱਟ ਪਾਈਦੇ ਨੇ? ਮੇਰਾ ਤਾਂ ਅਜੇ ਚੰਗਾ ਭਲਾ ਕੰਮ ਤੁਰਿਆ ਜਾਂਦਾ ਸੀ... ਕੀੜੇ ਪਏ ਹੋਏ ਨੇ ਮੇਰੇ ਮੂੰਹ 'ਚ?'

ਅਖੀਰਲੇ ਬੋਲ ਦਾੜ੍ਹਾਂ ਥੱਲੇ ਨੱਪ ਕੇ ਆਪਣੇ ਆਪ ਨੂੰ ਅੰਦਰੋਂ ਅੰਦਰ ਭੰਡੀਆਂ ਗੰਦੀਆਂ ਗਾਲ੍ਹਾਂ ਕੱਢਦੀ ਆਪਣਾ ਗੁੱਸਾ ਠੰਢਾ ਕੀਤਾ। ਇਸ ਅਪਮਾਨ ਤੇ ਤ੍ਰਿਸਕਾਰ ਨੇ ਬੁਢਾਪੇ ਦੀਆਂ ਤਰਕਾਲਾਂ ਦੀ ਅਗਾਊਂ ਖ਼ਤਰੇ ਦੀ ਘੰਟੀ ਵਜਾ ਦਿੱਤੀ। ਅਜਿਹੀ ਮੰਦਹਾਲੀ ਆਪਣੇ ਹੱਡਾਂ 'ਤੇ ਹੰਢਾਉਂਦੀ ਜਲਦੀ ਹੀ ਉਹ ਮੂੰਹ ਮੋੜਨ ਲੱਗੀ। ਅਮਰੀਕਾ ਦੀ ਸੁਹਬਤ ਹੌਲੀ ਹੌਲੀ ਰੰਗ ਦਿਖਾਉਣ ਲੱਗੀ। ਪਿਛਲੇ ਨੌਕਰ ਚਾਕਰ ਤੇ ਕੰਮੀ ਕਮੀਣ ਉਸ ਦੇ ਚੇਤੇ ਆਉਣ ਲੱਗੇ। ਉਸ ਨੂੰ ਤੋਰਦੇ ਸਮੇਂ ਸਾਰੇ ਅੱਖਾਂ ਭਰ ਕੇ ਰੋਏ ਸਨ ਤੇ ਉਹਨੇ ਉਨ੍ਹਾਂ ਨੂੰ ਦਸ ਵੀਹ ਸੌ ਪੰਜਾਹ ਦੇ ਨੋਟ ਫੜਾਉਂਦਿਆਂ ਚੁੱਪ ਕਰਾਉਂਦਿਆਂ ਹਾਸਾ ਬਿਖੇਰ ਦਿੱਤਾ ਸੀ।

'ਤੁਸੀਂ ਨਾ ਰੋਵੋ! ਰੋਣਾ ਤਾਂ ਮੈਨੂੰ ਚਾਹੀਦਾ, ਜੋ ਜਾ ਕੇ ਮੈਨੂੰ ਵੀ ਤੁਹਾਡੇ ਵਾਲਾ ਕੰਮ ਕਰਨਾ ਪੈਣਾ ਹੈ।' ਲੋਕਾਂ ਦੀਆਂ ਸੁਣੀਆਂ ਸੁਣਾਈਆਂ ਸੁਣਾ ਕੇ ਗੱਲ ਹਾਸੇ ਪਾ ਦਿੱਤੀ ਸੀ।

ਬਾਹਰੋਂ ਅੰਦਰ ਵੜਦੀ ਬਰੇਸੀ ਨੇ ਮਾਤਾ ਦਾ ਮੂੰਹ ਹਿੱਲਦਾ ਵੇਖ ਕੇ ਮੂੰਹ ਵੱਟ ਲਿਆ। ਮਾਤਾ ਨੇ ਰੋਜ਼ ਵਾਂਗ ਉੱਠ ਕੇ ਗੈਸ ਚਲਾਇਆ ਤੇ ਉਸ ਵਾਸਤੇ ਚਾਹ ਧਰ ਦਿੱਤੀ। ਬਰੇਸੀ ਦੇ ਚੇਂਜ ਕਰ ਕੇ ਮੁੜਨ ਤੱਕ ਮਾਤਾ ਦਰੀ 'ਤੇ ਡਿੱਗੇ ਨਿਆਣਿਆਂ ਦੀ ਛੱਡੀ ਜੂਠ ਮੀਠ ਭੋਰੇ ਤੇ ਕਿਣਕੇ ਚੁਣ ਚੁਣ ਦਰੀ ਸਾਫ਼ ਕਰ ਰਹੀ ਸੀ।

'ਮੈਂ ਚਾਹ ਨਹੀਂ ਪੀਣੀ।' ਬਰੇਸੀ ਦਾ ਖੁਸ਼ਕ ਰੁੱਖਾ ਜੁਆਬ ਸੁਣ ਕੇ ਮਾਤਾ ਦੇ ਹੱਥ ਦਾ ਕੱਪ ਥਿੜਕ ਗਿਆ।

ਸਾਫ਼ ਕੀਤੇ ਹੋਏ ਭਾਂਡੇ ਫੜ ਕੇ ਦੋਬਾਰਾ ਧੋਣ ਲੱਗੀ ਜਿਵੇਂ ਕਹਿ ਰਹੀ ਹੋਵੇ ਇਹ ਚੰਗੀ ਤਰ੍ਹਾਂ ਨਹੀਂ ਧੋਤੇ।

'ਕੋਹ ਨਾ ਤੁਰੀ ਤੇ ਬਾਬਾ ਤਿਹਾਈ!' ਨੂੰਹ ਦੇ ਬਦਲੇ ਹੋਏ ਵਰਤਾਰੇ ਵੇਖ ਕੇ ਮਾਤਾ ਨੂੰ ਚਿੰਤਾ ਜਿਹੀ ਹੋ ਗਈ।

'ਕੀ ਗੱਲ ਬੇਟਾ! ਅੱਜ ਕੁਛ ਅਵਾਜ਼ਾਰ ਜਿਹੀ ਲੱਗਦੀ ਏਂ।'

'ਨਾ ਬੀ ਜੀ! ਜੀ ਸਭ ਠੀਕ ਹੈ।' ਉਸ ਨੇ ਨਕਲੀ ਜਿਹੀ ਹਾਸੀ ਹੱਸਦੇ ਮਾਂ ਨੂੰ ਚੁੱਪ ਕਰਾ ਦਿੱਤਾ ਤੇ ਨਿਆਣੇ ਖਿੱਚ ਕੇ ਪਰੇ ਲੈ ਗਈ।

'ਮੈਂ ਕਿਹਾ ਤੁਹਾਡੀ ਮਦਦ ਕਰ ਦਿਆਂ... ਤੁਹਾਨੂੰ ਕੰਮ ਕੁੱਝ ਜ਼ਿਆਦਾ ਕਰਨਾ ਪੈਂਦਾ ਹੈ ਨਾ।'

ਮਾਂ ਦੇ ਕਲੇਜੇ ਇਕ ਵਹਿਮ ਜਿਹਾ ਦੜ ਗਿਆ। ਉਹ ਚੁੱਪ ਚੁਪੀਤੀ ਗੁੰਮ ਜਿਹੀ ਹੋ ਗਈ। ਪ੍ਰੈੱਸ ਕਰਦੀ ਤੋਂ ਉਸ ਦੀ ਸਲਵਾਰ ਦਾ ਸੜਿਆ ਪੌਂਚਾ ਜਦ ਉਹ ਦੇਖੇਗੀ ਤਾਂ ਪਤਾ ਨਹੀਂ ਕੀ ਤੂਫ਼ਾਨ ਮਚਾਏਗੀ। ਜ਼ਰੂਰ ਕਹੇਗੀ ਬੁੱਢੜੀ ਨੇ ਮੇਰਾ ਕੀਮਤੀ ਸੂਟ ਰੱਦੀ ਕਰ ਦਿੱਤਾ ਹੈ!

ਵਾਪਸੀ ਘਰ ਦੇ ਦਰਵਾਜ਼ੇ ਮੂਹਰੇ ਪਹੁੰਚਣ ਤੱਕ ਮਾਤਾ ਦਾ ਮਨ ਡੁੱਬਣ ਲੱਗਾ। ਨੂੰਹ ਤੇ ਬੱਚਿਆਂ ਦੇ ਰੋਜ਼ ਬਦਲਦੇ ਵਤੀਰੇ ਤੇ ਭੰਨ ਤੋੜ ਉਸ ਦੀਆਂ ਅੱਖਾਂ ਵਿਚ ਸਿੰਮ ਕੇ ਕਈ ਇਬਾਰਤਾਂ ਲਿਖ ਗਏ।

'ਕਿੱਥੇ ਡੁੱਬ ਗਈ ਮਾਤਾ! ਕਿਨ੍ਹਾਂ ਵਹਿਣਾਂ ਵਿਚ? ਤੂੰ ਭੋਰਾ ਫ਼ਿਕਰ ਨਾ ਕਰ। ਤੈਨੂੰ ਉੱਥੇ ਨਹੀਂ ਭੇਜਦਾ। ਤੇਰੀ ਮੂੰਹੋਂ ਕੱਢੀ ਹਰ ਖ਼ਾਹਿਸ਼ ਪੂਰੀ ਕਰੇਗਾ ਤੇਰਾ ਇਹ ਪਤੰਦਰ... ਤੂੰ ਹੁਕਮ ਕਰ ਕੇ ਵੇਖ।' ਕਾਰ ਵਿਚੋਂ ਮੋਢਾ ਹਲੂਣਦੇ ਪੀਤੇ ਨੇ ਮਾਤਾ ਨੂੰ ਬਾਂਹਾਂ ਵਿਚ ਘੁੱਟ ਕੇ ਹੇਠਾਂ ਉਤਾਰ ਲਿਆ।

'ਇੱਥੇ ਨੂੰਹਾਂ ਦੇ ਘਰ ਹੁੰਦੇ ਨੇ, ਸੱਸਾਂ ਦੇ ਨਹੀਂ... ਸੱਸਾਂ ਦੇ ਤਾਂ...।' ਉਸ ਦੇ ਪੈਰ ਅਟਕ ਗਏ।

'ਪੁੱਤ ਜੇ ਆਖ਼ਰ ਉੱਥੇ ਹੀ ਜਾਣਾ ਪੈਣਾ ਹੈ ਤਾਂ ਉਹ ਭਜਨੀ ਦੇ ਨਾਲ ਵਾਲਾ ਬੈੱਡ ਤਾਂ ਖਾਲੀ ਹੋਣ ਵਾਲਾ ਹੈ। ਘੋਰੜੂ ਵੱਜ ਰਿਹਾ ਸੀ। ਹੁਣੇ ਮੇਰੇ ਲਈ ਰਾਖਵਾਂ ਰਖਵਾ ਲਈਂ। ਵਾਹਵਾ ਸੁਹਣਾ ਹਵਾਦਾਰ ਹੈ ਤਾਕੀ ਦੇ ਕੋਲ।' ਝਕਦੀ-ਝਕਦੀ ਮਾਤਾ ਨੇ ਤਰਲਾ ਜਿਹਾ ਕਰ ਕੇ ਪੁੱਤਰ ਦੀਆਂ ਨਜ਼ਰਾਂ 'ਚੋਂ ਨਜ਼ਰਾਂ ਚੁਰਾ ਕੇ ਅੰਦਰਲੀ ਖ਼ਾਹਿਸ਼ ਪ੍ਰਗਟ ਕਰ ਦਿੱਤੀ।

# ਸ਼ਬਦ ਦੀ ਸ਼ਕਤੀ ਤੇ ਬੋਲੀ ਦੀ ਅਲੋਕਾਰਤਾ ਦਾ ਜਾਦੂਗਰ ਬਲਵੰਤ ਗਾਰਗੀ

**ਕਲਮੀ ਚਿੱਤਰ**

**'ਪੰਜਾਬ ਟਾਈਮਜ਼' ਦੇ ਪਿਛਲੇ ਅੰਕਾਂ ਵਿਚ ਅਸੀਂ ਉਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਦੇ ਕਾਲਮ 'ਕਲਮਾਂ ਵਾਲੀਆਂ' ਤਹਿਤ ਔਰਤ ਲਿਖਾਰੀਆਂ ਦੀ ਜ਼ਿੰਦਗੀ ਅਤੇ ਸਾਹਿਤ ਬਾਰੇ ਲੜੀ ਛਾਪੀ ਜਿਸ ਨੂੰ ਭਰਪੂਰ ਹੁੰਗਾਰਾ ਮਿਲਿਆ। ਹੁਣ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਆਪਣੇ ਸਾਹਿਤਕਾਰ ਦੋਸਤਾਂ ਬਾਰੇ 'ਕਲਮੀ ਚਿੱਤਰ' ਭੇਜੇ ਹਨ, ਜਿਸ ਵਿਚ ਉਨ੍ਹਾਂ ਵੱਖ-ਵੱਖ ਲਿਖਾਰੀਆਂ ਬਾਰੇ ਬੜੀਆਂ ਦਿਲਚਸਪ ਅਤੇ ਅਣਛੋਹੀਆਂ ਗੱਲਾਂ ਕੀਤੀਆਂ ਹਨ। ਗੁਰਬਚਨ ਸਿੰਘ ਭੁੱਲਰ ਨੇ ਆਪਣੀ ਹਯਾਤੀ ਦਾ ਵੱਡਾ ਹਿੱਸਾ ਭਾਵੇਂ ਦਿੱਲੀ ਵਰਗੇ ਮਹਾਂਨਗਰ ਵਿਚ ਗੁਜ਼ਾਰਿਆ ਪਰ ਉਨ੍ਹਾਂ ਦੀਆਂ ਰਚਨਾਵਾਂ ਵਿਚ ਪਿੰਡਾਂ ਅਤੇ ਪੇਂਡੂ ਰਹਿਤਲ ਦੇ ਰੰਗ ਅਛੋਪਲੇ ਜਿਹੇ ਆਣ ਜੁੜਦੇ ਹਨ। ਉਨ੍ਹਾਂ ਦੀਆਂ ਕਿਰਤਾਂ ਵਿਚ ਸੁਹਜ ਅਤੇ ਸਲੀਕਾ ਆਪਣੀ ਮਿਸਾਲ ਆਪ ਬਣਦਾ ਹੈ। ਉਨ੍ਹਾਂ ਦੀਆਂ ਕਹਾਣੀਆਂ, ਪਲੇਠੇ ਤੇ ਇਕੋ-ਇਕ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਅਤੇ ਹੋਰ ਰਚਨਾਵਾਂ ਵਿਚ ਇਹ ਰੰਗ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਲੜੀ ਤਹਿਤ ਇਸ ਵਾਰ ਉੱਘਾ ਲੇਖਕ ਬਲਵੰਤ ਗਾਰਗੀ ਪਾਠਕਾਂ ਦੀ ਨਜ਼ਰ ਹੈ।**



**ਗੁਰਬਚਨ ਸਿੰਘ ਭੁੱਲਰ**
ਫੋਨ:+91-80763-63058

ਬਲਵੰਤ ਗਾਰਗੀ ਨੂੰ ਮੈਂ ਪਹਿਲੀ ਵਾਰ ਦੰਦਾਂ ਦੇ ਡਾਕਟਰ ਪਿਆਰਾ ਸਿੰਘ ਪਲਟਾ ਦੀ ਦੁਕਾਨ ਵਿਚ ਮਿਲਿਆ। ਦੁਕਾਨ ਚਲਦੀ ਨਹੀਂ ਸੀ। ਉਹਨੇ ਸੋਚਿਆ, ਲੋਕਾਂ ਉੱਤੇ ਰੁਅਬ ਜਮਾਉਣ ਲਈ ਫੋਨ ਸਹਾਈ ਰਹੇਗਾ। ਫੋਨ ਲੁਆ ਲਿਆ, ਪਰ ਅਜੇ ਕੁਨੈਕਸ਼ਨ ਨਹੀਂ ਸੀ ਮਿਲਿਆ। ਦੁਕਾਨ ਵਿਚ ਆਏ ਮਰੀਜ਼ ਨੂੰ ਪ੍ਰਭਾਵਿਤ ਕਰਨ ਲਈ ਪਤਨੀ ਸਤਵੰਤ, ਜਿਸ ਨੂੰ ਉਹਨੇ ਨਰਸ ਵਾਲੀ ਵਰਦੀ ਪੁਆ ਦਿੱਤੀ ਸੀ, ਦੂਜੇ ਕਮਰੇ ਵਿਚ ਜਾ ਕੇ ਫੋਨ ਦੀ ਘੰਟੀ ਵਾਂਗ ਘੰਟੇ ਦਾ ਅਲਾਰਮ ਵਜਾ ਦਿੰਦੀ। ਉਹ ਬਹੁਤ ਰੁੱਝਿਆ ਹੋਇਆ ਡਾਕਟਰ ਹੋਣ ਦਾ ਦਿਖਾਵਾ ਕਰਨ ਵਾਸਤੇ ਫੋਨ ਚੁਕਦਾ ਅਤੇ ਅਣਹੋਂਦੇ ਤੇ ਅਣਸੁਣਦੇ ਮਰੀਜ਼ ਨਾਲ ਗੱਲਾਂ ਕਰਨ ਲਗਦਾ। ਇਕ ਦਿਨ ਇਕ 'ਮਰੀਜ਼' ਦੀ ਵਾਰ-ਵਾਰ ਦੀ ਬੇਚੈਨੀ ਤੇ ਕਾਹਲੀ ਦੀ ਪ੍ਰਵਾਹ ਨਾ ਕਰਦਿਆਂ ਉਹਨੇ ਕਿਸੇ ਹੋਰ ਮਰੀਜ਼ ਨਾਲ ਲੰਮੀ ਗੱਲਬਾਤ ਤੋਂ ਵਿਹਲਾ ਹੋ ਕੇ ਉਸ ਵੱਲ ਧਿਆਨ ਦੇਣ ਦੀ ਕਿਰਪਾ ਕੀਤੀ ਤਾਂ ਅੱਗੋਂ ਉਹ ਬੋਲਿਆ, ਜੀ ਮੈਂ ਤੁਹਾਡੇ ਇਸ ਨਵੇਂ ਫੋਨ ਦਾ ਕੁਨੈਕਸ਼ਨ ਦੇਣ ਆਇਆ ਹਾਂ! 'ਡਾਕਟਰ ਪਲਟਾ' ਸਾਡੀ ਸਕੂਲੀ ਪਾਠ-ਪੁਸਤਕ ਵਿਚ ਗਾਰਗੀ ਦਾ ਲਿਖਿਆ ਹੋਇਆ ਇਕਾਂਗੀ ਨਾਟਕ ਸੀ। ਉਸ ਉਮਰ ਦੀ ਅਕਲ ਅਨੁਸਾਰ ਵੀ ਇਸ ਨਾਟਕ ਦੀ ਕਹਾਣੀ ਸਿੱਧੀ ਸਮਝ ਆਉਣ ਵਾਲੀ ਸੀ ਅਤੇ ਬੋਲੀ ਆਮ ਬੋਲਚਾਲ ਵਾਲੀ ਸਰਲ ਸੀ। ਅਸੀਂ ਪਹਿਲਾਂ ਡਾਕਟਰ ਪਲਟਾ ਦੀ ਚਲਾਕੀ ਨੂੰ ਤੇ ਫੇਰ ਉਹਦੀ ਪਰੇਸ਼ਾਨੀ ਨੂੰ ਸੁਆਦ ਲੈ-ਲੈ ਪੜ੍ਹਦੇ ਤੇ ਇਕ ਦੂਜੇ ਨਾਲ ਸਾਂਝੀ ਕਰਦੇ।

ਇਹ ਗਾਰਗੀ ਦੀ ਸਾਹਿਤਕ ਜਾਦੂਗਰੀ ਹੀ ਸਮਝੋ ਕਿ ਅੱਜ ਵੀ ਇਹ ਨਾਟਕ ਚੇਤੇ ਆ ਕੇ ਮਨ ਵਿਚ ਕੁਤਕੁਤਾੜੀ ਕੱਢ ਜਾਂਦਾ ਹੈ। ਅੱਗੇ ਚੱਲ ਕੇ ਭਾਵੇਂ ਉਹਨੇ ਪੂਰੇ ਤੇ ਇਕਾਂਗੀ ਨਾਟਕ ਲਿਖੇ, ਕਹਾਣੀਆਂ, ਨਾਵਲ ਤੇ ਕਲਮੀ ਚਿੱਤਰ ਲਿਖੇ ਜਾਂ ਫੇਰ ਲੇਖ, ਆਦਿ ਕੁਝ ਹੋਰ ਲਿਖਿਆ, ਵਿਸ਼ੇ ਦਾ ਦਿਲਚਸਪ ਹੋਣਾ ਤੇ ਬੋਲੀ ਦਾ ਸਰਲ ਤੇ ਕਰਾਰੀ-ਟੁਣਕਾਰੀ ਹੋਣਾ ਉਹਦੇ ਮੀਰੀ ਗੁਣ ਰਹੇ। ਰਚਨਾ ਕਰਨੀ ਹੋਵੇ ਜਾਂ ਨਾਟਕ ਖੇਡਣਾ ਹੋਵੇ ਜਾਂ ਫੇਰ ਮਿਰਚ-ਮਸਾਲੇ ਵਾਲੀ ਮਾਂਹਾਂ ਦੀ ਦਾਲ ਬਣਾਉਣੀ ਹੋਵੇ, ਉਹ ਸੰਪੂਰਨਤਾਵਾਦੀ ਸੀ। ਘੱਟੋ-ਘੱਟ ਉਹ ਆਪਣੀ ਕੀਤੀ ਕਿਸੇ ਰਚਨਾ ਜਾਂ ਆਪਣੇ ਕੀਤੇ ਕਿਸੇ ਕੰਮ ਵਿਚ ਆਪਣੇ ਵੱਲੋਂ ਕੋਈ ਕਸਰ ਨਹੀਂ ਸੀ ਰਹਿਣ ਦੇਣੀ ਚਾਹੁੰਦਾ। ਪਾਠ-ਪੁਸਤਕ ਵਿਚੋਂ ਬਲਵੰਤ ਗਾਰਗੀ ਦਾ ਨਾਂ ਇਸ ਕਰਕੇ ਵੀ ਚੰਗਾ ਲਗਦਾ ਕਿ ਉਹ ਸਾਡੇ ਬਠਿੰਡੇ ਦਾ ਸੀ। ਹਾਂ, ਬਲਵੰਤ ਤਾਂ ਠੀਕ ਸੀ, ਗਾਰਗੀ ਜ਼ਰੂਰ ਜਨਾਨੀਆਂ ਵਾਲਾ ਨਾਂ ਲਗਦਾ। ਸਾਡੇ ਗਿਆਨੀ ਮਾਸਟਰ ਜੀ ਨੇ ਸਪੱਸ਼ਟ ਕੀਤਾ ਕਿ ਉਹ ਹੈ ਤਾਂ ਗਰਗ, ਪਰ ਲੇਖਕ ਹੋਣ ਕਰਕੇ ਆਪਣੇ ਨਾਂ ਨੂੰ ਹੋਰ ਗਰਗਾਂ ਨਾਲੋਂ ਵੱਖਰਾ ਦਿਖਾਉਣ ਵਾਸਤੇ ਗਾਰਗੀ ਲਿਖਣ ਲੱਗ ਪਿਆ ਹੈ।


ਉਹ ਵੱਡੇ ਲੇਖਕਾਂ ਤੋਂ ਬਿਨਾਂ ਬਾਕੀ ਹਮਾਤੜਾਂ ਨੂੰ ਜਾਣਦਿਆਂ ਹੋਇਆਂ ਵੀ ਇਕ-ਦੋ ਵਾਰ ਨਹੀਂ, ਵਾਰ-ਵਾਰ ਅਣਜਾਣਤਾ ਦਿਖਾਉਂਦਾ ਰਹਿੰਦਾ। ਡਾਕਟਰ ਪਲਟਾ ਦੇ ਉਲਟ ਉਹਦੀ ਸਾਹਿਤ ਦੀ ਦੁਕਾਨ ਖ਼ੂਬ ਚਲਦੀ ਹੋਣ ਦੇ ਬਾਵਜੂਦ ਉਹਨੂੰ ਇਉਂ ਡਾਕਟਰ ਪਲਟਾ ਬਣਨ ਦੀ ਲੋੜ ਪਤਾ ਨਹੀਂ ਕਿਉਂ ਪੈਂਦੀ ਸੀ! ਮੈਨੂੰ ਪਹਿਲੀ ਵਾਰ ਉਹ ਭਾਪਾ ਪ੍ਰੀਤਮ ਸਿੰਘ ਦੇ ਦਫ਼ਤਰ ਵਿਚ ਮਿਲਿਆ। ਕੌਫ਼ੀ ਪੀਂਦਿਆਂ ਕਿੰਨਾ ਚਿਰ ਬਠਿੰਡੇ ਦੇ ਇਲਾਕੇ ਦੀਆਂ ਗੱਲਾਂ ਹੁੰਦੀਆਂ ਰਹੀਆਂ। ਤਾਂ ਵੀ ਉਹ ਜਦੋਂ ਕਿਸੇ ਸਾਹਿਤਕ-ਸਭਿਆਚਾਰਕ ਇਕੱਠ ਵਿਚ ਮਿਲਦਾ, ਹਰ ਵਾਰ ਆਪਣੀ ਪਛਾਣ ਦੱਸਣੀ ਪੈਂਦੀ। ਫੇਰ ਇਕ ਅਜਿਹੀ ਘਟਨਾ ਵਾਪਰੀ ਜਿਸ ਪਿੱਛੋਂ ਉਹਨੇ ਮੇਰੀ ਪਛਾਣ ਦਾ ਭੁਲੇਖਾ ਕਦੇ ਨਾ ਖਾਧਾ, ਭਾਵੇਂ ਕਿ ਉਹ ਘਟਨਾ ਵਾਪਰਨ ਵੇਲੇ ਮੈਂ ਉਥੇ ਹਾਜ਼ਰ ਨਹੀਂ ਸੀ।

ਧੀਰ ਜੀ ਦਿੱਲੀ ਆਏ ਉਹਦੇ ਕੋਲ ਠਹਿਰਦੇ ਸਨ। ਮੇਰੇ ਨਾਲ ਦੋਸਤੀ ਬਣੀ ਤਾਂ ਉਹ ਮੇਰੇ ਕੋਲ ਠਹਿਰਨ ਲੱਗੇ। ਪਰ ਉਹ ਹਰ ਵਾਰ ਗਾਰਗੀ ਨੂੰ ਮਿਲਣ ਜ਼ਰੂਰ ਜਾਂਦੇ। ਉਹ ਤੁਰਨ ਲਗਦੇ ਤਾਂ ਗਾਰਗੀ ਆਖਦਾ, 'ਮੇਰੇ ਕੋਲ ਰਹਿ, ਧੀਰ, ਕੀਹਦੇ ਕੋਲ ਜਾਣਾ ਹੈ ਤੂੰ ਹੁਣ?' ਧੀਰ ਜੀ ਆਖਦੇ, 'ਕੁਛ ਕੰਮ ਵੀ ਹੈ, ਮੈਂ ਭੁੱਲਰ ਕੋਲ ਰਹੂੰ।' ਗਾਰਗੀ ਪੁਛਦਾ, 'ਕੌਣ ਭੁੱਲਰ?' ਧੀਰ ਜੀ ਨੇ ਦੋ ਵਾਰ ਸੁਣਿਆ, ਚਾਰ ਵਾਰ ਸੁਣਿਆ, ਆਖ਼ਰ ਪੁਰਾਣੇ ਜਾਣੂ ਸਨ, ਅੰਦਰਲੀ ਗੱਲ ਸਮਝ ਕੇ ਬੋਲੇ, 'ਲਾਲਾ, ਲਾਲਾ, ਹਟ ਜਾ ਤੂੰ ਯਧਖਤੀਆਂ ਕਰਨੋਂ! ਜਾਣਦਾ ਨੀ ਤੂੰ ਭੁੱਲਰ ਨੂੰ? ਭੁੱਲਰ ਜਿਹੜਾ ਤੇਰੇ ਇਲਾਕੇ ਦਾ ਐ, ਕਹਾਣੀਆਂ ਲਿਖਦੈ, ਰੂਸੀ ਅੰਬੈਸੀ ਵਿਚ ਕੰਮ ਕਰਦੈ। ਜੀਹਨੂੰ ਤੂੰ ਪੰਜਾਹ ਵਾਰੀਂ ਮਿਲਿਐਂ। ਹੁਣ ਸਮਝ ਗਿਆ? ਯਾਦ ਰੱਖੀਂ ਹੁਣ, ਭੁੱਲਰ ਕੌਣ ਐ। ਜੇ ਫੇਰ ਇਹ ਚਬਰੀਕੀ ਕੀਤੀ, ਲਾਲਾ, ਮੈਂ ਤੈਨੂੰ ਹੇਠਾਂ ਸਿੱਟ ਕੇ ਕੰਨ ਉੱਤੇ ਗੋਡਾ ਫੇਰੂੰ!' ਉਹ ਦਿਨ ਸੋ ਉਹ ਦਿਨ, ਮੁੜ ਕੇ ਕਦੇ ਉਹ ਮੈਨੂੰ ਧੀਰ ਜੀ ਦੀ ਗ਼ੈਰਹਾਜ਼ਰੀ ਵਿਚ ਵੀ ਨਹੀਂ ਸੀ ਭੁੱਲਿਆ।

ਉਹਦੀਆਂ ਬਹੁਤ ਘੱਟ ਰਚਨਾਵਾਂ ਤੜਕੇ ਤੋਂ ਵਿਰਵੀਆਂ ਹਨ। ਇਕ ਥਾਂ ਉਹ ਲਿਖਦਾ ਹੈ ਕਿ ਕਿਤੇ ਦਿੱਲੀ ਤੋਂ ਬਾਹਰ ਪ੍ਰੋਗਰਾਮ ਦੇ ਕੇ ਆਈ ਪਾਕਿਸਤਾਨੀ ਗਾਇਕਾ ਰੇਸ਼ਮਾ ਨੇ ਵਰ੍ਹਦੇ ਮੀਂਹ ਵਿਚ ਡੂੰਘੀ ਰਾਤ ਉਹਦਾ ਬੂਹਾ ਆ ਖੜਕਾਇਆ। ਪੜ੍ਹ ਕੇ ਮੈਂ ਹੈਰਾਨ ਹੋਇਆ ਕਿ ਰੇਸ਼ਮਾ ਦੀ ਭਾਰਤ-ਫੇਰੀ ਦੇ ਪ੍ਰਬੰਧਕ ਤੇ ਮੇਜ਼ਬਾਨ ਉਹਨੂੰ ਰਾਤ ਨੂੰ ਵਰ੍ਹਦੇ ਮੀਂਹ ਵਿਚ ਬਿਗਾਨੇ ਦੇਸ ਸੜਕ ਉੱਤੇ ਇਕੱਲੀ ਛੱਡ ਕੇ ਕਿਥੇ ਚਲੇ ਗਏ ਸਨ? ਤੇ ਜੇ ਭਲਾ ਉਹ ਚਲੇ ਹੀ ਗਏ ਸਨ, ਕੀ ਰੇਸ਼ਮਾ ਨੂੰ ਕੋਈ ਹੋਟਲ ਨਾ ਦਿੱਸਿਆ ਜੋ ਭੀੜੀ-ਹਨੇਰੀ ਗਲੀ ਦਾ ਗਾਰਾ ਮਿਧਦੀ ਅੱਧੀ ਰਾਤੀਂ ਵਰ੍ਹਦੇ ਮੀਂਹ ਵਿਚ ਗਾਰਗੀ ਦੇ ਘਰ ਆਈ! ਇਸੇ ਤਰ੍ਹਾਂ ਉਹ ਇਕ ਵਾਰ ਅਚਾਨਕ ਪ੍ਰਵੀਨ ਬਾਬੀ ਉਹਦੇ ਘਰ ਆ ਟਪਕੀ ਹੋਣ ਦਾ ਜ਼ਿਕਰ ਕਰਦਾ ਹੈ। ਉਹਦੇ ਇਕ ਬਹੁਤ ਨੇੜਲੇ ਮਿੱਤਰ ਨੇ ਭੇਤ ਦੀ ਗੱਲ ਦੱਸੀ, ਨਾ ਰੇਸ਼ਮਾ ਆਈ ਸੀ ਤੇ ਨਾ ਬਾਬੀ। ਉਹਨੇ ਇਕ ਗੁੱਝੀ ਗੱਲ ਹੋਰ ਦੱਸੀ। ਜਦੋਂ ਕਦੀ ਗਾਰਗੀ ਬੰਬਈ ਜਾਂਦਾ, ਆਪਣੇ ਕਿਸੇ ਫ਼ਿਲਮੀ ਦੋਸਤ ਨੂੰ ਕਿਸੇ ਵੀ ਹੋਣ ਵਾਲੀ ਪਾਰਟੀ ਦੇ ਸੱਦੇ ਦਾ ਪ੍ਰਬੰਧ ਕਰਨ ਲਈ ਆਖਦਾ। ਪਾਰਟੀ ਵਿਚ ਉਹ ਕਿਸੇ ਫ਼ੋਟੋਗ੍ਰਾਫਰ ਨੂੰ ਗੰਢਦਾ ਤੇ ਫੇਰ ਉਹਦਾ ਹੱਥ ਮਿਲਾਉਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ। ਕਿਸੇ ਵੀ ਪਾਰਟੀ ਵਿਚ ਤੁਸੀਂ ਕਿਸੇ ਵੀ ਬੰਦੇ ਵੱਲ 'ਹੈਲੋ, ਫ਼ਲਾਣਾ ਸਾਹਿਬ' ਆਖ ਕੇ ਹੱਥ ਵਧਾ ਦਿਉ, ਉਹ ਮੁਸਕਰਾ ਕੇ ਹੱਥ ਤਾਂ ਮਿਲਾਏਗਾ ਹੀ! ਇਹ ਤਸਵੀਰਾਂ ਮਗਰੋਂ 'ਬਾਵਕਤ ਜ਼ਰੂਰਤ' ਕੰਮ ਆਉਂਦੀਆਂ ਰਹਿੰਦੀਆਂ ਸਨ।

ਗਾਰਗੀ ਨੂੰ ਗੁਰਮੁਖੀ ਚੱਜ ਨਾਲ ਲਿਖਣੀ ਨਹੀਂ ਸੀ ਆਉਂਦੀ ਤੇ ਨਾ ਉਹਨੇ ਅੰਤ ਤੱਕ ਗੁਰਮੁਖੀ ਲਿਖਣ ਦਾ ਕੋਈ ਅਭਿਆਸ ਜਾਂ ਜਤਨ ਹੀ ਕੀਤਾ। ਪਹਿਲੇ ਦੋ ਕੁ ਨਾਟਕ ਉਹਨੇ ਸ਼ਾਹਮੁਖੀ ਲਿਪੀ ਵਿਚ ਲਿਖੇ ਤੇ ਕਿਸੇ ਹੋਰ ਤੋਂ ਗੁਰਮੁਖੀ ਵਿਚ ਲਿਖਵਾਏ। ਫੇਰ ਉਹ ਬੋਲ ਕੇ ਲਿਖਵਾਉਣ ਦੀ ਕਲਾ ਵਿਚ ਪੂਰਾ ਤਾਕ ਹੋ ਗਿਆ। ਅਨੇਕ ਵਿਧਾਵਾਂ ਵਿਚ ਉਹਨੇ ਜੋ ਏਨੀਆਂ ਪੁਸਤਕਾਂ ਰਚੀਆਂ, ਸਭ ਬੋਲ ਕੇ ਲਿਖਵਾਈਆਂ। ਉਹਦਾ ਲਿਖਾਰੀ ਰਿਹਾ ਅਮਰੀਕ ਗਿੱਲ ਆਪਣਾ ਅਨੁਭਵ ਇਉਂ ਬਿਆਨਦਾ ਹੈ, 'ਅਸੀਂ ਤੜਕੇ ਉੱਠ ਕੇ ਕੰਮ ਕਰਦੇ। ਗਾਰਗੀ ਸਾਹਿਬ ਤਖ਼ਤਪੋਸ਼ 'ਤੇ ਚੌਕੜੀ ਮਾਰ ਕੇ ਮੇਜ਼ ਸਾਹਮਣੇ ਬੈਠ ਜਾਂਦੇ ਤੇ ਦੂਸਰੇ ਪਾਸੇ ਮੈਂ। ਉਹ ਲਿਖਣ ਲਈ ਮਹਿੰਗੇ ਸਫ਼ੈਦ ਕਾਗ਼ਜ਼ ਤੇ ਅਮਰੀਕਨ ਬਾਲ-ਪੈਨ ਹੀ ਵਰਤਦੇ। ਉਹ ਮੰਨਦੇ ਸਨ ਕਿ ਸਸਤੀ ਸਟੇਸ਼ਨਰੀ ਨਾਲ ਸਸਤਾ ਸਾਹਿਤ ਹੀ ਲਿਖਿਆ ਜਾ ਸਕਦਾ ਹੈ। ਉਹ ਸਾਹਿਤ ਦੀ ਧੂਣੀ ਜਗਾਉਂਦੇ ਤਾਂ ਵਿਚਾਰਾਂ ਦਾ ਹੜ੍ਹ ਵਗ ਤੁਰਦਾ, ਸਿਰਜਣਾ ਦੀ ਸ਼ੂਕਦੀ ਨਦੀ। ਲੱਖਾਂ ਸ਼ਬਦ ਉਨ੍ਹਾਂ ਸਾਹਮਣੇ ਹੱਥ ਬੰਨ੍ਹੀ ਖੜ੍ਹੇ ਰਹਿੰਦੇ। ਤੇ ਉਹ ਆਪਣੀ ਮਰਜ਼ੀ ਨਾਲ ਸ਼ਬਦ ਚੁਣਦੇ ਤੇ ਜੜਦੇ। ਸੰਵਾਦਾਂ ਨੂੰ ਬੋਲ-ਬੋਲ ਕੇ ਉਨ੍ਹਾਂ ਦੀ ਨਾਟਕੀਅਤਾ ਪਰਖਦੇ। ਇਕ ਸ਼ਬਦ ਨਾ ਜਚਦਾ ਤਾਂ ਉਹਨੂੰ ਕੱਢ ਦੂਸਰਾ ਚਿਣ ਕੇ ਵੇਖਦੇ। ਨਾਟਕੀ ਸੀਨਾਂ ਵਿਚ ਉਨ੍ਹਾਂ ਦਾ ਚਿਹਰਾ ਲਾਲ ਹੋ ਜਾਂਦਾ, ਗੱਲ੍ਹਾਂ 'ਤੇ ਹਲਕੀ ਜਿਹੀ ਕੰਬਣੀ ਤੇ ਸਰੀਰ ਵਿਚ ਕਦੀ-ਕਦੀ ਝੁਣਝੁਣਾਹਟ ਮਹਿਸੂਸ ਕਰਦੇ। ਉਨ੍ਹਾਂ ਨੂੰ ਹਰ ਸ਼ਬਦ ਦੀ ਸ਼ਕਤੀ ਤੇ ਵਜ਼ਨ ਦਾ ਗਿਆਨ ਸੀ।'

ਸ਼ਬਦਾਂ ਦਾ ਇਹ ਪਾਰਖੀ ਉਨ੍ਹਾਂ ਦੀ ਟੁਣਕਾਰ ਸੁਣ ਸਕਦਾ ਸੀ, ਉਨ੍ਹਾਂ ਨੂੰ ਰਗੜ ਕੇ ਚੰਗਿਆੜੇ ਕੱਢ ਸਕਦਾ ਸੀ ਅਤੇ ਉਨ੍ਹਾਂ ਦੀ ਸ਼ਕਤੀ ਨੂੰ ਮਹਿਸੂਸ ਕਰ ਵੀ ਸਕਦਾ ਸੀ ਤੇ ਕਰਵਾ ਵੀ



ਸਕਦਾ ਸੀ। ਪਰ ਉਹ ਵੇਗਵਾਨ ਨਦੀ ਦੇ ਵਹਿਣ ਵਰਗੀ ਜਿੰਨੀ ਖ਼ੂਬਸੂਰਤ ਪੰਜਾਬੀ ਲਿਖਦਾ ਸੀ, ਬੁਲਾਰੇ ਵਜੋਂ ਓਨਾ ਹੀ ਸੰਕੋਚਵਾਂ-ਸੁੰਗੜਵਾਂ ਸੀ। ਉਹ ਕਾਨਫ਼ਰੰਸਾਂ ਵਿਚ ਬਹੁਤ ਘੱਟ ਬੋਲਣ ਬਾਰੇ ਤੇ ਭਾਸ਼ਣ ਦੇਣ ਤੋਂ ਝਿਜਕਣ ਬਾਰੇ ਇਕਬਾਲ ਕਰਦਿਆਂ ਦਸਦਾ ਹੈ ਕਿ ਅਜਿਹਾ ਕਿਸੇ ਨਿਮਰਤਾ ਕਾਰਨ ਨਹੀਂ ਸਗੋਂ ਇਸ ਲਈ ਹੈ ਕਿ ਉਹ ਭਾਸ਼ਣ ਦੇ ਹੀ ਨਹੀਂ ਸਕਦਾ। ਇਕ ਵਾਰ ਪ੍ਰਬੰਧਕਾਂ ਨੇ ਉਹਦੇ ਨਾਟਕ ਦੀ ਪੇਸ਼ਕਾਰੀ ਤੋਂ ਪਹਿਲਾਂ ਬੋਲਣ ਤੋਂ ਨਾਂਹ-ਨੁੱਕਰ ਕਰਦੇ ਗਾਰਗੀ ਨੂੰ ਜ਼ਬਰਦਸਤੀ ਧੱਕ ਕੇ ਮੰਚ ਉੱਤੇ ਖੜ੍ਹਾ ਕਰ ਦਿੱਤਾ। ਉਹਦੇ ਆਪਣੇ ਸ਼ਬਦਾਂ ਵਿਚ ਉਹਦੀਆਂ ਲੱਤਾਂ ਕੰਬਣ ਲੱਗੀਆਂ, ਬੁੱਲ੍ਹ ਫਰਕਣ ਲੱਗੇ, ਰੰਗ ਪੀਲਾ-ਜ਼ਰਦ ਹੋ ਗਿਆ ਤੇ ਅੱਖਾਂ ਅੱਗੇ ਭੰਬੂਤਾਰੇ ਨੱਚਣ ਲੱਗੇ! ਮੇਰੇ ਦੇਖਦਿਆਂ ਇਕ ਵਾਰ ਉਹਨੂੰ ਇਕ ਵੱਡੀ ਪੰਜਾਬੀ ਸਾਹਿਤਕ ਕਾਨਫ਼ਰੰਸ ਦੇ ਨਾਟਕ ਸੰਬੰਧੀ ਸੈਸ਼ਨ ਦਾ ਉਦਘਾਟਨ ਕਰਨ ਦੀ ਬੇਨਤੀ ਕੀਤੀ ਗਈ। ਉਹ ਬੱਤਖ਼ ਵਾਂਗ ਮਟਕ-ਮਟਕ ਤੁਰਦਾ ਮਾਈਕ ਕੋਲ ਗਿਆ ਤੇ 'ਮੈਂ ਇਸ ਸੈਸ਼ਨ ਦਾ ਉਦਘਾਟਨ ਕਰਦਾ ਹਾਂ' ਆਖ ਕੇ ਸਹਿਜ ਨਾਲ ਉਸੇ ਚਾਲ ਚਲਦਾ ਕੁਰਸੀ ਉੱਤੇ ਆ ਬੈਠਾ। ਮੇਰਾ ਲੱਖਣ ਹੈ ਕਿ ਸੰਸਾਰ ਦਾ ਸਭ ਤੋਂ ਛੋਟਾ ਭਾਸ਼ਣ ਦੇਣ ਦਾ ਗਾਰਗੀ ਦਾ ਇਹ ਰਿਕਾਰਡ ਕੋਈ ਵਿਦਵਾਨ, ਕੋਈ ਪ੍ਰੋਫ਼ੈਸਰ, ਕੋਈ ਲੇਖਕ ਅਜੇ ਤੱਕ ਤਾਂ ਤੋੜ ਨਹੀਂ ਸਕਿਆ ਹੋਣਾ!

ਗਾਰਗੀ ਦਾ ਜੱਦੀ-ਪੁਸ਼ਤੀ ਪਰਿਵਾਰਕ ਘਰ ਬਠਿੰਡਾ ਸ਼ਹਿਰ ਵਿਚ ਸੀ, ਕਿਲ੍ਹੇ ਦੇ ਨੇੜੇ। ਇਹ ਉਹੋ ਕਿਲਾ ਹੈ ਜਿਥੇ ਬੰਦੀ ਬਣਾਈ ਗਈ ਸੁਲਤਾਨ ਰਜ਼ੀਆ ਰੱਸਿਆਂ ਨਾਲ ਲਮਕ ਕੇ ਬਚ ਨਿਕਲੀ ਸੀ। ਇਸੇ ਕਰਕੇ ਗਾਰਗੀ ਨੇ 'ਸੁਲਤਾਨ ਰਜ਼ੀਆ' ਨਾਟਕ ਲਿਖਿਆ। ਉਹਦਾ ਨਹਿਰੀ ਕਲਰਕ ਪਿਤਾ ਸ਼ਿਵ ਦਿਆਲ ਲੰਮਾ ਸਮਾਂ ਪਿੰਡ ਸ਼ਹਿਣੇ ਦੀ ਨਹਿਰੀ ਕੋਠੀ ਵਿਚ ਰਹਿੰਦਾ ਰਿਹਾ। ਗਾਰਗੀ ਨੇ ਪ੍ਰਾਇਮਰੀ ਵੀ ਸ਼ਹਿਣੇ ਦੇ ਸਕੂਲੋਂ ਹੀ ਪਾਸ ਕੀਤੀ। ਨਾਨਕੇ ਉਹਦੇ ਤਪਾ ਮੰਡੀ ਸਨ। ਸਾਡੇ ਇਲਾਕੇ ਵਿਚ ਔਰਤਾਂ ਜਣੇਪਾ ਆਮ ਕਰ ਕੇ ਪੇਕੀਂ ਹੀ ਕਰਦੀਆਂ ਸਨ। ਗਾਰਗੀ ਦੇ ਨਾਨਕੇ ਪਰਿਵਾਰ ਨਾਲ ਨੇੜ ਤੋਂ ਇਲਾਵਾ ਗਾਰਗੀ ਨਾਲ ਐਸ. ਤਰਸੇਮ ਦੀ ਰਿਸ਼ਤੇਦਾਰੀ ਵੀ ਸੀ। ਗਾਰਗੀ ਦੀ ਭੈਣ ਦੁਆਰਕੀ ਉਹਦੇ ਤਾਏ ਦੇ ਪੁੱਤਰ ਸੱਤਪਾਲ ਨੂੰ ਵਿਆਹੀ ਹੋਈ ਸੀ। ਤਰਸੇਮ ਦਸਦਾ ਸੀ ਕਿ ਗਾਰਗੀ ਦੀ ਮਾਮੀ ਇਕ ਕਮਰੇ ਵੱਲ ਹੱਥ ਕਰ ਕੇ ਆਖਿਆ ਕਰਦੀ ਸੀ, 'ਔਸ ਕਮਰੇ ਵਿਚ ਮੇਰੀ ਨਨਾਣ ਪੁੰਨੀ ਨੇ ਬਲਵੰਤ ਨੂੰ ਜਨਮ ਦਿੱਤਾ ਸੀ।'

ਬਾਬੂ ਸ਼ਿਵ ਦਿਆਲ ਸੇਵਾ-ਮੁਕਤ ਹੋਣ ਤੋਂ ਪਹਿਲਾਂ ਹੀ ਚਲਾਣਾ ਕਰ ਗਿਆ ਤਾਂ ਨਹਿਰੀ ਮਹਿਕਮੇ ਨੇ ਨੇਮਾਂ-ਅਨੁਸਾਰ ਉਹਦੇ ਚਾਰਾਂ ਪੁੱਤਰਾਂ ਵਿਚੋਂ ਪੜ੍ਹਿਆ ਹੋਇਆ ਹੋਣ ਕਰਕੇ ਬਲਵੰਤ ਨੂੰ ਕਾਨੂੰਗੋ ਲਾਉਣ ਦੀ ਪੇਸ਼ਕਸ਼ ਕੀਤੀ ਜੋ ਉਹਨੇ ਰੱਦ ਕਰ ਦਿੱਤੀ। ਇਕ ਸ਼ਹਿਰੀ ਮੁਲਾਜ਼ਮ ਦੇ ਘਰ ਪੈਦਾ ਹੋਇਆ ਹੋਣ ਸਦਕਾ ਉਹਨੂੰ ਅੱਗੇ ਵਧਣ ਲਈ ਸਾਡੇ ਇਲਾਕੇ ਦੇ ਆਮ ਮੁੰਡਿਆਂ ਨਾਲੋਂ ਵੱਧ ਸਹੂਲਤਾਂ ਤੇ ਮੌਕੇ ਹਾਸਲ ਸਨ। ਅੰਗਰੇਜ਼ੀ ਦੀ ਐਮ. ਏ. ਉਹਨੇ ਸਰਕਾਰੀ ਕਾਲਜ ਲਾਹੌਰ ਤੋਂ ਤੇ ਰਾਜਨੀਤੀ-ਸ਼ਾਸਤਰ ਦੀ ਐਮ. ਏ. ਪ੍ਰਸਿੱਧ ਐਫ਼. ਸੀ. ਕਾਲਜ ਲਾਹੌਰ ਤੋਂ ਕੀਤੀ। ਲਾਹੌਰ ਉਸ ਸਮੇਂ ਸਾਂਝੇ ਪੰਜਾਬ ਦੀ ਰਾਜਧਾਨੀ ਹੀ ਨਹੀਂ, ਸਾਹਿਤ-ਸਭਿਆਚਾਰ ਦਾ ਇਕ ਵੱਡਾ ਕੇਂਦਰ ਵੀ ਸੀ। ਕਹਾਵਤ 'ਜਿਸ ਲਾਹੌਰ ਨਹੀਂ ਦੇਖਿਆ, ਉਹ ਜੰਮਿਆ ਹੀ ਨਹੀਂ' ਉਸ ਸਮੇਂ ਦੇ ਲਾਹੌਰ ਦੇ ਮਹੱਤਵ ਨੂੰ ਹੀ ਪ੍ਰਗਟਾਉਂਦੀ ਹੈ। ਦੇਸ ਦੀ ਵੰਡ ਮਗਰੋਂ ਉਹ ਦਿੱਲੀ ਪਹੁੰਚ ਗਿਆ ਜੋ ਦੇਸ ਦੀ ਰਾਜਧਾਨੀ ਹੋਣ ਤੋਂ ਇਲਾਵਾ ਪਹਿਲਾਂ ਹੀ ਸਾਹਿਤ ਤੇ ਸਭਿਆਚਾਰ ਦਾ ਲਾਹੌਰ ਤੋਂ ਵੀ ਵੱਡਾ ਕੇਂਦਰ ਸੀ ਅਤੇ ਵੰਡ ਦੀ ਮਾਰ ਕਾਰਨ ਆਏ ਇਨ੍ਹਾਂ ਖੇਤਰਾਂ ਦੇ ਨਾਮੀ ਲੋਕਾਂ ਨਾਲ ਇਸ ਪੱਖੋਂ ਹੋਰ ਵੀ ਮਹੱਤਵਪੂਰਨ ਹੋ ਗਿਆ ਸੀ। ਉਹ ਲਿਖਦਾ ਹੈ ਕਿ ਅੰਗਰੇਜ਼ੀ ਸਾਹਿਤ ਤੇ ਪੁਲਿਟੀਕਲ ਸਾਇੰਸ ਦੀਆਂ ਐਮ. ਏ. ਕੀਤੀਆਂ ਸੀ ਤਾਂ ਕਿਤੇ ਪ੍ਰੋਫ਼ੈਸਰ ਲਗਦਾ, ਕਿਤੇ ਤਸੀਲਦਾਰ ਲਗਦਾ, ਪਰ ਮੈਂ ਪੰਜਾਬੀ ਚੁਣੀ ਤੇ ਕੁੱਲ-ਵਕਤੀ ਲੇਖਕ ਬਣ ਕੇ ਇਸੇ ਸਹਾਰੇ ਜੀਵਨ ਬਿਤਾਉਣ ਦਾ ਰਾਹ ਚੁਣਿਆ। ਉਹਨੇ ਕਦੀ-ਕਦਾਈਂ ਮਿਲਣ ਵਾਲੀਆਂ ਰਾਇਲਟੀਆਂ ਤੇ ਟੁੱਟਵੀਆਂ ਨੌਕਰੀਆਂ ਦੇ ਸਹਾਰੇ ਬਾਦਸ਼ਾਹੀ ਵੀ ਬਥੇਰੀ ਭੋਗੀ ਤੇ ਅਨੇਕ ਵਾਰ ਤੰਗੀ-ਤੁਰਸ਼ੀ ਦਾ ਸਾਹਮਣਾ ਵੀ ਕੀਤਾ।

ਪੰਜਾਬੀ ਦੇ ਪੱਖੋਂ ਉਹ ਆਪਣੇ ਆਪ ਨੂੰ ਬੇਝਿਜਕ ਹੋ ਕੇ 'ਅਨਪੜ੍ਹ' ਆਖਦਾ ਸੀ ਜਿਸ ਨੇ ਮਾਲਵੇ ਦੀ ਪੇਂਡੂ ਬੋਲੀ ਇਸ ਲਈ ਵਰਤੀ ਕਿ ਉਸ ਨੂੰ ਹੋਰ ਕੋਈ ਬੋਲੀ ਨਹੀਂ ਸੀ ਆਉਂਦੀ। 'ਅਨਪੜ੍ਹ' ਗਾਰਗੀ ਵਰਗੀ ਪੰਜਾਬੀ 'ਪੜ੍ਹੇ-ਲਿਖੇ' ਲੇਖਕਾਂ ਵਿਚੋਂ ਵੀ ਕਿਸੇ ਵਿਰਲੇ ਨੂੰ ਹੀ ਭਾਵੇਂ ਨਸੀਬ ਹੋਈ ਹੋਵੇ। ਉਹਦੀ ਮਘਦੀ-ਦਗਦੀ ਪੰਜਾਬੀ ਨਿੱਘ ਵੀ ਦਿੰਦੀ ਹੈ ਤੇ ਚਾਨਣ ਵੀ ਕਰਦੀ ਹੈ। ਉਹ ਦਸਦਾ ਸੀ ਕਿ ਮਾਂ ਨੇ ਚਾਰਾਂ ਪੁੱਤਾਂ ਨੂੰ ਡੇਰੇ ਵਾਲੇ ਸਾਧ ਆਤਮਾ ਨੰਦ ਸਾਹਮਣੇ ਖੜ੍ਹੇ ਕਰ ਕੇ ਪੁੱਛਿਆ ਸੀ, 'ਮਹਾਰਾਜ, ਇਨ੍ਹਾਂ ਵਿਚੋਂ ਕਿਹੜੇ ਦੇ ਢਿੱਡ ਵਿਚ ਅੱਖਰ ਪੈਣਗੇ?' ਜਟਾਧਾਰੀ ਸਾਧ ਨੇ ਚਾਰਾਂ ਮੁੰਡਿਆਂ ਨੂੰ ਘੋਖਿਆ ਤੇ ਬਲਵੰਤ ਵੱਲ ਉਂਗਲ ਕਰ ਦਿੱਤੀ। ਗਾਰਗੀ ਲਿਖਦਾ ਹੈ, 'ਜੇ ਸਾਧ ਦੀ ਉਂਗਲ ਕਿਸੇ ਦੂਜੇ ਉੱਤੇ ਟਿਕ ਜਾਂਦੀ ਤਾਂ ਬਲਵੰਤ ਗਾਰਗੀ ਹੁਣ ਲਾਲਾ ਬਲਵੰਤ ਰਾਏ ਐਂਡ ਸਨਜ਼ ਬਣ ਕੇ ਬਠਿੰਡੇ ਦੀ ਸੱਟਾ ਮੰਡੀ ਵਿਚ ਬੈਠਾ ਹੁੰਦਾ।' ਸਾਧ ਆਤਮਾ ਨੰਦ ਦੀ ਕੀਤੀ ਚੋਣ ਉੱਤੇ ਫੁੱਲ ਚੜ੍ਹਾਉਂਦਿਆਂ ਮਾਂ ਬਲਵੰਤ ਨੂੰ ਨਿਹੰਗ ਸਿੰਘਾਂ ਦੇ ਡੇਰੇ ਲੈ ਗਈ ਤੇ ਫ਼ਤਿਹ ਬੁਲਾ ਕੇ ਕਾਕੇ ਨੂੰ ਗੁਰਮੁਖੀ ਸਿਖਾਉਣ ਦੀ ਬੇਨਤੀ ਕੀਤੀ।

ਨਿਹੰਗ ਸਿੰਘ ਨੇ ਰੇਤੇ ਉੱਤੇ ਡਾਂਗ ਨਾਲ ੳ ਪਾ ਕੇ ਇਹਨੂੰ ਯਾਦ ਕਰਨ ਲਈ ਕਿਹਾ। ਭੁੰਜੇ ਬੈਠੇ ਗਾਰਗੀ ਨੇ ਸਿਰ ਚੁੱਕ ਕੇ ਲੰਮੇ-ਉੱਚੇ ਨਿਹੰਗ ਸਿੰਘ ਨੂੰ ਦੇਖਿਆ ਤਾਂ ਇਹਨੂੰ ਉਹਦੀ ਦਾੜ੍ਹੀ ਅਤੇ ਬਹੁਤ ਉੱਚਾ ਦੁਮਾਲਾ ਇਕ ਬਹੁਤ ਵੱਡਾ ੳ ਜਾਪਿਆ। ਅਗਲੇ ਪਾਠ ਵਜੋਂ ਨਿਹੰਗ ਸਿੰਘ ਨੇ ਇਹਦੀ ਉਂਗਲ ਫੜ ਕੇ ਰੇਤੇ ਉੱਤੇ ਚਲਾਈ ਅਤੇ ਏਕਾ ਤੇ ਊੜਾ ਇਕਓਂਕਾਰ ਪਾ ਕੇ ਆਖਿਆ, 'ਸਾਰੇ ਅੱਖਰ ਇਸ ਵਿਚੋਂ ਹੀ ਨਿੱਕਲੇ ਨੇ। ਇਸ ਨੂੰ ਯਾਦ ਕਰ ਲੈ ਤੇ ਸਾਰਾ ਕੁਸ਼ ਯਾਦ ਹੋ ਜੂ। ਸਾਡੇ ਬਚਨ-ਬਲਾਸ ਯਾਦ ਰੱਖੀਂ। ਗੁਰੂ ਭਲੀ ਕਰੂ।' ਗੁਰੂ ਨੇ ਸੱਚਮੁੱਚ ਭਲੀ ਕੀਤੀ। ਨਿਹੰਗ ਸਿੰਘ ਦਾ ਪੜ੍ਹਾਇਆ ਇਹ ਪਾਠਾਂ-ਸਿਰ-ਪਾਠ ਪੜ੍ਹਨ ਮਗਰੋਂ ਉਹਨੂੰ ਅੱਗੇ ਹੋਰ ਗੁਰਮੁਖੀ ਜਾਂ ਪੰਜਾਬੀ ਪੜ੍ਹਨ-ਸਿੱਖਣ ਦੀ ਕੋਈ ਲੋੜ ਹੀ ਨਾ ਰਹੀ! ਉਹਨੇ ਸਾਧ ਆਤਮਾ ਨੰਦ ਤੇ ਨਿਹੰਗ ਸਿੰਘ ਦੇ ਬਚਨਾਂ ਦੀ ਲਾਜ ਰੱਖੀ ਤੇ ਪੰਜਾਬੀ ਲੇਖਕਾਂ ਵਿਚ ਏਨੇ ਉੱਚੇ ਮਰਾਤਬੇ ਤੱਕ ਪਹੁੰਚਿਆ। ਨਿਹੰਗ ਦੇ ਡਾਂਗ ਵਾਲੇ ੳ ਤੱਕ ਗੁਰਮੁਖੀ ਪੜ੍ਹਿਆ ਹੋਇਆ ਗਾਰਗੀ ਕੱਚੀ ਉਮਰ ਦੇ ਗਿਣਵੇਂ ਸਾਲਾਂ ਵਿਚ ਕੰਜੂਸ ਬਾਣੀਏ ਵਾਂਗ ਪੰਜਾਬੀ ਸ਼ਬਦਾਂ ਦੀ ਕਿੰਨੀ ਵੱਡੀ ਪੂੰਜੀ ਜੋੜ ਲਿਆਇਆ ਸੀ, ਉਹਦੀਆਂ ਲਿਖਤਾਂ ਨੂੰ ਪੜ੍ਹਿਆਂ ਹੀ ਜਾਣਿਆ ਜਾ ਸਕਦਾ ਹੈ।

ਬਠਿੰਡੇ ਦੇ ਇਲਾਕੇ ਦੇ ਕੱਕੇ ਰੇਤੇ ਨਾਲ ਖੇਡਦਿਆਂ ਬਚਪਨ ਵਿਚ ਹੋਇਆ ਪਿਆਰ ਗਾਰਗੀ ਨੇ ਅੰਤਲੇ ਸਾਹ ਤੱਕ ਨਿਭਾਇਆ। ਇਸੇ ਕੱਕੇ ਰੇਤੇ ਉੱਤੇ ਪਾਠ ਪੜ੍ਹਾ ਕੇ ਨਿਹੰਗ ਸਿੰਘ ਨੇ ਇਹ ਪਿਆਰ-ਤੰਦਾਂ ਅਟੁੱਟ ਬਣਾ ਦਿੱਤੀਆਂ। ਇਸੇ ਮੋਹ ਸਦਕਾ ਉਹਨੇ ਆਪਣੇ ਪਹਿਲੇ ਨਾਵਲ ਦਾ ਨਾਂ 'ਕੱਕਾ ਰੇਤਾ' ਰੱਖਿਆ। ਭਾਵੇਂ ਉਹ ਦੁਨੀਆ ਦੇ ਕਿਸੇ ਕੋਨੇ ਵਿਚ ਹੁੰਦਾ ਤੇ ਭਾਵੇਂ ਉਹ ਕਿੰਨੇ ਸਾਲ ਬਠਿੰਡੇ ਦਾ ਗੇੜਾ ਨਾ ਮਾਰ ਸਕਦਾ, ਉਹਦੇ ਪੈਰ ਇਸੇ ਰੇਤੇ ਉੱਤੇ ਹੀ ਤੁਰਦੇ! ਵਾਸ਼ਿੰਗਟਨ, ਮਾਸਕੋ, ਪੈਰਿਸ ਤੇ ਲੰਡਨ ਦੀਆਂ ਸੜਕਾਂ ਉੱਤੇ ਘੁੰਮਦਿਆਂ ਉਹਨੂੰ ਪੈਰਾਂ ਹੇਠ ਇਹੋ ਰੇਤਾ ਵਿਛਿਆ ਮਹਿਸੂਸ ਹੁੰਦਾ! ਮਾਂ, ਜੋ ਆਪ ਸਕੂਲੀ ਪੱਖੋਂ ਅਨਪੜ੍ਹ ਸੀ, ਪਰ ਜੀਹਨੂੰ ਏਨੀ ਪੰਜਾਬੀ ਆਉਂਦੀ ਸੀ ਕਿ ਗਾਰਗੀ ਬੋਲੀ ਦੀਆਂ ਬਰੀਕੀਆਂ ਤੇ ਘੁੰਡੀਆਂ ਉਹਤੋਂ ਸਿੱਖ ਸਕੇ, ਬਲਵੰਤ ਦੀ ਥਾਂ ਉਹਨੂੰ ਸਾਰੀ ਉਮਰ ਬਲੰਤ ਆਖ ਕੇ ਹੀ ਬੁਲਾਉਂਦੀ ਰਹੀ। ਜੇ ਹੋਰ ਜਿਉਂਦੀ ਰਹਿੰਦੀ ਤਾਂ ਸ਼ਾਇਦ ਉਹ ਬਲੰਤ ਦੀ ਬੁਲੰਦੀ ਦੇਖ ਕੇ ਇਹਨੂੰ ਚਲੰਤ ਕਹਿਣ ਵਿਚ ਮਾਣ ਮਹਿਸੂਸ ਕਰਦੀ।

ਮੈਂ ਜਿਸ ਨੂੰ ਪਰਖਣਾ ਜਾਂ ਅਜ਼ਮਾਉਣਾ ਕਹਿਣ ਲੱਗ ਪਿਆ ਹਾਂ, ਉਹ ਪਰਤਿਆਉਣਾ ਲਿਖਦਾ ਹੈ। ਲੱਕੜ ਵਿਚ ਛੇਕ ਕਰਨ ਨੂੰ ਉਹ ਸੱਲ ਕੱਢਣਾ ਆਖਦਾ ਹੈ। ਉਹ ਵਸਤਰਾਂ ਨੂੰ ਭੇਛਣ, ਟੀਕੇ ਨੂੰ ਸੂਆ ਤੇ ਚੌਥਾ ਬੱਚਾ ਜੰਮਣ ਨੂੰ ਚੌਥਾ

ਸੂਆ ਪੈਣਾ ਕਹਿੰਦਾ ਹੈ। ਇਕ ਪਾਠਕ ਦੇ ਸਵਾਲ 'ਤੁਸੀਂ ਦਿੱਲੀ ਬੈਠੇ ਪਿੰਡਾਂ ਬਾਰੇ ਕਿਵੇਂ ਲਿਖ ਲੈਂਦੇ ਓ' ਦੇ ਜਵਾਬ ਵਿਚ ਉਹ ਕਹਿੰਦਾ ਹੈ, 'ਪੰਜਾਬੀ ਖਾਣਾ, ਪੰਜਾਬੀ ਜੱਫੀਆਂ, ਪੰਜਾਬੀ ਗੀਤ। ਇਕ ਵਾਰ ਬੰਦਾ ਪਿੰਡ ਵਿਚ ਜੰਮਿਆ ਹੋਵੇ, ਫਿਰ ਭਾਵੇਂ ਉਸ ਨੂੰ ਜੇਲ੍ਹ ਭੇਜ ਦੇਵੋ ਭਾਵੇਂ ਅਮਰੀਕਾ, ਉਹ ਪੰਜਾਬੀ ਨਹੀਂ ਭੁੱਲ ਸਕਦਾ। ਪੰਜਾਬੀ ਸਾਡੇ ਬੁੱਲ੍ਹਾਂ 'ਤੇ ਨਹੀਂ, ਹੱਡਾਂ ਵਿਚ ਹੈ।' ਅਸ਼ਕੇ ਗਾਰਗੀ ਦੀ ਪੰਜਾਬੀ ਦੇ!

ਗਾਰਗੀ ਸਫਲ ਨਾਟਕਾਂ ਦਾ ਲੇਖਕ ਅਤੇ ਹੁਨਰਮੰਦ ਨਿਰਦੇਸ਼ਕ ਸੀ। ਨਾਟਕ ਦੇ ਪਿੜ ਵਿਚ ਉਹਨੇ ਘਾਲਨਾ ਵੀ ਬਹੁਤ ਘਾਲੀ। ਉਹਦੇ ਵਿਸ਼ਿਆਂ ਦੇ ਵਿਸ਼ਾਲ ਖੇਤਰ ਵਿਚ ਸਮਕਾਲੀ ਸਮਾਜ ਦੇ ਨਾਲ-ਨਾਲ ਲੋਕਧਾਰਾ, ਇਤਿਹਾਸ ਤੇ ਮਿਥਿਹਾਸ ਵੀ ਸ਼ਾਮਲ ਸਨ। ਸਮਾਜਕ ਯਥਾਰਥ ਤੋਂ ਇਤਿਹਾਸ-ਮਿਥਿਹਾਸ ਵੱਲ ਜਾਣ ਦਾ ਕਾਰਨ ਉਹਦਾ ਹੌਲੀ-ਹੌਲੀ ਇਸ ਸਿੱਟੇ ਉੱਤੇ ਪੁੱਜਣਾ ਸੀ ਕਿ ਨਾਟਕ ਦੀ ਸੌਖੀ ਸਫਲਤਾ ਲਈ ਕਾਮ ਨਾਲ ਹਿੰਸਾ ਤੇ ਮ੍ਰਿਤੂ ਦੇ ਮੇਲ ਦੀ ਪੱਛਮੀ ਜੁਗਤ ਬੜੀ ਕੰਮ ਦੀ ਚੀਜ਼ ਹੈ। ਇਤਿਹਾਸ-ਮਿਥਿਹਾਸ ਵਿਚੋਂ ਇਨ੍ਹਾਂ ਤਿੰਨਾਂ ਨੂੰ ਸਮੋਣ ਵਾਲੇ ਵਿਸ਼ੇ ਸੌਖਿਆਂ ਹੀ ਮਿਲ ਜਾਂਦੇ ਹਨ। 'ਸੁਲਤਾਨ ਰਜ਼ੀਆ', 'ਸੌਕਣ', 'ਅਭਿਸਾਰਕਾ', ਆਦਿ ਨਾਟਕ ਉਹਦੀ ਇਸੇ ਸੋਚ ਦੀ ਉਪਜ ਸਨ। ਨਾਟਕਾਂ ਦੇ ਰੂਪ ਅਤੇ ਮੰਚ ਦੀ ਤਕਨੀਕ ਲਈ ਉਹਦਾ ਆਧਾਰ ਇਕ ਪਾਸੇ ਬੜੀ ਨਿੱਗਰ ਪ੍ਰੰਪਰਾ ਵਾਲਾ ਸੰਸਕ੍ਰਿਤ ਨਾਟ-ਸੰਸਾਰ ਸੀ ਅਤੇ ਦੂਜੇ ਪਾਸੇ ਸੰਸਾਰ-ਪ੍ਰਸਿੱਧ ਆਧੁਨਿਕ ਨਾਟਕਕਾਰਾਂ ਦੇ ਮੰਚ-ਤਜਰਬੇ ਸਨ। ਆਪਣੇ ਨਾਟਕੀ ਆਧਾਰ, ਉਸਾਰ ਤੇ ਅਨੁਭਵ ਨੂੰ ਲੈ ਕੇ ਉਹਨੇ ਦੋ ਪੁਸਤਕਾਂ 'ਰੰਗਮੰਚ' ਤੇ 'ਲੋਕ ਨਾਟਕ' ਲਿਖੀਆਂ।

'ਰੰਗ ਮੰਚ' ਸਦਕਾ ਉਹਨੂੰ 1962 ਵਿਚ ਸਾਹਿਤ ਅਕਾਦਮੀ ਨੇ ਪੁਰਸਕਾਰਿਆ। ਸੰਗੀਤ ਨਾਟਕ ਅਕਾਦਮੀ ਨੇ ਵੀ ਉਹਨੂੰ ਨਾਟ-ਕਲਾ ਦੇ ਨਿਰਦੇਸ਼ਨ ਜਿਹੇ ਕਿਸੇ ਹੋਰ ਪੱਖ ਦੀ ਥਾਂ 1998 ਵਿਚ ਨਾਟ-ਲੇਖਕ ਵਜੋਂ ਹੀ ਸਨਮਾਨਿਆ। ਉਹਨੂੰ 1972 ਵਿਚ ਪਦਮਸ਼੍ਰੀ ਸਨਮਾਨ ਵੀ ਭੇਟ ਕੀਤਾ ਗਿਆ। ਉਹਦੀ ਕਲਾ ਨੂੰ ਅਨੇਕ ਦੇਸੀ-ਪਰਦੇਸੀ ਮਾਣ-ਸਨਮਾਨ ਹਾਸਲ ਹੋਏ। ਇਹ ਸਿਹਰਾ ਇਕੱਲੇ ਗਾਰਗੀ ਦੇ ਸਿਰ ਬਝਦਾ ਹੈ ਕਿ ਉਹਨੇ ਪੰਜਾਬੀ ਨਾਟਕ ਨੂੰ ਸਹੀ ਅਰਥਾਂ ਵਿਚ ਕੌਮਾਂਤਰੀ ਪਛਾਣ ਦੁਆਈ। ਉਹਦੇ ਨਾਟਕ ਕਈ ਭਾਸ਼ਾਵਾਂ ਵਿਚ ਅਨੁਵਾਦੇ ਗਏ ਅਤੇ ਦੇਸ ਦੇ ਅਨੇਕ ਸ਼ਹਿਰਾਂ ਤੋਂ ਇਲਾਵਾ ਅਮਰੀਕਾ, ਇੰਗਲੈਂਡ, ਰੂਸ, ਜਰਮਨੀ, ਪੋਲੈਂਡ, ਆਦਿ ਦੇਸਾਂ ਵਿਚ ਵੀ ਖੇਡੇ ਤੇ ਸਲਾਹੇ ਗਏ। ਉਹ ਨਾਟਕਕਾਰ ਹੀ ਨਹੀਂ ਸੀ, ਨਾਟ-ਕਲਾ ਦਾ ਚਿੰਤਕ ਤੇ ਸਿਧਾਂਤਕਾਰ ਵੀ ਸੀ। ਉਹਨੇ 1966-67 ਵਿਚ ਅਮਰੀਕਾ ਦੀ ਸਿਆਟਲ ਯੂਨੀਵਰਸਿਟੀ ਵਿਚ ਨਾਟਕ ਪੜ੍ਹਾਇਆ। ਇਥੇ ਹੀ ਉਹਨੂੰ ਭਵਿੱਖੀ ਪਤਨੀ ਜੀਨੀ ਮਿਲੀ। ਉਹਨੇ ਕੋਈ ਇਕ ਦਰਜਨ ਪੱਛਮੀ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਸਾਡੇ ਨਾਟਕ, ਨਾਟ-ਚਿੰਤਨ ਤੇ ਨਾਟ-ਸ਼ਾਸਤਰ ਬਾਰੇ ਭਾਸ਼ਨ ਦੇ ਕੇ ਪੰਜਾਬੀ-ਭਾਰਤੀ ਨਾਟਕ ਦਾ ਪਰਚਮ ਉੱਚਾ ਝੁਲਾਇਆ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਉਹਨੇ ਥੀਏਟਰ ਵਿਭਾਗ ਦਾ ਮੁੱਢ ਬੰਨ੍ਹਿਆ ਅਤੇ ਉਹਦੇ ਬਾਨੀ ਨਿਰਦੇਸ਼ਕ ਵਜੋਂ ਕੰਮ ਕੀਤਾ।

ਉਹਦੇ ਨਾਟਕਾਂ ਬਾਰੇ ਜਾਣਕਾਰਾਂ ਦਾ ਇਹ ਵੀ ਕਹਿਣਾ ਸੀ ਕਿ ਜੇ ਸਾਰਿਆਂ ਦਾ ਨਹੀਂ ਤਾਂ ਉਨ੍ਹਾਂ ਵਿਚੋਂ ਬਹੁਤਿਆਂ ਦਾ ਸਾਰ ਮੌਲਕ ਹੋਣ ਦੀ ਥਾਂ ਹੋਰਾਂ ਥਾਂਵਾਂ ਤੋਂ ਲਿਆ ਗਿਆ ਹੈ ਅਤੇ ਸਥਾਨਕ ਵਿਸ਼ੇ ਤੇ ਪੰਜਾਬੀ ਦੇ ਭਾਸ਼ਾਈ ਮੁਹਾਵਰੇ ਦਾ ਕਰਾਰਾ ਤੜਕਾ ਲਾ ਕੇ ਉਨ੍ਹਾਂ ਨੂੰ ਅਸਲੋਂ ਹੀ ਨਵਾਂ ਰੂਪ ਦੇ ਦਿੱਤਾ ਗਿਆ ਹੈ। ਕਈ ਵਿਰੋਧੀ ਇਹਨੂੰ ਚੋਰੀ ਵੀ ਆਖ ਦਿੰਦੇ। ਉਹ ਸਪੇਨ ਦੇ ਬੇਹੱਦ ਜ਼ਹੀਨ ਨਾਟਕਕਾਰ, ਨਿਰਦੇਸ਼ਕ, ਕਵੀ ਤੇ ਚਿੱਤਰਕਾਰ ਫ਼ੈਡੇਰੀਕੋ ਗਾਰਸੀਆ ਲੋਰਕਾ ਦੇ ਨਾਟਕ 'ਬਲੱਡ ਵੈਡਿੰਗ' (1932) ਨੂੰ ਗਾਰਗੀ ਦੇ 'ਕਣਕ ਦੀ ਬੱਲੀ' (1968) ਦਾ ਅਤੇ 'ਯਰਮਾ' (1934) ਨੂੰ 'ਧੂਣੀ ਦੀ ਅੱਗ' (1977) ਦਾ ਆਧਾਰ ਦਸਦੇ।

ਇਕ ਵਾਰ ਮਿੱਤਰ ਤਾਰਾ ਸਿੰਘ ਨਾਲ, ਜੋ ਗਾਰਗੀ ਦਾ ਵੀ ਬਹੁਤ ਗੂੜ੍ਹਾ ਦੋਸਤ ਸੀ, ਗੱਲ ਚੱਲੀ, ਤਾਂ ਉਹਨੇ ਬੜਾ ਵਧੀਆ ਜਵਾਬ ਦਿੱਤਾ। ਇਕ ਬੰਦੇ ਨੂੰ ਕਲਾ-ਵਸਤਾਂ ਇਕੱਠੀਆਂ ਕਰਨ ਦਾ ਸ਼ੌਕ ਸੀ। ਉਹਦੇ ਘਰ ਮੇਜ਼, ਅਲਮਾਰੀ, ਸਟੂਲ, ਟਾਂਡ, ਆਦਿ ਉੱਤੇ ਤਾਂ ਹੋਣੀਆਂ ਹੀ ਸਨ, ਕੁਰਸੀ ਤੇ ਮੰਜੇ ਉੱਤੇ ਵੀ ਕਲਾ-ਵਸਤਾਂ ਪਈਆਂ ਸਨ। ਸਭ ਉੱਤੇ ਧੂੜ ਦਾ ਜੰਮਣਾ ਵੀ ਕੁਦਰਤੀ ਸੀ। ਇਕ ਦਿਨ ਉਹ ਚੋਰੀ ਹੋ ਗਈਆਂ। ਖੋਜੀ ਦੀ ਫੜੀ ਪੈੜ ਜਿਹੜੇ ਘਰ ਪਹੁੰਚੀ, ਉਹਨੂੰ ਬਾਹਰੋਂ ਜਿੰਦਾ ਲੱਗਿਆ ਹੋਇਆ ਸੀ। ਉਹਨੇ ਖਿੜਕੀ ਵਿਚੋਂ ਅੰਦਰ ਝਾਤ ਮਾਰੀ ਤਾਂ ਸਭ ਵਸਤਾਂ ਝਾੜ-ਪੂੰਝ ਕੇ ਬੜੇ ਸਲੀਕੇ ਨਾਲ ਢੁੱਕਵੇਂ ਥਾਂਵਾਂ ਉੱਤੇ ਸਜਾਈਆਂ ਪਈਆਂ ਸਨ। ਉਹ ਖੋਜੀ ਨੂੰ ਬੋਲਿਆ, 'ਆ ਜਾ, ਚੱਲੀਏ। ਇਹ ਇਥੇ ਹੀ ਸੋਭਦੀਆਂ ਨੇ!' ਤਾਰਾ ਸਿੰਘ ਨੇ ਤੋੜਾ ਝਾੜਿਆ, 'ਜੇ ਲੋਰਕਾ ਆਪ ਵੀ ਗਾਰਗੀ ਦੇ ਨਾਟਕ ਪੜ੍ਹ ਜਾਂ ਦੇਖ ਲਵੇ, ਚੋਰੀ ਤੋਂ ਗੁੱਸੇ ਹੋਣ ਦੀ ਥਾਂ ਖ਼ੁਸ਼ ਹੋ ਕੇ ਆਖੇ, ਇਹਨੇ ਤਾਂ ਮੇਰੀ ਗੱਲ ਮੇਰੇ ਨਾਲੋਂ ਵੀ ਵਧੀਆ ਬਣਾ ਕੇ ਪੇਸ਼ ਕਰ ਦਿੱਤੀ! ਇਹ ਨਾਟਕ ਇਹਦੇ ਹੀ ਨੇ, ਭਾਈ!' ਇਸ ਇਲਜ਼ਾਮ ਬਾਰੇ ਜੇ ਕੋਈ ਗਾਰਗੀ ਨਾਲ਼ ਗੱਲ ਕਰਨ ਦੀ ਹਿੰਮਤ ਕਰਦਾ, ਉਹ ਬੇਝਿਜਕ ਆਖਦਾ ਸੀ ਕਿ ਦੁੱਧ ਦੇ ਗਾਹਕ ਨੂੰ ਵਧੀਆ ਦੁੱਧ ਚਾਹੀਦਾ ਹੈ, ਉਹਨੂੰ ਇਸ ਗੱਲ ਨਾਲ਼ ਕੋਈ ਮਤਲਬ ਨਹੀਂ ਹੁੰਦਾ ਕਿ ਮੱਝ ਦਾ ਮਾਲਕ ਕੌਣ ਹੈ, ਉਹਨੇ ਚਾਰਾ ਕਿਹੜੇ ਖੇਤ ਦਾ ਖਾਧਾ ਹੈ ਤੇ ਪਾਣੀ ਕਿਹੜੇ ਛੱਪੜ ਦਾ ਪੀਤਾ ਹੈ।

ਅਨੇਕ ਵਿਧਾਵਾਂ ਵਿਚ ਲਿਖਦਾ ਹੋਣ ਦੇ ਬਾਵਜੂਦ ਗਾਰਗੀ ਨੂੰ ਕਿਹਾ ਨਾਟਕਕਾਰ ਹੀ ਜਾਂਦਾ ਸੀ। ਬਹੁਤੇ ਲੋਕਾਂ ਨੂੰ ਪਤਾ ਨਹੀਂ, ਉਹ ਕਾਲਜ ਦੇ ਦਿਨਾਂ ਵਿਚ ਕਵਿਤਾਵਾਂ ਲਿਖਦਾ ਹੋਣ ਦੀ ਵੀ ਗੱਲ ਕਰਦਾ ਸੀ ਅਤੇ ਕਵੀ ਬਣਨ ਦਾ ਖ਼ਿਆਲ ਛੱਡਣ ਤੋਂ ਪਹਿਲਾਂ ਤਿੰਨ ਸੌ ਕਵਿਤਾਵਾਂ ਲਿਖ ਲਈਆਂ ਹੋਣ ਦਾ ਦਾਅਵਾ ਕਰਦਾ ਸੀ। ਉਹਨੇ ਦਿਲਚਸਪ ਨਾਵਲਾਂ ਤੇ ਖ਼ੂਬਸੂਰਤ ਕਹਾਣੀਆਂ ਦੀ ਰਚਨਾ ਕੀਤੀ। ਉਹਦੀਆਂ ਕਈ ਕਹਾਣੀਆਂ ਸਮਾਜਕ ਤੇ ਸਭਿਆਚਾਰਕ ਪੱਖੋਂ ਬਹੁਤ ਮਹੱਤਵਪੂਰਨ ਵਿਸ਼ਿਆਂ ਨੂੰ ਛੋਂਹਦੀਆਂ ਹਨ। ਸ਼ਾਇਦ ਬਹੁਤੇ ਪਾਠਕਾਂ ਨੂੰ ਪਤਾ ਨਹੀਂ ਕਿ ਗਾਰਗੀ ਮੁੱਢਲੇ ਦੌਰ ਵਿਚ ਲੰਮਾ ਸਮਾਂ ਅੱਗੇਵਧੂ ਲਹਿਰ, ਖਾਸ ਕਰਕੇ ਇਪਟਾ ਨਾਲ ਜੁੜਿਆ ਰਿਹਾ ਸੀ। ਸੁਭਾਵਿਕ ਸੀ ਕਿ ਉਹਦੀਆਂ ਉਸ ਦੌਰ ਦੀਆਂ ਰਚਨਾਵਾਂ ਲੋਕ-ਪੱਖੀ ਲੱਛਣ ਵਾਲੀਆਂ ਹੁੰਦੀਆਂ। ਮਿਸਾਲ ਵਜੋਂ, ਉਹਦੀ ਕਿਹਾਣੀ 'ਟਿਕਟ ਚੈੱਕਰ'। ਭਾਸ਼ਾ ਤੇ ਸਭਿਆਚਾਰ ਦੀ ਅਸੀਮ ਸ਼ਕਤੀ ਦਾ ਗਿਆਨ ਪ੍ਰਾਪਤ ਕਰਨ ਲਈ ਸਾਡੇ ਵਿਦਵਾਨਾਂ ਦੇ ਇਧਰੋਂ-ਉਧਰੋਂ ਜੁਗਾੜ ਕਰ ਕੇ ਲਿਖੇ ਪੋਥੇ ਪੜ੍ਹਨ ਨਾਲੋਂ ਗਾਰਗੀ ਦੀ ਇਹ ਇਕ ਕਹਾਣੀ ਪੜ੍ਹਨੀ ਵਧੇਰੇ ਲਾਭਦਾਇਕ, ਸਿਖਿਆਦਾਇਕ ਤੇ ਗਿਆਨਦਾਇਕ ਰਹੇਗੀ। ਉਹਦੀ ਕਹਾਣੀ 'ਟਿੱਡਾ ਸਾਈਂ' ਜਿਸ ਸਹਿਜਤਾ ਨਾਲ਼ ਦੋ ਰਹਿਤਲਾਂ ਦਾ ਫ਼ਰਕ ਦਿਖਾਉਂਦੀ ਹੈ, ਇਹ ਕਰਾਮਾਤ ਗਾਰਗੀ ਹੀ ਕਰ ਸਕਦਾ ਸੀ।

ਜਿਵੇਂ ਬਾਜ਼ੀਗਰ ਇਕ ਹਥੇਲੀ ਉੱਤੇ ਸਾਰੇ ਸਰੀਰ ਦਾ ਭਾਰ ਪਾ ਕੇ ਉਲਟੇ ਖੜ੍ਹੇ ਹੋ ਜਾਂਦੇ ਹਨ, ਉਹ ਇਕ ਸ਼ਬਦ ਉੱਤੇ ਸਾਰੀ ਕਹਾਣੀ ਖੜ੍ਹੀ ਕਰ ਸਕਦਾ ਸੀ। 'ਕੜਾਕਾ ਸਿੰਘ' ਕਹਾਣੀ ਪੂਰੀ ਦੀ ਪੂਰੀ ਸਿਰਫ਼ ਇਕ ਸ਼ਬਦ 'ਸ਼ਰਨ' ਦੇ ਸਹਾਰੇ ਟਿਕੀ ਹੋਈ ਹੈ। ਸਰਕਾਰਾਂ ਦੇ ਕੰਮ ਕੱਛੂ-ਚਾਲ ਚਲਦੇ ਹਨ ਅਤੇ ਫ਼ੈਸਲੇ ਦੀ ਉਡੀਕ ਕਰਦੇ-ਕਰਦੇ ਬੰਦੇ ਮਨੁੱਖ ਤੋਂ ਰੁੱਖ ਬਣ ਜਾਂਦੇ ਹਨ। ਕਹਾਣੀ 'ਸੌ ਮੀਲ ਦੌੜ' ਲਾਲਫ਼ੀਤਾਸ਼ਾਹੀ ਦਾ ਪੂਰੀ ਤਰ੍ਹਾਂ ਪਰਦਾਫ਼ਾਸ਼ ਕਰ ਦਿੰਦੀ ਹੈ! ਕੁਦਰਤੀ ਜੀਵਨ ਤੇ ਬਣਾਉਟੀ ਸ਼ਹਿਰੀ ਜੀਵਨ ਦਾ ਫ਼ਰਕ ਵੱਖਰਾ ਉਜਾਗਰ ਹੋ ਜਾਂਦਾ ਹੈ। ਉਹਦੀਆਂ ਬਹੁਤੀਆਂ ਕਹਾਣੀਆਂ ਇਸੇ ਤਰ੍ਹਾਂ ਅਹਿਮ ਵਿਸ਼ੇ ਲੈ ਕੇ, ਖ਼ੂਬ ਕਲਾਮਈ ਢੰਗ ਨਾਲ਼, ਢੁੱਕਵੀਂ ਜ਼ਬਾਨ ਵਿਚ ਪੇਸ਼ ਕੀਤੀਆਂ ਹੋਈਆਂ ਹਨ। ਮੇਰਾ ਮੱਤ ਹੈ, ਜੇ ਉਹਨੇ ਨਾਟਕ ਨਾ ਲਿਖੇ ਹੁੰਦੇ ਅਤੇ ਉਹਦੀਆਂ ਕਹਾਣੀਆਂ ਉਹਦੇ ਨਾਟਕਾਂ ਓਹਲੇ ਨਾ ਲੁਕ ਗਈਆਂ ਹੁੰਦੀਆਂ, ਉਹ ਯਕੀਨਨ ਪੰਜਾਬੀ ਦੇ ਵੱਡੇ ਕਹਾਣੀਕਾਰਾਂ ਵਿਚ ਗਿਣਿਆ ਜਾਂਦਾ।

ਉਹਦੇ ਲਿਖੇ ਕਲਮੀ ਚਿੱਤਰਾਂ ਦਾ ਤਾਂ ਜੋੜ ਹੀ ਕੋਈ ਨਹੀਂ। ਉਹਦਾ ਕਮਾਲ ਸਿਰਲੇਖਾਂ ਤੋਂ ਹੀ ਦਿੱਸ ਪੈਂਦਾ ਹੈ। ਪੁਸਤਕ 'ਨਿੰਮ ਦੇ ਪੱਤੇ' ਵਿਚ ਤਾਂ ਉਹ ਕਲਮੀ ਚਿੱਤਰਾਂ ਨੂੰ ਲੇਖਕਾਂ ਦੇ ਨਾਂ ਹੀ ਦਿੰਦਾ ਹੈ, ਪਰ ਪੁਸਤਕ 'ਸੁਰਮੇ ਵਾਲੀ ਅੱਖ' ਵਿਚ ਉਹ ਸਿਰਲੇਖਾਂ ਵਜੋਂ ਕਈ ਲੇਖਕਾਂ ਦੇ ਤਾਂ ਨਾਂ ਵਰਤਦਾ ਹੈ, ਪਰ ਕਈਆਂ ਨੂੰ ਅਜਿਹੇ ਦਿਲਚਸਪ ਸਿਰਲੇਖ ਦਿੰਦਾ ਹੈ ਜੋ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਦੋ-ਤਿੰਨ ਸ਼ਬਦਾਂ ਵਿਚ ਪੇਸ਼ ਕਰ ਦਿੰਦੇ ਹਨ। ਉਹ ਸ਼ਿਵ ਕੁਮਾਰ ਨੂੰ 'ਛਲਣੀ ਫੇਫੜੇ', ਹਰਨਾਮ ਸਿੰਘ ਸ਼ਾਨ ਨੂੰ 'ਦੁੱਧ ਵਿਚ ਬਰਾਂਡੀ', ਸੰਤੋਖ ਸਿੰਘ ਧੀਰ ਨੂੰ 'ਸੁਰਮੇ ਵਾਲੀ ਅੱਖ', ਪ੍ਰੋ. ਪ੍ਰੀਤਮ ਸਿੰਘ ਨੂੰ 'ਨਾਨਕ-ਸ਼ਾਹੀ ਇੱਟ' ਤੇ ਨੋਰਾ ਰਿਚਰਡ ਨੂੰ 'ਨਾਟਕ ਦੀ ਨਕੜਦਾਦੀ' ਆਖਦਾ ਹੈ। ਪੁਸਤਕ 'ਕੌਡੀਆਂ ਵਾਲਾ ਸੱਪ' ਵਿਚ ਉਹ ਅਜੀਤ ਕੌਰ ਨੂੰ 'ਕਾੜ੍ਹਨੀ', ਸੇਖੋਂ ਨੂੰ 'ਕਾਲਜ ਦਾ ਵਾਈਸ ਚਾਂਸਲਰ' ਤੇ ਸ਼ਿਵ ਕੁਮਾਰ ਨੂੰ 'ਕੌਡੀਆਂ ਵਾਲਾ ਸੱਪ' ਦਾ ਸਿਰਲੇਖ ਦਿੰਦਾ ਹੈ। ਪੁਸਤਕ 'ਹੁਸੀਨ ਚਿਹਰੇ' ਵਿਚ ਉਹ ਸਤਿਆਰਥੀ ਨੂੰ 'ਭ੍ਰਿਗੂ ਰਿਸ਼ੀ' ਤੇ ਸਾਹਿਰ ਲੁਧਿਆਣਵੀ ਨੂੰ 'ਜਵਾਨੀ ਦਾ ਸ਼ਾਇਰ' ਆਖਦਾ ਹੈ।

ਗਾਰਗੀ ਵਿਚ ਬਹੁਤ ਲੰਮੀ-ਚੌੜੀ ਗੱਲ ਕੁਛ ਹੀ ਸ਼ਬਦਾਂ ਵਿਚ ਬੜੇ ਸਰਲ ਤੇ ਸਫਲ ਤਰੀਕੇ ਨਾਲ ਕਹਿ ਸਕਣ ਦੀ ਸਮਰੱਥਾ ਸੀ। ਉਹ ਇਹ ਆਖ ਕੇ ਥੋੜ੍ਹੇ ਜਿਹੇ ਸ਼ਬਦਾਂ ਵਿਚ ਵੱਡੀ ਸਿੱਖਿਆ ਦਿੰਦਾ ਹੈ ਕਿ ਰਚਨਾ ਮੰਜੀ ਦੀ ਦੌਣ ਵਾਂਗ ਕਸੀ ਹੋਈ ਹੋਣੀ ਚਾਹੀਦੀ ਹੈ। ਸਮਾਜ ਵਿਚ ਲੇਖਕ ਦੇ ਸਥਾਨ ਨੂੰ ਦੱਸਣ ਲਈ ਜਿਥੇ ਬਹੁਤੇ ਲੇਖਕ ਪੰਨਿਆਂ ਦੇ ਪੰਨੇ ਕਾਲੇ ਕਰ ਦੇਣਗੇ, ਗਾਰਗੀ ਬੜੀ ਖ਼ੂਬਸੂਰਤੀ ਨਾਲ ਦੋ ਵਾਕਾਂ ਵਿਚ ਗੱਲ ਮੁਕਦੀ ਕਰ ਦਿੰਦਾ ਹੈ। ਉਹ ਲਿਖਦਾ ਹੈ, ਇਕ ਦਿਨ ਉਹਨੂੰ ਸੁਫ਼ਨਾ ਆਇਆ ਕਿ ਉਹ ਮਰ ਗਿਆ ਹੈ। 'ਅੰਗਰੇਜ਼ੀ ਅਖ਼ਬਾਰਾਂ ਵਿਚ ਗਿਆਰ੍ਹਵੇਂ ਸਫ਼ੇ ਉੱਤੇ, ਜਿਥੇ ਕਪਾਹ ਤੇ ਸਰ੍ਹੋਂ ਦੇ ਤੇਲ ਦੇ ਭਾਅ ਦਿੱਤੇ ਹੁੰਦੇ ਹਨ, ਇਕ ਨਿੱਕੀ ਜਿਹੀ ਖ਼ਬਰ ਛਪੀ ਕਿ ਪੰਜਾਬੀ ਦਾ ਨਾਟਕਕਾਰ ਮਰ ਗਿਆ। ਇਸ ਦੇ ਉੱਪਰ ਮੋਟੇ-ਮੋਟੇ ਅੱਖਰਾਂ ਵਿਚ ਚਿੜੀਆਘਰ ਦੇ ਪਹਾੜੀ ਬਿੱਲੇ ਦੇ ਬੀਮਾਰ ਹੋ ਜਾਣ ਦੀ ਖ਼ਬਰ ਸੀ।' ਦੇਖਣ ਵਾਲ਼ੀ ਗੱਲ ਹੈ ਕਿ ਲੇਖਕ ਦੇ ਮਰਨ ਦੀ ਖ਼ਬਰ ਕਿੰਨਵੇਂ ਪੰਨੇ ਉੱਤੇ, ਕਿਸ ਖੇਤਰ ਦੀਆਂ ਖ਼ਬਰਾਂ ਵਿਚਕਾਰ, ਕਿੰਨੀ ਕੁ ਥਾਂ ਦੇ ਕੇ ਛਾਪੀ ਜਾਂਦੀ ਹੈ, ਜਦੋਂ ਕਿ ਚਿੜੀਆਘਰ ਦੇ ਪਹਾੜੀ ਬਿੱਲੇ ਦੀ ਬੀਮਾਰੀ ਦੀ ਖ਼ਬਰ ਨੂੰ ਲੇਖਕ ਦੀ ਮੌਤ ਦੀ ਖ਼ਬਰ ਤੋਂ ਉੱਪਰ ਛਾਪਿਆ ਜਾਂਦਾ ਹੈ ਤੇ ਉਹ ਵੀ ਮੋਟੇ ਅੱਖਰਾਂ ਵਿਚ!

ਗਾਰਗੀ ਨੂੰ ਲੋਕ ਬੜੇ ਚਿਰ ਤੋਂ ਕੰਵਾਰਾ ਨਹੀਂ, ਛੜਾ ਸਮਝਣ ਲੱਗ ਪਏ ਸਨ। ਇਸ ਧਾਰਨਾ ਨੂੰ ਉਹਦੇ ਰਹਿਣ-ਸਹਿਣ ਤੇ ਤੌਰ-ਤਰੀਕਿਆਂ ਨੇ ਹੋਰ ਪਕਿਆਈ ਦੇ ਦਿੱਤੀ ਸੀ। ਉਮਰੋਂ ਵੀ ਉਹ ਪੰਜਾਹਾਂ ਨੂੰ ਪਾਰ ਕਰ ਚੁੱਕਿਆ ਸੀ ਤੇ ਗੰਜਾ ਹੋਣ ਲਗਿਆ ਸੀ। ਫੇਰ ਸਾਹਿਤਕ ਹਲਕਿਆਂ ਵਿਚ ਅਚਾਨਕ ਖ਼ਬਰ ਫ਼ੈਲ ਗਈ ਕਿ ਗਾਰਗੀ ਅਮਰੀਕਾ ਤੋਂ ਜੀਨੀ ਨਾਂ ਦੀ ਬਹੁਤ ਸੁਹਣੀ ਮੁਟਿਆਰ ਮੇਮ ਵਿਆਹ ਲਿਆਇਆ ਹੈ। ਉਹ ਸਿਆਟਲ ਯੂਨੀਵਰਸਿਟੀ ਵਿਚ ਨਾਟਕ ਪੜ੍ਹਾਉਂਦਾ ਸੀ ਤੇ ਉਹ ਉਸੇ ਯੂਨੀਵਰਸਿਟੀ ਦੇ ਇਕ ਹੋਰ ਵਿਭਾਗ ਵਿਚ ਰੀਸਰਚ ਪੇਪਰਾਂ ਦੀ ਸੋਧਕ ਸੀ। ਉਨ੍ਹਾਂ ਨੇ 11 ਜੂਨ 1966 ਨੂੰ ਵਿਆਹ ਕਰਵਾ ਲਿਆ। ਜੀਨੀ ਉਹਦੇ ਵਾਸਤੇ ਭਾਗਾਂਵਾਲ਼ੀ ਸਿੱਧ ਹੋਈ।

ਪੰਜਾਬ ਯੂਨੀਵਰਸਿਟੀ ਨੇ ਉਹਨੂੰ ਥੀਏਟਰ ਵਿਭਾਗ ਕਾਇਮ ਕਰਨ ਲਈ ਕਿਹਾ ਤੇ ਉਹਦਾ ਬਾਨੀ-ਡਾਇਰੈਕਟਰ ਥਾਪ ਦਿੱਤਾ। ਉਹਦੀ ਬੜੀ ਠੁੱਕ ਬਣੀ। ਜੀਨੀ ਨੇ ਬੇਟਾ ਮਨੂੰ ਤੇ ਬੇਟੀ ਜੰਨਤ ਉਥੇ ਹੀ ਗਾਰਗੀ ਦੀ ਝੋਲ਼ੀ ਪਾਏ। ਹਰ ਪੱਖੋਂ ਮੌਜਾਂ ਹੀ ਮੌਜਾਂ। ਫੇਰ ਪਤੀ ਤੇ ਪਤਨੀ ਦੀ ਜੋੜੀ ਦੀ ਇਹ ਸੁਖਦਾਈ ਕਹਾਣੀ 'ਤੀਜਾ ਰਲ਼ਿਆ ਤੇ ਕੰਮ ਗਲ਼ਿਆ' ਦੀ ਕਹਾਵਤ ਅਨੁਸਾਰ ਇਕ ਪਾਤਰ ਹੋਰ ਆ ਜਾਣ ਕਾਰਨ 'ਪਤੀ, ਪਤਨੀ ਔਰ ਵੋਹ' ਵਾਲ਼ੇ ਦੁਖਾਂਤ ਦਾ ਰੂਪ ਧਾਰ ਗਈ। ਜੀਨੀ ਨੂੰ ਪਤਾ ਲੱਗਿਆ ਤਾਂ ਉਹਦੀ ਤਾਂ ਜਿਵੇਂ ਦੁਨੀਆ ਹੀ ਢਹਿ ਗਈ। ਉਹਨੇ ਗਾਰਗੀ ਦਾ ਇਹ 'ਗੁਨਾਹ' ਮਾਫ਼ ਕਰਨ ਤੋਂ ਕੋਰਾ ਇਨਕਾਰ ਕਰ ਦਿੱਤਾ ਤੇ ਦਸ-ਗਿਆਰਾਂ ਸਾਲ ਖ਼ੂਬਸੂਰਤੀ ਨਾਲ਼ ਚੱਲਿਆ ਰਿਸ਼ਤਾ ਤੜੱਕ ਤੋੜ ਦਿੱਤਾ। ਮਗਰੋਂ ਇਸ ਕਿੱਸੇ ਨੇ ਗਾਰਗੀ ਦੇ ਸਵੈਜੀਵਨੀ-ਆਧਾਰਿਤ ਨਾਵਲ 'ਨੰਗੀ ਧੁੱਪ' ਵਿਚ ਸਾਕਾਰਤਾ ਫੜੀ। ਕੁਝ ਸਮੇਂ ਬਾਅਦ ਜੀਨੀ ਅਮਰੀਕਾ ਚਲੀ ਗਈ। ਉਹ ਬੇਟੀ ਜੰਨਤ ਨੂੰ ਆਪਣੇ ਨਾਲ਼ ਲੈ ਗਈ ਤੇ ਬੇਟੇ ਮਨੂੰ ਨੂੰ ਗਾਰਗੀ ਕੋਲ ਛੱਡ ਗਈ। ਗਾਰਗੀ ਦੇ ਪੂਰਾ ਹੋਣ ਤੋਂ ਛੇਤੀ ਹੀ ਮਗਰੋਂ ਮਨੂੰ ਵੀ ਤੜੀ-ਤਮਾਣੀ ਚੁੱਕ ਕੇ ਅਮਰੀਕਾ ਜਾ ਪਹੁੰਚਿਆ।

ਗਾਰਗੀ ਨੂੰ ਜੇ ਕਿਤੇ ਕੋਈ ਮਨਪਸੰਦ ਨੌਕਰੀ ਮਿਲਦੀ, ਉਹ ਕਬੂਲ ਕਰ ਲੈਂਦਾ ਪਰ ਪਹਿਲਾ ਮੌਕਾ ਬਣਦਿਆਂ ਹੀ ਛੱਡ ਵੀ ਦਿੰਦਾ। ਜ਼ਿੰਦਗੀ ਵਿਚ ਉਹਨੇ ਜਿੰਨਾ ਪੈਸਾ ਕਮਾਇਆ, ਸਾਹਿਤ ਦੇ ਸਹਾਰੇ ਕਿਸੇ ਹੋਰ ਸਾਹਿਤਕਾਰ ਨੇ ਨਹੀਂ ਕਮਾਇਆ। ਪਰ ਉਹ ਜਿੰਨਾ ਕਮਾਊ ਸੀ, ਉਸ ਤੋਂ ਕਿਤੇ ਵੱਧ ਸ਼ਾਹ-ਖ਼ਰਚ ਸੀ। ਘਰ ਵਿਚ ਖ਼ੁਸ਼ਹਾਲੀ ਆਉਂਦੀ, ਮੰਦਹਾਲੀ ਆਉਂਦੀ, ਪਰ ਉਹਦੀ ਖ਼ੁਸ਼ਕਿਸਮਤੀ ਹਮੇਸ਼ਾ ਉਹਦੇ ਨਾਲ਼ ਰਹਿੰਦੀ, ਉਹਦੇ ਦੋਸਤਾਂ ਤੇ ਉਹਦੇ ਮਿਹਰਬਾਨਾਂ ਦੇ ਰੂਪ ਵਿਚ। ਉਹ ਕਹਿੰਦਾ ਹੁੰਦਾ ਸੀ, 'ਜ਼ਿੰਦਗੀ ਡੂੰਘੇ ਪਾਣੀ ਵਾਂਗ ਹੈ। ਜੇ ਚੱਜ ਨਾਲ਼ ਜਿਊਣਾ ਚਾਹੁੰਦੇ ਹੋ, ਤਰਨਾ ਨਾ ਜਾਣਦੇ ਹੋਏ ਵੀ ਅੱਖਾਂ ਮੀਚ ਕੇ ਛਾਲ ਮਾਰ ਦਿਉ। ਇਕ ਵਾਰ ਥੱਲੇ ਨੂੰ ਜਾਉਗੇ, ਫੇਰ ਪਾਣੀ ਤੁਹਾਨੂੰ ਉਛਾਲ਼ ਕੇ ਸਤਹਿ ਦੇ ਉੱਤੇ ਲੈ ਆਵੇਗਾ। ਹੁਣ ਉੱਪਰ ਆ ਕੇ ਹੱਥ-ਪੈਰ ਮਾਰਦਿਆਂ ਤਰਨ ਲੱਗ ਜਾਣਾ ਤੁਹਾਡਾ ਕੰਮ ਹੈ!' ਆਪ ਉਹ ਜ਼ਿੰਦਗੀ ਦੇ ਮਹਾਂਸਾਗਰ ਵਿਚ ਖ਼ੂਬ ਤਰਿਆ!

ਇਕ ਵਾਰ ਮੇਰੇ ਨਾਲ ਗੱਲਾਂ ਕਰਦਿਆਂ ਭਾਪਾ ਪ੍ਰੀਤਮ ਸਿੰਘ ਨੇ ਕਿਹਾ ਸੀ, 'ਰਚਨਾ ਛਪਣ ਮਗਰੋਂ ਤਾਂ ਕਈ ਲੇਖਕ ਇੱਛਾ ਜਾਂ ਜਤਨ ਕਰਦੇ ਹਨ ਕਿ ਕੁਝ ਮਿਲ ਜਾਵੇ, ਪਰ ਬਲਵੰਤ ਇਕੋ-ਇਕ ਪੰਜਾਬੀ ਲੇਖਕ ਹੈ ਜੋ ਰਚਨਾ ਕਰਨ ਤੋਂ ਪਹਿਲਾਂ ਜਾਣਦਾ ਹੁੰਦਾ ਹੈ ਕਿ ਉਹਦੀ ਰਚਨਾ ਦੇ ਕਿਥੋਂ ਕਿੰਨੇ ਪੈਸੇ ਮਿਲ ਸਕਣਗੇ ਤੇ ਇਹ ਵੀ ਜਾਣਦਾ ਹੁੰਦਾ ਹੈ ਕਿ ਕਿਵੇਂ ਮਿਲਣਗੇ।'

ਪੰਜਾਬ ਵਿਚ ਪਰਤਾਪ ਸਿੰਘ ਕੈਰੋਂ ਦਾ ਤੇਜ-ਪਰਤਾਪ ਸਿਖ਼ਰ ਉੱਤੇ ਸੀ। ਗਾਰਗੀ ਨੇ ਉਹਦੇ ਬਾਰੇ ਲੇਖ ਲਿਖ ਕੇ ਉਸ ਸਮੇਂ ਦੇਸ ਦਾ ਪ੍ਰਮੁੱਖ ਅੰਗਰੇਜ਼ੀ ਪੱਤਰ ਮੰਨੇ ਜਾਂਦੇ 'ਇਲਸਟਰੇਟਿਡ ਵੀਕਲੀ' ਵਿਚ ਛਪਵਾ ਦਿੱਤਾ ਅਤੇ ਉਹ ਅੰਕ ਆਪਣੇ ਹੱਥੀਂ ਕੈਰੋਂ ਨੂੰ ਜਾ ਭੇਟ ਕੀਤਾ। ਗੱਲਾਂ ਚਲਦੀਆਂ ਵਿਚ ਇਹ ਲਿਖੀ ਜਾ ਰਹੀ ਪੁਸਤਕ 'ਰੰਗਮੰਚ' ਬਾਰੇ ਕੈਰੋਂ ਨੂੰ ਏਨਾ ਪ੍ਰਭਾਵਿਤ ਕਰਨ ਵਿਚ ਕਾਮਯਾਬ ਹੋਇਆ ਕਿ ਉਹਨੇ ਅਣਛਪੀ-ਅਣਦੇਖੀ ਪੁਸਤਕ ਪੰਜਾਬ ਸਰਕਾਰ ਵੱਲੋਂ ਕੋਈ ਕਮਿਸ਼ਨ ਕੱਟੇ ਬਿਨਾਂ ਖ਼ਰੀਦਣ ਦਾ ਚੈੱਕ ਇਹਦੇ ਹੱਥ ਫੜਾ ਦਿੱਤਾ। ਗਾਰਗੀ ਨੂੰ ਇਹ ਵਧੀਆ ਰਾਹ ਮਿਲ ਗਿਆ। ਜਦੋਂ ਉਹਨੇ ਪੁਸਤਕ 'ਲੋਕ ਨਾਟਕ' ਲਿਖਣੀ ਸ਼ੁਰੂ ਕੀਤੀ, ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਭਾਈ ਜੋਧ ਸਿੰਘ ਬਾਰੇ ਲੇਖ ਲਿਖ ਕੇ 'ਦਿ ਟ੍ਰਿਬਿਊਨ' ਵਿਚ ਛਪਵਾ ਦਿੱਤਾ। ਪੁਸਤਕ ਲਿਖੀ ਜਾਂਦੀ ਰਹੇਗੀ ਤੇ ਛਪਦੀ ਰਹੇਗੀ, ਪੰਜਾਬੀ ਯੂਨੀਵਰਸਿਟੀ ਨੇ ਤੀਹ ਹਜ਼ਾਰ ਰੁਪਏ ਪੇਸ਼ਗੀ ਦੇ ਦਿੱਤੇ ਜੋ ਓਦੋਂ ਵੱਡੀ ਰਕਮ ਸੀ। ਜਦੋਂ ਪੰਜਾਬ ਵਿਚ ਸੰਤ ਫ਼ਤਿਹ ਸਿੰਘ ਦਾ ਬੋਲਬਾਲਾ ਹੋਇਆ, ਅਕਾਲੀ ਮੁੱਖ ਮੰਤਰੀ ਕੋਈ ਰਿਹਾ, ਪ੍ਰਮੁੱਖ ਸੰਤ ਜੀ ਹੀ ਰਹੇ। ਗਾਰਗੀ ਨੇ ਸੰਤ ਜੀ ਬਾਰੇ ਅੱਧੀ ਦਰਜਨ ਤਸਵੀਰਾਂ ਵਾਲ਼ਾ ਲੇਖ 'ਇਲਸਟਰੇਟਿਡ ਵੀਕਲੀ' ਵਿਚ ਛਪਵਾਇਆ ਤੇ ਪੰਜਾਬ ਸਰਕਾਰ ਨੇ ਗਾਰਗੀ ਦਾ ਤਿਆਰ ਕੀਤਾ 'ਲਾਈਟ ਐਂਡ ਸਾਊਂਡ' ਪ੍ਰੋਗਰਾਮ ਮਨਜ਼ੂਰ ਕਰ ਲਿਆ।

ਬਹੁਤੇ ਲੋਕਾਂ ਨੂੰ, ਸਾਹਿਤਕ ਹਲਕਿਆਂ ਵਿਚ ਵੀ, ਇਸ ਗੱਲ ਦੀ ਜਾਣਕਾਰੀ ਨਹੀਂ ਕਿ ਗਾਰਗੀ ਦੀ ਲਿਖੀ ਹੋਈ ਇਕ ਪੁਸਤਕ ਅਜਿਹੀ ਵੀ ਸੀ ਜਿਸ ਦਾ ਜ਼ਿਕਰ ਵੀ ਉਨ੍ਹਾਂ ਨੇ ਕਿਤੇ ਪੜ੍ਹਿਆ-ਸੁਣਿਆ ਨਹੀਂ ਹੋਵੇਗਾ। ਉਹ ਸੀ 'ਨਿਰੰਕਾਰੀ ਬਾਬਾ'। ਕੁਝ ਲੋਕ ਅੰਮ੍ਰਿਤਾ ਪ੍ਰੀਤਮ ਕੋਲ ਪਹੁੰਚੇ ਤੇ ਮੂੰਹ-ਮੰਗੀ ਰਕਮ ਦੀ ਪੇਸ਼ਕਸ਼ ਕਰਦਿਆਂ ਕਿਹਾ, ਤੁਸੀਂ ਬੱਸ ਸਾਡਾ ਇਕ ਨਿੱਕਾ ਜਿਹਾ ਕੰਮ ਕਰ ਦਿਉ; ਸਾਡੇ ਗੁਰੂ ਜੀ ਬਾਰੇ ਕਰਾਮਾਤੀ ਸਾਖੀਆਂ ਅਸੀਂ ਲਿਖਾਈਆਂ ਹੋਈਆਂ ਨੇ, ਸਾਨੂੰ ਪੋਥੀ ਉੱਤੇ ਲੇਖਕ ਵਜੋਂ ਤੁਹਾਡੇ ਨਾਂ ਦੀ ਲੋੜ ਹੈ। ਅੰਮ੍ਰਿਤਾ ਦੇ ਕੋਰੇ ਇਨਕਾਰ ਨਾਲ਼ ਮਾਯੂਸ ਹੋ ਕੇ ਉਨ੍ਹਾਂ ਨੇ ਕਿਹਾ, ਤੁਸੀਂ ਸਾਨੂੰ ਤੁਹਾਡੇ ਵਾਂਗ ਹੀ ਮਸ਼ਹੂਰ ਕਿਸੇ ਲੇਖਕ ਦੀ ਦੱਸ ਤਾਂ ਪਾ ਸਕਦੇ ਹੋ ਜਿਹੜਾ ਇਹ ਕੰਮ ਕਰ ਦੇਵੇ। ਅੰਮ੍ਰਿਤਾ ਨੇ ਝੱਟ ਕਾਗ਼ਜ਼ ਲਿਆ ਤੇ ਗਾਰਗੀ ਦਾ ਸਿਰਨਾਵਾਂ ਲਿਖ ਕੇ ਉਨ੍ਹਾਂ ਨੂੰ ਫੜਾ ਦਿੱਤਾ। ਗਾਰਗੀ ਨੇ ਉਨ੍ਹਾਂ ਦੀ ਬੇਨਤੀ ਪਰਵਾਨ ਕਰਨ ਵਿਚ ਪੰਜ ਮਿੰਟ ਵੀ ਨਾ ਲਾਏ।

ਉਹ ਜਦੋਂ ਚੰਡੀਗੜ੍ਹ ਭਤੀਜੇ ਕੋਲ ਰਹਿਣ ਲਗਿਆ ਸੀ, ਇਕ ਪੱਤਰਕਾਰ ਦੇ ਇਹ ਪੁੱਛੇ ਤੋਂ ਕਿ ਚੰਡੀਗੜ੍ਹ ਆ ਕੇ ਕਿਵੇਂ ਲਗਦਾ ਹੈ, ਉਹਦੇ ਜਵਾਬ ਵਿਚਲੀ ਇਕ ਗੱਲ ਦੀ, ਟਿੱਚਰੀ ਰੰਗ ਵਿਚ, ਖ਼ੂਬ ਚਰਚਾ ਹੋਈ ਸੀ। ਉਹਨੇ ਕਿਹਾ ਸੀ, 'ਇਥੇ ਮੈਨੂੰ ਪੁਰਾਣਾ ਮਿੱਤਰ ਹੀਰਾ ਸਿੰਘ ਭੱਠਲ ਬਹੁਤ ਯਾਦ ਆਇਆ ਕਰੇਗਾ!' ਟਿੱਚਰਾਂ ਦੇ ਕਈ ਕਾਰਨ ਸਨ। ਇਕ ਤਾਂ ਉਹਨੇ ਲਗਭਗ ਬੀਤ ਚੁੱਕੀ ਸਾਰੀ ਜ਼ਿੰਦਗੀ ਵਿਚ ਲਿਖਤੀ ਜਾਂ ਜ਼ਬਾਨੀ ਕਦੀ ਭੱਠਲ ਦਾ ਜ਼ਿਕਰ ਨਹੀਂ ਸੀ ਕੀਤਾ। ਦੂਜੇ, ਭੱਠਲ ਦਾ ਜੀਵਨ-ਖੇਤਰ ਤੇ ਕਾਰਜ-ਖੇਤਰ ਅਜਿਹਾ ਸੀ ਜਿਸ ਨਾਲ਼ ਗਾਰਗੀ ਦੀ ਤੰਦ ਜੁੜਨ ਦੀ ਕੋਈ ਸੰਭਾਵਨਾ ਨਹੀਂ ਸੀ ਬਣਦੀ। ਤੀਜੇ, ਜੇ ਇਕ ਪਲ ਇਸ ਦਾਅਵੇ ਨੂੰ ਸੱਚ ਮੰਨ ਵੀ ਲਈਏ, ਦਿੱਲੀ ਰਹਿੰਦੇ ਜਾਂ ਪਰਦੇਸਾਂ ਵਿਚ ਵਿਚਰਦੇ ਰਹੇ ਗਾਰਗੀ ਦੀ ਇਹ ਮਿੱਤਰਤਾ ਬਰਨਾਲੇ ਦੇ ਇਲਾਕੇ ਵਿਚ ਰਹਿੰਦੇ ਭੱਠਲ ਜੀ ਨਾਲ ਚੰਡੀਗੜ੍ਹ ਵਿਚ ਕਿਵੇਂ ਵਧੀ-ਫੁੱਲੀ ਸੀ ਕਿ ਉਥੇ ਚੇਤੇ ਆਵੇਗੀ? ਇਸ 'ਮਿੱਤਰਤਾ' ਦੇ ਦਾਅਵੇ ਦਾ ਕਾਰਨ ਇਹ ਸੀ ਕਿ ਓਦੋਂ ਭੱਠਲ ਜੀ ਦੀ ਧੀ ਰਾਜਿੰਦਰ ਕੌਰ ਭੱਠਲ ਪੰਜਾਬ ਦੀ ਮੁੱਖ ਮੰਤਰੀ ਸੀ!

ਜਦੋਂ ਕਿਤੇ ਗਾਰਗੀ ਦੀ ਗੱਲ ਚਲਦੀ ਹੈ, ਉਹਦਾ 'ਕਾਸ਼ਨੀ ਵਿਹੜਾ' ਜ਼ਰੂਰ ਜ਼ਿਕਰ ਵਿਚ ਆ ਜਾਂਦਾ ਹੈ। ਗੱਲ ਨੂੰ ਵਧਾਉਣ-ਚੜ੍ਹਾਉਣ ਦੀ ਉਹਦੀ ਸਮਰੱਥਾ ਦਾ ਅੰਦਾਜ਼ਾ ਵੀ ਉਹਦੇ ਕਾਸ਼ਨੀ ਵਿਹੜੇ ਤੋਂ ਹੀ ਲਾਇਆ ਜਾ ਸਕਦਾ ਹੈ। ਨਿਮਾਣੇ ਜਿਹੇ ਕੁਆਰਟਰ ਦੀ ਮਹਿਮਾ ਉਹਨੇ ਅਜਿਹੀ ਬਣਾਈ ਹੋਈ ਸੀ ਜਿਵੇਂ ਰਾਸ਼ਟਰਪਤੀ ਭਵਨ ਤੋਂ ਮਗਰੋਂ ਉਹ ਦਿੱਲੀ ਦਾ ਸਭ ਤੋਂ ਮਸ਼ਹੂਰ ਭਵਨ ਹੋਵੇ, ਜਿਵੇਂ ਉਹਦੀ ਵਿਸ਼ਾਲ ਅਲੋਕਾਰ ਇਮਾਰਤ ਕਾਰਬੂਜ਼ੀਏ ਦੀ ਡੀਜ਼ਾਈਨ ਕੀਤੀ ਹੋਈ ਹੋਵੇ। ਇਹੋ ਅਨੁਪਾਤ ਉਹਦੀ ਜ਼ਿੰਦਗੀ ਦੇ ਹਰ ਪੱਖ ਉੱਤੇ ਲਾਗੂ ਹੁੰਦਾ ਸੀ। ਆਖ਼ਰ ਉਹਨੂੰ ਉਹ ਕੁਆਰਟਰ ਛੱਡਣ ਲਈ ਮਜਬੂਰ ਹੋਣਾ ਪੈ ਗਿਆ, ਜਿਥੇ ਪੰਜਾਬੀ ਤੋਂ ਇਲਾਵਾ ਅਨੇਕ ਪ੍ਰਸਿੱਧ ਦੇਸੀ-ਪਰਦੇਸੀ ਸਾਹਿਤਕ-ਸਭਿਆਚਾਰਕ ਹਸਤੀਆਂ ਦੇ ਚਰਨ ਪਏ ਸਨ, ਅਣਗਿਣਤ ਸਾਹਿਤਕ ਮਹਿਫ਼ਲਾਂ ਸਜੀਆਂ ਸਨ ਤੇ ਅਨੇਕ ਨਾਟਕਾਂ ਦੀਆਂ ਰੀਹਰਸਲਾਂ ਹੋਈਆਂ ਸਨ! ਉਹਨੇ ਮੋਟੀ ਰਕਮ ਬੋਝੇ ਵਿਚ ਪਾਈ ਤੇ ਉਥੋਂ ਡੰਡਾ-ਡੇਰਾ ਚੁੱਕ ਲਿਆ। ਕੁਝ ਸਮਾਂ ਭਤੀਜੇ ਕੋਲ ਚੰਡੀਗੜ੍ਹ ਡੇਰੇ ਜਾ ਲਾਏ। ਉਥੇ ਬੈਠਿਆਂ ਲਾਈ ਕੁੰਡੀ ਅਨੁਸਾਰ ਪੰਜਾਬੀ ਯੂਨੀਵਰਸਿਟੀ ਨੇ ਉਹਨੂੰ ਪ੍ਰੋਫ਼ੈਸਰ ਆਫ਼ ਐਮੀਨੈਂਸ ਲਾ ਕੇ ਚੰਗੀ ਤਨਖ਼ਾਹ ਵੀ ਬੰਨ੍ਹ ਦਿੱਤੀ ਤੇ ਨਿਵਾਸ ਦੀਆਂ ਕੁੰਜੀਆਂ ਵੀ ਸੌਂਪ ਦਿੱਤੀਆਂ। ਪਟਿਆਲ਼ੇ ਇਕੱਲ-ਭਰਿਆ ਸਮਾਂ ਬਿਤਾਉਣ ਮਗਰੋਂ ਉਹ ਡਿਗਦੀ ਸਿਹਤ ਨਾਲ ਬੇਟੇ ਮਨੂੰ ਕੋਲ ਬੰਬਈ ਜਾ ਪਹੁੰਚਿਆ।

ਦਿੱਲੀ ਛੱਡਣ ਤੋਂ ਪਹਿਲਾਂ ਉਹਨੇ ਇਕ ਵਧੀਆ ਪੁੰਨ ਦਾ ਕੰਮ ਕੀਤਾ। ਉਹਨੇ ਆਪਣੇ ਚਿਰਾਂ-ਪੁਰਾਣੇ ਨੌਕਰ ਕਿਸ਼ੋਰੀ ਲਾਲ ਨੂੰ ਮੋਟੀ ਰਕਮ ਬਖ਼ਸ਼ੀਸ਼ ਦੇ ਕੇ ਆਪਣਾ ਪਰਿਵਾਰਕ ਜੀਵਨ ਜਿਉਣ ਵਾਸਤੇ ਪਿਆਰ ਨਾਲ਼ ਵਿਦਾਅ ਕਰ ਦਿੱਤਾ। ਅਸਲ ਵਿਚ ਕਿਸ਼ੋਰੀ ਲਾਲ ਨੂੰ ਉਹਦਾ ਨੌਕਰ ਕਹਿਣਾ ਸਹੀ ਨਹੀਂ। ਉਹ ਗਾਰਗੀ ਦੇ ਮਕਾਨ ਦਾ ਨਹੀਂ, ਘਰ ਦਾ ਤੇ ਜੀਵਨ ਦਾ ਪ੍ਰਬੰਧਕ ਸੀ, ਹਰ ਕੰਮ, ਹਰ ਫ਼ਰਜ਼ ਸ਼ਾਂਤ ਤੇ ਅਬੋਲ ਰਹਿ ਕੇ ਸਲੀਕੇ ਨਾਲ਼ ਨਿਭਾਉਣ ਵਾਲ਼ਾ। ਗਾਰਗੀ ਵੱਲੋਂ ਭੋਗੀ ਗਈ ਬੇਫ਼ਿਕਰ, ਬੇਪਰਵਾਹ ਤੇ ਮਨਮੌਜੀ ਜ਼ਿੰਦਗੀ ਵਿਚ ਉਹਦੀ ਬਹੁਤ ਵੱਡੀ ਦੇਣ ਸੀ। ਉਹ ਗਾਰਗੀ ਦੇ ਸਭ ਦੇ ਸਭ ਕਾਲ਼ੇ-ਚਿੱਟੇ ਕਾਰਨਾਮਿਆਂ ਦਾ ਭੇਤੀ ਸੀ ਪਰ ਕਦੀ ਕਿਸੇ ਨੇ ਉਹਦੇ ਮੂੰਹੋਂ ਕੋਈ ਭੇਤ ਨਿੱਕਲਣ ਦਾ ਜ਼ਿਕਰ ਨਹੀਂ ਕੀਤਾ। ਇਸ ਪੱਖੋਂ ਉਹ ਪੂਰੀ ਤਰ੍ਹਾਂ ਗੂੰਗਾ ਸੀ।

ਜਦੋਂ ਗਾਰਗੀ ਚੰਡੀਗੜ੍ਹ ਸੀ, ਇਕ ਦਿਨ ਅਚਾਨਕ ਮੈਨੂੰ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਲੱਗਣ ਦੀ ਵਧਾਈ ਦਾ ਉਹਦਾ ਫੋਨ ਆ ਗਿਆ। ਆਵਾਜ਼ ਵਿਚ ਪਹਿਲਾਂ ਵਾਲਾ ਕਣ ਨਹੀਂ ਸੀ। ਪਹਿਲਾਂ ਤਾਂ ਮੈਂ ਫੋਨ ਬਾਰੇ ਹੈਰਾਨ ਹੋਇਆ, ਪਰ ਫੇਰ ਇਹ ਸੋਚ ਕੇ ਹੈਰਾਨੀ ਆਪੇ ਮੁੱਕ ਗਈ ਕਿ ਕਿਸੇ ਵੇਲੇ ਕੰਮ ਆ ਸਕਣ ਵਾਲੇ ਬੰਦੇ ਨਾਲ ਸੰਬੰਧ ਬਣਾ ਲੈਣ ਜਾਂ ਨਵਿਆ ਲੈਣ ਦਾ ਉਹ ਉਸਤਾਦ ਸੀ। ਇਕ ਦਿਨ ਮਿੱਤਰ-ਪਿਆਰਾ ਗੁਲਜ਼ਾਰ ਸਿੰਘ ਸੰਧੂ ਕਹਿੰਦਾ, ਤੇਰੇ ਚੰਡੀਗੜ੍ਹ ਆਉਣ ਦੀ ਖ਼ੁਸ਼ੀ ਵਿਚ ਘਰੇ ਛੋਟੀ ਜਿਹੀ ਪਾਰਟੀ ਰੱਖੀ ਹੈ। ਮੈਂ ਗਿਆ ਤਾਂ ਉਹਦਾ ਘਰ ਦੋਸਤਾਂ ਨਾਲ ਭਰਿਆ ਪਿਆ ਸੀ ਤੇ ਮੋਢੇ ਨਾਲ ਮੋਢਾ ਖਹਿ ਰਿਹਾ ਸੀ। ਗਾਰਗੀ ਵੀ ਆ ਗਿਆ ਤੇ ਬੜੇ ਤਪਾਕ ਨਾਲ ਮਿਲਿਆ, ਪਰ ਕੁਝ ਹੀ ਲੋਕਾਂ ਨੂੰ ਮਿਲ ਕੇ ਥੱਕਿਆਂ ਵਾਂਗ ਵਿਹੜੇ ਵਿਚ ਮੂੜ੍ਹੇ ਉੱਤੇ ਬੈਠ ਗਿਆ।

ਅੱਧ-ਵਿਚਾਲੇ ਉਹ ਇਕਦਮ ਖੜ੍ਹਾ ਹੋਇਆ ਤੇ ਘਬਰਾਇਆ ਜਿਹਾ ਜੇਬਾਂ ਵਿਚ ਹੱਥ ਮਾਰਦਾ ਬੋਲਿਆ, 'ਗੁਲਜ਼ਾਰ, ਮੈਂ ਚਲਦਾ ਹਾਂ। ਮੇਰੀ ਦਵਾਈ ਘਰ ਰਹਿ ਗਈ। ਦਵਾਈ ਹੈ ਨਹੀਂ...ਮੈਂ ਦਵਾਈ...ਜੇ ਇਥੇ ਤਕਲੀਫ਼ ਹੋ ਗਈ...ਦਵਾਈ ਬਿਨਾਂ...ਮੈਂ ਦਵਾਈ...ਦਵਾਈ ਘਰੇ...ਮੈਂ...ਮੈਂ...।' ਉਹ ਦਵਾਈ ਦੀ ਅਣਹੋਂਦ ਵਿਚ ਬੀਮਾਰੀ ਦਾ ਦੌਰਾ ਪੈ ਜਾਣ ਦੇ ਭੈ ਨਾਲ ਬਹੁਤ ਪਰੇਸ਼ਾਨ ਸੀ। ਗੁਲਜ਼ਾਰ ਨੇ ਉਹਨੂੰ ਸ਼ਾਂਤ ਕਰਨ ਲਈ ਕਿਹਾ, 'ਗਾਰਗੀ, ਚਿੰਤਾ ਨਾ ਕਰ। ਤੂੰ ਸ਼ਾਂਤੀ ਨਾਲ ਬੈਠ, ਦਵਾਈ ਹੁਣੇ ਆ ਜਾਂਦੀ ਐ। ਦਵਾਈ ਦਾ ਨਾਂ ਦੱਸ, ਹੁਣੇ ਬੰਦਾ ਭੇਜ ਕੇ ਕੈਮਿਸਟ ਤੋਂ ਮੰਗਵਾ ਲੈਂਦੇ ਹਾਂ।' ਪਰ ਉਹਨੂੰ ਦਵਾਈ ਦਾ ਨਾਂ ਪਤਾ ਨਹੀਂ ਸੀ। ਪਰਚੀ ਵੀ ਘਰ ਹੀ ਪਈ ਸੀ। ਗੁਲਜ਼ਾਰ ਕਹਿੰਦਾ, 'ਤੂੰ ਬੇਫ਼ਿਕਰ ਬੈਠ। ਦਵਾਈ ਪੰਜ ਮਿੰਟਾਂ ਵਿਚ ਘਰੋਂ ਆਈ ਸਮਝ।' ਪਰ ਉਹ ਦਵਾਈ ਜੇਬ ਵਿਚ ਹੋਣ ਤੋਂ ਬਿਨਾਂ ਬਹੁਤ ਡਰਿਆ ਹੋਇਆ ਸੀ ਤੇ ਪੰਜ ਮਿੰਟ ਵੀ ਬੈਠਣ ਲਈ ਤਿਆਰ ਨਹੀਂ ਸੀ। ਆਖ਼ਰ ਉਹ ਸਭ ਦੇ ਰੋਕਦਿਆਂ-ਰੋਕਦਿਆਂ ਕਾਹਲੀ ਨਾਲ ਚਲਿਆ ਗਿਆ।

ਇਕ ਮੰਗਲਵਾਰ ਧੀਰ ਜੀ ਦਾ ਫ਼ੋਨ ਆਇਆ। ਬੋਲੇ, 'ਆਉਂਦੇ ਐਤਵਾਰ ਹੋਰ ਕੋਈ ਪ੍ਰੋਗਰਾਮ ਨਾ ਬਣਾਈਂ, ਸਿੱਧਾ ਘਰੇ ਆਈਂ। ਸਵੇਰੇ ਹੀ ਆ ਜਾਈਂ। ਦੁਪਹਿਰ ਦੀ ਰੋਟੀ ਗਾਰਗੀ ਨਾਲ ਮਿਲ ਕੇ ਖਾਵਾਂਗੇ। ਗਾਰਗੀ ਨੇ ਮੱਕੀ ਦੀਆਂ ਰੋਟੀਆਂ ਤੇ ਸਰ੍ਹੋਂ ਦਾ ਸਾਗ ਬਣਾਉਣ ਲਈ ਕਿਹਾ ਹੈ, ਡਡਹੇੜੀ ਵਰਗਾ। ਨਾਲੇ ਉਹਨੇ ਉਚੇਚਾ ਜ਼ੋਰ ਦੇ ਕੇ ਕਿਹਾ ਹੈ, ਭੁੱਲਰ ਨੂੰ ਕਹੀਂ, ਜ਼ਰੂਰ ਆਵੇ।' ਐਤਵਾਰ ਦੁਪਹਿਰੇ ਅਸੀਂ ਵਿਹੜੇ ਵਿਚ ਧੁੱਪੇ ਬੈਠ ਕੇ ਰੋਟੀ ਖਾਧੀ। ਮੱਕੀ ਦੀਆਂ ਰੋਟੀਆਂ ਨਾਲ ਸਰ੍ਹੋਂ ਦਾ ਸਾਗ, ਘਰ ਦੇ ਮੱਖਣ ਦਾ ਕਟੋਰਾ ਤੇ ਗਾਰਗੀ ਦੀ ਇਕ ਹੋਰ ਫ਼ਰਮਾਇਸ਼, ਡਡਹੇੜੀ ਵਾਲਾ ਅੰਬ ਦਾ ਅਚਾਰ। ਸਭ ਕੁਝ ਡਡਹੇੜੀ ਵਰਗਾ ਇਸ ਲਈ ਕਿ ਉਹ ਲੁਧਿਆਣੇ, ਜਲੰਧਰ, ਅੰਮ੍ਰਿਤਸਰ ਜਾਂਦਾ ਹੋਇਆ ਮੰਡੀ ਗੋਬਿੰਦਗੜ੍ਹ ਉੱਤਰ ਕੇ ਤੇ

*(ਬਾਕੀ ਅਗਲੇ ਸਫੇ 'ਤੇ)*

# ਘਾਟਾ ਨਾਪਣ ਵਾਲੀ ਜੁਗਤਿ

ਸੰਨ 1998 ਦੇ ਜੁਲਾਈ ਮਹੀਨੇ ਦੀ ਗੱਲ ਹੋਵੇਗੀ। ਲੁਧਿਆਣੇ ਇੰਜਨੀਅਰਿੰਗ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਮੈਂ ਗਾਜ਼ੀਆਬਾਦ 'ਕਲਿਆਣੀ ਮਸ਼ੀਨ ਟੂਲ' ਵਿੱਚ ਬਤੌਰ CNC Programmer ਕੰਮ ਕਰ ਰਿਹਾ ਸਾਂ। ਮਾਰਵਾੜੀ ਲਾਲੇ ਕੰਪਨੀ ਮਾਲਕ ਵਪਾਰ ਦੇ ਪੂਰੇ ਮਾਸਟਰ ਤੇ ਮੈਂ ਪੇਂਡੂ ਭਾਈ, ਹਰੇਕ ਉਤੇ ਵਿਸ਼ਵਾਸ ਕਰਨ ਵਾਲਾ! ਉਹ ਲਾਲੇ ਗਵਾਲੀਅਰ ਤੋਂ ਇੱਕ ਪੁਰਾਣੀ ਛੱਡ ਮਸ਼ੀਨ ਕਬਾੜ ਵਿੱਚ ਲੈ ਆਏ, ਜੋ ਰਿਪੇਅਰ ਤੋਂ ਬਾਅਦ ਕੋਈ ਦੋ ਕੁ ਕਰੋੜ ਰੁਪਏ ਦੀ ਹੋ ਜਾਣੀ ਸੀ।



ਵੱਡੇ ਵੱਡੇ ਪ੍ਰੋਗਰਾਮਰ ਦਿੱਲੀ ਬੰਬੇ ਤੋਂ ਆਏ ਸਭ ਨਾਂਹ ਕਰ ਗਏ। ਅਖੀਰ ਇੱਕ ਪਾਰਸੀ ਕਾਰੀਗਰ ਬੰਬੇ ਤੋਂ ਆਇਆ।

ਰਾਜਿੰਦਰ ਸਿੰਘ ਰਾਣਾ(ਟਾਂਡਾ)
001-510-557-6988

ਮਸ਼ੀਨ ਚੈਕ ਕਰਕੇ ਕਹਿੰਦਾ ਜੇਕਰ ਮੈਨੂੰ ਤੁਸੀਂ ਆਹ ਇੱਕ ਪੰਜ ਵੋਲਟ ਦੀ regulated Power Supply ਕਿਤਿਓਂ ਲਿਆ ਦਿਓ ਤਾਂ ਮੈਨੂੰ ਲੱਗਦੈ ਗੱਲ ਬਣ ਜਾਏਗੀ। ਮੈਂ ਪਤਾ ਕੀਤਾ ਕਿ ਦਿੱਲੀ ਲਾਜਪਤ ਮਾਰਕੀਟ ਤੋਂ ਇਹ ਸਪਲਾਈ ਮਿਲ ਸਕਦੀ ਹੈ ਪਰ ਮਹਿੰਗੀ ਹੋਵੇਗੀ ਕੋਈ ਪੰਜ ਕੁ ਹਜ਼ਾਰ ਦੀ। ਮੈਂ ਡਰਾਈਵਰ ਲਿਆ ਦਿੱਲੀ ਲਾਜਪਤ ਮਾਰਕੀਟ ਜਾਮਾ ਮਸਜਿਦ ਸਾਹਵੇਂ ਜਾ ਪਹੁੰਚਿਆ। ਕੋਈ ਦਸ ਕੁ ਦੁਕਾਨਾਂ ਘੁੰਮ ਕੇ ਦੇਖੀਆਂ। ਸਾਰੀਆਂ ਥੋਕ ਦੀਆਂ ਦੁਕਾਨਾਂ। ਮੇਰੀ ਗੱਲ ਨੂੰ ਕੋਈ ਨਾ ਸਮਝੇ। ਅਖੀਰ ਇੱਕ ਬਹਾਦਰ ਪੁਰਸ਼ ਆਖਣ ਲੱਗੇ, ਕਾਕਾ ਫਲਾਣੀ ਦੁਕਾਨ ਉਤੇ ਚਲੇ ਜਾਹ ਉਹ ਤੇਰੀ ਗੱਲ ਸਮਝਣਗੇ।

ਇੱਕ ਵੱਡੀ ਸਾਰੀ ਦੁਕਾਨ ਉਤੇ ਤਿੰਨ ਲਾਲੇ ਬੈਠੇ ਸਨ। ਬੜਾ ਸਾਫ ਸੁਥਰਾ ਸ਼ੋਅ ਰੂਮ। ਮੇਰੀ ਗੱਲ ਸੁਣ ਕੇ ਉਹ ਬੋਲੇ-ਹਾਂਜੀ ਇਹ ਚੀਜ਼ ਮਿਲ ਜਾਏਗੀ ਪਰ ਮਹਿੰਗੀ ਹੋਵੇਗੀ ਕੋਈ 9800 ਰੁਪਏ ਦੀ। ਮੇਰੇ ਕੋਲ ਸਨ ਕੇਵਲ 5000 ਰੁਪਏ। ਮੈਂ ਦੱਸਿਆ ਕਿ ਲਾਲਾ ਜੀ ਮੈਨੂੰ ਇਹ Power Supply ਕੇਵਲ ਟੈਸਟਿੰਗ ਲਈ ਹੀ ਚਾਹੀਦੀ ਹੈ। ਜੇ ਕੰਮ ਨਾ ਆਈ ਤੇ ਸਾਡੇ ਇਹ ਸਾਰੇ ਪੈਸੇ ਗੁੱਲ ਹੋ ਜਾਣੇ ਨੇ। ਉਹ ਮਾਲਕ ਆਖਣ ਲੱਗਾ ਬੇਟਾ ਜੀ ਚਿੰਤਾ ਨਾ ਕਰੋ ਤੁਸੀਂ 2-3 ਦਿਨ ਲਾ ਕੇ ਟੈਸਟ ਕਰ ਲਓ, ਜੇਕਰ ਕੰਮ ਨਾ ਆਈ ਤਾਂ ਮੋੜ ਜਾਇਓ ਤੇ ਆਪਣੇ ਪੈਸੇ ਵਾਪਸ ਲੈ ਜਾਣਾ ਇਹ ਕੋਈ ਬਹੁਤ ਵੱਡੀ ਗੱਲ ਨਹੀਂ।

ਮੈਂ ਵਾਪਿਸ ਗਾਜ਼ੀਆਬਾਦ ਤੋਂ ਪੂਰੇ ਪੈਸੇ ਲੈ ਕੇ ਮੁੜ ਦਿੱਲੀ ਆਇਆ ਤੇ ਉਹ ਮਸ਼ੀਨ ਖ੍ਰੀਦ ਲਿਆਂਦੀ। ਪਰ ਇਹ ਪੁਰਜ਼ਾ ਸਾਡੇ ਕੰਮ ਨਾ ਆਇਆ। ਮੈਂ ਚਾਰ ਕੁ ਦਿਨ ਬਾਅਦ ਆਪਣੇ ਦਫਤਰ ਜਾ ਕੇ ਮਾਰਵਾੜੀ ਲਾਲਾ ਜੀ ਨੂੰ ਆਖਿਆ ਕਿ ਮੈਨੂੰ ਡਰਾਈਵਰ ਦੇਵੋ ਤਾਂ ਕਿ ਮੈਂ ਇਹ ਪੁਰਜ਼ਾ ਮੋੜ ਕੇ ਪੈਸੇ ਵਾਪਿਸ ਲੈ ਆਵਾਂ। ਮਾਰਵਾੜੀ ਲਾਲਾ ਜੀ ਕਹਿੰਦੇ-ਸਰਦਾਰਾ, ਤੂੰ ਪੇਂਡੂ ਬੰਦਾ ਨਵਾਂ ਨਵਾਂ ਹਾਲੇ ਸ਼ਹਿਰ ਵਿੱਚ ਆਇਆ ਐਂ, ਤੇਰੇ ਵਰਗੇ ਨੂੰ ਲਾਜਪਤ ਮਾਰਕੀਟ ਵਾਲੇ ਤਲੀ ਉਤੇ ਰੱਖ ਕੇ ਚੱਟ ਜਾਣ! ਉਸ ਨੇ ਆਪਣੀ ਤਲੀ ਉਤੇ ਜੀਭ ਫੇਰ ਕੇ ਮੈਨੂੰ ਸਮਝਾਇਆ। ਮੈਂ ਜ਼ਿਦ ਕੀਤੀ ਕਿ ਨਹੀਂ ਜੀ, ਉਹ ਦੁਕਾਨਦਾਰ ਮੈਨੂੰ ਭਲਾ ਲੋਕ ਜਾਪਦਾ ਸੀ! ਆਖਰ ਪੰਦਰਾਂ ਮਿੰਟ ਬਹਿਸ ਤੋਂ ਬਾਅਦ ਮਾਰਵਾੜੀ ਲਾਲਾ ਜੀ ਮੰਨ ਗਏ ਤੇ ਮੈਂ ਪੁਰਜ਼ਾ ਚੁੱਕ ਕੇ ਦਿੱਲੀ ਜਾ ਪਹੁੰਚਿਆ।

ਦਿੱਲੀ ਪਹੁੰਚ ਲਾਲਾ ਜੀ ਨੂੰ ਸਾਰੀ ਗੱਲ ਯਾਦ ਕਰਵਾ ਕੇ ਪੈਸੇ ਮੋੜਨ ਲਈ ਕਿਹਾ। ਉਨ੍ਹਾਂ ਬੜੇ ਆਰਾਮ ਨਾਲ ਇੱਕ ਨੌਕਰ ਨੂੰ ਕਹਿ ਕੇ ਪੁਰਜ਼ਾ ਚੈਕ ਕਰਵਾਇਆ ਅਤੇ 9800 ਰੁਪਏ ਰਬੜ ਪਾ ਕੇ ਮੇਜ਼ ਉਤੇ ਲਿਆ ਰੱਖੇ! ਕੋਈ ਸਵਾਲ ਵੀ ਨਾ ਪੁੱਛਿਆ। ਹੈਰਾਨ ਹੁੰਦਿਆਂ ਮੈਂ ਕੁਰਸੀ 'ਤੇ ਬਹਿ ਗਿਆ ਤੇ ਲਾਲਾ ਜੀ ਨੂੰ ਸਾਰੀ ਗੱਲ ਸੁਣਾਈ ਕਿ ਸਾਡੇ ਮਾਰਵਾੜੀ ਲਾਲਾ ਜੀ ਨੇ ਤਾਂ ਸ਼ਰਤ ਲਾਈ ਸੀ ਕਿ ਇਹ ਪੈਸੇ ਮੁੜ ਹੀ ਨਹੀਂ ਸਕਦੇ?

ਲਾਲਾ ਜੀ ਨੇ ਲੰਬਾ ਸਾਹ ਭਰ ਕੇ ਜਿਹੜੀ ਗੱਲ ਕਹੀ, ਉਹ ਮੇਰੀ ਜ਼ਿੰਦਗੀ ਦਾ ਚਾਨਣ ਮੁਨਾਰਾ ਬਣ ਗਈ। ਕਹਿਣ ਲੱਗੇ- 'ਬੇਟਾ ਜੀ, ਗਲਤ ਤੇਰੇ ਸੇਠ ਵੀ ਨਹੀਂ। ਕਿਓਂਕਿ ਇਸ ਮਾਰਕੀਟ ਦੀਆਂ 500 ਦੁਕਾਨਾਂ ਵਿਚੋਂ 499 ਉਤੇ ਤੁਹਾਡੇ ਮਾਲਕ ਦੀ ਗੱਲ ਲਾਗੂ ਹੁੰਦੀ ਹੈ ਪਰ ਮੇਰੀ ਦੁਕਾਨ ਦਾ ਨਾਮ ਹੈ 'ਗਲੋਬਲ ਇਲੈਕਟ੍ਰੋਨਿਕਸ' ਸੋ ਮੇਰੀ ਸੋਚ ਵੀ 'ਗਲੋਬਲ' ਹੀ ਹੈ। ਇਸ ਪੁਰਜ਼ੇ ਦੀ ਕੀਮਤ 9800 ਰੁਪਏ ਵਿਚੋਂ ਮੇਰਾ ਨਫ਼ਾ 2500 ਰੁਪਏ ਹੈ ਜੋ ਮੈਂ ਕਮਾਉਣਾ ਹੀ ਕਮਾਉਣਾ ਹੈ। ਚਾਹੇ ਇਹ ਪੁਰਜ਼ਾ ਤੁਹਾਨੂੰ ਵੇਚਾਂ ਜਾਂ ਕਿਸੇ ਹੋਰ ਨੂੰ। ਪਰ ਮੈਂ ਸਾਮਾਨ ਵੇਚਣ ਵੇਲੇ ਇਹ ਖਿਆਲ ਰੱਖਦਾ ਹਾਂ ਕਿ ਜਿਸ ਨੇ ਪੈਸੇ ਖਰਚਣੇ ਨੇ, ਕਿਤੇ ਉਹਨੂੰ ਘਾਟਾ ਤਾਂ ਨਹੀਂ ਪੈਂਦਾ? ਜੇ 9800 ਰੁਪਏ ਵਿਚੋਂ ਮੈਨੂੰ 2500 ਦਾ ਪ੍ਰਾਫਿਟ ਹੋਇਆ ਪਰ




ਤੁਹਾਨੂੰ 9800 ਦਾ ਘਾਟਾ ਪੈ ਗਿਆ ਤਾਂ ਸਾਨੂੰ ਸਾਰਿਆਂ ਨੂੰ ਗਲੋਬਲੀ 7300 ਰੁਪਏ ਦਾ ਘਾਟਾ ਪੈ ਜਾਂਦਾ। ਸੋ ਮੈਂ ਜ਼ਿੰਦਗੀ ਵਿੱਚ ਗਲੋਬਲ ਘਾਟਾ ਪੈਣ ਵਾਲਾ ਸੌਦਾ ਨਹੀਂ ਕਰਦਾ ਕਾਕਾ! ਚਾਹੇ ਮੈਨੂੰ ਕਿੰਨਾ ਵੀ ਪ੍ਰਾਫਿਟ ਕਿਓਂ ਨਾ ਹੁੰਦਾ ਹੋਵੇ। ਕਾਕਾ ਜੀ, ਜ਼ਿੰਦਗੀ ਵਿੱਚ ਵਪਾਰ ਦਾ ਮਜ਼ਾ ਤਾਂ ਹੀ ਆਉਂਦੈ, ਜੇ ਖਰੀਦਣ ਤੇ ਵੇਚਣ ਵਾਲਾ ਦੋਵੇਂ ਨਫ਼ੇ ਵਿੱਚ ਰਹਿਣ!"

ਉਸ ਬਜ਼ੁਰਗ ਦੁਕਾਨਦਾਰ ਦੀ 'ਘਾਟਾ ਨਾਪਣ ਵਾਲੀ ਜੁਗਤਿ' ਨੇ ਇੱਕ ਵਾਰ ਤਾਂ ਮੇਰੀ ਆਤਮਾ ਨੂੰ ਝੰਜੋੜ ਕੇ ਰੱਖ ਦਿੱਤਾ ਸੀ! ਕਿੰਨਾ ਅਨਮੋਲ ਸਬਕ ਸੌਖਾ ਹੀ ਮੇਰੀ ਝੋਲੀ ਪੈ ਗਿਆ!

ਮੈਂ ਉਸ ਬਜ਼ੁਰਗ ਨੂੰ ਆਪਣੇ ਮਨ ਹੀ ਮਨ ਏਕਲੱਵਯ ਵਾਂਗ ਜ਼ਿੰਦਗੀ ਵਿੱਚ ਵਪਾਰਕ ਉਸਤਾਦ ਧਾਰਨ ਕਰ ਲਿਆ। ਪ੍ਰਣ ਕੀਤਾ ਕਿ ਕੋਈ ਵੀ ਕਾਰੋਬਾਰ ਕਰਾਂ, ਨਾਮ 'ਗਲੋਬਲ' ਹੀ ਹੋਵੇਗਾ ਤੇ ਸੋਚ ਵੀ "ਗਲੋਬਲ"! ਦੋਸਤੋ, ਇਸ ਮਾਰਚ ਮਹੀਨੇ, ਪੂਰੇ ਅਠਾਰਾਂ ਸਾਲ ਹੋ ਗਏ, ਬੜੇ ਉਤਰਾਅ ਚੜ੍ਹਾਅ ਦੇਖੇ ਪਰ ਸੱਚੇ ਗੁਰੂ ਸਾਹਿਬ ਦੀ ਮਿਹਰ ਨਾਲ ਗਲੋਬਲ ਸੋਚ ਨਾਲੋਂ ਨਾਤਾ ਨਹੀਂ ਟੁੱਟਣ ਦਿੱਤਾ !!

## ਸ਼ਬਦ ਦੀ ਸ਼ਕਤੀ ਤੇ ਬੋਲੀ ਦੀ ਅਲੋਕਾਰਤਾ ਦਾ ਜਾਦੂਗਰ ਬਲਵੰਤ ਗਾਰਗੀ

(ਪਿਛਲੇ ਸਫੇ ਦਾ ਬਾਕੀ)

ਪੈਦਲ ਡਡਹੇੜੀ ਪਹੁੰਚ ਕੇ ਇਕ ਦਿਨ ਧੀਰ ਜੀ ਕੋਲ ਜ਼ਰੂਰ ਰਹਿ ਕੇ ਜਾਂਦਾ ਸੀ।

ਉਹਨੂੰ ਥਾਲੀ ਵਿਚ ਬੇਅਨੁਪਾਤਾ ਅਚਾਰ, ਸਾਗ ਤੇ ਮੱਖਣ ਪਾਉਂਦਿਆਂ ਅਤੇ ਬੁਰਕੀ ਨਾਲ ਰਲਾਉਂਦਿਆਂ-ਮਧਦਿਆਂ ਦੇਖ ਕੇ ਹੈਰਾਨੀ ਹੋਈ ਸੀ। ਖਾਣੇ ਦੀ ਮੇਜ਼ ਦੇ ਸ਼ਊਰ-ਸਲੀਕੇ ਲਈ ਜਾਣੇ ਜਾਂਦੇ ਗਾਰਗੀ ਦੀ ਬੇਧਿਆਨੀ ਜਿਹੀ ਤੋਂ ਲੱਗਿਆ ਸੀ ਕਿ ਸਭ ਕੁਝ ਠੀਕ ਨਹੀਂ। ਮਗਰੋਂ ਗੱਲਾਂ ਕਰਦਿਆਂ ਉਹ ਕਹਿੰਦਾ, 'ਮੈਂ ਨਵਾਂ ਨਾਵਲ ਲਿਖਿਆ ਹੈ, ਕੁਛ ਕਾਂਡ ਟ੍ਰਿਬਿਊਨ ਵਿਚ ਛਾਪੀਏ।' ਮੈਂ ਕਿਹਾ, 'ਸਾਰਾ ਹੀ ਦੇ ਦਿਉ, ਕਿਸਤਾਂ ਸ਼ੁਰੂ ਕਰ ਦਿੰਨੇ ਆਂ।' ਉਹ ਬੋਲਿਆ, 'ਨਹੀਂ, ਸਾਰਾ ਨਹੀਂ। ਮੈਂ ਛੇਤੀ ਹੀ ਚਾਰ ਕਾਂਡ ਛਾਂਟ ਕੇ ਭੇਜੂੰਗਾ।' ਪਰ ਉਹ ਕਾਂਡ ਕਦੇ ਨਾ ਆਏ। ਵਿਚ-ਵਿਚ ਬੇਤਰਤੀਬੀਆਂ ਜਿਹੀਆਂ ਹੋ ਜਾਂਦੀਆਂ ਉਹਦੀਆਂ ਗੱਲਾਂ ਤੋਂ ਸਾਫ ਦਿਸਦਾ ਸੀ ਕਿ ਤਨ ਦੇ ਨਾਲ-ਨਾਲ ਮਨ ਵੀ ਬੁੱਢਾ ਹੋਣ ਲੱਗ ਪਿਆ ਸੀ! ਉਹਦੀ ਸੁਰਤ ਦੇ ਪੈਰ ਪਗਡੰਡੀ ਤੋਂ ਥੋੜ੍ਹਾ-ਥੋੜ੍ਹਾ ਸੱਜੇ-ਖੱਬੇ ਪੈਣੇ ਸ਼ੁਰੂ ਹੋ ਗਏ ਸਨ।

ਉਮਰ ਦੀ ਪੌਣੀ ਸਦੀ ਭੋਗ ਚੁੱਕਣ ਤੱਕ ਤੰਦਰੁਸਤ ਤੇ ਫੁਰਤੀਲਾ ਰਿਹਾ ਗਾਰਗੀ ਆਖਰ ਢਲਣ ਲੱਗ ਪਿਆ ਤੇ ਢਲਿਆ ਵੀ ਕੁਛ ਵਧੇਰੇ ਹੀ ਤੇਜ਼ੀ ਨਾਲ। ਉਹਦਾ ਭੁੱਲਣ-ਰੋਗ ਵਧਣ ਲੱਗਿਆ ਤੇ ਸਕੇ-ਸਨੇਹੀਆਂ ਨੂੰ ਪਛਾਨਣ ਵਿਚ ਉਹਨੂੰ ਮੁਸ਼ਕਿਲ ਹੋਣ ਲੱਗੀ। ਜਦੋਂ ਮਨੂੰ ਕੋਲ ਮੁੰਬਈ ਪਹੁੰਚਿਆ, ਉਹ ਮੁੰਬਈ, ਦਿੱਲੀ ਤੇ ਬਠਿੰਡੇ ਦਾ ਫਰਕ ਭੁੱਲ ਚੁੱਕਿਆ ਸੀ। ਪੰਜਾਬੀ ਸਾਹਿਤ ਸਭਾ ਦਿੱਲੀ ਨੇ ਉਹਨੂੰ ਫੈਲੋਸ਼ਿਪ ਦਿੱਤੀ ਤਾਂ ਭਾਪਾ ਪ੍ਰੀਤਮ ਸਿੰਘ ਤੇ ਗੁਲਜ਼ਾਰ ਸਿੰਘ ਸੰਧੂ ਪਹਿਲੇ ਤਿੰਨ ਮਹੀਨਿਆਂ ਦਾ ਚੈਕ ਦੇਣ ਵਾਸਤੇ ਮੁੰਬਈ ਗਏ। ਗੁਲਜ਼ਾਰ, ਸੁਖਬੀਰ, ਐਸ. ਸਵਰਨ, ਅਮਰੀਕ ਗਿੱਲ, ਰਸ਼ਪਿੰਦਰ ਰਸ਼ਿਮ ਤੇ ਇਕ-ਦੋ ਹੋਰ ਉਥੋਂ ਬੁਲਾ ਲਏ ਗਏ। ਸੰਧੂ ਨੇ ਉਹਨੂੰ ਦੱਸਿਆ ਕਿ ਉਹ ਇਧਰ ਆਉਣ ਤੋਂ ਪਹਿਲਾਂ ਕਾਸ਼ਨੀ ਵਿਹੜਾ ਦੇਖ ਕੇ ਆਇਆ ਹੈ ਜਿਥੇ ਬੁਲਡੋਜ਼ਰ ਚੱਲ ਰਿਹਾ ਸੀ। ਉਹਨੂੰ ਕੋਈ ਪਤਾ ਨਹੀਂ ਸੀ ਕਿ ਇਹ ਕਿਸ ਵਿਹੜੇ ਦੀ ਗੱਲ ਕਰ ਰਿਹਾ ਹੈ। ਸੰਧੂ ਕਹਿੰਦਾ ਹੈ, 'ਉਸ ਨੂੰ ਤਾਂ ਸ਼ਾਇਦ ਇਹ ਵੀ ਨਹੀਂ ਸੀ ਪਤਾ ਕਿ ਮੈਂ ਕੌਣ ਹਾਂ।'

ਦਸਦੇ ਹਨ ਕਿ ਉਹਦੀ ਇਸ ਅਵਸਥਾ ਦੇ ਦੋ ਸਾਲਾਂ ਵਿਚ ਮਨੂੰ ਨੇ ਦਿਨ-ਰਾਤ ਇਕ ਕਰ ਕੇ ਉਹਦੀ ਜੋ ਸਾਂਭ-ਸੰਭਾਲ ਕੀਤੀ, ਉਹ ਯਕੀਨਨ ਪ੍ਰਸ਼ੰਸਾਜੋਗ ਸੀ। ਜਦੋਂ ਹਾਲਤ ਬਹੁਤੀ ਹੀ ਵਿਗੜ ਗਈ, ਉਹਨੇ ਡਾਕਟਰਾਂ ਤੋਂ ਪਿਤਾ ਨੂੰ ਜੀਵਨ-ਸਹਾਇਕ ਮਸ਼ੀਨੀ ਪ੍ਰਬੰਧ ਨਾਲ ਜੋੜਨ ਦੀ ਸਲਾਹ ਲਈ, ਪਰ ਉਨ੍ਹਾਂ ਦੀ ਰਾਇ ਸੀ ਕਿ ਉਮਰ ਨਾਲ ਸਰੀਰ ਜਿਸ ਅਵਸਥਾ ਨੂੰ ਪੁੱਜ ਚੁੱਕਿਆ ਹੈ, ਮਸ਼ੀਨਾਂ ਦਾ ਕਸ਼ਟਦਾਇਕ ਸਹਾਰਾ ਵੀ ਬੇਅਰਥ ਜੀਵਨ ਨੂੰ ਕੁਛ ਦਿਨ ਵਧਾ ਦੇਣ ਤੋਂ ਵੱਧ ਕੁਛ ਨਹੀਂ ਕਰ ਸਕੇਗਾ। ਉਨ੍ਹਾਂ ਨੇ ਸਲਾਹ ਦਿੱਤੀ ਕਿ ਹਸਪਤਾਲ ਦੇ ਓਪਰੇ ਮਾਹੌਲ ਦੀ ਥਾਂ ਘਰ ਦੇ ਸ਼ਾਂਤ ਮਾਹੌਲ ਵਿਚ ਸੇਵਾ ਕਰ ਕੇ ਇਨ੍ਹਾਂ ਨੂੰ ਚੈਨ ਨਾਲ ਸੁਆਸ ਪੂਰੇ ਕਰਨ ਦਿਓ। ਇਕ ਮਹੀਨਾ ਇਸ ਅਵਸਥਾ ਵਿਚ ਪਿਆ ਰਹਿ ਕੇ 87 ਸਾਲ ਦੀ ਉਮਰ ਭੋਗਣ ਪਿਛੋਂ ਉਹ ਮਨੂੰ ਦੇ ਹੱਥਾਂ ਵਿਚ ਪੂਰਾ ਹੋ ਗਿਆ। ਗਾਰਗੀ ਦੀ ਇਕ ਖ਼ੂਬੀ ਇਹ ਸੀ ਕਿ ਉਹ ਨਾ ਆਸਤਿਕ ਸੀ ਤੇ ਨਾ ਨਾਸਤਿਕ। ਜੇ ਕਹਿਣਾ ਹੋਵੇ, ਧਰਮ ਦੇ ਪੱਖੋਂ ਉਹ ਸਹਿਜ-ਪੰਥੀ ਸੀ। ਉਹਦਾ ਮੱਤ ਕੁਛ ਇਉਂ ਸੀ ਕਿ ਜੇ ਰੱਬ ਹੈਗਾ, ਹੋਵੇ, ਕਰਦਾ ਰਹੇ ਆਪਣਾ ਕੰਮ, ਤੇ ਜੇ ਰੱਬ ਨਹੀਂ, ਨਾ ਸਹੀ, ਆਪਾਂ ਉਹਤੋਂ ਕੀ ਲੈਣਾ ਹੈ! ਇਸੇ ਲਈ ਉਹ ਕਿਸੇ ਡੇਰੇ-ਮੰਦਰ ਨਹੀਂ ਸੀ ਜਾਂਦਾ। ਪੂਰਾ ਹੋਣ ਤੋਂ ਕੋਈ ਸਾਢੇ ਪੰਜ ਸਾਲ ਪਹਿਲਾਂ, 17 ਸਤੰਬਰ 1997 ਨੂੰ ਮਨੂੰ ਲਈ ਅੰਗਰੇਜ਼ੀ ਵਿਚ ਟਾਈਪ ਕੀਤੀਆਂ ਚਾਰ ਸਤਰਾਂ ਦੇ ਰੂਪ ਵਿਚ ਲਿਖੀ 'ਵਸੀਅਤ' ਅਨੁਸਾਰ ਉਹ ਆਪਣੀ ਅੰਤਿਮ ਠਾਹਰ ਬਠਿੰਡੇ ਦੇ ਸੁਨਹਿਰੀ ਕੱਕੇ ਰੇਤੇ ਨੂੰ ਥਾਪਦਾ ਹੈ: 'ਮੇਰੀ ਮੌਤ ਮਗਰੋਂ ਕੋਈ ਰੋਣਾ-ਪਿੱਟਣਾ ਨਹੀਂ ਹੋਣਾ ਚਾਹੀਦਾ। ਉਸ ਮੌਕੇ ਸਕੇ-ਸਨੇਹੀ ਬੱਸ ਖਾਣੇ ਵਾਸਤੇ ਮਿਲ ਬੈਠਣ। ਮੇਰਾ ਸਸਕਾਰ ਮੇਰੀ ਕਰਮਭੂਮੀ ਤੇ ਕਲਮਭੂਮੀ ਦਿੱਲੀ ਵਿਚ ਹੋਵੇ ਅਤੇ ਮੇਰੇ ਫੁੱਲ ਮੇਰੀ ਜਨਮਭੂਮੀ ਬਠਿੰਡੇ ਦੀ ਸਰਹਿੰਦ ਨਹਿਰ ਵਿਚ ਪਾਏ ਜਾਣ, ਜਿਥੇ ਮੈਂ ਬਚਪਨ ਵਿਚ ਸੁਨਹਿਰੀ ਰੇਤੇ ਵਿਚ ਖੇਡਿਆ!' ਉਹਦੇ ਸ਼ਾਗਿਰਦ ਅਨੁਪਮ ਖੇਰ ਤੇ ਅਮਰੀਕ ਗਿੱਲ ਦੇਹ ਸਿੱਧੀ ਦਿੱਲੀ ਦੇ ਲੋਧੀ ਰੋਡ ਵਾਲੇ ਸ਼ਮਸ਼ਾਨਘਾਟ ਵਿਚ ਲੈ ਆਏ। ਮਗਰੋਂ ਮਨੂੰ ਅਤੇ ਪਿਤਾ ਦੇ ਅੰਤ ਦੀ ਖ਼ਬਰ ਸੁਣ ਕੇ ਆਈ ਜੰਨਤ ਬਠਿੰਡੇ ਦੇ ਮੁਹਤਬਰ ਬੰਦਿਆਂ ਦੀ ਹਾਜ਼ਰੀ ਵਿਚ ਉਹਦੀ ਇੱਛਾ ਅਨੁਸਾਰ ਫੁੱਲ ਉਸ ਨਹਿਰ ਵਿਚ ਤਾਰ ਆਏ ਜਿਸ ਦੇ ਕਿਨਾਰੇ ਦੇ ਪਿੰਡ ਸਹਿਣਾ ਵਿਚ ਉਹਦਾ ਬਚਪਨ ਬੀਤਿਆ ਸੀ ਤੇ ਕਿਨਾਰੇ ਦੇ ਸ਼ਹਿਰ ਬਠਿੰਡਾ ਵਿਚ ਉਹਦੀ ਚੜ੍ਹਦੀ ਉਮਰ ਲੰਘੀ ਸੀ।

ਛੋਟੇ-ਮੋਟੇ ਦਿਖਾਵਿਆਂ ਤੇ ਸਵੈ-ਪੇਸ਼ਕਾਰੀ ਦੇ ਜਤਨਾਂ ਦੇ ਬਾਵਜੂਦ ਉਹ ਪੁਰਖ਼ਲੂਸ ਤੇ ਨਿੱਘਾ ਮਨੁੱਖ ਸੀ। ਬੋਲੀ ਦਾ ਉਸਤਾਦ ਤੇ ਕਲਮ ਦਾ ਧਨੀ। ਇਸੇ ਕਰਕੇ ਅਜਿਹੇ ਛੋਟੇ ਦਿਖਾਵੇ ਤੇ ਜਤਨ ਉਹਦੀ ਵੱਡੀ ਸਾਹਿਤਕ-ਸਭਿਆਚਾਰਕ ਪ੍ਰਤਿਭਾ ਤੇ ਦੇਣ ਸਾਹਮਣੇ ਤੁੱਛ ਬਣ ਕੇ ਰਹਿ ਜਾਂਦੇ ਹਨ। ਜਾਣ ਵਾਲਾ ਕੋਈ ਲੇਖਕ ਸਾਹਿਤ-ਸਭਿਆਚਾਰ ਦੇ ਇਤਿਹਾਸ ਦੀ ਪੁਸਤਕ ਵਿਚ ਕੌਮਾ ਹੁੰਦਾ ਹੈ, ਕੋਈ ਬਿੰਦੀ, ਕੋਈ ਵਾਕ ਹੁੰਦਾ ਹੈ, ਕੋਈ ਪੈਰਾ, ਪਰ ਗਾਰਗੀ ਉਨ੍ਹਾਂ ਵਿਰਲੇ-ਟਾਂਵਿਆਂ ਵਿਚੋਂ ਸੀ ਜੋ ਪੂਰਾ ਕਾਂਡ ਰਚ ਕੇ ਜਾਂਦੇ ਹਨ। ਉਸ ਦਾ ਇਹ ਕਾਂਡ 22 ਅਪਰੈਲ 2003 ਨੂੰ ਪੂਰਨ ਵਿਸ਼ਰਾਮ-ਚਿੰਨ੍ਹ ਲੱਗਣ ਨਾਲ ਸੰਪੂਰਨ ਹੋ ਗਿਆ!

# ਕੈਲੇਫੋਰਨੀਆ ਡਾਇਰੀ

**ਡਾ. ਅੰਬਰੀਸ਼, ਡਾ. ਕਰਨੈਲ ਸਿੰਘ ਦਾ ਸਾਹਿਤਕ ਨਾਂ ਹੈ। ਉਹ ਲੰਮਾ ਸਮਾਂ ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਪੜ੍ਹਾਉਂਦੇ ਰਹੇ ਹਨ ਅਤੇ ਫਿਰ ਉਥੋਂ ਹੀ ਪ੍ਰਿੰਸੀਪਲ ਵਜੋਂ ਕੰਮ ਮੁਕਤ (ਸੇਵਾ-ਮੁਕਤ) ਹੋਏ ਹਨ। ਉਨ੍ਹਾਂ ਦੀਆਂ ਕਈ ਕਾਵਿ-ਕਿਤਾਬਾਂ ਛਪ ਚੁੱਕੀਆਂ ਹਨ। ਸੈਰ ਸਪਾਟੇ ਦਾ ਵੀ ਬੇਹੱਦ ਸ਼ੌਕ ਰੱਖਦੇ ਹਨ। ਉਹ ਆਪਣੇ ਡਾ. ਬੇਟੇ ਕੋਲ ਕੈਲੇਫੋਰਨੀਆ ਆਉਂਦੇ-ਜਾਂਦੇ ਰਹਿੰਦੇ ਹਨ। ਇਸੇ 'ਚੋਂ ਉਨ੍ਹਾਂ ਦੀ ਡਾਇਰੀ ਲਿਖਣ ਵਿਚ ਆਉਂਦੀ ਹੈ।**

ਅਮਰੀਕਾ 'ਚ ਜੇਕਰ ਤੁਹਾਡੇ ਕੋਲ ਕਾਰ ਨਹੀਂ ਤਾਂ ਤੁਸੀਂ ਲਗਭਗ ਨਕਾਰਾ ਹੋ। ਮੇਰੇ ਵੇਖੇ ਹੋਰ ਵਿਕਸਿਤ ਦੇਸ਼ਾਂ ਆਸਟ੍ਰੇਲੀਆ, ਕੈਨੇਡਾ ਤੇ ਇੰਗਲੈਂਡ ਦੇ ਉਲਟ, ਅਮਰੀਕਾ ਦੇ ਬਹੁਤੇ ਰਾਜਾਂ 'ਚ ਆਵਾਜਾਈ ਦੀਆਂ ਜਨਤਕ ਪ੍ਰਣਾਲੀਆਂ ਦਾ ਵਿਕਾਸ ਹੋਇਆ ਹੀ ਨਹੀਂ। ਹੋਇਆ ਹੁੰਦਾ ਤਾਂ ਇਹ ਆਮ ਲੋਕਾਂ ਲਈ ਵਧੇਰੇ ਆਰਾਮਦਾਇਕ, ਘੱਟ ਖਰਚੀਲਾ, ਸਮਾਂ-ਬਚਾਊ, ਤੇ ਪਰਿਆਵਰਣ-ਸੰਰੱਖਿਅਕ ਹੁੰਦਾ। ਅਮਰੀਕਾ ਵਰਗਾ ਬਿਹਤਰੀਨ ਦਿਮਾਗਾਂ ਵਾਲਾ ਵਿਕਸਿਤ ਮੁਲਕ ਇਹ ਸੁਖਾਲਿਆਂ



ਡਾ. ਅੰਬਰੀਸ਼
ਫੋਨ: 98143-89522

ਕਰ ਸਕਦਾ ਸੀ, ਤੇ ਇੰਜ ਨਾ ਕਰਨ ਦੇ ਕਾਰਨਾਂ ਨੂੰ ਜਾਣਨਾ ਰਾਕਟ-ਸਾਇੰਸ ਨਹੀਂ।

ਸੋ ਏਥੇ ਹਰ ਬੰਦੇ ਕੋਲ ਆਪਣੀ ਕਾਰ, ਜਾਂ ਕਾਰਾਂ ਨੇ। ਇਕ ਤੋਂ ਇਕ ਵੱਧ ਵੱਡੀ, ਸੋਹਣੀ, ਤਾਕਤਵਰ ਤੇ ਤੇਜ਼, ਚਮਚਮਾਉਂਦੀ। ਪੈਟਰੋਲ-ਡੀਕਦੀ। ਸਸਤੀ, ਮਹਿੰਗੀ, ਬਹੁਤ ਮਹਿੰਗੀ, ਬੇਸ਼ਕੀਮਤੀ। ਏਥੋਂ ਦੀਆਂ ਸੜਕਾਂ 'ਤੇ ਘੁੰਮਦਿਆਂ ਜਿੰਨੀ ਤਰ੍ਹਾਂ ਦੀਆਂ ਕਾਰਾਂ ਮੈਂ ਏਥੇ ਵੇਖੀਆਂ ਨੇ, ਹੋਰ ਕਿਸੇ ਮੁਲਕ 'ਚ ਨਹੀਂ।

ਆਮ ਅਮਰੀਕੀਆਂ ਵਾਂਗ, ਸਗੋਂ ਆਮ ਤੋਂ ਕੁਝ ਵੱਧ ਹੀ, ਬੇਟਾ ਵੀ ਕਾਰਾਂ ਦਾ ਸ਼ੁਕੀਨ ਹੈ। ਪੰਜਾਬ ਵਿਚ ਰਹਿੰਦਿਆਂ, ਬਚਪਨ ਤੋਂ ਸ਼ੁਕੀਨ ਹੈ। ਜਿੰਨੀਆਂ ਕਾਰਾਂ ਮੈਂ ਸਾਰੇ ਜੀਵਨ 'ਚ ਨਹੀਂ ਬਦਲੀਆਂ, ਉਸ ਤੋਂ ਕਿਤੇ ਵੱਧ ਏਥੇ ਆ ਉਹ ਪਿਛਲੇ 5-6 ਸਾਲਾਂ ਵਿਚ ਬਦਲ ਚੁੱਕਿਆ ਹੈ। ਉਹਨੂੰ ਕਾਰਾਂ ਦਾ ਖਾਸਾ ਗਿਆਨ ਵੀ ਹੈ। ਸੜਕ 'ਤੇ ਚੱਲਦੀ ਹਰ ਕਾਰ, ਟਰੱਕ ਦੀ ਖਾਸੀਅਤ ਉਹਨੂੰ ਪਤਾ ਹੈ। ਉਹ ਕਹਿੰਦਾ ਕਿ ਭਰੋਸੇਯੋਗ ਕਾਰ ਉਹ ਨਹੀਂ ਜਿਹੜੀ ਸਿਰਫ ਆਪਣੀ ਵਾਰੰਟੀ ਦੌਰਾਨ ਸਹੀ ਚੱਲੇ, ਸਗੋਂ ਉਹ ਹੈ ਜਿਹੜੀ ਵਰੰਟੀ ਮੁੱਕਣ ਮਗਰੋਂ ਵੀ ਸਾਲਾਂ ਦੇ ਸਾਲ ਓਨੀ ਹੀ ਭਰੋਸੇਯੋਗ ਰਹੇ; ਕਿ ਦੁਨੀਆ ਦੀਆਂ ਸਭ ਤੋਂ ਭਰੋਸੇਯੋਗ ਕਾਰਾਂ ਟਿਓਟਾ ਦੀਆਂ ਨੇ, ਉਹ ਕਦੇ ਖਰਾਬ ਨਹੀਂ ਹੁੰਦੀਆਂ, ਤੇ ਵਰਤੀਆਂ ਹੋਈਆਂ ਬਹੁਤੀਆਂ ਮਹਿੰਗੀਆਂ ਵੀ ਨਹੀਂ ਹੁੰਦੀਆਂ। ਇਸੇ ਕਾਰਨ ਸੈਕੰਡ-ਹੈਂਡ ਟਿਓਟਾ ਕੈਮਰੀ (ਤੇ ਹੌਂਡਾ ਸਿਵਿਕ) ਅਮਰੀਕਾ ਆਉਣ ਵਾਲੇ ਅਵਾਸੀਆਂ ਦੀ ਮਨਪਸੰਦ ਪਹਿਲੀ ਕਾਰ ਹੁੰਦੀ ਹੈ।

ਅਮਰੀਕਾ ਦੀਆਂ ਸੜਕਾਂ 'ਤੇ ਸਫਰ ਕਰਦਾ ਤੇ ਵੱਡੀਆਂ, ਲਗਜ਼ਰੀ ਕਾਰਾਂ 'ਚ ਇਕ ਇਕ ਜਣੇ ਨੂੰ ਸਫਰ ਕਰਦਿਆਂ ਵੇਖਦਾਂ ਮੈਂ ਹੈਰਾਨ ਹੁੰਦਾ ਹਾਂ: ਇਹ ਸਾਰੇ ਲੋਕ ਏਨੀਆਂ ਵੱਡੀਆਂ ਕਾਰਾਂ "ਅਫੋਰਡ" ਕਿੰਜ ਕਰਦੇ ਨੇ? ਜ਼ਰਾ ਧਿਆਨ ਧਰਿਆਂ ਜਵਾਬ ਮੈਨੂੰ ਨਾਲ ਹੀ ਮਿਲ ਜਾਂਦਾ ਹੈ: ਅਸਲ 'ਚ ਉਹ ਅਫੋਰਡ ਨਹੀਂ ਕਰਦੇ; ਇਹ ਵੱਡੀਆਂ ਕਾਰਾਂ (ਤੇ ਘਰ, ਤੇ ਐਸ਼ਪ੍ਰਸਤੀ ਦਾ ਹੋਰ ਸਾਜ਼ੋ-ਸਾਮਾਨ) ਸਭ ਕਰਜ਼ੇ ਦੀ ਕਰਾਮਾਤ ਹੈ। ਤੁਹਾਡੇ ਕੋਲ ਕੋਈ ਵੀ ਰੈਗੂਲਰ ਜੌਬ ਹੋਵੇ ਤਾਂ ਤੁਸੀਂ ਕੋਈ ਵੀ ਉੱਚ-ਕੀਮਤੀ ਕਾਰ ਖਰੀਦ ਸਕਦੇ ਹੋ। ਬਦਕਿਸਮਤੀ ਨਾਲ ਜੌਬ ਚਲੀ ਜਾਵੇ ਤਾਂ ਬੰਦਾ ਸੜਕ 'ਤੇ ਆ ਸਕਦਾ, ਬੇਘਰੀ ਦੇ ਸ਼ਿਕੰਜੇ ਵਿਚ ਫਸ ਸਕਦਾ ਹੈ। ਬੇਟੇ ਦਾ ਇਕ ਦੋਸਤ ਦੱਸਦਾ ਹੈ ਕਿ ਉਹਦੇ ਘਰ ਹਫਤੇ ਮਗਰੋਂ ਸਫਾਈ ਕਰਨ ਆਉਂਦੀ ਔਰਤ ਕੰਮ 'ਤੇ ਹੁਣੇ ਖਰੀਦੀ ਆਪਣੀ 50,000 ਡਾਲਰ ਦੀ ਨਵੀਂ ਮਰਸਡੀਜ਼ 'ਤੇ ਆਉਂਦੀ ਹੈ।

ਕਰਜ਼ਾ ਬੜੇ ਘੱਟ ਵਿਆਜ 'ਤੇ, ਤੇ ਕਾਰ ਵਾਸਤੇ ਦਸ ਸਾਲਾਂ ਲਈ ਮਿਲ ਜਾਂਦਾ ਹੈ। ਵੱਡੇ ਘਰ ਸਮੇਤ, ਸਭ ਕੁਝ ਖਰੀਦਣ ਵਾਸਤੇ ਕਰਜ਼ਾ ਲੈਣ ਲਈ ਲੋਕਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ, ਉਕਸਾਇਆ ਤੇ ਫਸਾਇਆ ਜਾਂਦਾ ਹੈ। ਕਰਜ਼ਾ ਲਵੋ, ਤੇ ਜ਼ਰੂਰਤ ਹੋਵੇ ਭਾਵੇਂ ਨਹੀਂ, ਵੱਧ ਤੋਂ ਵੱਧ, ਤੇ ਕੀਮਤੀ ਤੋਂ ਕੀਮਤੀ ਸਾਮਾਨ ਖਰੀਦੋ, ਤੇ ਸਮੇਂ ਸਿਰ, ਤੇ ਸਾਰੀ ਉਮਰ ਕਿਸ਼ਤਾਂ ਲਾਹੁੰਦੇ ਰਹੋ; ਤੁਹਾਡਾ ਕ੍ਰੈਡਿਟ ਸਕੋਰ ਬਿਹਤਰ ਹੋਏਗਾ, ਤੁਸੀਂ ਹੋਰ ਵੱਡਾ ਕਰਜ਼ਾ ਲੈ ਸਕੋਗੇ, ਤੁਸੀਂ ਹੋਰ, ਤੇ ਪਹਿਲਾਂ ਤੋਂ ਵੀ ਵਧੇਰੇ ਕੀਮਤੀ ਚੀਜ਼ਾਂ ਖਰੀਦ ਸਕੋਗੇ। ਤੇ ਇਹ ਅਜਗਰ-ਜੱਫਾ ਹੋਰ ਤੇ ਹੋਰ ਕਸਵਾਂ ਹੁੰਦਾ ਜਾਏਗਾ।

'ਅਮਰੀਕਨ ਸੁਫਨੇ' ਦੀ ਇਹੋ ਹਕੀਕਤ ਹੈ। ਇਸ ਮ੍ਰਿਗਤ੍ਰਿਸ਼ਨਾ ਦਾ ਪਿੱਛਾ ਕਰਨਾ, ਕੁਝ ਇਕ ਅਤਿ-ਲਾਲਚੀ ਆਰਥਿਕ ਅਦਾਰਿਆਂ ਨੂੰ ਛੱਡ ਕਿਸੇ ਦੇ ਹਿੱਤ 'ਚ ਨਹੀਂ: ਲੋਕਾਂ, ਸਰਕਾਰ, ਧਰਤੀ ਗ੍ਰਹਿ, ਕਿਸੇ ਦੇ ਵੀ ਨਹੀਂ। ਲੋੜ ਅਮਰੀਕੀ ਸੁਫਨੇ ਨੂੰ ਸਕੇਲ ਡਾਊਨ ਕਰਨ, ਚਾਦਰ ਵੇਖ ਕੇ ਪੈਰ ਪਸਾਰਨ ਵਾਲੀ ਭਾਰਤੀ ਕਹਾਵਤ ਅਨੁਸਾਰ ਚੱਲਣ ਦੀ ਹੈ।

ਇਹ ਜਾਣ ਹੈਰਾਨੀ ਹੋ ਸਕਦੀ ਹੈ ਕਿ ਅਮਰੀਕਾ ਜਿਹੇ ਅਮੀਰ ਤੇ ਸਾਧਨ-ਸੰਪੰਨ ਦੇਸ਼ ਦੇ ਸਿਰ ਜਨਵਰੀ 2022 ਨੂੰ 30 ਖਰਬ ਡਾਲਰ ਦਾ ਕਰਜ਼ਾ ਸੀ - ਇਹਦੇ 'ਚ ਆਮ ਅਮਰੀਕੀਆਂ ਦਾ ਅਮਰੀਕਨ ਆਰਥਿਕ ਪ੍ਰਬੰਧਾਂ ਤੋਂ ਲਿਆ ਗਿਆ ਤੇ ਅਮਰੀਕੀ ਸਰਕਾਰ ਦਾ 35 ਦੇਸ਼ਾਂ ਤੋਂ ਲਿਆ ਕਰਜ਼ਾ ਸ਼ਾਮਲ ਹੈ; ਇਸ ਤੋਂ ਵੀ ਵੱਧ ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਭਾਰਤ ਵੀ ਸ਼ਾਮਲ ਹੈ।

## ਗ਼ਜ਼ਲ

ਹੋਣ ਦਿੰਦੇ ਨਾ ਜੁਦਾ ਐਸੇ ਵੀ ਹੁੰਦੇ ਫਾਸਲੇ।
ਉਮਰ ਭਰ ਨਾ ਸਾਥ ਛੱਡਣ ਇਸ ਤਰ੍ਹਾਂ ਦੇ ਹਾਦਸੇ।


ਅਜੈ ਤਨਵੀਰ

ਵੇਖਦੇ ਹਾਂ ਅੰਬਰਾਂ 'ਤੇ ਉਡਦੇ ਕਿੰਨਾ ਕੁ ਚਿਰ,
ਪਰ ਉਧਾਰੇ ਲੈ ਗਏ ਜੋ ਕੁਝ ਦਿਨਾਂ ਦੇ ਵਾਸਤੇ।

ਦਿਸ ਰਿਹਾ ਸੀ ਤੂੰ ਖੜਾ ਹਰ ਮੀਲ ਪੱਥਰ ਵਿਚ ਹੀ,
ਖ਼ੂਬਸੂਰਤ ਬਣ ਗਏ ਫਿਰ ਮੰਜ਼ਿਲਾਂ ਦੇ ਰਾਸਤੇ।

ਮੈਂ ਸੁਆਰਥ ਵਾਸਤੇ ਚੱਪੂ ਕਦੇ ਬਣਿਆ ਨਹੀਂ,
ਏਸ ਕਰਕੇ ਰਾਜ ਭਵਨਾਂ ਵਿੱਚ ਮਿਲੇ ਨਾ ਦਾਖਲੇ।

ਰਾਤ ਦਿਨ ਹੀ ਸੁਲਗਦੇ ਨੇ ਜੋ ਬਿਨਾਂ ਹੀ ਚਿਣਗ ਤੋਂ,
ਦੱਸ ਕਿੰਦਾਂ ਲਾਟ ਬਣਦੇ ਭੀੜ ਦੇ ਉਹ ਕਾਫਲੇ।

# ਇੱਕ ਸੀ ਮੀਨਾ: ਮਹਿਜ਼ਬੀਨ ਬਾਨੋ

ਭੁਪਿੰਦਰ ਸਿੰਘ ਆਸ਼ਟ

ਪਹਿਲੀ ਅਗਸਤ 1933 ਨੂੰ ਥੀਏਟਰ ਅਦਾਕਾਰ ਅਲੀ ਬਖ਼ਸ਼ ਦੇ ਘਰ ਪੈਦਾ ਹੋਈ ਬੱਚੀ ਦਾ ਨਾਂ ਮਾਤਾ-ਪਿਤਾ ਨੇ ਮਹਿਜ਼ਬੀਨ ਬਾਨੋ ਰੱਖਿਆ। ਬੱਚੀ ਦੀ ਮਾਂ ਦਾ ਨਾਂ ਇਕਬਾਲ ਬੇਗ਼ਮ ਸੀ। ਮਹਿਜ਼ਬੀਨ ਆਪਣੇ ਮਾਤਾ-ਪਿਤਾ ਦੀ ਤੀਜੀ ਔਲਾਦ ਸੀ। ਉਸ ਦੀਆਂ ਦੋ ਵੱਡੀਆਂ ਭੈਣਾਂ ਖੁਰਸ਼ੀਦ ਅਤੇ ਮਧੂ ਸਨ। ਖੁਰਸ਼ੀਦ ਨੇ ਵੀ ਕੁਝ ਫਿਲਮਾਂ ਵਿਚ ਕੰਮ ਕੀਤਾ। ਪੜ੍ਹਾਈ ਵਿਚ ਦਿਲਚਸਪੀ ਨਾ ਰੱਖਣ ਵਾਲੀ ਮਹਿਜ਼ਬੀਨ ਦਾ ਬਚਪਨ ਦਾ ਜ਼ਿਆਦਾ ਸਮਾਂ ਆਪਣੀ ਨਾਨੀ ਕੋਲ ਹੀ ਗੁਜ਼ਰਿਆ।

ਮਹਿਜ਼ਬੀਨ ਜਦੋਂ ਬਾਲ ਫਿਲਮਾਂ ਰਾਹੀਂ ਪਰਦੇ 'ਤੇ ਆਈ, ਉਸ ਸਮੇਂ ਉਸ ਦੀ ਉਮਰ 12 ਕੁ ਸਾਲ ਦੀ ਸੀ। 1939 ਵਿਚ ਮੰਨੇ-ਪ੍ਰਮੰਨੇ ਨਿਰਮਾਤਾ ਨਿਰਦੇਸ਼ਕ ਵਿਜੇ ਭੱਟ ਨੇ ਜਦੋਂ ਇਸ ਲੜਕੀ ਨੂੰ ਆਪਣੀ ਫਿਲਮ 'ਲੈਦਰ ਫੇਸ' ਵਿਚ ਬਾਲ ਕਲਾਕਾਰ ਦੇ ਰੂਪ ਵਿਚ ਦਰਸ਼ਕਾਂ ਦੇ ਰੂਬਰੂ ਕੀਤਾ ਤਾਂ ਇਸ ਦਾ ਨਾਂ ਬਦਲ ਕੇ ਬੇਬੀ ਮੀਨਾ ਰੱਖ ਦਿੱਤਾ। ਇਸ ਮਗਰੋਂ ਮੀਨਾ 'ਬੱਚੋਂ ਕਾ ਖੇਲ' ਰਾਹੀਂ ਹੀਰੋਇਨ ਦੇ ਰੂਪ ਵਿਚ ਪਰਦੇ 'ਤੇ ਆਈ। ਇਸ ਫਿਲਮ ਵਿਚ ਆਪਣੇ ਜ਼ਬਰਦਸਤ ਅਭਿਨੈ ਸਦਕਾ ਮੀਨਾ ਨੇ ਇਹ ਸਿੱਧ ਕਰ ਦਿੱਤਾ ਕਿ ਉਹ ਅਦਾਕਾਰੀ ਦੇ ਮਾਮਲੇ 'ਚ ਉਸ ਸਮੇਂ ਦੀਆਂ ਮਸ਼ਹੂਰ ਹੀਰੋਇਨਾਂ ਕਾਮਿਨੀ ਕੌਸ਼ਲ, ਨਿਰੂਪਾ ਰਾਏ ਅਤੇ ਦੇਵਿਕਾ ਰਾਣੀ ਨਾਲੋਂ ਘੱਟ ਨਹੀਂ। ਇਹ ਫਿਲਮ ਕਾਫ਼ੀ ਹੱਦ ਤੱਕ ਸਫਲ ਰਹੀ ਅਤੇ ਮੀਨਾ ਬਣ ਗਈ ਮੀਨਾ ਕੁਮਾਰੀ। ਲੱਖਾਂ ਦੀ ਗਿਣਤੀ ਵਿਚ ਦਰਸ਼ਕ ਉਸ ਦੇ ਦੀਵਾਨੇ ਬਣ ਗਏ ਸਨ।

1953 ਵਿਚ ਪਹਿਲੀ ਵਾਰ ਉਸ ਨੂੰ ਫਿਲਮਫੇਅਰ ਐਵਾਰਡ ਨਾਲ ਨਿਵਾਜਿਆ ਗਿਆ। ਜਿਨ੍ਹਾਂ ਫਿਲਮਾਂ ਨੇ ਮੀਨਾ ਨੂੰ ਹੋਰ ਪ੍ਰਸਿੱਧੀ ਦਿਵਾਈ ਉਨ੍ਹਾਂ ਵਿਚੋਂ ਸਨ 'ਪ੍ਰਣੀਤਾ' (1953), 'ਏਕ ਹੀ ਰਾਸਤਾ' (1956), 'ਸ਼ਾਰਦਾ' (1957), 'ਦਿਲ ਅਪਨਾ ਔਰ ਪ੍ਰੀਤ ਪਰਾਈ' (1960), 'ਕੋਹਿਨੂਰ', ਗੁਰੂਦੱਤ ਵੱਲੋਂ ਨਿਰਦੇਸ਼ਿਤ 'ਸਾਹਿਬ ਬੀਵੀ ਔਰ ਗੁਲਾਮ' ਆਦਿ ਜ਼ਿਕਰਯੋਗ ਹਨ। 1962 ਵਿਚ ਮੀਨਾ ਕੁਮਾਰੀ ਨੂੰਉਸ ਦੀਆਂ ਫਿਲਮਾਂ 'ਮੈਂ ਚੁੱਪ ਰਹੂੰਗੀ', 'ਆਰਤੀ' ਅਤੇ 'ਬਹੂ ਬੇਗ਼ਮ' ਲਈ ਫਿਲਮਫੇਅਰ ਐਵਾਰਡ ਮਿਲੇ। ਇਸ ਤੋਂ ਇਲਾਵਾ 'ਬੈਜੂ ਬਾਵਰਾ' ਨੇ ਪੂਰੇ ਭਾਰਤ ਵਿਚ ਨਵੇਂ ਕੀਰਤੀਮਾਨ ਸਥਾਪਿਤ ਕਰ ਕੇ ਮੀਨਾ ਕੁਮਾਰੀ ਨੂੰ ਸ਼੍ਰੇਸ਼ਠ ਅਭਿਨੈ ਦਾ ਫਿਲਮਫੇਅਰ ਐਵਾਰਡ ਵੀ ਦਿਵਾਇਆ। ਅੱਗੇ ਚੱਲ ਕੇ ਮੀਨਾ ਨੂੰ ਅਣਗਿਣਤ ਐਵਾਰਡਾਂ ਨਾਲ ਸਨਮਾਨਿਤ ਕੀਤਾ ਜਾਂਦਾ ਰਿਹਾ। ਉਸ ਨੇ ਲਗਭਗ 90 ਫਿਲਮਾਂ ਵਿਚ ਅਦਾਕਾਰੀ ਕੀਤੀ। 24 ਮਈ 1952 ਵਿਚ ਮੀਨਾ ਨੇ ਨਿਰਮਾਤਾ ਨਿਰਦੇਸ਼ਕ ਲੇਖਕ ਕਮਾਲ ਅਮਰੋਹੀ ਨਾਲ ਲਵ ਮੈਰਿਜ ਕਰਵਾ ਲਈ ਪਰ ਦੋਵਾਂ ਦਾ ਗ੍ਰਹਿਸਥੀ ਜੀਵਨ ਸਫਲ ਨਾ ਰਿਹਾ ਕਿਉਂਕਿ ਇੱਕ ਤਾਂ ਕਮਾਲ ਅਮਰੋਹੀ ਮੀਨਾ ਕੁਮਾਰੀ ਤੋਂ ਉਮਰ ਵਿਚ ਕਾਫ਼ੀ ਵੱਡੇ ਸਨ, ਦੂਜੇ ਉਨ੍ਹਾਂ ਦੇ ਆਪਸੀ ਵਿਚਾਰਾਂ ਨੇ ਵੀ ਤਾਲਮੇਲ ਨਾ ਖਾਧਾ। ਇਸ ਦਾ ਮਾੜਾ ਅਸਰ ਮੀਨਾ ਦੇ ਵਿਅਕਤੀਗਤ ਜੀਵਨ ਅਤੇ ਫਿਲਮਾਂ 'ਤੇ ਵੀ ਪੈਂਦਾ ਗਿਆ। ਉਹ ਸ਼ਰਾਬ ਦਾ ਸੇਵਨ ਕਰਨ ਲੱਗ ਪਈ।



ਉਨ੍ਹਾਂ ਦਿਨਾਂ ਵਿਚ ਹੀ ਫਿਲਮ ਇੰਡਸਟਰੀ ਵਿਚ ਆਪਣੇ ਪੈਰ ਜਮਾਉਣ ਲਈ ਸੰਘਰਸ਼ ਕਰ ਰਿਹਾ ਨਵਾਂ ਚਿਹਰਾ ਧਰਮਿੰਦਰ ਉਸ ਦੇ ਨਜ਼ਦੀਕ ਆਇਆ। ਮੀਨਾ ਕੁਮਾਰੀ ਨੂੰ ਧਰਮਿੰਦਰ ਵਿਚ ਸੱਚਾ ਹਮਦਰਦ ਦਿਖਾਈ ਦਿੱਤਾ ਜੋ ਉਸ ਦੇ ਜਜ਼ਬਾਤ ਨੂੰ ਸਮਝ ਸਕਦਾ ਸੀ। ਦੋਹਾਂ ਦੀ ਨੇੜਤਾ 1965 ਵਿਚ ਫਿਲਮ 'ਕਾਜਲ' ਦੀ ਸ਼ੂਟਿੰਗ ਦਰਮਿਆਨ ਵਧੀ। ਇਹ ਫਿਲਮ ਬਹੁਤ ਸਫਲ ਰਹੀ। ਫੇਰ ਮੀਨਾ ਕੁਮਾਰੀ ਦੀ ਸਿਫਾਰਸ਼ 'ਤੇ ਹੀ 1966 ਵਿਚ ਨਿਰਮਾਤਾ-ਨਿਰਦੇਸ਼ਕ ਓ.ਪੀ. ਰਲਹਨ ਨੇ ਧਰਮਿੰਦਰ ਨੂੰ ਆਪਣੀ ਫਿਲਮ 'ਫੂਲ ਔਰ ਪੱਥਰ' ਵਿਚ ਹੀਰੋ ਦਾ ਰੋਲ ਦਿੱਤਾ। ਇਸ ਫਿਲਮ ਨੇ ਆਸ ਤੋਂ ਵੱਧ ਸਫਲਤਾ ਹਾਸਲ ਕੀਤੀ। ਇਸ ਨੇ ਧਰਮਿੰਦਰ ਦੇ ਪੈਰ ਸਦਾ ਲਈ ਫਿਲਮ ਇੰਡਸਟਰੀ ਵਿਚ ਜਮ੍ਹਾ ਦਿੱਤੇ। ਉਹ ਮੀਨਾ ਕੁਮਾਰੀ ਦਾ ਰਿਣੀ ਹੋ ਗਿਆ ਸੀ ਜਿਸ ਦੀ ਬਦੌਲਤ ਹੀ ਉਹ ਸਫਲ ਅਦਾਕਾਰ ਬਣ ਚੁੱਕਾ ਸੀ। ਧਰਮਿੰਦਰ ਅਤੇ ਮੀਨਾ ਕੁਮਾਰੀ ਦੀ ਨੇੜਤਾ ਕਾਰਨ ਹੀ ਕਮਾਲ ਅਮਰੋਹੀ ਅਤੇ ਮੀਨਾ ਕੁਮਾਰੀ ਦੀ ਜ਼ਿੰਦਗੀ ਵਿਚ ਦਰਾੜ ਆ ਚੁੱਕੀ ਸੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਦੋਵੇਂ ਬਿਨਾ ਤਲਾਕ ਹੀ ਅੱਡ-ਅੱਡ ਰਹਿਣ ਲੱਗ ਪਏ ਸਨ ਪਰ ਮੀਨਾ ਕੁਮਾਰੀ ਨੇ ਇਸ ਦੇ ਬਾਵਜੂਦ ਕਮਾਲ ਅਮਰੋਹੀ ਨਾਲ ਪ੍ਰੋਫੈਸ਼ਨਲ ਤੌਰ 'ਤੇ ਕੋਈ ਗਿਲਾ ਨਾ ਰੱਖਿਆ ਅਤੇ ਉਸ ਦੀ ਲੰਮੇ ਸਮੇਂ ਤੋਂ ਬਣ ਰਹੀ ਫਿਲਮ 'ਪਾਕੀਜ਼ਾ' ਪੂਰੀ ਕੀਤੀ। ਇਹ ਫਿਲਮ ਦੋਹਾਂ ਦੇ ਜੀਵਨ ਵਿਚ ਮੀਲ ਦਾ ਪੱਥਰ ਸਾਬਤ ਹੋਈ। ਕਮਾਲ ਅਮਰੋਹੀ ਦਾ ਨਾਮ ਸਫਲ ਨਿਰਦੇਸ਼ਕਾਂ ਦੀ ਗਿਣਤੀ ਵਿਚ ਆ ਗਿਆ। ਕਮਾਲ ਅਮਰੋਹੀ ਨੇ ਮੀਨਾ ਨੂੰ ਧਿਆਨ ਵਿਚ ਰੱਖ ਕੇ ਹੀ ਫਿਲਮ 'ਰਜ਼ੀਆ ਸੁਲਤਾਨ' ਦੀ ਕਹਾਣੀ ਲਿਖੀ ਕਿਉਂਕਿ ਮੀਨਾ ਕੁਮਾਰੀ ਦੀ ਸਿਹਤ ਠੀਕ ਨਹੀਂ ਸੀ, ਉਸ ਨੇ ਆਪਣੀ ਬੇਵਸੀ ਪ੍ਰਗਟਾਉਂਦਿਆਂ ਇਹ ਫਿਲਮ ਕਰਨ ਤੋਂ ਇਨਕਾਰ ਕਰ ਦਿੱਤਾ। ਕਮਾਲ ਅਮਰੋਹੀ ਨੂੰ ਯਕੀਨ ਸੀ ਕਿ ਮੀਨਾ ਦੇ ਸਿਹਤਯਾਬ ਹੁੰਦਿਆਂ ਹੀ ਉਹ 'ਪਾਕੀਜ਼ਾ' ਵਾਂਗ ਇਸ ਫਿਲਮ ਲਈ ਵੀ ਰਾਜ਼ੀ ਹੋ ਜਾਵੇਗੀ ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਮੀਨਾ ਦੇ ਅਕਾਲ ਚਲਾਣੇ ਤੋਂ ਬਾਅਦ ਕਮਾਲ ਅਮਰੋਹੀ ਨੂੰ ਰਜ਼ੀਆ ਸੁਲਤਾਨ ਲਈ ਹੇਮਾ ਮਾਲਿਨੀ ਨੂੰ ਲੈਣਾ ਪਿਆ। ਇਸ ਫਿਲਮ ਦੇ ਗੀਤ ਬੇਹੱਦ ਹਰਮਨਪਿਆਰੇ ਸਨ ਪਰ ਫਿਲਮ ਫਲਾਪ ਸੀ।

ਮੀਨਾ ਕੁਮਾਰੀ ਜਿੱਥੇ ਬਿਹਤਰੀਨ ਅਦਾਕਾਰਾ ਅਤੇ ਚੰਗੀ ਇਨਸਾਨ ਸੀ, ਉੱਥੇ ਵਧੀਆ ਕਵਿੱਤਰੀ ਵੀ ਸੀ। ਉਸ ਦੀਆਂ ਕਾਫ਼ੀ ਸਾਰੀਆਂ ਕਾਵਿ ਵੰਨਗੀਆਂ 'ਨਾਜ਼' ਨਾਂ ਨਾਲ ਉਸ ਸਮੇਂ ਦੇ ਪ੍ਰਸਿੱਧ ਪਰਚਿਆਂ ਵਿਚ ਪ੍ਰਕਾਸ਼ਿਤ ਹੁੰਦੀਆਂ ਰਹੀਆਂ। ਮੀਨਾ ਦੀ ਪੁਸਤਕ 'ਤਨਹਾ ਚਾਂਦ' (ਉਰਦੂ) ਬੜੀ ਹੀ ਮਕਬੂਲ ਹੋਈ। ਮੀਨਾ ਕੁਮਾਰੀ ਦੀਆਂ ਤਮਾਮ ਰਚਨਾਵਾਂ ਵਿਚ ਬਹੁਤ ਦਰਦ ਛੁਪਿਆ ਹੋਇਆ ਸੀ। ਉਸ ਵੱਲੋਂ ਰਚਿਤ ਕੁਝ ਸਤਰਾਂ ਇਸ ਤਰ੍ਹਾਂ ਹਨ:

ਜ਼ਿੰਦਗੀ ਕਿਆ ਇਸੀ ਕੋ ਕਹਿਤੇ ਹੈਂ
ਜਿਸਮ ਤਨਹਾ ਔਰ ਜਾਂ (ਜਾਨ) ਤਨਹਾ।
ਹਮਸਫ਼ਰ ਗਰ ਮਿਲਾ ਭੀ ਤੋ ਕੋਈ ਕਹੀਂ
ਤੋ ਦੋਨੋਂ ਚਲਤੇ ਰਹੇ ਤਨਹਾ-ਤਨਹਾ।

---

ਤਲਾਕ ਤੋ ਦੇ ਰਹੇ ਹੋ
ਗ਼ਰੂਰ-ਓ ਕਹਿਰ ਕੇ ਸਾਥ
ਮੇਰਾ ਸ਼ਬਾਬ ਭੀ ਲੌਟਾ ਦੋ
ਮੇਰੀ ਮਿਹਰ ਕੇ ਸਾਥ।

---

ਤੁਮ ਕਿਆ ਕਰੋਗੇ
ਸੁਨ ਕਰ ਮੁਝ ਸੇ ਮੇਰੀ ਕਹਾਨੀ
ਬੇਲੁਤਫ਼ ਜ਼ਿੰਦਗੀ ਕੇ ਕਿੱਸੇ ਹੈਂ
ਫੀਕੇ-ਫੀਕੇ।

ਮੀਨਾ ਕੁਮਾਰੀ ਬੇਹੱਦ ਖ਼ੂਬਸੂਰਤ ਸੀ। ਬਚਪਨ ਵਿਚ ਇੱਕ ਹਾਦਸੇ ਵਿਚ ਉਸ ਦੇ ਖੱਬੇ ਹੱਥ ਦੀ ਚੀਚੀ ਕੱਟ ਗਈ ਸੀ, ਇਹੀ ਕਾਰਨ ਸੀ ਕਿ ਉਹ ਆਪਣੇ ਨੁਕਸ ਵਾਲੇ ਹੱਥ ਨੂੰ ਕਿਰਦਾਰ ਨਿਭਾਉਣ ਸਮੇਂ ਦੁਪੱਟੇ ਨਾਲ ਜਾਂ ਕਿਸੇ ਹੋਰ ਤਰੀਕੇ ਨਾਲ ਛੁਪਾਉਣ ਦੀ ਕੋਸ਼ਿਸ਼ ਕਰਦੀ ਸੀ। ਜ਼ਮਾਨੇ ਦੀਆਂ ਦਗ਼ਾਬਾਜ਼ੀਆਂ ਤੇ ਸੰਘਰਸ਼ਮਈ ਜੀਵਨ ਦੇ ਕੌੜੇ ਘੁੱਟਾਂ ਨੇ ਉਸ ਦੇ ਅੰਦਰਲੀ ਔਰਤ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਉਸ ਨੇ ਸ਼ਾਇਰੀ ਅਤੇ ਸ਼ਰਾਬ ਨੂੰ ਆਪਣਾ ਸਾਥੀ ਬਣਾ ਲਿਆ। ਸ਼ਰਾਬ ਜ਼ਿਆਦਾ ਪੀਣ ਅਤੇ ਡਿਪਰੈਸ਼ਨ 'ਚ ਰਹਿਣ ਕਾਰਨ ਉਸ ਦਾ ਲਹੂ ਪਾਣੀ ਬਣਨ ਲੱਗਾ। ਉਸ ਨੂੰ ਜਿਗਰ ਨਾਲ ਸਬੰਧਿਤ ਬਿਮਾਰੀਆਂ ਨੇ ਘੇਰ ਲਿਆ। ਇਲਾਜ 'ਤੇ ਆ ਰਹੇ ਖ਼ਰਚਿਆਂ ਅਤੇ ਬੇਕਾਰੀ ਨੇ ਉਸ ਨੂੰ ਆਰਥਿਕ ਪੱਖੋਂ ਮਾੜਾ ਕਰ ਦਿੱਤਾ। ਫਿਰ ਰਿਸ਼ਤੇਦਾਰ ਵੀ ਉਸ ਤੋਂ ਪਾਸਾ ਵੱਟਣ ਲੱਗੇ ਸਨ। ਸ਼ਰਾਬ ਨੇ ਉਹ ਦੇ ਜਿਸਮ ਨੂੰ ਖੋਖਲਾ ਕਰ ਦਿੱਤਾ ਸੀ। ਮੀਨਾ ਕੁਮਾਰੀ ਨੇ ਮਹਿਜ਼ 38 ਸਾਲ ਦੀ ਛੋਟੀ ਜਿਹੀ ਉਮਰ ਭੋਗ ਕੇ 31 ਮਾਰਚ 1972 ਨੂੰ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ। ਇੱਕ ਸਮਾਜ ਸੇਵੀ ਸੰਸਥਾ ਨੇ ਅੱਗੇ ਹੋ ਕੇ ਉਸ ਦੀਆਂ ਅੰਤਿਮ ਰਸਮਾਂ ਨਿਭਾਈਆਂ। ਇਸ ਮੌਕੇ ਫਿਲਮ ਜਗਤ ਦੀਆਂ ਕੁਝ ਕੁ ਹਸਤੀਆਂ ਹੀ ਸ਼ਾਮਲ ਹੋਈਆ ਜਿਵੇਂ ਨਰਗਿਸ, ਸੁਨੀਲ ਦੱਤ, ਪ੍ਰਦੀਪ, ਅਸ਼ੋਕ ਕੁਮਾਰ ਆਦਿ। ਮੀਨਾ ਕੁਮਾਰੀ ਬੇਸ਼ੱਕ ਅੱਜ ਸਾਡੇ ਵਿਚਕਾਰ ਨਹੀਂ ਹੈ ਪਰ ਫਿਲਮੀ ਦੁਨੀਆ ਦੀ ਬਿਹਤਰੀਨ ਹਸਤੀ ਵਜੋਂ ਅਤੇ ਸਫਲ ਅਦਾਕਾਰਾ ਦੇ ਰੂਪ ਵਿਚ ਉਹ ਅੱਜ ਵੀ ਸਾਡੇ ਦਰਮਿਆਨ ਜਿਉਂਦੀ ਹੈ ਅਤੇ ਹਮੇਸ਼ਾ ਰਹੇਗੀ।

# ਮਧੁਰ ਆਵਾਜ਼ ਸੁਮਨ ਕਲਿਆਣਪੁਰ

ਸੁਖਮਿੰਦਰ ਸੇਖੋਂ
ਫੋਨ: +91-98145-07693

ਸੁਮਨ ਕਲਿਆਣਪੁਰ ਦਾ ਬੇਸ਼ੱਕ ਅੱਜ ਕੱਲ੍ਹ ਫਿਲਮੀ ਸੰਗੀਤ ਨਾਲੋਂ ਨਾਤਾ ਟੁੱਟ ਚੁੱਕਾ ਹੈ ਪਰ ਕਦੇ ਅਸੀਂ ਵੀ ਉਸ ਦੇ ਗਾਏ ਫਿਲਮੀ ਗੀਤ ਸੁਣਿਆ ਕਰਦੇ ਸੀ। ਮੈਂ ਆਪਣੀ ਬੰਬਈ ਫੇਰੀ ਸਮੇਂ ਉਸ ਦੇ ਮੂੰਹੋਂ ਬਿਨਾ ਸੰਗੀਤ ਤੋਂ ਵੀ ਦੋ-ਤਿੰਨ ਅਧੂਰੇ ਗੀਤਾਂ ਦਾ ਆਨੰਦ ਮਾਣਿਆ ਸੀ। ਬਿਨਾ ਸਾਜ਼ ਸੰਗੀਤ ਤੋਂ ਵੀ ਉਸ ਦੀ ਆਵਾਜ਼ ਧੂਹ ਪਾਉਣ ਵਾਲੀ ਸੀ। ਉਸ ਨੂੰ ਬੇਸ਼ੱਕ ਆਪਣੇ ਗਾਏ ਗੀਤਾਂ 'ਤੇ ਮਾਣ ਵੀ ਸੀ ਪਰ ਤਨਜ਼ ਭਰਿਆ ਗਿਲਾ ਵੀ ਸੀ ਕਿ ਉਸ ਨੂੰ ਉਹ ਰੁਤਬਾ ਹਾਸਲ ਨਹੀਂ ਹੋ ਸਕਿਆ ਜੋ ਲਤਾ ਮੰਗੇਸ਼ਕਰ ਨੂੰ ਹਾਸਲ ਹੈ। ਬਹੁਤਿਆਂ ਨੂੰ ਇੰਝ ਵੀ ਜਾਪਦਾ ਸੀ ਕਿ ਉਸ ਦੇ ਕਈ ਗੀਤ ਜਿਵੇਂ ਲਤਾ ਨੇ ਹੀ ਗਾਏ ਹੋਣ। ਮੇਰੇ ਵਰਗਿਆਂ ਨੂੰ ਵੀ ਇਵੇਂ ਹੀ ਜਾਪਦਾ ਹੁੰਦਾ ਸੀ। ਦਰਅਸਲ, ਜਦੋਂ ਕਿਸੇ ਕਾਰਨ ਲਤਾ ਮੰਗੇਸ਼ਕਰ ਦੀ ਮੁਹੰਮਦ ਰਫੀ ਨਾਲ ਥੋੜ੍ਹੀ ਅਣਬਣ ਹੋ ਗਈ ਤਾਂ ਰਫੀ ਤੇ ਸੰਗੀਤਕਾਰ ਸ਼ੰਕਰ ਜੈ ਕਿਸ਼ਨ ਵੱਲੋਂ ਉਸ ਨੂੰ ਫਿਲਮਾਂ ਲਈ ਪਿੱਠਵਰਤੀ ਗਾਇਕਾ ਵਜੋਂ ਗਾਉਣ ਦੇ ਅਵਸਰ ਮਿਲਣ ਲੱਗੇ।

ਸੁਮਨ ਦਾ ਜਨਮ 28 ਜਨਵਰੀ 1937 ਨੂੰ ਢਾਕਾ (ਬੰਗਲਾ ਦੇਸ਼) ਵਿਖੇ ਹੋਇਆ ਪਰ ਘਰੇਲੂ ਹਾਲਾਤ ਅਤੇ ਕੁਝ ਉਸ ਵੱਲੋਂ ਗਾਇਕਾ ਬਣਨ ਦੀ ਇੱਛਾ ਦੇ ਮੱਦੇਨਜ਼ਰ ਉਸ ਦਾ ਬਸੇਰਾ ਬੰਬਈ ਹੋ ਗਿਆ। ਉਸ ਨੇ ਸੰਘਰਸ਼ ਵੀ ਕੀਤਾ ਤੇ ਕਿਸਮਤ ਨੇ ਵੀ ਸਾਥ ਦਿੱਤਾ। ਉਸ ਨੂੰ ਫਿਲਮਾਂ ਮਿਲਣ ਲੱਗੀਆਂ ਤੇ ਇੱਕ ਤੋਂ ਬਾਅਦ ਇੱਕ ਉਸ ਦੇ ਗਾਣਿਆਂ ਨੂੰ ਫਿਲਮਸਾਜ਼ਾਂ, ਸੰਗੀਤਕਾਰਾਂ ਤੇ ਸਰੋਤਿਆਂ ਵੱਲੋਂ ਪਸੰਦ ਕੀਤਾ ਜਾਣ ਲੱਗਾ। ਸੋਨਿਕ ਓਮੀ ਦੇ ਸੰਗੀਤ ਵਿਚ ਫਿਲਮ 'ਦਿਲ ਨੇ ਫਿਰ ਯਾਦ ਕੀਆ' ਦਾ ਟਾਈਟਲ ਗੀਤ ਤਾਂ ਅੱਜ ਵੀ ਆਮ ਹੀ ਸੁਣਿਆ ਜਾਂਦਾ ਹੈ- 'ਦਿਲ ਨੇ ਫਿਰ ਯਾਦ ਕੀਆ, ਬਰਫ਼ ਸੀ ਲਹਿਰਾਈ ਹੈ, ਫਿਰ ਕੋਈ ਚੋਟ ਮੁਹੱਬਤ ਕੀ ਉਭਰ ਆਈ ਹੈ' (ਰਫੀ, ਸੁਮਨ, ਮੁਕੇਸ਼)। ਇਵੇਂ ਹੀ 'ਦਿਲ ਏਕ ਮੰਦਿਰ' ਫਿਲਮ ਦਾ ਰਫੀ ਨਾਲ ਗਾਇਆ ਗਾਣਾ ਵੀ ਤਾਂ ਆਪਣੀ ਅਲੱਗ ਹੀ ਪਛਾਣ ਰੱਖਦਾ ਹੈ। ਫਿਲਮ 'ਸੁਹਾਨਾ ਸਫ਼ਰ' ਦੇ ਟਾਈਟਲ ਗੀਤ ਵਾਂਗ ਇੱਕ ਹੋਰ ਫਿਲਮ 'ਜਹਾਂ ਪਿਆਰ ਮਿਲੇ' ਦਾ ਗੀਤ ਵੀ ਬਹੁਤ ਹਿੱਟ ਹੋਇਆ ਸੀ। ਬੇਸ਼ੱਕ ਇਸ ਗੀਤ ਨੂੰ ਰਫੀ ਨੇ ਵੀ ਆਵਾਜ਼ ਦਿੱਤੀ ਪਰ ਸੁਮਨ ਨੇ ਵੀ ਕੋਈ ਕਸਰ ਬਾਕੀ ਨਹੀਂ ਸੀ ਛੱਡੀ- 'ਚਲੇ ਜਾ ਚਲੇ ਜਾ- ਜਹਾਂ ਪਿਆਰ ਮਿਲੇ, ਜਹਾਂ ਪਿਆਰ ਮਿਲੇ।'



ਸੁਮਨ ਕਲਿਆਣਪੁਰ ਦੀ ਪਿੱਠਵਰਤੀ ਆਵਾਜ਼ ਬਹੁਤ ਸਾਰੀਆਂ ਚਰਚਿਤ ਅਭਿਨੇਤਰੀਆਂ ਦੇ ਕੰਮ ਆਈ ਜਿਵੇਂ ਨੂਤਨ, ਨੰਦਾ, ਸਾਧਨਾ, ਬਬੀਤਾ, ਰਾਜਸ਼੍ਰੀ, ਸਾਇਰਾ ਬਾਨੋ, ਵਹੀਦਾ ਰਹਿਮਾਨ, ਮੁਮਤਾਜ਼, ਹੇਮਾ ਮਾਲਿਨੀ ਆਦਿ। ਰਾਜਸ਼੍ਰੀ ਤੇ ਬਬੀਤਾ ਲਈ ਤਾਂ ਉਸ ਦੀ ਆਵਾਜ਼ ਵਰਦਾਨ ਹੀ ਹੋ ਨਿੱਬੜੀ। ਬੇਸ਼ੱਕ ਕੁਝ ਹੋਰਨਾਂ ਗਾਇਕਾਂ ਨਾਲ ਵੀ ਉਸ ਨੇ ਦੋਗਾਣੇ ਗਾਏ ਪਰ ਮੁਹੰਮਦ ਰਫੀ ਨਾਲ ਤਾਂ ਉਸ ਦਾ ਸਾਥ ਜਿਵੇਂ ਉਸ ਦਾ ਨਸੀਬ ਹੀ ਬਣ ਗਿਆ। ਫਿਲਮ 'ਰਾਜ ਕੁਮਾਰ' ਦਾ ਇੱਕ ਗੀਤ ਅੱਜ ਵੀ ਜਦੋਂ ਕਿਧਰੇ ਵੱਜਦਾ ਹੈ ਤਾਂ ਸਰੋਤੇ ਰੀਝ ਨਾਲ ਸੁਣਦੇ ਹਨ- 'ਦਿਲ ਨੇ ਪੁਕਾਰਾ ਔਰ ਹਮ ਚਲੇ ਆਏ, ਦਿਲ ਹਥੇਲੀ ਪਰ ਲੇ ਆਏ ਰੇ।' ਫਿਲਮ 'ਅਨਜਾਨਾ' ਦਾ ਰਫੀ ਨਾਲ ਹੀ ਗਾਇਆ ਗੀਤ ਵੀ ਬਹੁਤ ਖ਼ੂਬਸੂਰਤ ਸੀ 'ਜਾਂ ਚਲੀ ਜਾਏ ਜੀਆ ਨਹੀਂ ਜਾਏ, ਜੀਆ ਜਾਏ ਫਿਰ ਤੋ ਜੀਆ ਨਹੀਂ ਜਾਏ।' ਮੁਕੇਸ਼ ਨਾਲ ਵੀ ਉਸ ਨੇ ਸੁੰਦਰ ਗਾਣੇ ਗਾ ਕੇ ਆਪਣੀ ਪਛਾਣ ਨੂੰ ਗੂੜ੍ਹਾ ਕਰਨ ਦੀ ਕੋਸ਼ਿਸ਼ ਕੀਤੀ। ਜਿਵੇਂ- 'ਚੁਰਾ ਲੇ ਨਾ ਤੁਮਕੋ ਕਹੀਂ ਯੇ ਮੌਸਮ ਸੁਹਾਨਾ' (ਫਿਲਮ 'ਦਿਲ ਹੀ ਤੋ ਹੈ') ਜਾਂ ਫਿਰ 'ਪਹਿਚਾਨ' ਦਾ ਗੀਤ- 'ਆਇਆ ਨਾ ਹਮਕੋ ਪਿਆਰ ਜਤਾਨਾ ਪਿਆਰ ਕਭੀ ਸੇ ਤੁਮਹੇ ਕਰਤੇ ਹੈਂ।' 'ਪਹਿਚਾਨ' ਦਾ ਹੀ ਇੱਕ ਹੋਰ ਗੀਤ ਉਸ ਨੇ ਆਪਣੀਆਂ ਸਮਕਾਲੀ ਗਾਇਕਾਵਾਂ ਨਾਲ ਇਕੱਠਿਆਂ ਗਾਇਆ ਸੀ, ਉਹ ਵੀ ਕਾਫ਼ੀ ਉਤੇਜਨਾ ਭਰਪੂਰ ਸੀ, 'ਵੋ ਪਰੀ ਕਹਾਂ ਸੇ ਲਾਊਂ ਤੇਰੀ ਦੁਲਹਨ ਕਿਸੇ ਬਨਾਊਂ।' ਫਿਲਮ 'ਐਪ੍ਰਲ ਫੂਲ' ਦਾ ਗੀਤ ਵੀ ਤਾਂ ਸਾਰਿਆਂ ਨੂੰ ਯਾਦ ਹੀ ਹੋਵੇਗਾ- 'ਹਮ ਤੁਝੇ ਪਿਆਰ ਕਰਤੇ ਹੈਂ ਕਰਤੇ ਰਹੇਂਗੇ।' ਫਿਲਮ 'ਜਬ ਜਬ ਫੂਲ ਖਿਲੇ' ਵਿਚ ਰਫੀ ਨਾਲ ਗਾਇਆ ਨਟਖਟ ਜਿਹਾ ਗੀਤ ਵੀ ਆਪਣੇ ਜ਼ਮਾਨੇ ਵਿਚ ਬਹੁਤ ਮਸ਼ਹੂਰ ਹੋਇਆ ਸੀ- 'ਨਾ ਨਾ ਕਰਤੇ ਪਿਆਰ ਤੁਮੀ ਸੇ ਕਰ ਬੈਠੇ' ਅਤੇ 'ਆਜ ਕੱਲ ਤੇਰੇ ਮੇਰੇ ਪਿਆਰ ਕੇ ਚਰਚੇ ਹਰ ਜ਼ੁਬਾਨ ਪਰ।'

ਫਿਲਮ 'ਅਰਾਧਨਾ' ਵਿਚ ਸ਼ਰਮੀਲਾ ਟੈਗਰ 'ਤੇ ਫਿਲਮਾਇਆ ਗੀਤ ਵੀ ਤਾਂ ਭੁੱਲਿਆ ਨਹੀਂ- 'ਨੰਨ੍ਹੀ ਸੀ ਪਰੀ ਮੇਰੀ ਲਾਡਲੀ' ਜਾਂ ਫਿਰ ਇੱਕ ਹੋਰ ਹੁਸੀਨ ਗੀਤ ਦੇ ਬੋਲ ਸਨ- 'ਯੂੰ ਹੀ ਹਮਨੇ ਚਾਹਾ ਥਾ ਰੋਨਾ ਰੁਲਾਨਾ, ਤੇਰੀ ਯਾਦ ਬਨ ਗਈ ਬਸ ਇੱਕ ਬਹਾਨਾ।' ਫਿਲਮ 'ਫਰਜ਼' ਵਿਚ ਵੀ ਰਫੀ ਨਾਲ ਗਾਇਆ ਗੀਤ ਆਪਣੀ ਪਛਾਣ ਆਪ ਹੀ ਬਣਦਾ ਹੈ- 'ਤੌਬਾ ਮੇਰੀ ਤੌਬਾ ਯੇ ਮੁਹੱਬਤ ਨਾ ਮੈਂਨੇ ਕਰਨੀ ਥੀ, ਮਗਰ ਮੇਰੇ ਦਿਲ ਨੇ ਮੁਝੇ ਧੋਖਾ ਦੇ ਦੀਆ।' ਇੱਕ ਹੋਰ ਗੀਤ ਸੁਮਨ ਦੇ ਸਿਖਰਲੇ ਗੀਤਾਂ ਵਿਚ ਸ਼ੁਮਾਰ ਹੋ ਜਾਂਦਾ ਹੈ ਜਿਸ ਦੇ ਬੋਲ ਵੀ ਸੁੰਦਰਤਾ ਦੇ ਲਖਾਇਕ ਹਨ- 'ਤੁਮ ਅਕੇਲੇ ਤੋ ਕਭੀ ਬਾਗ ਮੇਂ ਜਾਇਆ ਨਾ ਕਰੋ, ਰਾਹ ਮੇਂ ਕਾਲੀ ਘਟਾ ਰੋਕ ਨਾ ਲੇਂ।' ਇੱਕ ਸੁਮਨ ਵਾਂਗ ਹੀ ਭੁਲੇਖਾ ਪਾਊ ਆਵਾਜ਼ ਨਾਲ ਵੀ ਉਸ ਨੇ ਦੋਗਾਣਾ ਗਾਇਆ ਤੇ ਫਿਲਮ ਸੀ 'ਵਿਸ਼ਵਾਸ', ਗੀਤ ਸੀ 'ਆਪ ਕੋ ਹਮ ਸੇ ਵਿਚੜੇ ਹੂਏ ਏਕ ਜ਼ਮਾਨਾ ਬੀਤ ਗਿਆ।' ਇਹ ਮੁਕੇਸ਼ ਨਾਲ ਮਿਲਦੀ ਆਵਾਜ਼ ਵਿਚ ਸੁਮਨ ਨਾਲ ਗਾਉਣ ਵਾਲਾ ਗਾਇਕ ਮਨਹਰ ਸੀ। ਸੁਮਨ ਨੇ ਪੰਜਾਬੀ ਫਿਲਮਾਂ ਵਿਚ ਵੀ ਕਈ ਗੀਤ ਗਾਏ ਜਿਨ੍ਹਾਂ ਦੇ ਬੋਲ ਅੱਜ ਵੀ ਸਾਡੇ ਚੇਤਿਆਂ ਵਿਚ ਵਸੇ ਹੋਏ ਹਨ- 'ਮੇਰੀ ਝਾਂਜਰ ਤੇਰਾ ਨਾਂ ਲੈਂਦੀ', 'ਮੈਨੂੰ ਤੇਰੇ ਪਿੱਛੇ ਸੱਜਣਾ ਕਦੀ ਰੋਣਾ ਪਿਆ, ਕਦੀ ਹੱਸਣਾ ਪਿਆ', 'ਧੁੱਪਾਂ ਵੀ ਉਦਾਸ ਤੇ ਛਾਵਾਂ ਵੀ ਉਦਾਸ, ਦੂਰ ਦੂਰ ਤੱਕ ਅੱਜ ਰਾਹਵਾਂ ਵੀ ਉਦਾਸ।'

ਸੁਮਨ ਕਲਿਆਣਪੁਰ ਕੋਲ ਚੰਗੀ ਅਤੇ ਹੁਸੀਨ ਗਾਇਕਾਵਾਂ ਵਾਲੀਆਂ ਸਾਰੀਆਂ ਖ਼ੂਬੀਆਂ ਸਨ। ਸਿਰਫ਼ ਮੈਂ ਹੀ ਨਹੀਂ, ਬਹੁਤਿਆਂ ਹੋਰਨਾਂ ਦਾ ਵੀ ਮੰਨਣਾ ਹੈ ਕਿ ਜੇਕਰ ਇਹ ਗਾਇਕਾ ਲਤਾ ਜੀ ਤੋਂ ਪਹਿਲਾਂ ਫਿਲਮੀ ਸੰਗੀਤ ਦਾ ਹਿੱਸਾ ਬਣ ਜਾਂਦੀ ਤਾਂ ਸ਼ਾਇਦ ਸਥਿਤੀ ਕੁਝ ਹੋਰ ਹੀ ਹੁੰਦੀ। ਪਹਿਲਾਂ ਵੀ ਤੇ ਅੱਜ ਵੀ ਸਰੋਤੇ ਉਸ ਵੱਲੋਂ ਗਾਏ ਚਰਚਿਤ ਤੇ ਖ਼ੂਬਸੂਰਤ ਗਾਣਿਆਂ ਦੀ ਬਦੌਲਤ ਉਸ ਦੀ ਆਵਾਜ਼ ਨੂੰ ਲਤਾ ਮੰਗੇਸ਼ਕਰ ਦੀ ਆਵਾਜ਼ ਹੀ ਸਮਝਣ ਦਾ ਭੁਲੇਖਾ ਪਾਲ ਬੈਠਦੇ ਹਨ। ਲਤਾ ਜਿੰਨੀ ਤਾਂ ਨਾ ਸਹੀ ਪਰ ਲਤਾ ਨਾਲੋਂ ਬਹੁਤਾ ਘਟਾ ਕੇ ਵੀ ਉਸ ਨੂੰ ਨਹੀਂ ਜਾਣਿਆ ਜਾ ਸਕਦਾ। ਬਾਕੀ ਸੰਗੀਤਕ ਬਾਰੀਕੀਆਂ ਦੇ ਆਪਣੇ ਅਰਥ, ਸਰੋਤਿਆਂ ਨੇ ਤਾਂ ਕਿਸੇ ਗੀਤ ਦੇ ਬੋਲਾਂ ਜਾਂ ਆਵਾਜ਼ ਨੂੰ ਮਾਣਨਾ ਹੀ ਹੁੰਦਾ ਹੈ।

ਸੁਮਨ ਕਲਿਆਣਪੁਰ ਦੇ ਗਾਏ ਗੀਤਾਂ ਤੇ ਆਵਾਜ਼ ਨੂੰ ਵੀ ਇਨ੍ਹਾਂ ਹੀ ਅਰਥਾਂ ਵਿਚ ਲੈਣ ਦੀ ਜ਼ਰੂਰਤ ਹੈ।

# A & I Transport Inc.


A&I WATSONVILLE, CA

123 E Lee Rd Watsonville, CA Ph: 831-763-7805


A&I WATSONVILLE, CA

## ਗਾਖਲ ਭਰਾਵਾਂ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ, ਸਮੂਹ ਪੰਜਾਬੀ ਭਾਈਚਾਰੇ ਤੇ ਟਰੱਕਰ ਭਰਾਵਾਂ ਨੂੰ ਖਾਲਸਾ ਜੀ ਦੇ ਸਾਜਨਾ ਦਿਹਾੜੇ ਅਤੇ ਵਿਸਾਖੀ ਦੀ


# ਲੱਖ ਲੱਖ ਵਧਾਈ ਹੋਵੇ



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

ਹੋਰ ਜਾਣਕਾਰੀ ਲਈ ਸੰਪਰਕ ਕਰੋ

**ਫੋਨ: 831-763-7805**

Fax: 831-724-2010, e-mail: aa@aitruckingllc.com

ਗਾਖਲ ਭਰਾਵਾਂ ਦੀ ਕੰਪਨੀ

**ਏ. ਐਂਡ ਆਈ. ਟਰਾਂਸਪੋਰਟ**

ਵਾਟਸਨਵਿਲ, ਕੈਲੀਫੋਰਨੀਆ

*11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ*

**ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ**

- > ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ
- > 28 ਸਾਲਾਂ ਤੋਂ ਸਮੇਂ ਸਿਰ ਪੇਮੈਂਟ

**Weekly Pay Roll**

